ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

SHABAD is an International Quarterly of Literature, Art and Culture

# ਸ਼ਬਦ

ਸਾਲ : 21 ਪੁ : ਲੜੀ : 86 ਅਪ੍ਰੈਲ-ਜੂਨ, 2019

*ਮੁੱਖ ਸੰਪਾਦਕ*

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE

Ph. : 020-85780393 Mobile : 07782-265726 e mail: harjeetatwal@yahoo.co.uk

**ਪ੍ਰੇਮ ਮਾਨ**

44 Rock Spring Road, West Orange, NJ0 7052, America

Ph. 001-860-983-5002 Email:premmann@yahoo.com

**ਸੁਰਿੰਦਰ ਸੀਹਰਾ**

61-Alers Road, Bexleyhealth,Kent, U.K. DA6 8HR

Ph. 0044-79565-71507 Email:surindersehra@hotmail.com

**ਹਰਮਹਿੰਦਰ ਚਹਿਲ**

7305, Sterling Grove Dr., Springfield VA 22150 U.S.A.

Ph. 001-703-362-3239 Email : Chahals57@Yahoo.com

*ਸੰਪਾਦਕ*

**ਜਿੰਦਰ**

984, Rajput Nagar, Model House,
Near Surinder Welding Works, Jalandhar-144003
Mobile : 98148 03254

Email : jinder340@gmail.com Website : www.shabadsaar.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।
Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ** : ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ*** *:* 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ*** *:* ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।

## ਤਤਕਰਾ

**ਮਰਾਠੀ ਨਾਵਲਿੱਟ :**

ਆਮੇਨ /ਅੰਜਨ ਕੁਮਾਰ -5

ਕਹਾਣੀ ਸਿਰਫ਼ ਯਥਾਰਥ ਦੀ ਸੁਹਿਰਦ ਸੰਵੇਦਨਸ਼ੀਲ ਪੇਸ਼ਕਾਰੀ ਮਾਤਰ ਨਹੀਂ-ਡਾ. ਧਨਵੰਤ ਕੌਰ-31

ਬਹੁ-ਰੰਗੀਆਂ ਮਾਨਵੀ ਸਥਿਤੀਆਂ ਦਾ ਬਿਰਤਾਂਤ- ਡਾ. ਗੁਰਪਾਲ ਸਿੰਘ ਸੰਧੂ -41

**ਕਹਾਣੀਆਂ**

ਖੂਹ ਤੇ ਖਾਈ/ ਖ਼ਾਲਿਦ ਹੁਸੈਨ-53

ਇਕ ਛੋਟੀ ਜਿਹੀ ਬੇ-ਵਫ਼ਾਈ/ ਜਸਵੀਰ ਰਾਣਾ -59

ਜਾਨਵਰ / ਅਨੇਮਨ ਸਿੰਘ-67

ਅਕਾਸ਼ ਦੀ ਪਿੱਠ ਨਹੀਂ ਹੁੰਦੀ/ ਪਰਮਜੀਤ ਢੀਂਗਰਾ-78

ਤੀਜੀ ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ-2019-ਜਸਪਾਲ ਮਾਨਖੇੜਾ-86

**ਆਲੋਚਨਾ**

ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ -ਹਰਜਿੰਦਰ ਸਿੰਘ ਅਟਵਾਲ -106

**ਨਵੀਆਂ ਪੁਸਤਕਾਂ**

ਪਰਮਜੀਤ ਢੀਂਗਰਾ-113

ਹਰਜਿੰਦਰ ਸਿੰਘ ਅਟਵਾਲ -117

ਡਾ. ਪਰਗਟ ਸਿੰਘ ਟਿਵਾਣਾ -123

ਜੇ ਬੀ ਸੇਖੋਂ-123

## ਮੇਰਾ ਪੰਨਾ

ਲੇਖਕ ਸਦਾ ਹੀ ਸਮਾਜ ਦਾ ਮਹੱਤਵਪੂਰਨ ਅੰਗ ਰਿਹਾ ਹੈ। ਕੋਈ ਲੇਖਕ ਨੂੰ ਰਾਹ ਦਸੇਰਾ ਆਖਦਾ ਹੈ ਤੇ ਕੋਈ ਉਸ ਦੀ ਤੁਲਨਾ ਇਕ ਅਧਿਆਪਕ ਨਾਲ ਕਰਦਾ ਹੈ। ਸਾਹਿਤ ਤੇ ਸਮਾਜ ਦਾ ਡੂੰਘਾ ਸੰਬੰਧ ਹੁੰਦਾ ਹੈ। ਸਾਹਿਤ ਸਮਾਜ ਦਾ ਪ੍ਰਤੀਬਿੰਬ ਹੁੰਦਾ ਹੈ। ਸਾਹਿਤ ਸਮਾਜ ਉਪਰ ਦੋ ਤਰੀਕਿਆਂ ਨਾਲ ਅਸਰਦਾਰ ਹੁੰਦਾ ਮੰਨਿਆਂ ਜਾਂਦਾ ਹੈ। ਇਕ ਐਕਟਿਵ ਭਾਵ ਸਿੱਧੇ ਤੌਰ ਤੇ ਪ੍ਰੇਰਨਾ ਦਿੰਦਾ ਹੈ ਤੇ ਪ੍ਰਭਾਵਸ਼ਾਲੀ ਵੀ ਬਣਦਾ ਹੈ। ਪੈਸਿਵ ਤਰੀਕੇ ਵਿੱਚ ਭਾਵੇਂ ਸਾਹਿਤ ਓਨਾ ਅਸਰ ਨਾ ਕਰੇ ਪਰ ਉਸ ਦਾ ਵੀ ਬਹੁਤ ਮਹੱਤਵ ਹੁੰਦਾ ਹੈ। ਹਰ ਦੌਰ ਵਿੱਚ ਸਾਹਿਤ ਨੇ ਸਮਾਜ ਵਿੱਚ ਤਬਦੀਲੀ ਲਿਆਂਦੀ ਹੈ। ਬਹੁਤੀ ਦੂਰ ਨਾ ਜਾਈਏ, ਸ਼ੈਕਸਪੀਅਰ ਨੂੰ ਹੀ ਦੇਖ ਲਈਏ ਤਾਂ ਉਸ ਦੇ ਨਾਟਕਾਂ ਨੇ ਲੋਕਾਂ ਦੇ ਸੋਚਣ-ਢੰਗ ਨੂੰ ਬਦਲ ਕੇ ਰੱਖ ਦਿੱਤਾ। ਲੋਕਾਂ ਨੂੰ ਗੂੜ-ਇਸਾਈਮੱਤ ਵਿੱਚੋਂ ਕੱਢ ਕੇ ਜ਼ਿੰਦਗੀ ਦੇ ਯਥਾਰਥ ਬਾਰੇ ਸੋਚਣ ਲਾਇਆ। ਜ਼ਿੰਦਗੀ ਨੂੰ ਦੇਖਣ ਦਾ ਇਕ ਨਵਾਂ ਨਜ਼ਰੀਆ ਦਿੱਤਾ। ਨਾਵਲਕਾਰ ਚਾਰਲਸ ਡਿੱਕਨਜ਼ ਨੇ ਸਮਾਜ ਦੀਆਂ ਪੁਰਾਣੀਆਂ ਕਦਰਾਂ ਕੀਮਤਾਂ ਨੂੰ ਲਲਕਾਰਦੇ ਹੋਏ ਜ਼ਿੰਦਗੀ ਦੇ ਸੱਚ ਨੂੰ ਚਿਤਰਿਆ ਜਿਸ ਨਾਲ ਲੋਕਾਂ ਦੀ ਸੋਚ ਬਦਲੀ। ਉਸ ਨੇ ਸਮਾਜ ਦੇ ਉਸ ਸੱਚ ਨੂੰ ਬਿਆਨ ਕੀਤਾ ਜਿਸ ਬਾਰੇ ਲੋਕ ਗੱਲ ਕਰਨ ਤੋਂ ਡਰਦੇ ਸਨ। ਡੀ ਐਚ ਲੌਰੰਸ ਨੇ ਆਪਣੇ ਨਾਵਲ 'ਲੇਡੀ ਚੈਟਰਲੀਜ਼ ਲਵਰ' ਰਾਹੀਂ ਅਮੀਰ ਲੋਕਾਂ ਦੇ ਲੁਕਵੇਂ ਸੱਚ ਨੂੰ ਇਵੇਂ ਪੇਸ਼ ਕੀਤਾ ਕਿ ਨਾਵਲ ਨੂੰ ਬੈਨ ਹੀ ਕਰ ਦਿੱਤਾ ਗਿਆ। ਜੇ ਇਹ ਕਹੀਏ ਕਿ ਅੱਜ ਦੇ ਆਧੁਨਿਕ ਪੱਛਮੀ ਸਮਾਜ ਦੀ ਨੀਂਹ ਲੌਰੰਸ ਦੇ ਨਾਵਲ ਵਰਗੀਆਂ ਕ੍ਰਿਤਾਂ ਨੇ ਹੀ ਰੱਖੀ ਤਾਂ ਗਲਤ ਨਹੀਂ ਹੋਵੇਗਾ। ਰੂਸ ਦੇ ਮਹਾਨ ਇਨਕਲਾਬ ਵਿੱਚ ਉਥੋਂ ਦੇ ਨਾਵਲਕਾਰਾਂ ਦਾ ਵੀ ਬਹੁਤ ਵੱਡਾ ਹੱਥ ਹੈ। ਗੋਰਕੀ ਦੇ ਨਾਵਲ 'ਮਾਂ 'ਤੇ ਅਜਿਹੇ ਹੀ ਹੋਰ ਬਹੁਤ ਸਾਰੇ ਨਾਵਲਾਂ ਨੇ ਉਸ ਵੇਲੇ ਦੇ ਰੂਸੀ ਸਮਾਜ ਉਪਰ ਸਿੱਧਾ ਅਸਰ ਕੀਤਾ। ਹੀਰ ਵਾਰਿਸ ਸ਼ਾਹ ਨੇ ਪੰਜਾਬੀ ਸਮਾਜ ਨੂੰ ਕਿੰਨੇ ਹੀ ਨਵੇਂ ਅਖਾਣ ਦਿੱਤੇ। ਜੀਵਨ ਦੀਆਂ ਸੱਚਾਈਆਂ ਦੇ ਮਨੁੱਖ ਦੇ ਸਨਮੁੱਖ ਕੀਤਾ। ਪ੍ਰੋ. ਪੂਰਨ ਸਿੰਘ ਨੇ ਕਵਿਤਾ ਦਾ ਚਿਹਰਾ ਹੀ ਬਦਲ ਦਿੱਤਾ। ਗੁਰਬਖਸ਼ ਸਿੰਘ ਪ੍ਰੀਤ ਲੜੀ ਨੇ ਆਪਣੀਆਂ ਲਿਖਤਾਂ ਰਾਹੀਂ ਅਜਿਹੀ ਜੀਵਨ ਜਾਚ ਸਿਖਾਈ ਕਿ ਪੂਰੀ ਇਕ ਪੀੜ੍ਹੀ ਨੂੰ ਪ੍ਰਭਾਵਿਤ ਕੀਤਾ। ਜਸਵੰਤ ਸਿੰਘ ਕੰਵਲ ਦੇ ਨਾਵਲਾਂ ਜਿਵੇਂ ਕਿ 'ਰਾਤ ਬਾਕੀ ਹੈ' ਨੇ ਪੰਜਾਬ ਵਿੱਚ ਖੱਬੀ ਲਹਿਰ ਨੂੰ ਬਹੁਤ ਤਾਕਤ ਬਖਸ਼ੀ ਤੇ ਨੌਜਵਾਨਾਂ ਦੀ ਸੋਚ ਨੂੰ ਝੰਜੋੜਿਆ। ਇਸ ਸਭ ਕਹਿਣ ਦਾ ਭਾਵ ਕਿ ਲੇਖਕ ਨੇ ਸਮਾਜ ਵਿੱਚ ਗਲਤ ਵਾਪਰ ਰਹੇ ਨੂੰ ਦੇਖ ਕੇ ਅਲਾਰਮ ਵਜਾਉਣਾ ਹੁੰਦਾ ਹੈ, ਚੇਤਾਵਨੀ ਦੇਣੀ ਹੁੰਦੀ ਹੈ। ਅਸਲ ਵਿੱਚ ਲੇਖਕ ਨੇ ਸਮਾਜ ਵਿੱਚ ਵਾਪਰ ਰਹੀਆਂ ਬੋਦੀਆਂ ਕਦਰਾਂ ਕੀਮਤਾਂ ਨਾਲ ਟਕਰਾਉਣਾ ਹੁੰਦਾ ਹੈ। ਉਹਨਾਂ ਦੇ ਖਿਲਾਫ ਲਿਖਣਾ ਹੁੰਦਾ ਹੈ। ਇਸ ਟਕਰਾਓ ਵਿੱਚੋਂ ਹੀ ਵਧੀਆ ਸਾਹਿਤ ਪੈਦਾ ਹੁੰਦਾ ਹੈ। ਪੰਜਾਬੀ ਸਾਹਿਤ ਵੱਲ ਹੀ ਦੇਖੀਏ ਤਾਂ ਪਤਾ ਚਲਦਾ ਹੈ ਕਿ ਵਧੀਆ ਸਾਹਿਤ ਅਗਾਂਹਵਧੂ ਲਹਿਰਾਂ ਦੇ ਜ਼ੋਰ ਵੇਲੇ ਹੀ ਲਿਖਿਆ ਗਿਆ ਹੈ।

ਭਾਵ ਕਿ ਲੇਖਕ ਦਾ ਕੰਮ ਬਹੁਤ ਜ਼ਿੰਮੇਵਾਰੀ ਵਾਲਾ ਹੁੰਦਾ ਹੈ। ਉਸ ਨੇ ਗਲਤ ਨੂੰ ਗਲਤ ਕਹਿਣਾ ਹੁੰਦਾ ਹੈ। ਇਥੇ ਬਾਬਾ ਨਾਨਕ ਲੇਖਕਾਂ ਦਾ ਰਾਹ ਦਸੇਰਾ ਹੈ ਜਿਨ੍ਹਾਂ ਨੇ ਲਿਖਿਆ ਸੀ, 'ਪਾਪ ਦੀ ਜੰਜ ਲੈ ਕਾਬਲੋਂ ਧਾਇਆ, ਜ਼ੋਰੀ ਮੰਗੇ ਦਾਨ ਵੇ ਲਾਲੋ।' ਲੇਖਕ ਨੇ ਸਥਾਪਤੀ ਨਾਲ ਟਕਰਾਉਣਾ ਹੁੰਦਾ ਹੈ। ਲੇਖਕ ਸਥਾਪਤੀ ਦਾ ਹਿੱਸਾ ਕਦੇ ਵੀ ਨਹੀਂ ਬਣ ਸਕਦਾ। ਆਓ ਦੇਖੀਏ ਅੱਜ ਦਾ ਪੰਜਾਬੀ ਲੇਖਕ ਕੀ ਕਰ ਰਿਹਾ ਹੈ। ਉਹ ਆਪਣਾ ਫਰਜ਼ ਪੱਛਾਣ ਵੀ ਰਿਹਾ ਹੈ ? ਗਲਤ ਨੂੰ ਗਲਤ ਵੀ ਕਹਿ ਰਿਹਾ ਹੈ ? ਕਿਤੇ ਸਥਾਪਤੀ ਦਾ ਹਿੱਸਾ ਤਾਂ ਨਹੀਂ ਬਣ ਗਿਆ ? ਸਾਡੇ ਇਹ ਸਾਰੇ ਫਿਕਰ/ਡਰ ਸੱਚੇ ਹਨ। ਅੱਜ ਦਾ ਪੰਜਾਬੀ ਲੇਖਕ ਸਥਾਪਤੀ ਦਾ ਹਿੱਸਾ ਹੀ ਨਹੀਂ ਬਣਿਆਂ ਸਗੋਂ ਆਗੂ ਬਣਨ ਦੇ ਯਤਨਾਂ ਵਿੱਚ ਹੈ। ਅੱਜ ਦੇ ਪੰਜਾਬੀ ਲੇਖਕ ਵਿੱਚ ਗਲਤ ਨੂੰ ਗਲਤ ਕਹਿਣ ਦੀ ਹਿੰਮਤ ਨਹੀਂ ਹੈ। ਉਹ ਆਹੁਦਿਆਂ ਪਿੱਛੇ, ਇਨਾਮਾਂ ਪਿੱਛੇ, ਗਰਾਂਟਾਂ ਪਿੱਛੇ ਭੱਜਦਾ ਆਪਣਾ ਗੌਰਵ ਗੁਆ ਚੁੱਕਾ ਹੈ। ਛੋਟੇ-ਛੋਟੇ ਜਿਹੇ ਗਰੁੱਪ ਬਣਾ ਕੇ ਮਹਾਨ ਬਣਨ ਦੇ ਭਰਮ ਪਾਲ ਰਿਹਾ ਹੈ। ਅੱਜ ਦੇ ਲੇਖਕ ਦੀ ਹਾਲਤ ਆਮ ਪਾਠਕ ਨੂੰ ਡਰਾ ਰਹੀ ਹੈ।

ਪਿਛਲੇ ਦਿਨੀਂ ਬ੍ਰਤਾਨੀਆਂ ਵਿੱਚ ਵਸਦੇ ਲੇਖਕ ਸਾਥੀ ਲੁਧਿਆਣਵੀ ਦੀ ਅਚਾਨਕ ਮੌਤ ਨੇ ਬ੍ਰਤਾਨੀਆਂ ਦੇ ਪੰਜਾਬੀ ਲੇਖਕ ਭਾਈਚਾਰੇ ਵਿੱਚ ਸੋਗ ਦੀ ਲਹਿਰ ਫੈਲਾ ਦਿੱਤੀ। ਸਾਥੀ ਲੁਧਿਆਣਵੀ ਉਹ ਕਹਾਣੀਕਾਰ ਸੀ ਜਿਸ ਨੇ ਬ੍ਰਤਾਨਵੀ ਪੰਜਾਬੀ ਕਹਾਣੀ ਨੂੰ ਸਮੁੱਚੇ ਪੰਜਾਬੀ ਸਾਹਿਤ ਵਿੱਚ ਇਕ ਵਿਸ਼ੇਸ਼ ਜਗਾਹ ਦਵਾਈ। ਉਸ ਪੀੜ੍ਹੀ ਦੇ ਕਹਾਣੀਕਾਰਾਂ ਵਿੱਚ ਸ਼ਾਇਦ ਸਾਥੀ ਆਖਰੀ ਕੜੀ ਸੀ। ਇਹ ਲੇਖਕਾਂ ਦੀ ਉਹ ਪੀੜ੍ਹੀ ਸੀ ਜਿਹੜੀ ਪਿਛਲੀ ਸਦੀ ਦੇ ਸਠਵਿਆਂ ਵਿੱਚ ਬ੍ਰਤਾਨੀਆਂ ਵਿੱਚ ਸੈੱਟਲ ਹੋਈ ਸੀ। ਉਸ ਪੀੜ੍ਹੀ ਦੇ ਕੁਝ ਹੋਰ ਲੇਖਕ ਹਾਲੇ ਸਰਗਰਮ ਹਨ ਪਰ ਧੀਮੀ ਸੁਰ ਵਿੱਚ। ਉਸ ਤੋਂ ਬਾਅਦਲੇ ਸਾਲਾਂ ਵਿੱਚ ਵੀ ਕੁਝ ਲੇਖਕ ਬ੍ਰਤਾਨੀਆਂ ਵਿੱਚ ਜਾ ਕੇ ਸੈੱਟਲ ਹੋਏ ਪਰ ਉਹਨਾਂ ਦੀ ਗਿਣਤੀ ਬਹੁਤੀ ਨਹੀਂ ਹੈ। ਤੇ ਇਹਨਾਂ ਵਿੱਚੋਂ ਬਹੁਤੇ ਕਹਾਣੀ ਨਾਲੋਂ ਨਾਵਲ ਵੱਲ ਰੁਚਿੱਤ ਹਨ। ਬ੍ਰਿਟਿਸ਼ ਇਮੀਗਰੇਸ਼ਨ ਕਾਨੂੰਨਾਂ ਕਾਰਨ ਨਵੇਂ ਲੋਕਾਂ ਲਈ ਸੈੱਟਲ ਹੋਣਾ ਬਹੁਤ ਮੁਸ਼ਕਲ ਹੈ। ਇਸੇ ਲਈ ਪਰਵਾਸੀ ਪੰਜਾਬੀ ਸਾਹਿਤ ਦਾ ਉਤਰੀ ਅਮਰੀਕਾ ਵੱਲ ਫੋਕਸ ਹੋਣਾ ਕੁਦਰਤੀ ਹੈ।

**-ਹਰਜੀਤ ਅਟਵਾਲ**

## ਮਰਾਠੀ ਨਾਵਲਿੱਟ :

# ਆਮੇਨ /ਅੰਜਨ ਕੁਮਾਰ

ਅਨੁਵਾਦ : ਮਹਿੰਦਰ ਬੇਦੀ, ਜੈਤੋ

### ਇਕ

ਕੋਹਰੇ ਨਾਲ ਢਕੀ ਸੜਕ ਵਰਗਾ ਸੁੰਨਸਾਨ ਚਿਹਰਾ, ਅੱਖਾਂ ਵਿਚ ਤੈਰਦੇ ਬੱਦਲ, ਸਾਹਾਂ ਦੀ ਗਤੀ ਵੀ ਥੱਕੀ-ਥੱਕੀ ਜਿਹੀ...।

ਅਬਰਾਰ ਅਲਵੀ ਦੀਆਂ ਅੱਖਾਂ ਯਕਲਖ਼ਤ ਮੇਰੇ ਪਿੱਛੇ ਵਾਲੀ ਕੰਧ 'ਤੇ ਗੱਡੀਆਂ ਗਈਆਂ। ਕੰਧ 'ਤੇ ਉਸ ਦੀ ਤਸਵੀਰ ਸੀ। ਉਸ ਦੇ ਚਿਹਰੇ 'ਤੇ ਬਾਲਾਂ ਵਰਗੀ ਮਾਸੂਮ ਹਾਸੀ ਸੀ ਤੇ ਅੱਖਾਂ 'ਚ ਸੁਪਨੇ—ਭਾਵੀ ਨੇ ਉਸ ਦੀ ਤਸਵੀਰ ਲਈ ਚੰਦਨ ਦੀ ਇਕ ਖੁਰਦਰੀ ਮਾਲਾ ਤੇ ਉਸ ਦੇ ਵੱਡੇ, ਚੌੜੇ ਮੱਥੇ 'ਤੇ ਲਾਲ ਤਿਲਕ ਦਾ ਅਸਪੱਸ਼ਟ-ਜਿਹਾ ਨਿਸ਼ਾਨ ਬਖ਼ਸ਼ ਦਿੱਤਾ ਸੀ। ਉਸ ਹਾਰ 'ਚ ਘਿਰੇ ਚਿਹਰੇ ਉੱਤੇ ਖਿੜੀ ਹਾਸੀ, ਇਕ ਵੀਰਾਨ, ਬੰਜਰ ਜ਼ਮੀਨ ਉੱਤੇ ਗ਼ਲਤੀ ਨਾਲ ਖਿੜੇ ਤੇ ਖਿੜਖਿੜਾ ਰਹੇ ਗ਼ੁਲਾਬ ਵਰਗੀ ਦਿਲਕਸ਼ ਲੱਗ ਰਹੀ ਸੀ।

ਇਹ ਜਗ੍ਹਾ ਬੜੀ ਉਚਾਈ 'ਤੇ ਸੀ। ਹੇਠਾਂ ਸੀ ਬੰਬਈ ਦਾ ਦਹਾੜਦਾ, ਬੁੜ੍ਹਕਦਾ ਵਿਸ਼ਾਲ ਸਮੁੰਦਰ। ਸ਼ਾਮ ਦੇ ਘੁਸਮੁਸੇ ਦੀ ਗੋਦ ਵਿਚ ਮਸਤੀ ਨਾਲ ਸਾਹ ਲੈਂਦਾ ਹੋਇਆ ਬੰਬਈ ਸ਼ਹਿਰ ਹੁਣ ਹੌਲੀ-ਹੌਲੀ ਬਿਜਲੀ ਦੇ ਲਾਟੂਆਂ ਦੀ ਰੌਸ਼ਨੀ 'ਚ ਤਪਣ ਲੱਗਾ ਸੀ। ਮੈਨੂੰ ਹਰ ਵਾਰੀ ਉਦਾਸ ਕਰ ਦੇਣ ਵਾਲਾ ਬੰਬਈ ਦੀ ਰਾਤ ਦੇ ਜਗਰਾਤੇ ਦਾ ਮਾਹੌਲ ਹੁਣ ਛੇਤੀ ਹੀ ਸ਼ੁਰੂ ਹੋਣ ਵਾਲਾ ਸੀ ਤੇ ਇਹ ਖ਼ਿਆਲ ਹੀ ਮੈਨੂੰ ਝੰਜੋੜ ਕੇ ਰੱਖ ਦਿੰਦਾ ਸੀ।

ਪਤਾ ਨਹੀਂ ਕਿੰਨੀ ਦੇਰ ਤਕ ਮੈਂ ਉੱਥੇ ਐਵੇਂ ਹੀ ਖੜ੍ਹਾ ਰਿਹਾ। ਰਾਤ ਦੀਆਂ ਬਾਹਾਂ ਵਿਚ ਥਿਰਕਦੀ ਬੰਬਈ ਨੰਗਾ ਨਾਚ ਨੱਚਣ ਲੱਗੀ। ਲੋਕਾਂ ਦੀ ਕਾਵਾਂ-ਰੌਲੀ ਜਾਰੀ ਸੀ, ਪਰ ਉਹਨਾਂ 'ਚ ਕੋਈ ਵੀ ਕਿਸੇ ਦਾ ਨਹੀਂ ਸੀ। ਕੋਈ ਵੀ 'ਕੱਲਾ ਜਾਂ ਵਿਹਲਾ ਨਹੀਂ ਸੀ। ਬੰਬਈ 'ਚ ਰਾਤ ਦੇ ਪਲ-ਛਿਣ ਇਸੇ ਅੰਦਾਜ਼ 'ਚ ਤਿਲ੍ਹਕਦੇ ਤੇ ਖਿਸਕਦੇ ਜਾਂਦੇ ਨੇ।

ਆਖ਼ਰਕਾਰ ਉਸ ਖੁੱਲ੍ਹੇ ਚੌਖਟੇ 'ਚੋਂ ਹੋ ਕੇ ਅੰਦਰ ਆਉਣ ਵਾਲੀ ਹਵਾ ਦੀ ਸੁਹਾਵੀ ਛੋਹ ਸਦਕਾ ਅਬਰਾਰ ਅਲਵੀ ਦੀ ਆਵਾਜ਼ ਨਿੱਕਲੀ। ਉਸ ਦੇ ਸ਼ਬਦ ਗਤੀਹੀਣ ਲੱਗ ਰਹੇ ਸਨ ਤੇ ਆਵਾਜ਼ ਦੀ ਲੈਅ ਵੀ ਅਸਪੱਸ਼ਟ ਤੇ ਬੇਤਰਤੀਬ ਜਿਹੀ...।

"ਉਹ ਜਦੋਂ ਵੀ ਮੇਰੇ ਕੋਲ ਆਉਂਦਾ, ਐਨ ਇਸੇ ਬੁਝੇ-ਬੁਝੇ ਜਿਹੇ ਅੰਦਾਜ਼ ਵਿਚ, ਇਸੇ ਖਿੜਕੀ ਕੋਲ ਖੜ੍ਹਾ ਰਹਿੰਦਾ, ਜਿੱਥੇ ਤੁਸੀਂ ਖੜ੍ਹੇ ਓ। ਉਸ ਦੇ ਬੁੱਲ੍ਹਾਂ ਨਾਲ ਲੱਗੇ ਜਾਮ ਵਿਚ ਜਿਵੇਂ ਪੂਰੀ ਦੁਨੀਆ ਘੁਲ ਕੇ ਸਿਮਟ ਗਈ ਹੁੰਦੀ। ਉਸ ਦੀਆਂ ਨਜ਼ਰਾਂ ਬੰਬਈ ਦੀਆਂ ਰਾਤਾਂ 'ਚ ਅਰੋਕ ਭਟਕ ਰਹੀਆਂ ਹੁੰਦੀਆਂ—ਉਸ ਅਗਨੀ-ਕੁੰਡ 'ਚ ਕੁਛ-ਨਾ-ਕੁਛ ਟੋਲ ਰਹੀਆਂ ਹੁੰਦੀਆਂ। ਇਕ ਰਾਤ ਉਹ ਇਵੇਂ ਹੀ ਥੱਕ ਕੇ ਖੜ੍ਹਾ ਸੀ, ਜਿਵੇਂ ਉਹ ਹੋਸ਼ ਵਿਚ ਈ ਨਾ ਹੋਵੇ। ਜੁਲਾਈ ਦੀ ਜੀਵਨਦਾਤੀ ਬਾਰਿਸ਼ ਦੀ ਬੌਛਾਰ ਹੁਣੇ-ਹੁਣੇ ਸ਼ੁਰੂ ਹੋਈ ਸੀ। ਹਵਾ ਦੇ ਰੁਖ਼ ਕਰਕੇ ਪਾਣੀ ਦੇ ਛਿੱਟੇ ਅੰਦਰ ਆਉਣ ਲੱਗ ਪਏ ਸਨ। ਉਸ ਦੇ ਕੱਪੜੇ, ਉੱਤੇ ਲਈ ਹੋਈ ਸ਼ੌਲ ਆਦਿ ਭਿੱਜ ਗਏ ਸੀ। ਫੇਰ ਵੀ ਸਕਾੱਚ ਦੇ ਇਕ-ਇਕ ਘੁੱਟ ਦੇ ਨਾਲ ਉਹ ਉਹਨਾਂ ਫੁਹਾਰਾਂ ਦੀ ਆਤਿਸ਼ਬਾਜ਼ੀ ਨੂੰ ਬੜੇ



ਚਾਅ ਨਾਲ ਦੇਖ ਰਿਹਾ ਸੀ। ਗਿੱਲੇਪਨ ਦਾ ਅਹਿਸਾਸ ਜਿਵੇਂ ਉਸ ਨੂੰ ਸੀ ਈ ਨਈਂ। ਉਹ ਉਸ ਪਾਣੀ ਵਿਚ ਤਰ੍ਹਾਂ-ਤਰ੍ਹਾਂ ਦੇ ਰੰਗ-ਬਰੰਗੇ ਸੁਪਨੇ ਦੇਖ ਰਿਹਾ ਸੀ। ਮੈਂ ਦੇਖਿਆ ਤੇ ਫੁਰਤੀ ਨਾਲ ਉੱਠ ਕੇ ਖੜ੍ਹਾ ਹੋ ਗਿਆ। ਮੈਂ ਖਿੜਕੀ ਬੰਦ ਕਰਨਾ ਚਾਹੁੰਦਾ ਸੀ, ਪਰ ਉਸ ਨੇ ਵਿਚਾਲੇ ਈ ਮੇਰਾ ਹੱਥ ਫੜ ਕੇ ਕਿਹਾ, "ਅਬਰਾਰ, ਨਾ ਰੋਕ ਮੈਨੂੰ। ਬਾਰਿਸ਼ 'ਚ ਭਿੱਜਣ ਦਾ ਸ਼ੌਕ ਏ ਮੈਨੂੰ। ਜ਼ਿੰਦਗੀ 'ਚ ਆਉਣ ਵਾਲੇ ਕਿਸੇ ਵੀ ਧੂੰਆਂਧਾਰ ਛਿਣ ਨੂੰ ਰੋਕਣ ਦਾ ਕੋਈ ਅਧਿਕਾਰ ਸਾਨੂੰ ਨਈਂ ਹੁੰਦਾ।" ਆਪਣੀ ਭਿੱਜੀ ਬਾਂਹ ਦੀ ਗਲਵੱਕੜੀ ਪਾ ਕੇ ਉਹ ਮੈਨੂੰ ਅੰਦਰ ਆ ਰਹੀਆਂ ਫੁਹਾਰਾਂ 'ਚ ਲੈ ਗਿਆ। ਉਹ ਅਤੀ ਧੀਮੀ ਸੁਰ 'ਚ ਬੁੜਬੁੜਾ ਰਿਹਾ ਸੀ, "ਇਸ ਬਾਰਿਸ਼ ਨਾਲ ਮੇਰਾ ਕਲੇਜਾ ਇੰਜ ਭਿੱਜ ਜਾਂਦਾ ਏ ਕਿ...ਮੇਰੀ ਜ਼ਿੰਦਗੀ ਵੀ ਇਸੇ ਬਾਰਿਸ਼ ਜਿਹੀ ਏ—ਸੰਘਣੀ, ਦਿਸ਼ਾਹੀਣ ਤੇ ਬੇਤਰਤੀਬ। ਫ਼ਿਲਮ ਇੰਡਸਟਰੀ 'ਚ ਨਾ ਚਾਹੁੰਦੇ ਹੋਏ ਵੀ ਆ ਕੇ ਮੈਂ ਹੱਥ-ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਹਮੇਸ਼ਾ ਭਿੱਜਦਾ ਰਿਹਾ, ਕੰਬਦਾ ਰਿਹਾ। ਜ਼ਿੰਦਗੀ ਦੀ ਕਦੇ ਨਾ ਬੁਝਣ ਵਾਲੀ ਚਿਤਾ ਨੂੰ ਮੈਂ ਅੱਗ ਵਿਖਾਲ ਦਿੱਤੀ। ਦੋ ਮਾਸੂਮ ਜਿੰਦਾ ਛਟਪਟਾਉਂਦੀਆਂ ਰਹੀਆਂ ਤੇ ਜਦੋਂ ਸਥਿਤੀ ਹੱਦ ਤੋਂ ਬਾਹਰ ਚਲੀ ਗਈ ਤਾਂ ਫੇਰ ਫੁਹਾਰਾਂ 'ਚ ਭਿੱਜਦਾ ਰਿਹਾ..." ਉਸ ਨੇ ਪਿਆਲਾ ਬਾਰਿਸ਼ ਵਿਚ ਧਰ ਦਿੱਤਾ। ਅਸੀਂ ਦੋਵੇਂ ਖ਼ਾਸੀ ਦੇਰ ਤਕ ਉਸ ਉਛਲਦੇ ਹੋਏ ਪਾਣੀ ਨੂੰ ਇਕਟੱਕ ਤੱਕਦੇ ਰਹੇ। ਸਾਡੇ ਦੋਵਾਂ ਦੇ ਸੁਪਨੇ ਇਕੋ-ਜਿਹੇ ਸਨ। ਅਸੀਂ ਜ਼ਿੰਦਗੀ ਦੀਆਂ ਰੰਗੀਨੀਆਂ ਨੂੰ ਇਕ ਦੂਜੇ ਦੀਆਂ ਅੱਖਾਂ ਵਿਚ ਦੇਖਦੇ ਰਹੇ...ਕਰੂਪਤਾ ਵੀ ਅਸੀਂ ਦੇਖੀ, ਦੁੱਖ-ਦਰਦ ਵੀ ਝੱਲਦੇ ਰਹੇ। ਆਉਣ-ਜਾਣ ਵਾਲੇ ਵਫ਼ਾਦਾਰ, ਬੇਵਫ਼ਾ, ਬੇਈਮਾਨ ਇਨਸਾਨਾਂ ਦੇ ਤੇਵਰ ਦੇਖੇ, ਰਾਤ-ਦਿਨ, ਧੁੱਪ-ਛਾਂ, ਸਰਦੀ-ਗਰਮੀ...ਸਭੋ ਕੁਛ ਦੇਖਿਆ। ਦੇਖਣ ਵਾਲੀ ਇਕ ਨਜ਼ਰ ਸੀ...ਬੋਲਣ ਵਾਲੀ ਇਕ ਆਵਾਜ਼ ਸੀ...ਤਨਹਾਈ ਦਾ ਇਕ ਅਜੀਬ ਜਿਹਾ ਆਲਮ ਸੀ।

"ਸੱਚ ਪੁੱਛੋ ਤਾਂ ਸਾਡੀ ਜ਼ਿੰਦਗੀ ਇਕ ਸੀ...ਨਿਸ਼ਾਨਾ ਇਕੋ ਸੀ...ਚਿੱਟਾ ਪਰਦਾ! ਪ੍ਰਦਰਸ਼ਨ ਤੋਂ ਪਹਿਲਾਂ ਉਸ ਚਿੱਟੇ ਪਰਦੇ ਦੇ ਸਾਹਮਣੇ ਲੱਗਿਆ, ਹਰ ਵਾਰੀ ਉਪਰ ਉੱਠਣ ਵਾਲਾ, ਇਕ ਹੋਰ ਰੇਸ਼ਮੀ ਪਰਦਾ ਤੇ ਉਸ ਦੇ ਪਿੱਛੇ ਲੁਕੀ ਹੋਈ ਚਿੱਟੀ-ਕਾਲੀ ਹਲਚਲ...ਉਸ ਚਿੱਟੇ ਪਰਦੇ 'ਤੇ ਅਸੀਂ ਵੀ ਤਰ੍ਹਾਂ-ਤਰ੍ਹਾਂ ਦੇ ਬੇਜਾਨ, ਬੇਢੰਗੇ ਆਕਾਰਾਂ ਵਿਚ ਜਾਨ ਪਾਉਣ ਦੀ ਕੋਸ਼ਿਸ਼ ਕੀਤੀ ਸੀ...ਭਾਂਤ-ਸੁਭਾਂਤੀਆਂ ਕਥਾ-ਕਹਾਣੀਆਂ ਦਿਲਾਂ ਵਿਚ ਵਸਾ ਕੇ ਉਸਦੀ ਸਾਰਥਕ ਪੇਸ਼ਕਾਰੀ ਕਰਨ ਵਾਲੇ ਅਲੱਗ-ਅਲੱਗ ਪਾਤਰ...ਵੱਖ-ਵੱਖ ਸੁਰਾਂ ਦੀ ਲੈਅ 'ਚ ਟੁੱਟੇ-ਖਿੱਲਰੇ ਸੁਪਨੇ...ਆਖ਼ਰ ਸੁਪਨਿਆਂ ਦੀ ਦੁਨੀਆ ਦਾ ਕੋਈ ਹੋਰ ਸਿਰਾ ਵੀ ਹੋਏਗਾ ?

'ਪਿਆਸਾ!'

'ਕਾਗਜ਼ ਕੇ ਫੂਲ!'

'ਸਾਹਿਬ, ਬੀਵੀ ਔਰ ਗ਼ੁਲਾਮ!'

"...ਕੁਛ ਸੁਪਨੇ ਤਾਂ ਸਾਕਾਰ ਹੋਣ ਤੋਂ ਪਹਿਲਾਂ ਹੀ ਖਿੱਲਰ ਗਏ। ਸਾਰੀ ਜ਼ਿੰਦਗੀ ਰਾਖ਼ ਦੇ ਵਰੋਲੇ, ਦਿਲ ਸਾੜਨ ਵਾਲੀਆਂ ਚੰਗਿਆੜੀਆਂ ਤੇ ਅਣਬੁੱਝ ਬੁਝਾਰਤਾਂ ਦਾ ਸਿਲਸਿਲਾ...ਇਹਨਾਂ 'ਚ ਘਿਰਿਆ ਹੋਣ ਦੇ ਬਾਵਜੂਦ ਵੀ ਇਕ ਆਦਮੀ ਜਿਊਂਦਾ ਰਿਹਾ। ਅਤੀਤ ਦੀ ਧੁੰਦ 'ਚ ਗਵਾਚੀ ਜ਼ਿੰਦਗੀ ਵਿਚ, ਦੋ-ਦੋ ਦਿਨ ਤਕ ਨਾ ਉਤਰਨ ਵਾਲੀ ਖ਼ੁਮਾਰੀ ਤੇ ਪਾਰਦਰਸ਼ੀ ਜਾਮ ਦੇ ਆਰ-ਪਾਰ ਜਾਂਦੀਆਂ ਨਿਗਾਹਾਂ ਦੀ ਮਾਯੂਸੀ 'ਚ ਜਿਊਣ ਦਾ ਮਤਲਬ ਲੱਭਦਾ ਰਿਹਾ ਉਹ, ਤੇ ਇਸੇ ਚੱਕਰ ਵਿਚ, ਉਹ ਸ਼ੀਸ਼ਾਈ ਨਸ਼ੇ ਵਿਚ ਆਪਣੀ ਹੋਂਦ ਨੂੰ ਮਿਟਾਉਂਦਾ ਰਿਹਾ...।

"ਤੇ ਇਕ ਰਾਤ, ਸਾਰੇ ਸੁਪਨਿਆਂ, ਖੋਜੀ-ਨਿਗਾਹਾਂ, ਸ਼ਰਾਬ ਦੀਆਂ ਬੂੰਦਾਂ ਤੇ ਮੈਂ—ਸਾਰਿਆਂ ਈ ਉਸ ਦਾ ਸਾਥ ਛੱਡ ਦਿੱਤਾ।"

"ਫੇਰ...!!"

## ਦੋ

ਉਹ ਸੌਣ-ਕਮਰੇ 'ਚ ਆਏ, ਰਾਤ ਉਹਨਾਂ ਤੋਂ ਪਹਿਲਾਂ ਹੀ ਕਮਰੇ 'ਚ ਵੜ ਚੁੱਕੀ ਸੀ। ਉਹਨਾਂ ਨੇ ਖਿੜਕੀਆਂ 'ਤੇ ਪਰਦੇ ਖਿੱਚ ਦਿੱਤੇ, ਫੇਰ ਕਮਰੇ ਦੇ ਐਨ ਵਿਚਕਾਰ ਸੱਜੇ ਬੈੱਡ ਵੱਲ ਦੇਖਿਆ। ਉਸ ਉੱਤੇ ਵਿਛੀ ਚਿੱਟੀ ਚਾਦਰ, ਹੱਕੀ-ਬੱਕੀ ਜਿਹੀ, ਸਮੁੱਚੇ ਕਮਰੇ ਨੂੰ ਘੂਰ ਰਹੀ ਸੀ। ਦੂਜੇ ਹੀ ਛਿਣ ਉਹਨਾਂ ਦਾ ਚਿਹਰਾ ਪਸੀਨੇ ਨਾਲ ਤਰ ਹੋ ਗਿਆ। ਉਹਨਾਂ ਦੇ ਸੀਨੇ ਵਿਚ ਮਹੀਨ-ਜਿਹੀ ਹੂਕ ਉੱਠੀ। ਇਕ ਹੱਥ ਨਾਲ ਆਪਣੀ ਛਾਤੀ ਨੂੰ ਪਲੋਸਦੇ ਹੋਏ ਗੁਰੂਦੱਤ ਬਿਸਤਰੇ 'ਤੇ ਬੈਠ ਗਏ। ਚਿਹਰੇ ਤੇ ਆਏ ਪਸੀਨੇ ਕਰਕੇ ਐਨਕ ਦੇ ਸ਼ੀਸ਼ੇ ਵੀ ਗਿੱਲੇ ਹੋ ਗਏ ਸੀ। ਬਿਸਤਰੇ 'ਤੇ ਵਿਛੀ ਚਾਦਰ ਉੱਤੇ ਕੁਝ ਸਿਲਵਟਾਂ ਪੈ ਗਈਆਂ...।

ਪਸੀਨਾ ਚੋਣ ਦੇ ਨਾਲ-ਨਾਲ ਹੁਣ ਅੱਖਾਂ ਵੀ ਵਹਿਣ ਤੁਰੀਆਂ। ਲੱਗਿਆ ਕਿ ਉਸ ਲਿਸ਼ਲਿਸ਼ ਕਰਦੀ ਚਾਦਰ ਉੱਤੇ ਗੀਤਾ ਦੱਤ ਦੇ ਪੈਰਾਂ ਦੇ ਨਿਸ਼ਾਨ ਉੱਭਰੇ ਨੇ। ਉਹਨਾਂ ਬੜੀ ਬੇਚੈਨੀ ਨਾਲ ਚਾਦਰ 'ਤੇ ਹੱਥ ਫੇਰਿਆ। ਹੱਥ ਵੀ ਕੰਬ ਰਹੇ ਸੀ। ਗੁਰੂਦੱਤ ਕਾਫੀ ਦੇਰ ਤਕ ਆਪਣੀ ਹਥੇਲੀ ਨਾਲ ਚਾਦਰ ਨੂੰ ਪਲੋਸਦੇ ਰਹੇ।

ਰਾਤ ਬੜੀ ਧੀਮੀ ਗਤੀ ਨਾਲ ਖਿਸਕ ਰਹੀ ਸੀ। ਕਮ-ਸੇ-ਕਮ ਉਸ ਕਮਰੇ ਵਿਚ ਤਾਂ ਇਹੋ ਅਹਿਸਾਸ ਹੋ ਰਿਹਾ ਸੀ। ਗੁਰੂਦੱਤ ਉੱਠ ਕੇ ਡਰੈਸਿੰਗ ਟੇਬਲ ਕੋਲ ਗਏ। ਉਹਨਾਂ ਨੇ ਕਮਰੇ ਦੀ ਬੱਤੀ ਬੁਝਾ ਦਿੱਤੀ। ਸਟੂਲ 'ਤੇ ਬੈਠ ਕੇ ਹਨੇਰੇ ਵਿਚ ਹੀ ਸਕਾੱਚ ਦੀ ਬੋਤਲ ਦਾ ਢੱਕਣ ਖੋਲ੍ਹਿਆ। ਸਿਗਰਟ ਸੁਲਗਾਈ। ਕਮਰੇ ਵਿਚ ਪਸਰੇ ਹਨੇਰੇ ਦੀ ਤਲਖ਼ੀ ਦਾ ਅਸਹਿ ਹੋ ਜਾਣ 'ਤੇ ਉਹਨਾਂ ਨੇ ਡਰੈਸਿੰਗ-ਟੇਬਲ 'ਤੇ ਲੱਗੀ ਹਲਕੇ ਨੀਲੇ ਰੰਗ ਦੀ ਬੱਤੀ ਜਗਾਈ ਤੇ ਸ਼ੀਸ਼ੇ ਵਿਚ ਦੇਖਿਆ। ਐਨਕ ਲਾਹ ਕੇ ਉਹਨਾਂ ਆਪਣੇ ਚਿਹਰੇ ਨੂੰ ਪਾਣੀ ਨਾਲ ਧੋਣ ਦਾ ਯਤਨ ਕੀਤਾ। ਉਸ ਨੀਲੇ ਧੁੰਦਲੇ ਹਨੇਰੇ ਵਿਚ ਉਹਨਾਂ ਦੀਆਂ ਅੱਖਾਂ ਦੇ ਪਾਣੀ ਵਿਚ ਵੀ ਸਮੁੰਦਰੀ ਨੀਲਾਹਟ ਝਲਕ ਰਹੀ ਸੀ। ਉਹਨਾਂ ਨੇ ਹੋਰ ਇਕ ਘੁੱਟ ਭਰ ਲਿਆ। ਦਿਮਾਗ਼ 'ਤੇ ਨਸ਼ੇ ਦੀਆਂ ਪਰਤਾਂ ਚੜ੍ਹਦੀਆਂ ਰਹੀਆਂ। ਸ਼ੀਸ਼ੇ ਵਿਚ ਉਹਨਾਂ ਦੇ ਭਾਵੁਕ ਚਿਹਰੇ ਦਾ ਬਿੰਬ ਲਗਾਤਾਰ ਧੁੰਦਲਾ ਹੁੰਦਾ ਜਾ ਰਿਹਾ ਸੀ।

ਗੁਰੂਦੱਤ ਬੇਬਸ ਤੇ ਬਿਲਕੁਲ ਇਕੱਲੇ ਸਨ। ਕਮਰੇ ਵਿਚ ਖਿੱਲਰੀ ਭਰਪੂਰ ਨੀਲੀ ਰੌਸ਼ਨੀ ਵਿਚ, ਸ਼ਰਾਬ ਦੀ ਬੋਤਲ ਨੂੰ ਮੁੜ ਚੁੱਕਣ ਲਈ ਅੱਗੇ ਵਧਦਾ ਹੋਇਆ ਉਹਨਾਂ ਦਾ ਹੱਥ, ਉਸ ਧੁੰਦਲੇ ਚਾਨਣ ਵਿਚ, ਡਰੈਸਿੰਗ ਟੇਬਲ 'ਤੇ ਰੱਖੀ ਉਸ ਸ਼ੀਸ਼ੀ ਵੱਲ ਵਧਣ ਲੱਗਾ, ਜਿਸ ਵਿਚ ਨੀਂਦ ਦੀਆਂ ਗੋਲੀਆਂ ਸਨ। ਉਹਨਾਂ ਨੇ ਤ੍ਰਬਕ ਕੇ ਸ਼ੀਸ਼ੀ ਵੱਲ ਦੇਖਿਆ ਤੇ ਉਸ ਵਿਚੋਂ ਦੋ-ਚਾਰ ਗੋਲੀਆਂ ਕੱਢ ਕੇ ਸ਼ਰਾਬ ਵਿਚ ਰਲਾ ਲਈਆਂ।

ਹਾਲੇ ਵੀ ਉਹ ਫ਼ੈਸਲਾ ਲੈਣ ਦੀ ਸਥਿਤੀ ਵਿਚ ਨਹੀਂ ਸਨ।

ਸ਼ੀਸ਼ੀ ਵਿਚ ਭਾਂਤ-ਭਾਂਤ ਦੇ ਪ੍ਰਛਾਵੇਂ ਉੱਭਦੇ ਰਹੇ।

ਗੁਰੂਦੱਤ! ਵਹੀਦਾ! ਗੀਤਾ ਦੱਤ! ਪਿਆਸਾ...ਕਾਗਜ਼ ਕੇ ਫੂਲ...

ਉਹਨਾਂ ਨੇ ਇਕ-ਦੋ ਗੋਲੀਆਂ ਹੋਰ ਸ਼ਰਾਬ ਵਿਚ ਰਲਾ ਲਈਆਂ। ਗੁਰੂਦੱਤ ਨੂੰ ਨੀਂਦ ਨਾ



ਆਉਣ ਦੀ ਬਿਮਾਰੀ ਸੀ। ਨਾ ਨੀਂਦ ਦੀਆਂ ਗੋਲੀਆਂ ਅਸਰ ਕਰਦੀਆਂ ਸਨ, ਨਾ ਸ਼ਰਾਬ ਦੀ ਖ਼ੁਮਾਰੀ।

ਆਪਣੇ ਦਿਮਾਗ਼ ਨਾਲ ਹੀ ਉਹਨਾਂ ਨੇ ਇਕ ਨਵੀਂ ਕਿਸਮ ਦਾ ਕਾੱਕਟੇਲ ਬਣਾਇਆ ਸੀ—ਨੀਂਦ ਦੀਆਂ ਗੋਲੀਆਂ ਸ਼ਰਾਬ ਦੇ ਘੋਲਣ ਨਾਲ ਬਣਿਆਂ ਇਕ ਅਜੀਬ-ਜਿਹਾ ਕਾੱਕਟੇਲ! ਪਰ ਅੱਜ ਤਾਂ ਉਸਦਾ ਵੀ ਕੋਈ ਅਸਰ ਨਹੀਂ ਸੀ ਹੋ ਰਿਹਾ। ਨਾ ਨੀਂਦ ਆਉਂਦੀ ਸੀ, ਨਾ ਪੂਰੀ ਚੇਤਨਾ ਹੀ ਸੀ। ਉਹਨਾਂ ਨੇ ਦੋਵਾਂ ਹਥੇਲੀਆਂ ਨਾਲ ਆਪਣਾ ਮੱਥਾ ਘੁੱਟ ਲਿਆ। ਸਿਰ ਹਿਲਾਇਆ ਤੇ ਆਪਣੀ ਇਸ ਵਚਿੱਤਰ ਸਥਿਤੀ ਤੋਂ ਉਕਤਾਅ ਕੇ ਉਹਨਾਂ ਇਕ ਨੰਬਰ ਡਾਇਲ ਕੀਤਾ। ਘੰਟੀ ਵੱਜਦੀ ਰਹੀ। ਆਪਣੇ ਗਿੱਲੇ ਹੱਥ ਵਿਚੋਂ ਰਸੀਵਰ ਡਿੱਗ ਪੈਣ ਦੇ ਖ਼ਤਰੇ ਨੂੰ ਦੇਖਦਿਆਂ ਹੋਇਆਂ ਉਹਨਾਂ ਨੇ ਉਸ ਨੂੰ ਦੋਵਾਂ ਹੱਥਾਂ ਨਾਲ ਫੜ ਲਿਆ।

## ਤਿੰਨ

ਪਹਿਲੇ ਸ਼ਾੱਟ ਦੀ ਰੀਹਰਸਲ ਹੋਈ। ਗੁਰੂਦੱਤ ਦੇ ਸਬਰ ਤੇ ਵਹੀਦਾ ਦੇ ਸਨਕੀਪੁਣੇ ਦੀ ਹੱਦ ਸੀ। ਸ਼ਾੱਟ ਬੜਾ ਮਾਮੂਲੀ-ਜਿਹਾ ਸੀ। ਪੌੜੀਆਂ ਉੱਤਰ ਕੇ ਸੈੱਟ ਤਕ ਆਉਂਦੇ ਹੋਏ ਉਸ ਨੇ ਸਿਰਫ਼ ਇਕ-ਦੋ ਡਾਇਲਾੱਗ ਬੋਲਣੇ ਸਨ। ਵੀਹ-ਪੱਚੀ ਵਾਰੀ ਰੀਟੇਕ ਹੋਣ ਦੇ ਬਾਵਜੂਦ ਵਹੀਦਾ 'ਤੇ ਉਹ ਦ੍ਰਿਸ਼ ਫ਼ਿਲਮਾਇਆ ਨਹੀਂ ਜਾ ਸਕਿਆ। ਆਰਾਮ ਦੇ ਵਕਫ਼ੇ ਦੌਰਾਨ ਅਬਰਾਰ ਗੁਰੂਦੱਤ ਕੋਲ ਇਕ ਕੋਨੇ ਵਿਚ ਪਈ ਕੁਰਸੀ 'ਤੇ ਜਾ ਬੈਠੇ।

"ਗੁਰੂ ਛੱਡ ਵੀ ਯਾਰ! ਤੂੰ ਖਾਹਮ-ਖਾਂ ਇਸ ਗੱਲ 'ਤੇ ਜ਼ੋਰ ਦੇ ਰਿਹੈਂ। ਐਕਟਿੰਗ ਕਰਨਾ ਇਸ ਕੁੜੀ ਦੇ ਵੱਸ ਦੀ ਗੱਲ ਨਈਂ। ਖ਼ਾਲੀ ਡੱਬਾ ਬਿਨਾਂ ਗਲੋਂ ਵਜਾਉਂਦੇ ਰਹਿਣ ਦਾ ਭਲਾਂ ਕੀ ਫ਼ਾਇਦਾ? ਦਲੀਪ ਆਉਂਦਾ ਈ ਹੋਏਗਾ। ਜੇ ਉਹ ਇਸ ਤਮਾਸ਼ੇ ਨੂੰ ਦੇਖ ਲਏ ਤਾਂ ਮੇਕਅੱਪ ਲਈ ਵੀ ਰਾਜ਼ੀ ਨਈਂ ਹੋਏਗਾ।"

"ਨਈਂ ਯਾਰ ਅਬਰਾਰ, 'ਸੀ.ਆਈ.ਡੀ.' ਵਿਚ ਤਾਂ ਉਸ ਨੇ ਠੀਕ-ਠਾਕ ਕੰਮ ਕੀਤਾ ਸੀ।"

"ਹੋ ਸਕਦਾ ਏ, ਪਰ ਉਸ 'ਚ ਤੇ 'ਪਿਆਸਾ' ਵਿਚ ਜ਼ਮੀਨ-ਆਸਮਾਨ ਦਾ ਫ਼ਰਕ ਏ। ਇਹ ਕਿਰਦਾਰ ਉਹ ਨਈਂ ਨਿਭਾਅ ਸਕੇਗੀ। ਕੰਮ ਜੇ ਏਸੇ ਗਤੀ ਨਾਲ ਅੱਗੇ ਵਧਦਾ ਰਿਹਾ ਤਾਂ ਫ਼ਿਲਮ ਪੂਰੀ ਹੋਣ 'ਚ ਵੀਹ ਸਾਲ ਲੱਗ ਜਾਣਗੇ। ਤੂੰ ਜ਼ਿੱਦ ਨਾ ਕਰ। ਉਸ ਨੂੰ ਏਨਾ ਈ ਚਾਹੁੰਦਾ ਏਂ ਤਾਂ ਕਿਸੇ ਹਲਕੀ-ਫੁਲਕੀ ਫ਼ਿਲਮ 'ਚ ਲੈ ਸਕਦਾ ਏਂ। ਮੈਂ ਤੇਰੀ ਖ਼ਾਤਰ ਮੀਨਾ ਕੁਮਾਰੀ ਨੂੰ ਰਿਕਵੈਸਟ ਕਰ ਸਕਦਾਂ...ਤੂੰ ਵਹੀਦਾ ਨੂੰ ਆਪਣੇ ਦਿਮਾਗ਼ 'ਚੋਂ ਕੱਢ ਦੇ।"

ਗੁਰੂ ਚੁੱਪ ਰਹੇ। ਉਹਨਾਂ ਨੇ ਦੇਖਿਆ, ਸੈੱਟ ਤੇ ਵਹੀਦਾ ਕਿਸੇ ਨਾਲ ਉਲਝੀ ਹੋਈ ਸੀ। ਅਬਰਾਰ ਨੇ ਆਪਣੇ ਮੱਥੇ 'ਤੇ ਹੱਥ ਮਾਰਿਆ। ਗੁਰੂ ਦੀਆਂ ਨਿਗਾਹਾਂ ਅਜੇ ਵੀ ਵਹੀਦਾ 'ਤੇ ਅਟੱਕੀਆਂ ਹੋਈਆਂ ਸਨ।

"ਐਕਟਿੰਗ ਨਾਲ ਉਸਦਾ ਕੋਈ ਵਾਸਤਾ ਨਈਂ। ਤੇ ਉਹ ਹੈ ਵੀ ਬੜੀ ਜ਼ਿੱਦੀ ਤੇ ਚਿੜਚਿੜੇ ਸੁਭਾਅ ਦੀ। ਇੰਜ ਕਿਵੇਂ ਚੱਲੇਗੀ ਗੱਡੀ?"

—ਪਰ ਮੇਰਾ ਅੰਦਾਜ਼ਾ ਕਦੀ ਗ਼ਲਤ ਨਈਂ ਹੋ ਸਕਦਾ। ਇਸ ਕੁੜੀ ਦੀਆਂ ਅੱਖਾਂ 'ਚ ਗਜ਼ਬ ਦਾ ਜਾਦੂ ਐ...ਤੇ ਆਵਾਜ਼ 'ਚ ਕਸ਼ਿਸ਼ ਵੀ।

—ਫੇਰ ਇੰਜ ਕਿਉਂ ਹੋ ਰਿਹੈ? ਪੂਰੇ ਇਕ ਸਾਲ ਦਾ ਮੈਂ ਦਿਨ-ਰਾਤ ਇਸ ਕੁੜੀ 'ਤੇ ਮਿਹਨਤ ਮਾਰ ਰਿਹਾ ਆਂ। ਕਿਤੇ ਮੈਂ ਗ਼ਲਤਫ਼ਹਿਮੀ 'ਚ ਤਾਂ ਨਈਂ! ਹੋ ਸਕਦਾ ਏ ਕਿ ਇਸ ਕੁੜੀ 'ਚ ਟੇਲੈਂਟ ਈ ਨਾ ਹੋਏ।

—ਨਈਂ। ਮੇਰਾ ਤੀਰ ਨਿਸ਼ਾਨੇ ਉੱਤੇ ਈ ਲੱਗਣਾ ਚਾਹੀਦਾ ਏ। ਸ਼ੀ ਇਜ਼ ਗੁੱਡ। ਇਸ ਕੁੜੀ ਦਾ ਮਿਜ਼ਾਜ ਈ ਕੁਛ ਅਲੱਗ ਐ। ਖੱਬਤੀ ਹੈ। ਪੈਰ-ਪੈਰ 'ਤੇ ਇਹਦਾ ਮੂਡ ਵਿਗੜ ਜਾਂਦੈ...ਇਹ ਵਿਸ਼ੇਸ਼ਤਾਵਾਂ ਤਾਂ ਕਿਸੇ ਕਲਾਕਾਰ ਵਿਚ ਈ ਹੁੰਦੀਆਂ ਨੇ।

"ਗੁਰੂ...ਗੁਰੂ...।" ਅਬਰਾਰ ਨੇ ਉਹਨਾਂ ਨੂੰ ਜਗਾਇਆ।

ਵਹੀਦਾ ਦਣਦਣਾਉਂਦੀ ਹੋਈ ਓਥੋਂ ਚਲੀ ਗਈ ਸੀ। ਉਹ ਮੇਕਅੱਪ ਰੂਮ ਵਿਚ ਜਾ ਬੈਠੀ। ਗੁਰੂਦੱਤ ਖੜ੍ਹੇ ਹੋਏ। ਉਹ ਫ਼ਿਕਰਮੰਦ-ਜਿਹੇ ਲੱਗ ਰਹੇ ਸੀ।

"ਅਬਰਾਰ, ਇਕ-ਦੋ ਦਿਨ ਹੋਰ ਟਰਾਇਲ ਲੈਨੇ ਆਂ। ਮੈਂ ਕੋਸ਼ਿਸ਼ ਕਰਾਂਗਾ। ਵਰਨਾ...।" ਗੁਰੂ ਦੀਆਂ ਨਜ਼ਰਾਂ ਵਿਚ ਮਾਯੂਸੀ ਸੀ ਤੇ ਆਵਾਜ਼ ਵਿਚ ਥਿੜਕਣ। ਅਬਰਾਰ ਨੇ ਉਹਨਾਂ ਦੀ ਪਿੱਠ ਥਾਪੜ ਕੇ ਹੌਸਲਾ ਦਿੱਤਾ, "ਬੈਸਟ ਆਫ਼ ਲੱਕ, ਮਾਈ ਫ਼ਰੈਂਡ।"

ਸ਼ਾਂਤ, ਛੋਟੇ-ਛੋਟੇ ਕਦਮਾਂ ਨਾਲ ਗੁਰੂਦੱਤ ਆਪਣੇ ਕੈਬਿਨ ਵੱਲ ਅੱਗੇ ਵਧੇ। ਅੰਦਰ ਵੜਦਿਆਂ ਹੋਇਆਂ ਉਹਨਾਂ ਚਪੜਾਸੀ ਨੂੰ ਕਹਿ ਕੇ ਵਹੀਦਾ ਨੂੰ ਬੁਲਾਇਆ। ਵਹੀਦਾ ਕਾਫੀ ਦੇਰ ਬਾਅਦ ਆਈ।

"ਕੈਬਿਨ ਦਾ ਦਰਵਾਜ਼ਾ ਬੰਦ ਕਰ ਲਓ। ਮੈਂ ਤੁਹਾਡੇ ਨਾਲ ਕੁਛ ਜ਼ਰੂਰੀ ਗੱਲਾਂ ਕਰਨੀਆਂ ਨੇ।"

ਉਸ ਨੇ ਗੁੱਸੇ ਨਾਲ ਦਰਵਾਜ਼ਾ ਬੰਦ ਕੀਤਾ ਤੇ ਧੰਮ ਕਰਕੇ ਉਹਨਾਂ ਦੇ ਸਾਹਮਣੇ, ਕੁਰਸੀ ਉੱਤੇ ਬੈਠ ਗਈ।

"ਦੱਤ ਬਾਬੂ, ਮੈਨੂੰ ਮੇਰਾ ਮਿਹਨਤਾਨਾ ਦੇ ਦਿਓ। ਮੈਂ ਤੁਹਾਡੇ ਨਾਲ ਕੰਮ ਨਈਂ ਕਰ ਸਕਾਂਗੀ। ਤੁਹਾਡੇ ਝਾਂਸੇ 'ਚ ਆ ਕੇ ਮੈਂ ਹੈਦਰਾਬਾਦ ਛੱਡਿਆ, ਪਰ ਏਥੇ ਤਾਂ ਤੁਹਾਡੇ ਸਾਥੀ ਮੈਨੂੰ ਪੈਰ-ਪੈਰ 'ਤੇ ਨੀਵਾਂ ਦਿਖਾਉਂਦੇ ਨੇ। ਡੰਗ ਤੇ ਚੋਭਾਂ ਲਾਉਂਦੇ ਰਹਿੰਦੇ ਨੇ। ਜੇ ਮੇਰੇ ਨਾਲ ਇਹੋ ਸਲੂਕ ਕਰਨਾ ਸੀ ਤਾਂ ਮਧੂ ਬਾਲਾ ਜਾਂ ਮੀਨਾ ਕੁਮਾਰੀ ਨੂੰ ਤੁਸੀਂ ਸ਼ੌਕ ਨਾਲ ਇਹ ਰੋਲ ਦੇ ਸਕਦੇ ਸੀ। ਮੈਨੂੰ ਏਥੇ ਬੁਲਾਅ ਕੇ ਏਸ ਤਰ੍ਹਾਂ ਬੇਇੱਜ਼ਤ ਕਰਨ ਦੀ ਕੀ ਲੋੜ ਸੀ? ਮੈਂ ਤਾਂ ਤੁਹਾਡੇ ਬੂਹੇ 'ਤੇ ਕੰਮ ਮੰਗਣ ਨਈਂ ਸੀ ਆਈ। ਮੈਂ ਆਪਣੀ ਜਿੰਦ-ਜਾਨ ਲਾ ਕੇ ਵੀਹ-ਵੀਹ ਵਾਰੀ ਸ਼ਾੱਟ ਦੇ ਰਹੀ ਆਂ, ਪਰ ਇਸ ਦੇ ਬਦਲੇ ਹਮਦਰਦੀ ਤਾਂ ਦੂਰ, ਪਿਆਰ ਦਾ ਇਕ ਸ਼ਬਦ ਵੀ ਨਈਂ ਮਿਲਿਆ। ਦੱਤ ਬਾਬੂ, ਮੈਂ ਤੁਹਾਡੇ ਨਾਲ ਕੰਮ ਨਈਂ ਕਰਨਾ। ਮੇਰਾ ਹਿਸਾਬ ਕਰ ਦਿਓ। ਮੈਂ ਵਾਪਸ ਜਾਣਾ ਏਂ...ਮੂਰਖਾਂ ਦੀ ਦੁਨੀਆ 'ਚੋਂ...।" ਨਫ਼ਰਤ ਵੱਸ ਵਹੀਦਾ ਦਾ ਗੱਚ ਭਰ ਆਇਆ ਤੇ ਅੱਥਰੂ ਵਹਿ ਤੁਰੇ।

ਗੁਰੂ ਸ਼ਾਂਤ ਭਾਵ ਨਾਲ ਵਹੀਦਾ ਨੂੰ ਸੁਣਦੇ ਰਹੇ। ਉਹਨਾਂ ਨੇ ਸਿਗਰਟ ਸੁਲਗਾਈ। ਜ਼ਾਹਰੀ ਤੌਰ 'ਤੇ ਉਹਨਾਂ ਦਾ ਚਿਹਰਾ ਭਾਵੇਂ ਤਣਾਅ ਮੁਕਤ ਲੱਗ ਰਿਹਾ ਸੀ, ਪਰ ਉਹਨਾਂ ਦੇ ਹੱਥ ਦੀਆਂ ਉਂਗਲਾਂ ਸਿਗਰਟ ਦੇ ਭਾਰ ਨਾਲ ਵੀ ਕੰਬ ਰਹੀਆਂ ਸਨ।

—ਲੈੱਟ ਹਰ ਗੋ। ਉਸਨੂੰ ਜਾਣ ਦਿਓ। ਉਹ ਖ਼ੁਦ ਈ ਨਈਂ ਚਾਹੁੰਦੀ ਤਾਂ ਜਬਰੀ ਰੋਕਣ ਦਾ ਭਲਾਂ ਕੀ ਫ਼ਾਇਦਾ? ਮੇਰੀ ਮਿਹਨਤ ਨੂੰ ਭਲਾਂ ਇਹ ਕੀ ਜਾਣੇ।

—ਨਈਂ। ਜੇ ਵਹੀਦਾ ਚਲੀ ਗਈ ਤਾਂ ਫ਼ਿਲਮ ਅਧੂਰੀ ਰਹਿ ਜਾਏਗੀ। ਖ਼ੈਰ ਕੋਈ ਗੱਲ ਨਈਂ, ਪਰ ਹੁਣ ਤੀਕ ਪਰੋਏ ਗਏ ਸੁਪਨਿਆਂ ਕਾ ਕੀ ਬਣੇਗਾ? ਨੋ 'ਪਿਆਸਾ', ਨੋ ਲਾਈਫ਼। ਸਾਲੇ ਸਟੂਡੀਓ ਨੂੰ ਨੀਲਾਮ ਕਰ ਦਿਆਂਗਾ।

—ਕੰਬਖ਼ਤ, ਕੀ ਦਿਮਾਗ਼ 'ਚ ਆਇਆ! ਇਕ ਆਮ-ਜਿਹੀ ਕੁੜੀ ਲਈ ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਉਸ ਦੀ ਪ੍ਰਫਾਰਮੈਂਸ ਠੀਕ ਨਈਂ ਹੋਈ...ਕੀ ਏਸੇ ਲਈ ਹੁਣ ਤੀਕ ਕੀਤੀ ਗਈ ਮਿਹਨਤ ਦਾ ਮਲੀਆਮੇਟ ਕਰ ਦਿਆਂ? ਆਖ਼ਰ ਇਹੋ-ਜਿਹੇ ਕਿਹੜੇ ਸੁਰਖ਼ਾਬ ਦੇ ਖੰਭ ਲੱਗੇ ਨੇ ਇਹਦੇ? ਇਕ ਚੋਣ ਗ਼ਲਤ ਨਿਕਲੀ ਤਾਂ ਦੂਜੀ ਸਹੀ।

—ਨਈਂ। ਇਟ ਇਜ਼ ਇਮਪਾੱਸੀਬਲ! ਮੈਂ ਦੁਬਾਰਾ ਏਸ ਦੌਰ 'ਚੋਂ ਨਈਂ ਲੰਘ ਸਕਦਾ। ਜੇ ਇਸ ਨੇ ਮੂੰਹ ਫ਼ੇਰ ਲਿਆ ਤਾਂ ਖੇਡ ਖ਼ਤਮ...ਫ਼ਿਨਿਸ਼... ਪਰ ਮੇਰਾ ਦਿਲ ਕਿੱਥੇ ਉਲਝਿਆ ਹੋਇਆ ਏ? 'ਪਿਆਸਾ' ਵਿਚ? ਆਖ਼ਰ ਕਿਉਂ?

ਗੁਰੂਦੱਤ ਨੇ ਸਿਗਰਟ ਬੁਝਾ ਦਿੱਤੀ। ਨੀਵੀਂ ਪਾ ਲਈ। ਦੋਵਾਂ ਹਥੇਲੀਆਂ ਵਿਚਕਾਰ ਆਪਣਾ ਸਿਰ ਫੜ ਲਿਆ। ਕਾਫੀ ਅਰਸੇ ਤੋਂ ਗੁਰੂ, ਵਹੀਦਾ ਦੇ ਨਜ਼ਦੀਕੀ ਸੰਪਰਕ ਵਿਚ ਸਨ, ਪਰ ਹਾਲੇ ਵੀ ਓਪਰੇ ਹੀ ਸਨ।

ਤੇਲਗੂ ਫ਼ਿਲਮ ਵਿਚ ਨਾਚ ਕਰਨ ਵਾਲੀ ਵਹੀਦਾ ਉੱਥੇ ਭਾਵੇਂ ਹੀ ਕਿੰਨੀ ਵੀ ਮਸ਼ਹੂਰ ਹੋਏ, ਪਰ ਗੁਰੂ ਦੀ ਤੁਲਨਾ ਵਿਚ ਉਹ ਕੁਝ ਵੀ ਨਹੀਂ ਸੀ। ਆਖ਼ਰਕਾਰ ਉਹ ਬੰਬਈ ਦੀ ਫ਼ਿਲਮੀ ਪਿੜ ਵਿਚ ਇਕ ਜਾਣੇ-ਪਛਾਣੇ, ਮਸ਼ਹੂਰ ਤੇ ਸੁਲਝੇ ਹੋਏ ਫ਼ਿਲਮ ਨਿਰਮਾਤਾ-ਨਿਰਦੇਸ਼ਕ ਸਨ। ਉਹਨਾਂ ਵਹੀਦਾ ਨੂੰ ਹੈਦਰਾਬਾਦ ਦੇ ਪਰਦੇ 'ਤੇ ਦੇਖਿਆ ਸੀ ਤੇ ਉਸ ਨਾਲ ਜਾਣ-ਪਛਾਣ ਵੀ ਹੋ ਗਈ ਸੀ। ਪਰ ਇਹ ਜਾਣ-ਪਛਾਣ ਵੀ—'ਸ਼ੀ ਇਜ ਵਹੀਦਾ, ਐਂਡ ਹੀ ਇਜ ਗੁਰੂਦੱਤ' ਦੀ ਹੱਦ ਤਕ ਹੀ ਸੀ। ਬਸ, ਏਸੇ ਦੇ ਭਰੋਸੇ ਉਹਨਾਂ ਉਸਨੂੰ ਬੰਬਈ ਬੁਲਾਇਆ। ਬਿਨਾਂ ਕੁਝ ਸੋਚੇ-ਸਮਝੇ, ਉਸ ਦੇ ਨਾਲ 1200 ਰੁਪਏ ਮਹੀਨੇ ਦਾ ਕੰਟਰੈਕਟ ਵੀ ਕੀਤਾ। ਆਖ਼ਰ ਕਿਉਂ?

ਉਹ 'ਪਿਆਸਾ' ਲਈ ਹੀਰੋਇਨ ਦੀ ਭਾਲ ਵਿਚ ਸਨ ਤੇ ਵਹੀਦਾ ਦੇ ਰੂਪ ਵਿਚ ਉਹਨਾਂ ਨੂੰ ਉਹ ਮਿਲੀ ਸੀ, ਪਰ ਇਸ ਦੀ ਵੀ ਕੋਈ ਹੱਦ ਹੁੰਦੀ ਹੈ। ਵਹੀਦਾ ਨੇ ਉਹਨਾਂ ਦੇ ਅੰਦਰਲੇ ਕਲਾਕਾਰ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਆਪਣੇ ਖੱਬਤੀਪਨ ਤੇ ਨਾਦਾਨ ਗੁਸਤਾਖ਼ੀਆਂ ਕਾਰਨ ਉਸ ਨੇ ਗੁਰੂ ਦੇ ਨਜ਼ਦੀਕੀਆਂ ਨੂੰ ਬੜੇ ਹੀ ਕਸ਼ਟ ਪਹੁੰਚਾਏ ਸੀ। ਕਿਰਦਾਰ ਨਿਭਾਉਣ ਵਿਚ ਉਸਨੂੰ ਕੋਈ ਰੁਚੀ ਨਹੀਂ ਸੀ। ਅਬਰਾਰ ਅਲਵੀ ਸਮੇਤ ਗੁਰੂ ਦੇ ਸਾਰੇ ਦੋਸਤਾਂ ਨੇ ਉਹਨਾਂ ਨੂੰ ਇਸ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਲਈ ਬੜੀ ਵਾਰੀ ਸਲਾਹ ਦਿੱਤੀ ਸੀ।

ਦਲੀਪ ਕੁਮਾਰ ਅਜੇ ਸੈੱਟ ਉੱਤੇ ਨਹੀਂ ਸੀ ਆਏ। ਸ਼ਾਇਦ ਵਹੀਦਾ ਦੀਆ ਹਰਕਤਾਂ ਦੇਖ ਕੇ ਵਾਪਸ ਵੀ ਚਲੇ ਜਾਂਦੇ। 'ਪਿਆਸਾ' ਦਾ ਸੁਪਨਾ ਅਧੂਰਾ ਹੀ ਰਹਿ ਜਾਂਦਾ। ਇਹਨਾਂ ਸਾਰੇ ਪ੍ਰਤੱਖ ਖ਼ਤਰਿਆਂ ਦੇ ਬਾਵਜੂਦ ਗੁਰੂ ਨਹੀਂ ਸੀ ਚਾਹੁੰਦੇ ਕਿ ਵਹੀਦਾ ਬੰਬਈ ਛੱਡ ਕੇ ਚਲੀ ਜਾਏ। ਵਹੀਦਾ ਦੇ ਬੰਬਈ ਛੱਡ ਕੇ ਚਲੇ ਜਾਣ ਦੇ ਫ਼ੈਸਲੇ 'ਤੇ ਵੀ ਗੁਰੂ ਦੀ ਦਿਲੀ ਖ਼ਵਾਹਿਸ਼ ਇਹੋ ਸੀ। ਆਖ਼ਰ ਕਿਉਂ? ਸਾਹਮਣੇ ਵਾਲੀ ਕੁਰਸੀ 'ਤੇ ਇਹ ਸਵਾਲ ਸਾਕਾਰ ਸੀ।

ਇਸ ਦਾ ਸਹੀ-ਸਹੀ ਜਵਾਬ ਗੁਰੂ ਕੋਲ ਨਹੀਂ ਸੀ। ਉਹ ਕੋਈ ਵੀ ਫ਼ੈਸਲਾ ਲੈਣ ਦੀ ਸਥਿਤੀ ਵਿਚ ਨਹੀਂ ਸਨ ਤੇ ਕੈਬਿਨ ਵਿਚ ਆਉਂਦਿਆਂ ਹੀ ਵਹੀਦਾ ਨੇ ਸਾਰਿਆਂ ਦੇ ਖ਼ਿਲਾਫ਼ ਤੋਪ ਦਾਗ਼ ਦਿੱਤੀ ਸੀ।

ਗੁਰੂ ਨੇ ਗਰਦਨ ਚੁੱਕ ਕੇ ਦੇਖਿਆ। ਉਹਨਾਂ ਦੀਆਂ ਅੱਖਾਂ ਸਿੱਜਲ ਸਨ ਜਿਵੇਂ ਧੂੰਏਂ ਦਾ

ਕੁਸੈਲਾ, ਤਿੱਖਾਪਨ ਅੱਖਾਂ ਨੂੰ ਸੁਹਾਇਆ ਨਾ ਹੋਏ। ਸਾਰੀ ਦੇਹ ਭਖਣ ਲੱਗੀ। ਵਹੀਦਾ ਨੇ ਵੀ ਅੱਗ ਵਰ੍ਹਾਉਂਦੀਆਂ ਅੱਖਾਂ ਨਾਲ ਉਹਨਾਂ ਵੱਲ ਦੇਖਿਆ ਤੇ ਉਸਦੇ ਹੱਥ-ਪੈਰ ਜਿਵੇਂ ਢਿੱਲੇ ਪੈ ਗਏ। ਗੁਰੂਦੱਤ ਦਾ ਵਿਅਕਤੀਤਵ ਹੀ ਏਨਾ ਅਸਾਧਾਰਨ, ਨਿਰਛਲ ਤੇ ਪ੍ਰਭਾਵਸ਼ਾਲੀ ਸੀ ਕਿ ਉਹਨਾਂ ਦੀਆਂ ਨਜ਼ਰਾਂ ਨਾਲ ਨਜ਼ਰਾਂ ਮਿਲਾਉਣ ਵਾਲਾ ਬੰਦਾ ਝੱਟ ਸਹਿਮ ਜਾਂਦਾ ਸੀ। ਉਹਨਾਂ ਦੀਆਂ ਅੱਖਾਂ ਵਿਚ ਗਜ਼ਬ ਦੀ ਤਾਕਤ ਸੀ। ਯੁਧਿਸ਼ਟਰ ਦੇ ਲਹੂ ਦੀ ਬੂੰਦ ਵਰਗੀ ਅਲੌਕਿਕਤਾ ਗੁਰੂ ਦੀਆਂ ਅੱਖਾਂ ਵਿਚੋਂ ਝਿਰ ਰਹੀ ਹਰੇਕ ਬੂੰਦ ਵਿਚ ਸੀ।

ਉਹਨਾਂ ਦੀ ਹਰੇਕ ਬੂੰਦ, ਇਕ ਅਫ਼ਸਾਨਾ ਸੀ। ਇਹ ਅਫ਼ਸਾਨੇ ਤਰਥੱਲ ਮਚਾ ਸਕਦੇ ਸਨ। ਉਹ ਉੱਠ ਖੜ੍ਹੀ ਹੋਈ। ਉਸਦੀ ਸਾਰੀ ਤੜ ਢਿੱਲੀ ਪੈ ਗਈ। ਉਸਦਾ ਗੁੱਸਾ ਸੱਪ ਦੀ ਕੁੰਜ ਵਾਂਗ ਲੱਥ ਕੇ ਦਿਮਾਗ਼ ਨਾਲੋਂ ਵੱਖ ਹੋ ਗਿਆ। ਉਸ ਦੀਆਂ ਅੱਖਾਂ ਵਿਚਲੇ ਅਫ਼ਸਾਨੇ ਹਾਲੇ ਵੀ ਕੁਝ ਨਾ ਕੁਝ ਬਿਆਨ ਕਰ ਰਹੇ ਸਨ।

ਵਹੀਦਾ ਉਹਨਾਂ ਕੋਲ ਗਈ। ਉਹਨਾਂ ਬੁਝੇ-ਬੁਝੇ ਅੰਦਾਜ਼ ਵਿਚ ਟੇਬਲ ਦੀ ਦਰਾਜ਼ ਵਿਚੋਂ ਚੈੱਕ-ਬੁੱਕ ਕੱਢੀ। ਹੁਣ ਉਹਨਾਂ ਦੇ ਹੱਥ ਵੀ ਨਹੀਂ ਕੰਬ ਰਹੇ ਸੀ।

"ਦੱਤ ਬਾਬੂ...ਮੁਆਫ਼ ਕਰ ਦਿਓ...ਪਲੀਜ...ਮੈਂ ਯਕੀਨਨ ਨਈਂ ਜਾਵਾਂਗੀ।"

ਭਾਵੁਕਤਾ ਦੇ ਇਹਨਾਂ ਨਾਜ਼ੁਕ ਛਿਣਾਂ ਵਿਚ ਵਹੀਦਾ ਦੇ ਮੂੰਹੋਂ ਇਸ ਨਾਲੋਂ ਵੱਧ ਸ਼ਬਦ ਨਹੀਂ ਸੀ ਨਿਕਲ ਸਕੇ। ਗੁਰੂਦੱਤ ਚੈੱਕ ਲਿਖਣ ਲੱਗੇ ਤਾਂ ਵਹੀਦਾ ਨੇ ਉਹਨਾਂ ਦੇ ਹੱਥੋਂ ਚੈੱਕ-ਬੁੱਕ ਖੋਹ ਲਈ।

**ਚਾਰ**

"ਤੂੰ ਵੀ ਤਾਂ ਆਪਣਾ ਦਿਮਾਗ਼ ਠੰਢਾ ਰੱਖ। ਦਲੀਪ ਕੁਮਾਰ ਅਜੇ ਨਈਂ ਆਇਆ।" ਵਿਚਕਾਰ ਹੀ ਗੁਰੂ ਨੂੰ ਟੋਕਦਿਆਂ ਹੋਇਆਂ ਅਬਰਾਰ ਨੇ ਕਿਹਾ।

"ਕੀ ?" ਵਹੀਦਾ ਦੇ ਚੱਕਰ ਵਿਚ ਗੁਰੂ ਭੁੱਲ ਗਏ ਸੀ।

"ਜੀ ਹਾਂ। ਦਲੀਪ ਕੁਮਾਰ ਅਜੇ ਤਕ ਨਈਂ ਆਇਆ, ਤੇ ਉਹ ਆਏਗਾ ਵੀ ਨਈਂ।"

"ਪਰ ਕਿਓਂ ?"

"ਦਸ ਸਾਲ ਏਸ ਧੰਦੇ 'ਚ ਰਹਿ ਕੇ ਵੀ ਤੂੰ ਨਈਂ ਸਮਝਿਆ।"

"ਪਰ ਇਸ ਦਾ ਕਰਨ ਕੀ ਹੋ ਸਕਦਾ ਏ ?"

"ਕਿਓਂਕਿ ਅੱਜ ਕੱਲ੍ਹ ਹਰ ਫ਼ਿਲਮ 'ਤੇ ਉਹ ਹਾਵੀ ਰਹਿੰਦਾ ਏ, ਜਦਕਿ ਸਾਡੀ ਹਰੇਕ ਫ਼ਿਲਮ ਆਪਣੇ ਢੰਗ ਨਾਲ ਬਣਦੀ ਏ। ਉਹ ਜਾਣਦਾ ਏ ਕਿ ਏਥੇ ਉਸਦੀ ਦਾਲ ਨਈਂ ਗਲਣੀ। ਏਥੇ ਉਸ ਦੀਆਂ ਜ਼ਿਆਦਤੀਆਂ ਨੂੰ ਕੋਈ ਵੀ ਬਰਦਾਸ਼ਤ ਨਈਂ ਕਰੇਗਾ। ਉਹ ਹੁਣ ਬੜਾ ਵੱਡਾ ਕਲਾਕਾਰ ਬਣ ਗਿਆ ਏ, ਗੁਰੂ।"

"ਨਈਂ ਯਾਰ, ਦਲੀਪ ਦਰਿਆ-ਦਿਲ ਇਨਸਾਨ ਏ। ਵਧੀਆ ਕਲਾਕਾਰ ਏ। ਜੇ ਉਹ ਕੋਈ ਹਦਾਇਤ ਵੀ ਦਿੰਦਾ ਹੋਏਗਾ ਤਾਂ ਉਹ ਜ਼ਰੂਰ ਸਾਰਥਕ ਸਿੱਧ ਹੁੰਦੀ ਹੋਏਗੀ। ਤੁਸੀਂ ਸਾਰੇ ਵੀ ਤਾਂ ਮੈਨੂੰ ਸਲਾਹਾਂ ਦਿੰਦੇ ਓ।"

"ਤੇਰੀ ਅਕਲ ਤਾਂ ਘਾਹ ਚਰਨ ਗਈ ਲੱਗਦੀ ਐ। ਸਲਾਹ ਦੇਣ ਤੇ ਦਖ਼ਲਅੰਦਾਜ਼ੀ ਕਰਨ 'ਚ ਜ਼ਮੀਨ-ਆਸਮਾਨ ਦਾ ਅੰਤਰ ਏ, ਗੁਰੂ!" ਅਬਰਾਰ ਦੀ ਇਸ ਟਿੱਪਣੀ ਦਾ ਕੋਈ ਜਵਾਬ ਨਹੀਂ ਦੇ ਸਕੇ ਉਹ।



"ਤੈਨੂੰ ਤਸੱਲੀ ਨਾ ਹੋਏ ਤਾਂ ਇਕ ਵਾਰੀ ਫੇਰ ਟੈਲੀਫ਼ੋਨ ਕਰਾਂ ?"

"ਨਈਂ, ਰਹਿਣ ਦੇ।" ਗੁਰੂ ਦੀ ਆਵਾਜ਼ ਯਕਦਮ ਤਿੱਖੀ ਹੋ ਗਈ। ਉਹਨਾਂ ਕਿਹਾ, "ਅਬਰਾਰ, ਯੂਨਟ ਦੇ ਸਾਰੇ ਜਣਿਆਂ ਨੂੰ ਕੈਬਨ 'ਚ ਬੁਲਾਓ। ਮੈਂ ਇਕ ਅਰਜੰਟ ਮੀਟਿੰਗ ਕਰਨਾ ਚਾਹਣਾਂ। ਉਹਨਾਂ ਨਾਲ ਗੱਲਬਾਤ ਕਰਨੀ ਚਾਹੁਣਾਂ। ਕਮ ਆੱਨ ਵਹੀਦਾ...ਲੇਟਸ ਗੋ।"

ਕੁਝ ਸਮੇਂ ਵਿਚ ਯੂਨਟ ਦੇ ਸਾਰੇ ਲੋਕ ਕੈਬਨ ਵਿਚ ਆ ਗਏ ਤੇ ਕੈਬਨ ਇਕ ਛੋਟਾ-ਜਿਹਾ ਸਭਾ-ਘਰ ਬਣ ਗਿਆ। ਨਿਰਮਾਣ-ਮੁੱਖੀ ਗੁਰੂ ਸਵਾਮੀ, ਛਾਇਆਕਾਰ ਵੀ.ਕੇ. ਮੂਰਤੀ, ਕਲਾ-ਦਿੱਗਦਰਸ਼ਕ ਐਮ.ਆਰ. ਆਚਰੇਕਰ, ਐੱਲ.ਜੀ. ਪਟੇਲ ਸਮੇਤ ਸਾਰੇ ਸਹਿਯੋਗੀ ਉੱਥੇ ਆ ਗਏ। ਅਬਰਾਰ ਤਾਂ ਹੈ ਹੀ ਸਨ। ਗੁਰੂ ਨੇ ਬਹੁਤਾ ਲੰਮਾ-ਚੌੜਾ ਭਾਸ਼ਣ ਨਹੀਂ ਦਿੱਤਾ।

"ਦਲੀਪ ਕੁਮਾਰ ਨਈਂ ਆਏ। ਨੈਵਰ ਮਾਈਂਡ। ਅਬਰਾਰ ਉਹਨਾਂ ਦਾ ਕਾਂਟ੍ਰੇਕਟ ਪਾੜ ਦਿਓ। 'ਪਿਆਸਾ' ਦੀ ਹੱਦ ਤਕ ਦਲੀਪ ਕੁਮਾਰ ਦਾ ਮੇਰੇ ਨਾਲ ਕੋਈ ਸਰੋਕਾਰ ਨਈਂ। ਇਸ ਧੰਦੇ 'ਚ ਮੈਂ ਕਿਸੇ ਨੂੰ ਵੀ ਆਪਣੇ ਨਾਲੋਂ ਵੱਡਾ ਨਈਂ ਮੰਨਦਾ। ਆਪਣੇ ਕੋਲ ਆਉਣ ਵਾਲੇ ਹਰ ਇਨਸਾਨ ਨੂੰ ਮੈਂ ਕਲਾਕਾਰ ਮੰਨਦਾ ਆਂ। ਏਥੇ ਕਿਸੇ ਦੇ ਬਿਨਾਂ ਕੋਈ ਕੰਮ ਨਈਂ ਰੁਕਦਾ।"

"ਸਾਡਾ ਕੰਮ ਜਾਰੀ ਰਹੇਗਾ। ਸਾਨੂੰ ਭਾਵੇਂ ਕਿੰਨੀਆਂ ਮੁਸੀਬਤਾਂ ਝੱਲਨੀਆਂ ਪੈਣ, ਭਾਵੇਂ ਕਿੰਨੇ ਕਸ਼ਟ ਭੋਗਣੇ ਪੈਣ...ਸ਼ੂਟਿੰਗ ਜਾਰੀ ਰਹੇਗੀ।"

"ਆਖ਼ਰ ਇਹ ਇਕ ਮਿਸ਼ਨ ਏ। ਕਿਸੇ ਕਾਰਨ ਕਰਕੇ 'ਪਿਆਸ' ਦੇ ਕੰਮ ਵਿਚ ਵਿਘਨ ਪਏ, ਮੈਨੂੰ ਕਬੂਲ ਨਈਂ ਹੋ ਸਕਦਾ। ਮੈਂ ਰਾਜ ਕਪੂਰ ਨੂੰ ਮਨਾ ਲਵਾਂ ਜਾਂ ਹੋਰ ਕਿਸੇ ਨੂੰ ਵਾਸਤਾ ਪਾ ਕੇ ਲੈ ਆਵਾਂ—ਪਰ ਹਰੇਕ ਨਾਲ ਇਹੋ ਦਿੱਕਤ ਆਏਗੀ। ਮੇਰੇ ਕੋਲ ਸਮਾਂ ਬੜਾ ਘੱਟ ਏ। ਵੈਸੇ ਵੀ ਇਹ ਫ਼ਿਲਮ ਪੂਰੀ ਕਰਨ 'ਚ ਕੁਛ ਜ਼ਿਆਦਾ ਈ ਸਮਾਂ ਲੱਗ ਰਿਹਾ ਏ।"

"'ਬਾਜ਼' ਦੇ ਸੈੱਟ 'ਤੇ ਦੇਵਾ ਨੰਦ ਨਈਂ ਆਇਆ ਤਾਂ ਖ਼ੁਦ ਮੈਂ ਈ ਉਸਦੀ ਭੂਮਿਕਾ ਕੀਤੀ। ਅੱਜ ਦਲੀਪ ਕੁਮਾਰ ਨਈਂ ਆਇਆ ਤਾਂ ਨਾ ਸਹੀ, ਮੈਂ ਫੇਰ ਇਕ ਵਾਰ ਅਖਾੜੇ 'ਚ ਆਉਣ ਲਈ ਤਿਆਰ ਆਂ। ਮੈਂ ਆਪਣੀਆਂ ਹੱਦਾਂ ਜਾਣਦਾ ਹਾਂ। ਮੈਂ ਇਹ ਵੀ ਜਾਣਦਾਂ ਕਿ ਇਹ ਇਕ ਦੁਰਸਾਹਸ ਏ। ਬਸ ਤੁਹਾਡੇ ਸਾਰਿਆਂ ਦੇ ਸਾਂਝੇ ਸਹਿਯੋਗ ਦੀ ਲੋੜ ਏ। ਮੈਥੋਂ ਸਹੀ ਤਰੀਕੇ ਨਾਲ ਕੰਮ ਕਰਵਾਉਣਾ ਤੁਹਾਡੇ ਸਾਰਿਆਂ ਦੇ ਹੱਥ-ਵੱਸ ਐ।"

"ਫੇਰ ਵੀ, ਜੇ ਤੁਹਾਨੂੰ ਇਹ ਮੰਜ਼ੂਰ ਨਾ ਹੋਏ ਤਾਂ ਅਸੀਂ ਇਹ ਖੇਡ ਤੁਰੰਤ ਖ਼ਤਮ ਕਰ ਦਿਆਂਗੇ। ਕੱਲ੍ਹ-ਪਰਸੋਂ ਕਿਸੇ ਦੂਜੀ ਫ਼ਿਲਮ ਦਾ ਕੰਮ ਸ਼ੁਰੂ ਕਰਾਂਗੇ। ਨੋ ਪਰਾਬਲਮ! ਪਰ 'ਪਿਆਸਾ' ਨੂੰ ਇਸ ਤਰ੍ਹਾਂ ਅਪਮਾਨਜਨਕ ਤਰੀਕੇ ਨਾਲ ਲਮਕਾਈ ਰੱਖਣਾ ਮੈਨੂੰ ਗਵਾਰਾ ਨਈਂ। ਜੋ ਵੀ ਫ਼ੈਸਲਾ ਲੈਣਾ ਏ, ਅਸੀਂ ਹੁਣੇ ਲਵਾਂਗੇ—ਯੈਸ ਜਾਂ ਨੋ ?"

ਅਬਰਾਰ ਨੇ ਇਕ ਸਕਿੰਟ ਦੀ ਦੇਰੀ ਕੀਤੇ ਬਿਨਾਂ ਕਿਹਾ, "ਕੀ ਬੇਵਕੂਫ਼ਾਂ ਵਾਲੀਆਂ ਗੱਲਾਂ ਕਰ ਰਿਹੈਂ ਯਾਰ! ਤੂੰ ਮੇਕਅੱਪ ਲਈ ਤੁਰੰਤ ਤਿਆਰ ਹੋ ਜਾ। ਤੇਰਾ ਪਹਿਲਾ ਸ਼ਾਟ ਮੈਂ ਲਵਾਂਗਾ। ਇਹ ਫ਼ਿਲਮ ਪੂਰੀ ਹੋਏ ਬਿਨਾਂ ਸਾਡੇ 'ਚੋਂ ਕਿਸੇ ਨੂੰ ਵੀ ਚੈਨ ਨਈਂ ਮਿਲੇਗਾ। ਕਿਓ ਮੂਰਤੀ, ਠੀਕ ਏ ਨਾ ?"

ਮੂਰਤੀ ਫੁਰਤੀ ਨਾਲ ਉੱਠ ਖੜ੍ਹਾ ਹੋਇਆ। ਉਸ ਦੇ ਬਾਅਦ ਸਾਰੇ ਜਣੇ ਦੁੱਗਣੇ ਉਤਸਾਹ ਨਾਲ ਸੈੱਟ 'ਤੇ ਆ ਗਏ। ਦਲੀਪ ਕੁਮਾਰ ਔਰ ਨੋ ਦਲੀਪ ਕੁਮਾਰ! ਉਹਨਾਂ ਨੂੰ ਕੋਈ ਚਿੰਤਾ ਨਹੀਂ ਸੀ।

ਗੁਰੂਦੱਤ ਅਸਾਧਾਰਨ ਇਨਸਾਨ ਸਨ।

ਗੁਰੂਦੱਤ ਦਾ ਹਰ ਸਾਥੀ ਅਸਾਧਾਰਨ ਸੀ।

'ਪਿਆਸਾ' ਨੇ ਗੁਰੂਦੱਤ ਦੀ ਜ਼ਿੰਦਗੀ ਦਾ ਨੂਰ ਹੀ ਬਦਲ ਦਿੱਤਾ।

ਬੜੀ ਸਿੱਧੀ-ਸਪਾਟ ਕਹਾਣੀ ਉੱਤੇ ਸਸਪੈਂਸ ਭਰਪੂਰ 'ਆਰਪਾਰ' ਜਾਂ 'ਸੀ.ਆਈ.ਡੀ.' ਵਰਗੀਆਂ ਫ਼ਿਲਮਾਂ ਬਣਾ ਕੇ ਉਹ ਫ਼ਿਲਮ ਨਿਰਮਾਤਾਵਾਂ ਦੀ ਤੇ ਆਪਣੀ ਝੋਲੀ ਬੜੀ ਆਸਾਨੀ ਨਾਲ ਭਰ ਸਕਦੇ ਸੀ, ਪਰ ਆਖ਼ਰ ਗੁਰੂਦੱਤ ਇਕ ਸਿਰਜਣਸ਼ੀਲ ਕਲਾਕਾਰ ਸਨ। ਆਪਣੇ ਕਿੱਤੇ ਵਿਚ ਉਹਨਾਂ ਦੀ ਪੂਰੀ ਨਿਸ਼ਠਾ ਸੀ। ਆਪਣੇ ਸਾਥੀਆਂ ਨੂੰ ਉਹ ਜੀ-ਜਾਨ ਨਾਲ ਚਾਹੁੰਦੇ ਸਨ। ਉਹ ਖ਼ੁਦ ਵੀ ਨ੍ਰਿਤ ਦੇ ਮਾਹਰ ਦੇ ਨ੍ਰਿਤ-ਦਿੱਗਦਰਸ਼ਕ ਸਨ। ਛਾਇਆਕਾਰੀ ਦਾ ਉਹਨਾਂ ਨੂੰ ਚੋਖਾ ਗਿਆਨ ਸੀ। ਗਾਣੇ ਫ਼ਿਲਮਾਉਣ ਵਿਚ ਉਹਨਾਂ ਦੀ ਕਲਾਤਮਕਤਾ ਦਾ ਕੋਈ ਸਾਨੀ ਨਹੀਂ ਸੀ। ਤੇ ਇਹਨਾਂ ਸਾਰੇ ਗੁਣਾਂ ਦੇ ਇਲਾਵਾ ਇਕ ਕਲਾਕਾਰ ਦੇ ਰੂਪ ਵਿਚ ਸਮਾਜਿਕ ਪ੍ਰਤੀਬੱਧਤਾ ਦਾ ਅਹਿਸਾਸ ਵੀ ਬਾਕਾਇਦਾ ਉਹਨਾਂ ਦੇ ਵਿਅਕਤੀਤਵ ਵਿਚ ਸੀ।

ਇਸੇ ਲਈ ਤਾਂ ਉਹਨਾਂ ਦੀ ਆਤਮਾ ਛਟਪਟਾਉਂਦੀ ਸੀ। ਸਮਾਜ ਦੀ ਹਰੇਕ ਇਕਾਈ ਦੀ ਕਥਾ-ਗਾਥਾ ਤੇ ਦੁੱਖ-ਤਕਲੀਫ਼ ਉਹਨਾਂ ਦੀ ਸੰਵੇਦਨਸ਼ੀਲ, ਕਲਾਤਮਕ ਰੁਚੀ ਨੂੰ ਝੰਜੋੜ ਕੇ ਰੱਖ ਦਿੰਦੀ ਸੀ। ਟੁੱਟੇ ਦਿਲ ਤੇ ਖੁੱਲ੍ਹੀਆਂ ਅੱਖਾਂ ਵਿਚ ਪੀੜਾਂ ਦੇ ਪਰਾਗੇ ਸਜਾਈ ਤੇ ਠੋਸ ਪ੍ਰਤਿਭਾ ਦੀ ਦਾਤ ਵਾਲੇ, ਪਰ ਦੁਨੀਆਦਾਰੀ ਵਿਚ ਅਸਫ਼ਲ ਸਿੱਧ ਹੋਏ ਕਵੀ ਦੀ ਕਵਿਤਾ ਨੂੰ ਉਹਨਾਂ ਨੇ 'ਪਿਆਸਾ' ਵਿਚ ਪਨਾਹ ਦਿੱਤੀ। ਕਿਸੇ ਵੀ ਤਰ੍ਹਾਂ ਦੇ ਦੁੱਖ-ਦਰਦ ਨੂੰ ਉਹਨਾਂ ਨੇ ਪਰਦੇ ਉੱਤੇ ਵਧਾ-ਚੜ੍ਹਾ ਕੇ ਨਹੀਂ ਦਿਖਾਇਆ। ਉਹਨਾਂ ਨੇ ਉਸ ਵਿਚ ਵੀ ਕਦਮ-ਕਦਮ ਤੇ ਤਾਜ਼ਗੀ ਭਰ ਦਿੱਤੀ। ਅਣਘੜ ਦਾਰਸ਼ਨਿਕਤਾ ਦੀ ਖ਼ੈਰਾਤ ਨਾਲ ਉਹਨਾਂ 'ਪਿਆਸਾ' ਨੂੰ ਅਕਾਊ ਨਹੀਂ ਬਣਨ ਦਿੱਤਾ। ਉਸ ਕਵੀ ਦੇ ਤਾਰ, ਉਸੇ ਤਰ੍ਹਾਂ ਦੀ, ਇਕ ਅਭਾਗੀ ਵੇਸ਼ਵਾ ਨਾਲ ਜੋੜ ਕੇ ਉਹਨਾਂ ਨੇ 'ਪਿਆਸਾ' ਵਿਚ ਰੰਗ ਭਰ ਦਿੱਤਾ।

*'ਜਲਾ ਦੋ, ਜਲਾ ਦੋ, ਜਲਾ ਦੋ ਇਸੇ*
*ਫ਼ੂੰਕ ਡਾਲੋ ਯੇ ਦੁਨਿਯਾ*
*ਮੇਰੇ ਸਾਮਨੇ ਸੇ ਹਟਾ ਲੋ ਯੇ ਦੁਨਿਯਾ*
*ਤੁਮਹਾਰੀ ਹੈ, ਤੁਮ ਹੀ ਸੰਭਾਲੋ ਯੇ ਦੁਨਿਯਾ...'*

"ਜ਼ਿੰਦਗੀ ਦੇ ਆਪਣੇ ਪਲ ਸਿਰਫ਼ ਆਪਣੇ ਲਈ ਹੀ ਹੁੰਦੇ ਨੇ।"

ਗੁਰੂਦੱਤ ਸ਼ੀਸ਼ੇ ਸਾਹਮਣੇ ਬੈਠੇ ਰਹੇ। ਰਾਤ ਗੂੜ੍ਹੀ ਹੁੰਦੀ ਜਾ ਰਹੀ ਸੀ। ਡਰੈਸਿੰਗ-ਟੇਬਲ ਦੀਆਂ ਚੁਣੌਤੀਆਂ ਹਾਲੇ ਵੀ ਬਰਕਰਾਰ ਸਨ। ਸ਼ਰਾਬ...ਨੀਂਦ ਦੀਆਂ ਗੋਲੀਆਂ।

ਅਜੇ ਕੁਝ ਚਿਰ ਪਹਿਲਾਂ ਰਸੀਵਰ ਵਿਚ ਸੁਣੀ ਹੋਈ ਗੀਤਾ ਦੀ ਆਵਾਜ਼ ਕੰਨਾਂ ਨਾਲ ਟਕਰਾ ਰਹੀ ਸੀ।

—ਸਮੇਂ ਨੂੰ ਘੋਖਣ ਵਿਚ ਮੈਥੋਂ ਕੋਈ ਗ਼ਲਤੀ ਜ਼ਰੂਰ ਹੋਈ ਏ।

—ਗੀਤਾ ਨੇ ਵੀ ਸ਼ਾਇਦ ਇਹੀ ਭੁੱਲ ਕੀਤੀ ਸੀ। ਇਕ ਅਸਹਿ ਇਕੱਲਾਪਨ ਹੀ ਉਹਨਾਂ ਦੋਵਾਂ ਦਾ ਸਾਥ ਨਿਭਾ ਰਿਹਾ ਸੀ। ਉਹ ਵੀ ਸ਼ਾਇਦ ਇਸੇ ਅੰਦਾਜ਼ ਵਿਚ ਸ਼ੀਸ਼ੇ ਸਾਹਵੇਂ ਬੈਠੀ ਹੋਏਗੀ। ਹੋ ਸਕਦੈ, ਉਹ ਵੀ ਵਹੀਦਾ ਵਾਂਗ ਈ ਕਿਸੇ ਮੌਕੇ ਦੀ ਭਾਲ ਵਿਚ ਹੋਏ।

—ਪਰ ਇੰਜ ਕਿਉਂ ਹੁੰਦਾ ਏ ? ਗੀਤਾ ਦੀ ? ਮੇਰੀ ? ਦੋਵਾਂ ਦੀ ਜ਼ਿੰਦਗੀ ਦੇ ਇਹ ਮਸਤੀ



ਭਰੇ ਦਿਨ ਨੇ। ਖੁੱਲ੍ਹੀਆਂ ਅੱਖਾਂ ਨਾਲ ਦੁਨੀਆ ਨੂੰ ਦੇਖਣਾ, ਸਵਾਲਾਂ ਨੂੰ ਵਾਚਣਾ, ਚਿੱਟੇ ਪਰਦੇ ਉੱਤੇ ਉਹਨਾਂ ਦੇ ਜਵਾਬ ਪੇਸ਼ ਕਰਨਾ...ਉਹਨਾਂ ਸਵਾਲਾਂ ਦੇ ਸਿਰਿਆਂ ਤੋਂ ਫੇਰ ਨਵੇਂ ਸਵਾਲ...ਅਜਿਹੇ ਮਾਸੂਮ, ਨਾਦਾਨ ਸਵਾਲਾਂ ਦਾ ਇਕ ਅੰਤਹੀਣ ਸਿਲਸਿਲਾ ਜਾਰੀ ਰੱਖਣ ਲਈ ਕਲਾਕਾਰ ਦੀ ਆਤਮਾ ਛਟਪਟਾਉਂਦੀ ਰਹਿੰਦੀ ਏ। ਇਹੀ ਉਸਦੀ ਗਤੀਸ਼ੀਲਤਾ ਵੀ ਏ। ਉਸਦੀ ਆਤਮਾ ਕਦੀ ਡਰਪੋਕ ਨਈਂ ਹੁੰਦੀ, ਕਮਜ਼ੋਰ ਨਈਂ ਹੁੰਦੀ।

—ਤੇ ਅੱਜ ਮੈਂ ਆਪਣੀ ਘੜੀ ਦੀ ਉਡੀਕ ਕਰ ਰਿਹਾ ਹਾਂ।

—ਮਿਸਟਰ ਗੁਰੂਦੱਤ ਪਿਆਰੇ, ਤੇਰੀ ਉਮਰ ਕੀ ਐ ? ਸਿਰਫ਼ 39! ਹੁਣੇ-ਹੁਣੇ ਤਾਂ ਕਿਨਾਰੇ ਤੋਂ ਟੁਰ ਕੇ ਮੰਝਧਾਰ ਵਿਚ ਆਉਣ ਵਾਲਾ ਏਂ। ਅਜੇ ਤਾਂ ਇਕ ਲੰਮਾ ਸਫ਼ਰ ਬਾਕੀ ਏ, ਇਕ ਵੱਡਾ ਕੈਨਵਾਸ ਬੁਲਾਅ ਰਿਹੈ...।

—ਨਈਂ...ਗੁਰੂਦੱਤ ਇੰਜ ਈ ਆਪਣੀ ਜ਼ਿੰਦਗੀ ਨਈਂ ਮਿਟਾਅ ਸਕਦਾ, ਪਰ ਉਹ ਜਿਉਂਦਾ ਵੀ ਤਾਂ ਨਈਂ ਰਹਿ ਸਕਦਾ। ਅਜਿਹੇ ਗੁੰਝਲਦਾਰ ਮਸਲਿਆ ਨੂੰ ਸੁਲਝਾਉਣ ਖਾਤਰ ਬੁਲਾਉਣ 'ਤੇ ਬੀਵੀ ਟੈਲੀਫ਼ੋਨ 'ਤੇ ਖਿੜਖਿੜਾ ਕੇ ਹੱਸ ਪਈ...। ਉਹ ਮੇਰੇ ਨਾਲ ਖਾਰ ਖਾਧੀ ਬੈਠੀ ਏ। ਉਸ ਨੇ ਮੈਨੂੰ ਸਨਮਾਨਿਤ ਹੁੰਦਿਆਂ ਦੇਖਿਆ ਏ। ਤਾਂ ਮੇਰੇ ਅਪਮਾਨਿਤ ਹੋਣ ਦੀਆਂ ਘੜੀਆਂ ਨੂੰ ਵੀ ਬੜੀ ਹਿੰਮਤ ਨਾਲ ਜਜ਼ਬ ਕਰਦੀ ਰਹੀ ਉਹ।...ਉਹ ਸ਼ਾਇਦ ਬਦਲਾ ਲੈਣਾ ਚਾਹੁੰਦੀ ਏ ! ਪਰ ਕਿਉਂ ? ਕੇਹਾ ਬਦਲਾ ? ਇਕੱਲ ਦੀ ਖਾਈ ਵਿਚ ਮੈਨੂੰ ਧੱਕ ਕੇ ਭਲਾਂ ਉਸਨੂੰ ਕਿਹੜਾ ਸੁਖ ਮਿਲੇਗਾ ? ਇਸ ਗੂੜ੍ਹੇ ਹਨੇਰੇ ਵਿਚ ਮੇਰੇ ਗਸ਼ ਖਾ ਕੇ ਡਿੱਗ ਪੈਣ ਨਾਲ ਉਸਨੂੰ ਕੇਹੀ ਖ਼ੁਸ਼ੀ ਮਿਲੇਗੀ ? ਨਈਂ...ਮੇਰੀ ਬਜਾਏ ਜੇ ਉਸਦੀ ਇਹ ਹਾਲਤ ਹੋ ਜਾਏ ਤਾਂ ਮੇਰੇ 'ਤੇ ਕੀ ਬੀਤੇਗੀ ? ਉਸਦੇ ਜ਼ਖ਼ਮਾਂ ਦੇ ਨਿਸ਼ਾਨ ਮੇਰੇ ਤਨ 'ਤੇ ਵੀ ਦੇਖੇ ਜਾ ਸਕਣਗੇ।

—ਜੇ ਬੀਵੀ ਨਾਲ ਏਨਾ ਲਗਾਹ ਹੈ ਤਾਂ ਓਸ ਵੇਲੇ ਏਨਾ ਸੰਗਦਿਲ ਕਿਉਂ ਬਣਿਆ ਮੈਂ ? ਉਹ ਘਰ ਛੱਡ ਕੇ ਚਲੀ ਗਈ। ਮੈਂ ਸ਼ਰਾਬ ਦੇ ਨਸ਼ੇ ਵਿਚ 'ਬਿਛੁੜੇ ਸਭ ਬਾਰੀ-ਬਾਰੀ ' ਦੀ ਮਾਲਾ ਜਪਦਾ ਹੋਇਆ, ਸਾਹ ਘਸੀਟਦਾ ਰਿਹਾ। ਉਹ ਇਕ ਔਰਤ ਸੀ, ਇਕ ਮਾਂ ਸੀ, ਇਸ ਆਤਮ-ਕੇਂਦਰਿਤ ਮਹਾਨਗਰ ਵਿਚ ਇਕੱਲੀ ਸੀ। ਉਸਨੇ ਚਾਹਿਆ ਸੀ ਆਪਣਾ ਪ੍ਰੀਤਮ-ਪਤੀ। ਉਹ ਘਰ-ਪਰਿਵਾਰ ਦੀ ਕਾਇਲ ਸੀ। ਛੁੱਟੀ ਵਾਲੇ ਦਿਨ ਬੀਵੀ-ਬੱਚਿਆਂ ਸਮੇਤ ਖੰਡਾਲਾ-ਲੋਨਾਵਲਾ ਦਾ ਸਫ਼ਰ ਕਰਨ ਵਾਲਾ, ਪਿਕਨਿਕ ਦੇ ਮਜ਼ੇ ਕਰਵਾਉਣ ਵਾਲਾ ਪਤੀ ਚਾਹੀਦਾ ਸੀ ਉਸਨੂੰ। ਪਤੀ ਦੇ ਰੂਪ ਵਿਚ ਉਸਨੂੰ ਇਕ 'ਆਮ-ਇਨਸਾਨ' ਦੀ ਲੋੜ ਸੀ।...

—ਪੰਜ-ਸੱਤ ਰੀਲਾਂ ਪੂਰੀਆਂ ਕਰਕੇ 'ਗੌਰੀ' ਵਰਗੀ ਫ਼ਿਲਮ ਨੂੰ ਡੱਬਿਆਂ ਵਿਚ, ਸਿਗਰਟ ਦੇ ਪੈਕਟਾਂ ਵਾਂਗ ਸੁੱਟ ਦੇਣ ਵਾਲਾ ਖੱਬਤੀ ਕਲਾਕਾਰ ਉਸਨੂੰ ਨਹੀਂ ਸੀ ਚਾਹੀਦਾ। ਉਸਦੇ ਵੀ ਕੁਝ ਅਰਮਾਨ ਸਨ, ਸੁਨਹਿਰੀ ਸੁਪਨੇ ਸੀ।

—ਇਸ ਦਾ ਕੋਈ ਜਵਾਬ ਹੈ ? 'ਗੌਰੀ' ਠੱਪ ਹੋ ਗਈ, ਕੋਈ ਮਲਾਲ ਨਈਂ। ਜਿਵੇਂ ਲੇਖਾ-ਬਹੀ ਦਾ ਇਕ ਪੰਨਾ ਪਾੜ ਕੇ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ ਹੋਏ। ਨਵੇਂ ਕੱਪੜੇ ਪਾ ਲੈਣ ਵਾਂਗ ਦੂਜੀ ਫ਼ਿਲਮ ਦਾ ਕੰਮ ਤੁਰੰਤ ਸ਼ੁਰੂ ਹੋ ਗਿਆ। ਬਾਕੀ ਸਾਰੇ ਲੋਕ ਹੈ ਸਨ—ਨਈਂ ਸੀ ਤਾਂ ਸਿਰਫ਼ 'ਗੌਰੀ' ਦੀ ਗੀਤਾ।

—ਗ੍ਰਹਿਸਤੀ ਟੁੱਟਣ ਦਾ ਭੈਅ ਉਸਨੂੰ ਸਤਾਉਂਦਾ ਰਿਹਾ। ਨਾ ਉਸ ਕੋਲ ਉਸਦੀ 'ਗੌਰੀ' ਸੀ, ਨਾ ਉਸਦਾ ਗੁਰੂਦੱਤ ਸੀ। ਹੁਣ ਕੁਝ ਵੀ ਤਾਂ ਨਈਂ ਸੀ ਬਚਿਆ।

—ਬਾਕੀ ਸੀ ਤਾਂ ਦੋ ਢੁੱਟ ਦੀ ਦੂਰੀ 'ਤੇ ਪਿਆ ਖ਼ਾਲੀ ਜਾਮ, ਜਿਹੜਾ ਕਦੋਂ ਵੀ ਆਰਾਮ ਨਾਲ ਚੁੱਕਿਆ ਜਾ ਸਕਦਾ ਸੀ।

—ਸਕਾੱਚ ਅਫੋਰਡ ਨਈਂ ਕਰ ਸਕਾਂਗੀ। ਤੁਹਾਡੇ ਵੱਲੋਂ ਇਕ-ਅੱਧੇ ਮਹੀਨੇ ਦੀ ਕਿਸ਼ਤ ਨਾ ਆਏ ਤਾਂ ਠੱਰੇ 'ਤੇ ਉੱਤਰ ਆਉਣਾ ਪੈਣਾ ਏ।

—ਮੇਰੀ ਗੀਤਾ! ਲਵਲੀ ਐਂਡ ਬਿਊਟੀਫੁੱਲ ਵਾਈਫ਼।

—ਕੀ ਮੈਂ ਉਸਨੂੰ ਹਰ ਮਹੀਨੇ ਘਰ-ਬਾਰ ਚਲਾਉਣ ਦਾ ਖ਼ਰਚ ਦਿੰਦਾ ਹਾਂ?

—ਮੈਂ ਉਸਨੂੰ ਕਿਸ ਤਰ੍ਹਾਂ ਯਕੀਨ ਦਿਵਾਵਾਂ?...ਜ਼ਿੰਦਗੀ ਵਿਚ ਜੇ ਮੈਂ ਏਨਾ ਹਿਸਾਬੀ ਹੁੰਦਾ ਤਾਂ ਹਨੇਰੇ 'ਚ ਬੈਠ ਕੇ ਇਕ ਅਣਜਾਣ ਘੜੀ ਦੀ ਉਡੀਕ ਵਿਚ ਵਿਲ੍ਹਕਣਾ ਨਾ ਪੈਂਦਾ ਮੈਨੂੰ।

—ਨਈਂ ਯਾਰ! ਗੁਰੂਦੱਤ ਦੇ ਦਿਲ ਦੀ ਥਾਹ ਕੋਈ ਨਈਂ ਲੈ ਸਕਿਆ। ਖ਼ੁਦ ਗੁਰੂਦੱਤ ਵੀ ਗੁਰੂਦੱਤ ਨੂੰ ਨਈਂ ਸਮਝ ਸਕਿਆ।

"ਯਾਰ ਦੱਸ ਦੇ ਦਿਲ ਦੀ ਗੱਲ, ਉਗਲ ਦੇ ਸਾਰੇ ਗ਼ਮ...।"

ਪਿਛਲੇ ਪੰਜ ਮਿੰਟਾਂ ਦੇ ਅਬਰਾਰ ਗੁਰੂ ਦਾ ਮੂੰਹ ਖੁੱਲ੍ਹਵਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਉਹਨਾਂ ਦੇ ਸਾਹਮਣੇ ਪਿਆ ਵਿਸਕੀ ਦਾ ਜਾਮ ਨਿਹਾਲ ਹੋ ਜਾਣ ਦੀ ਉਡੀਕ ਵਿਚ ਸੀ।

## ਪੰਜ

**'ਕਾ**ਗਜ਼ ਕੇ ਫੂਲ' ਦਾ ਅੱਧਾ ਕੰਮ ਬਾਕੀ ਸੀ। ਗੁਰੂਦੱਤ ਨੇ 'ਗੌਰੀ' ਨੂੰ ਅੱਧੇ ਰਸਤੇ ਵਿਚ ਹੀ ਛੱਡ ਦਿੱਤਾ। ਐਨ ਇਸੇ ਸਮੇਂ ਅਸਹਿ ਤਣਾਅ ਤੋਂ ਮੁਕਤੀ ਪਾਉਣ ਲਈ ਗੀਤਾ, ਤਰੁਣ ਤੇ ਅਰੁਣ ਦੇ ਨਾਲ ਅੱਡ ਰਹਿਣ ਲੱਗੀ। ਪੇਡਰ ਰੋਡ ਦੀ 'ਆਰਕ ਰੱਾਇਲ' ਨਾਂ ਦੀ ਆਪਣੀ ਕੋਠੀ ਵਿਚ ਗੁਰੂ ਹੁਣ ਇਕੱਲੇ ਸਨ—ਅਜੇ ਵੀ ਉਹ ਗੀਤਾ ਨੂੰ, ਆਪਣੇ ਬੱਚਿਆਂ ਨੂੰ ਜਿੰਦ-ਜਾਨ ਨਾਲ ਚਾਹੁੰਦੇ ਸਨ। ਉਹਨਾਂ ਦਾ ਨਜ਼ਰੀਆ ਪਹਿਲਾਂ ਵਾਲਾ ਹੀ ਸੀ।

ਇਕ ਇਨਸਾਨ ਦੇ ਰੂਪ ਵਿਚ ਗੁਰੂਦੱਤ ਨੂੰ ਸਮਝ ਸਕਣਾ ਮੁਸ਼ਕਲ ਸੀ। ਉਹਨਾਂ ਦਾ ਦਿਲ ਅਤਿ ਸੰਵੇਦਨਸ਼ੀਲ ਸੀ—ਦੁਨੀਆ ਦੇ ਹਰੇਕ ਬੁਰੇ-ਭਲੇ ਇਨਸਾਨ ਦੇ ਦਿਲ ਨਾਲ ਬਾਖ਼ੂਬੀ ਜੁੜ ਜਾਂਦਾ ਸੀ। ਨਿਆਂ, ਅਨਿਆਂ ਤੇ ਮੁਸੀਬਤ ਦੀ ਹਰ ਪੁਕਾਰ ਉਹਨਾਂ ਲਈ ਚੁਣੌਤੀ ਬਣ ਜਾਂਦੀ ਤੇ ਉਹ ਪਾਗਲਾਂ ਵਾਂਗ ਅਜਿਹੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਡਟੇ ਰਹਿੰਦੇ। ਇਸੇ ਆਪਾ-ਧਾਪੀ ਵਿਚ ਇਕ-ਅੱਧੀ ਸੰਭਾਵਨਾ ਸ਼ਿੱਦਤ ਨਾਲ ਮਹਿਸੂਸ ਹੁੰਦੀ ਤੇ ਅਬਰਾਰ ਦੇ ਜਰੀਏ ਉਹ ਇਸ ਸੰਭਾਵਨਾ ਨੂੰ ਸ਼ਬਦਬੱਧ ਕਰਨ ਦੀ ਸਾਰਥਕ ਕੋਸ਼ਿਸ਼ ਕਰਦੇ। ਇਹੀ ਸੰਭਾਵਨਾ ਦਿਨ-ਰਾਤ ਉਹਨਾਂ ਦੇ ਦਿਮਾਗ਼ ਵਿਚ ਵੱਸੀ ਰਹਿੰਦੀ। ਫ਼ਿਲਮ ਨਿਰਮਾਣ ਦਾ ਸ਼ੌਕ ਗੁਰੂਦੱਤ ਨੂੰ ਸੀ, ਪਰ ਉਹਨਾਂ ਨੂੰ ਜਿਵੇਂ ਅਧੂਰੇਪਣ ਦਾ ਸਰਾਪ ਮਿਲਿਆ ਹੋਇਆ ਸੀ। ਨਿਰਣੇ ਦੇ ਪਲਾਂ ਵਿਚ ਉਹਨਾਂ ਦੀ ਸਥਿਤੀ ਬੜੀ ਵਚਿੱਤਰ-ਜਿਹੀ ਹੋ ਜਾਂਦੀ ਸੀ। ਅਖ਼ੀਰ ਗੁਰੂ ਨੂੰ ਮੂਡੀ ਬਣਨਾ ਪੈਂਦਾ।

'ਗੌਰੀ' ਉਹਨਾਂ ਦੇ ਇਸੇ ਮੂਡੀਪੁਣੇ ਦਾ ਸ਼ਿਕਾਰ ਹੋਈ ਸੀ। 'ਰਾਜ਼' ਤੇ 'ਢਿੰਡੋਰਾ' ਦਾ ਵੀ ਇਹੋ ਹਸ਼ਰ ਹੋਇਆ ਸੀ।

'ਨੀਲ-ਕਮਲ' ਬਾਰੇ ਤਾਂ ਸਿਰਫ਼ ਸੋਚਣ ਤੋਂ ਅੱਗੇ ਨਹੀਂ ਸਨ ਵਧ ਸਕੇ। ਉਹਨਾਂ ਦੀ ਹਰੇਕ ਫ਼ਿਲਮ ਦੀ ਕਹਾਣੀ ਵਿਚ ਇਕ ਅਨੋਖਾਪਨ ਲਾਜ਼ਮੀ ਹੁੰਦਾ। ਉਹਨਾਂ ਦੀ ਹਰੇਕ ਅਧੂਰੀ ਫ਼ਿਲਮ ਕਿਸੇ ਹੋਰ ਨਾਂ ਨਾਲ ਪੂਰੀ ਹੋ ਕੇ ਦਰਸ਼ਕਾਂ ਦੇ ਸਾਹਮਣੇ ਆਈ।



'ਗੌਰੀ' ਅਧੂਰੀ ਛੱਡਣ ਦਾ ਕੋਈ ਖ਼ਾਸ ਕਾਰਨ ਨਹੀਂ ਸੀ। ਗੀਤਾ ਦੇ ਗੁਸੈਲ ਮੂਡ ਦੇ ਬਾਵਜੂਦ ਫ਼ਿਲਮ ਅੱਗੇ ਵਧ ਰਹੀ ਸੀ, ਪਰ ਅਚਾਨਕ ਗੁਰੂ ਦਾ ਮੂਡ ਬਦਲ ਗਿਆ। ਵਹੀਦਾ ਨੂੰ ਲੈ ਕੇ ਗੀਤਾ ਤਾਂ ਪਹਿਲੋਂ ਹੀ ਖਾਰ ਖਾਧੀ ਬੈਠੀ ਸੀ। ਗੁਰੂ-ਵਹੀਦਾ ਦੇ ਸਬੰਧਾਂ ਨੂੰ ਉਹ ਆਪਣੀ ਸੁਖੀ ਗ੍ਰਹਿਸਤੀ ਵਿਚ ਜ਼ਹਿਰ ਘੋਲਣ ਦਾ ਸਬੱਬ ਮੰਨਦੀ ਸੀ—ਵਹੀਦਾ ਨੂੰ ਗੁਰੂ ਦਾ ਪ੍ਰੇਰਣਾ-ਸਰੋਤ ਮੰਨਣ ਲਈ ਉਹ ਕਤਈ ਤਿਆਰ ਨਹੀਂ ਸੀ। ਗੀਤਾ ਦੀ ਨਜ਼ਰ ਵਿਚ ਵਹੀਦਾ ਗੁਰੂ ਦੀ ਨਿਰਮਾਣ-ਸ਼ਕਤੀ ਹਰਗਿਜ ਨਹੀਂ ਹੋ ਸਕਦੀ।

ਵਹੀਦਾ ਨੂੰ ਪਿਆਰ ਕਰਨ ਦੇ ਬਾਵਜੂਦ ਆਪਣੀ ਜ਼ਿੰਦਗੀ ਵਿਚ ਗੀਤਾ ਦਾ ਸਥਾਨ ਅਟੁੱਟ ਹੈ—ਇਹ ਮਹਿਸੂਸ ਕਰਨ ਤੋਂ ਗੁਰੂਦੱਤ ਅਸਮਰਥ ਸਨ। ਦੋਵਾਂ ਵਿਚੋਂ ਕਿਸੇ ਨੂੰ ਵੀ ਜੁਦਾ ਕਰਨਾ ਗੁਰੂਦੱਤ ਦੀ ਨਜ਼ਰ ਵਿਚ ਠੀਕ ਨਹੀਂ ਸੀ।

ਗੁਰੂ ਦੀ ਖੇਡ, ਖਿੱਲਰ ਗਈ। ਪਿਆਲੇ ਨਾਲ ਜੁੜਿਆ ਰਿਸ਼ਤਾ ਹੋਰ ਵੀ ਪੀਢਾ ਹੋ ਗਿਆ। ਗੁਰੂਦੱਤ ਫ਼ਿਲਮ ਨਿਰਮਾਣ ਦੇ ਆਸਰੇ ਹੀ ਜਿਊਂ ਰਹੇ ਸਨ, ਪਰ ਸਟੂਡੀਓ ਤੋਂ 'ਆਰਕ ਰੱਾਇਲ' 'ਤੇ ਇੱਥੋਂ ਦੀ ਭਿਆਨਕ ਇਕਾਂਤ ਵਿਚ ਉਹਨਾਂ ਦਾ ਦਮ ਘੁਟਣ ਲੱਗਦਾ ਸੀ।

ਅਬਰਾਰ ਤੇ ਵਹੀਦਾ ਦਾ ਸਾਥ ਹੋਣ ਦੇ ਬਾਵਜੂਦ ਗੀਤਾ ਦੀ ਅਣਹੋਂਦ ਸਦਕਾ ਗੁਰੂ ਅਣਮਨੇ-ਜਿਹੇ ਹੋ ਗਏ, ਗੁੰਮਸੁੰਮ ਰਹਿਣ ਲੱਗ ਪਏ। ਉਹਨਾਂ ਦੀ ਇਹ ਬਿਆਨ ਨਾ ਕੀਤੀ ਜਾ ਸਕਣ ਵਾਲੀ ਹਾਲਤ ਨੂੰ ਦੇਖ ਕੇ ਅਬਰਾਰ ਵਾਰ-ਵਾਰ ਇਹੋ ਕਹਿੰਦੇ, "ਯਾਰ, ਦੱਸ ਦੇ ਦਿਲ ਦੀ ਗੱਲ। ਉਗਲ ਦੇ ਸਾਰੇ ਗ਼ਮ।"

'ਕਾਗਜ਼ ਕੇ ਫੂਲ' ਵਿਚ ਗੁਰੂਦੱਤ ਗਲ਼-ਗਲ਼ ਤਾਈਂ ਡੁੱਬ ਚੁੱਕੇ ਸੀ। ਬੜੀ ਹਿੰਮਤ ਨਾਲ ਉਹਨਾਂ ਨੇ 'ਸਿਨੇਮਾ-ਸਕੋਪ' ਦੀ ਤਕਨੀਕ ਅਪਣਾਈ ਸੀ, ਪਰ ਸੈੱਟ ਉੱਤੇ ਉਹਨਾਂ ਦੇ ਕੰਮ ਵਿਚ ਜੋ ਉਤਸਾਹ, ਲਗਨ ਦੇ ਦ੍ਰਿੜ੍ਹਤਾ ਦਿਖਾਈ ਦਿੰਦੀ ਸੀ, ਘਰ ਆਉਂਦਿਆਂ ਹੀ ਕਾਫ਼ੂਰ ਹੋ ਜਾਂਦੀ ਸੀ।

ਇਸ ਦਿਲਜਲੇ ਇਨਸਾਨ ਤੋਂ ਖਹਿੜਾ ਛੁਡਾਉਣ ਲਈ ਗੁਰੂ ਪਿਆਲੇ ਵਿਚ ਡੁੱਬੇ ਰਹਿੰਦੇ। ਕਾਫੀ-ਕਾਫੀ ਦੇਰ ਤਕ ਬੁਝੇ ਹੋਏ ਦਿਲ ਨਾਲ ਬੈਠੇ ਰਹਿੰਦੇ। ਇਸ ਦੌਰਾਨ ਉਹਨਾਂ ਨੀਂਦ ਦੀਆਂ ਗੋਲੀਆਂ ਖਾਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਨੀਂਦਰੇ ਨੇ ਉਹਨਾਂ ਨੂੰ ਕਿਤੋਂ ਦਾ ਨਹੀਂ ਸੀ ਰਹਿਣ ਦਿੱਤਾ। ਕੰਮ ਦੇ ਬੋਝ ਸਦਕਾ ਸਿਹਤ ਵੀ ਡਾਵਾਂਡੋਲ ਹੋ ਗਈ ਸੀ।

ਪਰ ਉਹਨਾਂ ਖੇਡ ਸਜਾਈ ਰੱਖੀ ਤੇ ਪੂਰੇ ਵਿਸ਼ਵਾਸ ਨਾਲ ਉਸਨੂੰ ਖੇਡਦੇ ਰਹੇ। ਉਹ ਹਰ ਰੋਜ਼ ਸਵੇਰੇ ਬੈਡਮਿੰਟਨ ਖੇਡ ਕੇ ਤੰਦਰੁਤ ਰਹਿਣ ਦੀ ਪੂਰੀ ਕੋਸ਼ਿਸ਼ ਕਰਦੇ ਸਨ।

'ਪਿਆਸਾ' ਤੋਂ ਲਗਭਗ ਦੋ ਸਾਲ ਬਾਅਦ 'ਕਾਗਜ਼ ਕੇ ਫੂਲ' ਪਰਦੇ ਉੱਤੇ ਆਈ। ਇਸ ਰਾਹੇ ਜਿਵੇਂ ਉਹਨਾਂ ਆਪਣੀ ਜ਼ਿੰਦਗੀ ਦੀ ਕਥਾ-ਗਾਥਾ ਹੀ ਬਿਆਨ ਕੀਤੀ ਹੋਏ—ਤੇ ਬਦਕਿਸਮਤੀ ਨਾਲ ਇਸ ਫ਼ਿਲਮ ਦੀਆਂ ਘਟਨਾਵਾਂ ਉਹਨਾਂ ਦੀ ਨਿੱਜੀ ਜ਼ਿੰਦਗੀ ਵਿਚ ਸਾਕਾਰ ਹੁੰਦੀਆਂ ਜਾ ਰਹੀਆਂ ਸਨ। ਵੈਸੇ ਤਾਂ 'ਕਾਗਜ਼ ਕੇ ਫੂਲ' ਦੀ ਕਹਾਣੀ ਬੜੀ ਪੁਰਾਣੀ ਸੀ। ਉਹ ਜਦੋਂ 'ਪ੍ਰਭਾਤ' ਵਿਚ ਕੰਮ ਕਰਦੇ ਸਨ, ਉਦੋਂ ਇਹ ਕਹਾਣੀ ਉਹਨਾਂ ਦੇ ਹੱਥ ਲੱਗੀ ਸੀ ਤੇ ਇਸ ਵਿਚ ਉਹਨਾਂ ਨੇ ਬੜਾ ਹੀ ਘੱਟ ਹੇਰ-ਫੇਰ ਕੀਤਾ ਸੀ।

ਆਪਣੀ ਜ਼ਿੰਦਗੀ ਦੇ ਲੇਖ ਪੇਸ਼ ਕਰਨ ਦੇ ਇਰਾਦੇ ਨਾਲ ਉਹਨਾਂ ਨੇ 'ਕਾਗਜ਼ ਕੇ ਫੂਲ' ਨਹੀਂ ਸੀ ਬਣਾਈ। ਪਰ ਭਾਵੀ ਉਹਨਾਂ ਦੀ ਜ਼ਿੰਦਗੀ ਨੂੰ ਇਸ ਫ਼ਿਲਮ ਦੇ ਅਨੁਸਾਰ ਢਾਲਦੀ ਰਹੀ।

ਆਮ ਆਦਮੀ ਆਪਣਾ ਮੁਕੱਦਰ ਨਹੀਂ ਜਾਣਦਾ, ਪਰ ਗੁਰੂਦੱਤ ਆਮ ਆਦਮੀ ਨਹੀਂ ਸਨ। ਫ਼ਿਲਮ ਉਦਯੋਗ ਵਿਚ ਜਦੋਂ ਉਹਨਾਂ ਦੀ ਕੋਈ ਵੀ ਹੈਸੀਅਤ ਨਹੀਂ ਸੀ, ਕਿਸਮਤ ਨੇ ਉਦੋਂ ਤੋਂ ਹੀ ਆਪਣੇ ਦਰਵਾਜ਼ੇ ਉਹਨਾਂ ਲਈ ਖੁੱਲ੍ਹੇ ਰੱਖੇ, ਪਰ ਆਪਣੇ ਕਿਸਮਤ-ਵਿਧਾਤਾ ਨੂੰ ਗੁਰੂ ਆਖ਼ਰ ਤਕ ਸਮਝ ਨਹੀਂ ਸਕੇ। ਉਹਨਾਂ ਦੇ ਭੋਲੇ-ਭਾਲੇ ਮਨ ਨੂੰ ਕਦੇ ਕੁਝ ਅਸ਼ੁੱਭ ਲੱਗਿਆ ਹੀ ਨਹੀਂ।

ਫੇਰ ਵੀ 'ਕਾਗਜ਼ ਕੇ ਫੂਲ' ਵਿਚ ਗੁਰੂਦੱਤ, ਗੁਰੂਦੱਤ ਹੀ ਦਿਖਾਈ ਦਿੱਤੇ। ਉਹ ਉਹਨਾਂ ਦਾ ਸੁਪਨਾ ਸੀ ਯਾ ਯਥਾਰਥ ਇਸ ਗੱਲ ਉੱਤੇ ਬਹਿਸ ਕਰਨੀ ਫਜ਼ੂਲ ਹੈ। ਉਹਨਾਂ ਦੇ ਅੰਦਰਲੇ ਕਲਾਕਾਰ ਨੇ ਚਿੱਟੇ ਪਰਦੇ ਨੂੰ ਝੰਜੋੜ ਕੇ ਰੱਖ ਦਿੱਤਾ। 'ਕਾਗਜ਼ ਕੇ ਫੂਲ' ਦਾ ਹਰੇਕ ਦ੍ਰਿਸ਼ ਆਪਣੇ-ਆਪ ਵਿਚ ਇਕ ਕਹਾਣੀ ਸੀ। ਦਰਦ ਹੀ ਤਾਂ ਗੁਰੂਦੱਤ ਦੀ ਜ਼ਿੰਦਗੀ ਦੀ ਸਭ ਤੋਂ ਪਿਆਰੀ ਭਾਵਨਾਤਮਿਕ ਖੋਜ ਸੀ। ਅੱਥਰੂ ਉਹਨਾਂ ਨੂੰ ਵਧੇਰੇ ਪਿਆਰੇ ਸਨ। ਇਸੇ ਚਮਤਕਾਰ ਨੇ ਪਰਦੇ ਉੱਤੇ ਵਿਖਾਏ ਗਏ ਹਰੇਕ ਦ੍ਰਿਸ਼ ਵਿਚ ਜ਼ਿੰਦਗੀ ਭਰ ਦਿੱਤੀ। ਗੁਰੂਦੱਤ ਨੇ ਭਾਵਨਾਵਾਂ ਦੀ ਬਿਜਲੀ ਦੀਆਂ ਬਾਰੀਕ ਤਾਰਾਂ ਦਾ ਜਾਲ ਉਸ ਵਿਚ ਬਿਛਾਅ ਦਿੱਤਾ ਸੀ। 'ਕਾਗਜ਼ ਕੇ ਫੂਲ' ਵਿਚ ਉਹਨਾਂ ਦੀ ਆਤਮਾ, ਉਸਦਾ ਰਸ, ਉਹਨਾਂ ਦੇ ਅੰਦਰਲਾ ਟੈਕਨੀਸ਼ੀਅਨ, ਐਕਟਰ, ਦਰਸ਼ਕ...ਸਭ ਕੁਝ ਦਾਅ ਤੇ ਲੱਗਾ ਗਿਆ ਸੀ। ਵਹੀਦਾ ਰਹਿਮਾਨ ਨੇ ਆਪਣੇ ਅੰਦਰਲੀ ਅਦ੍ਰਿਸ਼ ਐਕਟਰਸ ਨੂੰ ਗੁਰੂਦੱਤ ਦੇ ਹਵਾਲੇ ਕਰ ਦਿੱਤਾ ਸੀ। ਉਸ ਨੇ ਇਸ ਗੱਲ ਦਾ ਸਬੂਤ ਪੇਸ਼ ਕੀਤਾ ਸੀ ਕਿ ਗੁਰੂ ਦੀ ਖੋਜ ਹਰ ਕਿਸੇ ਦੇ ਸੋਚ-ਘੇਰੇ ਤੋਂ ਬੜੀ ਪਰ੍ਹੇ ਹੈ।

ਗੁਰੂ ਦੀ ਜ਼ਿੰਦਗੀ ਉਸ ਪਰਦੇ ਨਾਲ ਜੁੜੀ ਸੀ। ਇਹ ਤਾਂ ਪਰਦੇ ਨੂੰ, ਪਰਦੇ ਦੀ ਹੀ ਇਕ ਅਨੋਖੀ ਸਰਧਾਂਜਲੀ ਸੀ। ਉਹਨਾਂ ਦੇ ਸਾਹਵੇਂ ਸਾਰੇ ਜਣੇ ਡਟ ਕੇ ਉਹਨਾਂ ਦੇ ਨਾਲ ਖੜ੍ਹੇ ਸਨ। ਕੈਮਰਾ ਮੈਨ ਵੀ.ਕੇ. ਮੂਰਤੀ ਨੇ ਪਰਦੇ 'ਤੇ ਇਕ ਨਵੀਂ ਦੁਨੀਆ ਬੜੀ ਸਫ਼ਲਤਾ ਨਾਲ ਸਾਕਾਰ ਕੀਤੀ ਸੀ। ਐਸ.ਡੀ. ਬਰਮਨ ਤੇ ਗੀਤਾ ਦੱਤ ਦੇ *'ਵਕਤ ਨੇ ਕੀਆ, ਕਯਾ ਹਸੀਂ ਸਿਤਮ'* ਨੇ ਅੱਖਾਂ ਵਿਚ ਹਜ਼ਾਰਾਂ ਸੂਈਆਂ ਚੁਭੋਣ ਦਾ ਕੰਮ ਕੀਤਾ ਸੀ।

'ਕਾਗਜ਼ ਕੇ ਫੂਲ' ਦੇ ਨਿਰਮਾਣ ਦੇ ਦੌਰਾਨ ਗੁਰੂਦੱਤ ਹਰ ਰਾਤ ਆਪਣੀ ਨਿੱਜੀ ਜ਼ਿੰਦਗੀ ਦੇ ਤਣਾਅ ਤੇ ਨੀਂਦ ਦੀਆਂ ਗੋਲੀਆਂ ਦੀ 'ਖ਼ੁਰਾਕ' ਲੈਂਦੇ ਸਨ ਤਦ ਹੀ ਉਹ ਸੌਂ ਸਕਦੇ ਸਨ।

ਗੁਰੂਦੱਤ 'ਕਾਗਜ਼ ਕੇ ਫੂਲ' ਪ੍ਰਤੀ ਖ਼ਾਸੇ ਭਾਵੁਕ ਹੋ ਗਏ ਸਨ—ਭਾਵੀ ਨੂੰ ਆਪਣੀ ਸਮਰਥਾ ਦਿਖਾਉਣ ਦਾ ਇਕ ਵਧੀਆ ਮੌਕਾ ਮਿਲ ਗਿਆ ਸੀ।

'ਕਾਗਜ਼ ਕੇ ਫੂਲ' ਫਲਾੱਪ ਹੋਈ ਤੇ ਇਸ ਦੇ ਨਾਲ ਹੀ ਗੁਰੂਦੱਤ ਦੀ ਅੰਤਮ-ਯਾਤਰਾ ਦਾ ਦੌਰ ਸ਼ੁਰੂ ਹੋ ਗਿਆ।

### ਛੇ

ਬੱਦਲ ਛਾਏ ਹੋਣ ਕਰਕੇ ਹਨੇਰਾ ਘਿਰ ਆਇਆ ਸੀ। ਮੀਂਹ ਦੇ ਡਰ ਕਰਕੇ ਕਿਨਾਰੇ ਸੁੰਨਸਾਨ ਸਨ। ਕੁਝ ਮਨ-ਮੌਜ਼ੀ ਲੋਕ ਉਂਜ ਹੀ ਮੀਂਹ ਵਿਚ ਭਿੱਜ ਕੇ ਤ੍ਰਿਪਤ ਹੋ ਰਹੇ ਸਨ।

ਹੌਲੀ-ਹੌਲੀ ਬੂੰਦਾ-ਬਾਂਦੀ ਤੇਜ਼ ਹੋਣ ਲੱਗੀ। ਪੈੜਾਂ ਹੇਠ ਅਜੇ ਵੀ ਸੁੱਕੀ ਰੇਤ ਦੇਖੀ ਜਾ ਸਕਦੀ ਸੀ। ਮੀਂਹ ਤੇਜ਼ ਹੋਣ ਦੇ ਨਾਲ ਹੀ ਰਾਤ ਦੇ ਮਾਹੌਲ ਵਿਚ ਵਧੇਰੇ ਸਿੱਲ੍ਹ ਮਹਿਸੂਸ ਹੋਣ ਲੱਗੀ। ਇਸ ਬੇਫ਼ਿਕਰੀ ਸਿੱਲ੍ਹ ਸਦਕਾ ਦੇਹ ਨੂੰ ਕੰਬਣੀ-ਜਿਹੀ ਛਿੜਣ ਲੱਗੀ। ਪਰ ਕੁਦਰਤ ਦੇ ਇਸ ਪਰਿਵਰਤਨ ਵੱਲੋਂ ਬੇਪ੍ਰਵਾਹ ਗੁਰੂਦੱਤ, ਹੱਥ ਪਿੱਠ ਪਿੱਛੇ ਬੰਨ੍ਹੀ, ਚਹਿਲ-ਕਦਮੀ ਕਰਦੇ ਰਹੇ। ਗਰਦਨ ਝੁਕੀ ਹੋਈ ਸੀ, ਜਿਵੇਂ ਹਲਾਕ ਹੋਣ ਲਈ ਗਿਲੋਟਿਨ 'ਤੇ ਰੱਖੀ ਹੋਈ ਹੋਏ।



ਮੀਂਹ ਹੋਰ ਤੇਜ਼ ਹੋ ਗਿਆ। ਕੱਪੜੇ ਗਿੱਲੇ ਹੋ ਗਏ। ਉਹ ਭਿੱਜਦੇ ਹੋਏ ਹੀ ਇਕ ਚੱਟਾਨ 'ਤੇ ਜਾ ਬੈਠੇ। ਇਕ ਉੱਚੀ ਲਹਿਰ ਅਰੜਾਉਂਦੀ ਹੋਈ ਆਈ ਤੇ ਉਹਨਾਂ ਨੂੰ ਪੈਰਾਂ ਤੋਂ ਸਿਰ ਤਕ ਨੁਹਾਅ ਕੇ ਚਲੀ ਗਈ। ਫੇਰ ਵੀ ਉਹ ਉੱਥੇ ਬੈਠੇ ਰਹੇ। ਸਿਰਫ਼ ਉਹਨਾਂ ਦੀਆਂ ਅੱਖਾਂ ਬੰਦ ਸਨ।

*'ਕਯਾ ਲੈ ਕੇ ਮਿਲੇਂ ਅਬ ਦੁਨਿਯਾ ਸੇ*
*ਆਂਸੂ ਕੇ ਸਿਵਾ ਕੁਛ ਪਾਸ ਨਹੀਂ...'*

ਇਕ ਵਾਰ ਫੇਰ ਫੁਹਾਰਾਂ ਨੇ ਉਹਨਾਂ ਨੂੰ ਆਪਣੀ ਬੁੱਕਲ ਵਿਚ ਲੈ ਲਿਆ। ਉਹਨਾਂ ਚੱਟਾਨ ਦੇ ਕਿਨਾਰੇ ਨੂੰ ਮਜਬੂਤੀ ਨਾਲ ਫੜਿਆ ਹੋਇਆ ਸੀ।

—ਕੀ ਸੋਚਿਆ ਸੀ ਤੇ ਕੀ ਹੋ ਗਿਆ ? ਪਰ ਕਿਉਂ ? ਕੀ ਕਮੀ ਰਹਿ ਗਈ ? ਮੈਂ ਥਿਏਟਰ ਵਿਚ ਆਉਣ ਵਾਲੇ ਹਰ ਇਨਸਾਨ ਨੂੰ ਆਪਣਾ ਸਮਝ ਰਿਹਾ ਸੀ। ਕੇਡਾ ਵਿਸ਼ਾਲ ਸੁਪਨਾ ਸੀ...ਉਸ ਦੀ ਮਦਹੋਸ਼ੀ...ਬੇਰੁਖੀ...ਏਨੇ ਦੁੱਖ, ਤਕਲੀਫ਼ ਤੇ ਪੀੜਾਂ ?...ਇਸ ਤੋਂ ਪਹਿਲਾਂ ਕਦੀ ਪਾਲਾ ਨਹੀਂ ਪਿਆ ਸੀ। ਗੀਤਾ ਨਾਲੋਂ ਜੁਦਾ ਹੋ ਜਾਣ 'ਤੇ...ਨਈਂ...ਫ਼ੇਰ ਵੀ ਦੁਨੀਆ ਏਨੀ ਅਬੁੱਝ, ਏਨੀ ਅਣਘੜ ਨਈਂ ਸੀ...ਇਹ ਦੌਰ ਬਿਲਕੁਲ ਵੱਖਰਾ ਏ...ਅਸਹਿ। ਸੁਪਨਿਆਂ ਨੂੰ ਅੱਗ ਲੱਗ ਜਾਏ ਤਾਂ ਉਸ ਬਲਦੀ ਹੋਈ ਚਿਤਾ ਨੂੰ ਕੀ ਕਿਹਾ ਜਾਏ ?

ਇਕ ਹੋਰ ਲਹਿਰ ਉਹਨਾਂ ਨਾਲ ਟਕਰਾ ਗਈ। ਹਰ ਵਾਰੀ ਲਹਿਰਾਂ ਦਾ ਵੇਗ ਵਧਦਾ ਹੀ ਜਾ ਰਿਹਾ ਸੀ।

—ਹੁਣ ਜ਼ਿੰਦਗੀ ਦਾ ਕੋਈ ਮਕਸਦ ਨਈਂ ਰਿਹਾ। ਮੇਰੇ ਹੋਣ ਜਾਂ ਨਾ ਹੋਣ ਨਾਲ ਕਿਸੇ ਨੂੰ ਕੋਈ ਫ਼ਰਕ ਨਈਂ ਪਏਗਾ। ਕਿਸੇ ਬਾਰੇ ਕੁਝ ਸੋਚਣ, ਮਹਿਸੂਸ ਕਰਨ ਦਾ ਟਾਈਮ ਈ ਕਿਸ ਕੋਲ ਏ ਏਥੇ ? ਇਕ ਗੁਰੂਦੱਤ ਦੇ ਨਾ ਹੋਣ ਨਾਲ ਕਿਸ ਦਾ ਕਿਹੜਾ ਕੰਮ ਰੁਕ ਰਿਹਾ ਏ ? ਨਵੀਆਂ-ਨਵੀਆਂ ਫ਼ਿਲਮਾਂ ਆਉਂਦੀਆਂ ਰਹਿਣਗੀਆਂ। ਦਰਸ਼ਕ ਚਟਖਾਰੇ ਲੈ-ਲੈ ਕੇ ਫ਼ਿਲਮਾਂ ਦੇਖਣਗੇ। 'ਕਾਗਜ਼ ਕੇ ਫੂਲ' ਵਰਗੀ ਫ਼ਿਲਮ ਨਾ ਦੇਖਣ ਨਾਲ ਭਲਾਂ ਕਿਸ ਦਾ ਕੀ ਘਟ ਗਿਆ...ਸਟੂਡੀਓ ਖ਼ਤਮ ਹੋ ਜਾਏਗਾ, ਬੰਦ ਹੋ ਜਾਏਗਾ...ਰੀਲਾਂ ਸੜ ਕੇ ਸਵਾਹ ਹੋ ਜਾਣਗੀਆਂ...ਫ਼ੇਰ ਕੀ ਹੋਏ ਜਾਏਗਾ ? ਕੁਛ ਵੀ ਨਈਂ ਹੋਏਗਾ। ਅਖ਼ਬਾਰਾਂ 'ਚ ਦੋ-ਚਾਰ ਤਸਵੀਰਾਂ ਛਪਣਗੀਆਂ...ਦੋ-ਚਾਰ ਸ਼ਬਦਾਂ ਦੀ ਸ਼ਰਧਾਂਜਲੀ...ਦਿਖਾਵੇ ਦੇ ਮਗਰਮੱਛੀ ਅੱਥਰੂ—'ਉਹਨਾਂ 'ਕਾਗਜ਼ ਕੇ ਫੂਲ' ਵਰਗੀ ਮਹਾਨ ਕਲਾਕਿਰਤ ਸਾਨੂੰ ਦਿੱਤੀ।' ਇਹਨਾਂ ਸ਼ਬਦਾਂ ਨਾਲ ਸਲਾਹੁਤ ਹੋਏਗੀ...ਪਰ ਪਿਕਚਰ ਹਾਲ ਫੇਰ ਵੀ ਖ਼ਾਲੀ ਹੀ ਰਹਿਣਗੇ।

—ਇਸ ਲਈ ਸੜ ਕੇ ਮਰਨਾ ਜਾਂ ਪਾਣੀ ਦੇ ਉਫ਼ਾਨ ਵਿਚ ਡੁੱਬ ਕੇ ਮਰ ਜਾਣਾ...ਇਕੋ-ਜਿਹਾ ਏ। ਦੋਵਾਂ 'ਚ ਕੋਈ ਫ਼ਰਕ ਨਈਂ।

—ਗੁਰੂਦੱਤ ਸੜ ਮਰੇ ਜਾਂ ਡੁੱਬ ਮਰੇ...ਦੁਨੀਆ ਨੂੰ ਕੋਈ ਸਰੋਕਾਰ ਨਈਂ। ਉਸ ਲਈ ਤਾਂ ਹਰ ਕਿਸਮ ਦੀ ਮੌਤ ਇਕੋ-ਜਿਹੀ ਏ। ਉਸ ਕੋਲ ਇਕੋ ਵਾਕ-ਯੰਤਰ ਏ...'ਵਿਚਾਰਾ ਮਰ ਗਿਆ।' ਉਸਦਾ ਜਨਾਜਾ ਉੱਠੇਗਾ, ਸਮਾਰਕ ਬਣੇਗਾ, ਦੋ-ਚਾਰ ਰੰਗ-ਬਿਰੰਗੇ ਫੁੱਲ ਮਜਾਰ 'ਤੇ ਚੜ੍ਹਾਏ ਜਾਣਗੇ...ਬਸ ਇਕ ਫ਼ਾਲਤੂ ਇਨਸਾਨ ਦੀ ਮੌਤ ਦਾ ਇਹੋ ਹਸ਼ਰ ਹੋਏਗਾ।

*'ਫੂਲ ਹੀ ਫੂਲ ਥੇ ਦਾਮਨ ਮੇਂ*
*ਯਾ ਕਾਂਟੋਂ ਕੀ ਭੀ ਆਸ ਨਹੀਂ*
*ਮਤਲਬ ਕੀ ਹੈ ਦੁਨਿਯਾ ਸਾਰੀ*

*ਬਿਛੁੜੇ ਸਭੀ...ਬਿਛੁੜੇ ਸਭੀ ਬਾਰੀ-ਬਾਰੀ...'*

ਫੇਰ ਇਕ ਵਾਰੀ ਲਹਿਰ ਦਾ ਥਪੇੜਾ। ਹੱਥਾਂ ਦੀ ਪਕੜ ਢਿੱਲੀ ਪੈ ਗਈ। ਸਾਹ ਲੈਣ ਤੋਂ ਪਹਿਲਾਂ ਹੀ ਇਕ ਹੋਰ ਲਹਿਰ ਦਾ ਅਗਲਾ ਧਮੁੱਕ। ਉਸ ਪਿੱਛੋਂ ਫੇਰ ਇਕ...ਉਹਨਾਂ ਦੀਆਂ ਅੱਖਾਂ ਸਾਹਵੇਂ ਹਨੇਰਾ ਛਾਉਣ ਲੱਗਾ। ਚੱਟਾਨ ਨਾਲ ਸਿਰ ਟਕਰਾਇਆ। ਉਹਨਾਂ ਨੇ ਛੂਹ ਕੇ ਦੇਖਿਆ...

—ਗੁੱਡ, ਹੁਣ ਤਾਂ ਸਭ ਕੁਝ ਰੁੜ੍ਹਨ ਵਾਲਾ ਏ। ਦੇਹ ਭਾਵੇਂ ਜ਼ੋਰ ਵੀ ਮਾਰੇ ਤਾਂ ਵੀ ਇੱਥੋਂ ਨਈਂ ਉੱਠਣਾ।

ਚੱਟਾਨ ਦੇ ਕੋਲ ਹੀ ਉਹ ਝੁਕ ਕੇ ਬੈਠੇ ਰਹੇ। ਲਹਿਰਾਂ ਹੋਰ ਤੇਜ਼ ਹੁੰਦੀਆਂ ਰਹੀਆਂ। ਲਹਿਰਾਂ ਦੀ ਮਾਰ ਕਰਕੇ ਉਹ ਟੇਢੇ-ਤਿਰਛੇ ਹੋਣ ਲੱਗੇ ਸਨ, ਜਿਵੇਂ ਕੋਈ ਬਹੁਕਰ ਨਾਲ ਉਹਨਾਂ ਨੂੰ ਬੁਹਾਰ ਰਿਹਾ ਹੋਏ। ਸਾਹ ਰੁਕਣ ਲੱਗਾ। ਦੇਹ ਨੂੰ ਸਥਿਰ ਰੱਖਣ ਦੇ ਇਰਾਦੇ ਨਾਲ ਉਹਨਾਂ ਨੇ ਆਪਣੇ ਹੱਥ ਰੇਤ ਵਿਚ ਗੱਡ ਦਿੱਤੇ। ਹੁਣ ਪਾਣੀ ਦੇ ਨਾਲ-ਨਾਲ ਰੇਤ ਵੀ ਸਰੀਰ ਉੱਤੇ ਪੈਣ ਲੱਗੀ ਸੀ।

—ਗੁੱਡ, ਕਿਸੇ ਨੂੰ ਵੀ ਖੇਚਲ ਨਈਂ ਹੋਏਗੀ। ਗੁਰੂਦੱਤ ਖ਼ੁਦ ਈ ਰੇਤ ਵਿਚ ਆਪਣੀ ਕਬਰ ਪੁੱਟ ਰਿਹਾ ਏ। ਬਸ...ਪੰਜ ਮਿੰਟ ਹੋਰ...ਦਸ ਮਿੰਟ...ਕਿਸੇ ਨੂੰ ਪਤਾ ਵੀ ਨਈਂ ਲੱਗੇਗਾ...ਨਾ ਗੁਰੂਦੱਤ ਰਹੇਗਾ...ਨਾ 'ਕਾਗਜ਼ ਕੇ ਫੂਲ'...ਵੰਡਰ-ਫੁੱਲ!...

ਇਸੇ ਦੌਰਾਨ ਉਹਨਾਂ ਨੇ ਸੁਣਿਆ...ਕੋਈ ਉਹਨਾਂ ਨੂੰ ਬੁਲਾ ਰਿਹਾ ਸੀ। ਤੇਜ਼ ਬਾਰਿਸ਼...ਸਰੀਰ 'ਤੇ ਚੜ੍ਹ ਰਹੀਆਂ ਰੇਤ ਦੀਆਂ ਪਰਤਾਂ...ਬੁਝਦੀ ਜਾ ਰਹੀ ਚੇਤਨਾ...ਇਹਨਾਂ ਸਭਨਾਂ ਦੇ ਬਾਵਜੂਦ ਉਹਨਾਂ ਨੇ ਸੁਣਿਆ। ਉਹ ਉਹਨਾਂ ਨੂੰ ਬੁਲਾ ਰਹੀ ਸੀ...ਹਨੇਰੇ ਵਿਚ ਉਹਨਾਂ ਨੂੰ ਲੱਭ ਰਹੀ ਸੀ। ਉਸਦੀ ਆਵਾਜ਼ ਵਿਚ ਭੈਅ ਸੀ।...ਇਕ ਡਰਾਵਨੀ ਲੈਅ ਵਿਚ ਉਹ ਆਵਾਜ਼ ਹੌਲੀ-ਹੌਲੀ ਨਜ਼ਦੀਕ ਆਉਣ ਲੱਗੀ। ਉਹਨਾਂ ਨੇ 'ਅਲਵਿਦਾ' ਕਹਿਣ ਲਈ ਹੱਥ ਉੱਤੇ ਚੁੱਕਿਆ ਤੇ ਬਸ, ਉਸਨੂੰ ਹੱਥ ਫੜਨ ਦਾ ਮੌਕਾ ਮਿਲ ਗਿਆ।

ਥਪੇੜੇ ਜਾਰੀ ਸਨ। ਉਹ ਲੜਖੜਾ ਰਹੀ ਸੀ, ਪਰ ਉਸਨੇ ਹੱਥ ਨਹੀਂ ਛੱਡਿਆ। ਹੁਣ ਉਸਦੇ ਸਰੀਰ ਵਿਚ ਅਦਭੁਤ ਸ਼ਕਤੀ ਆ ਗਈ ਸੀ। ਆਪਣੀ ਪੂਰੀ ਤਾਕਤ ਨਾਲ ਉਹ ਉਹਨਾਂ ਨੂੰ ਖਿੱਚਣ ਲੱਗੀ। ਪਰ ਕੁਦਰਤ ਨਾਲ ਮੁਕਾਬਲਾ ਕਰਦੇ ਹੋਏ ਉਸਦੀ ਭਿਆਂ ਹੋਣ ਲੱਗੀ। ਆਖ਼ਰ ਉਹ ਕੂਕ ਪਈ—"ਅਬਰਾਰ ਭਾਈ...ਅਬਰਾਰ ਭਾਈ ਸਾਹਬ...।"

ਬਿਜਲੀ ਵਾਂਗ ਤੇਜ਼ੀ ਨਾਲ ਅਬਰਾਰ ਉੱਥੇ ਪਹੁੰਚ ਗਏ।

## ਸੱਤ

ਗੁਰੂ ਨੇ ਅੱਖਾਂ ਖੋਲ੍ਹ ਕੇ ਦੇਖਿਆ—ਅੱਖਾਂ ਦੀ ਜਲਨ ਅਜੇ ਸ਼ਾਂਤ ਨਹੀਂ ਸੀ ਹੋਈ। ਅਬਰਾਰ ਅਲਵੀ ਗਿੱਲੇ ਕੱਪੜਿਆਂ ਵਿਚ ਉਹਨਾਂ ਦੇ ਸਾਹਮਣੇ ਖੜ੍ਹੇ ਸਨ। ਹੌਲੀ-ਹੌਲੀ ਉਹ ਹੋਸ਼ ਵਿਚ ਆਉਣ ਲੱਗੇ।

*'ਬਿਛੁੜੇ ਸਭੀ ਬਾਰੀ-ਬਾਰੀ*

*ਬਿਛੁੜੇ ਸਭੀ ਬਾਰੀ-ਬਾਰੀ!'*

"ਲੈ, ਹੱਥ ਅੱਗੇ ਕਰ। ਚੁੱਕ ਲੈ। ਏਸ ਸੰਸਾਰ ਤੋਂ ਵਿਦਾਅ ਲੈਣ ਲਈ ਨੀਂਦ ਦੀਆਂ ਕਿੰਨੀਆਂ ਗੋਲੀਆਂ ਲੱਗਣਗੀਆਂ? ਪੰਜਾਹ? ਸੌ? ਪੰਜ ਸੌ? ਜਿੰਨੀਆਂ ਚਾਹੇਂ, ਲੈ ਸਕਦਾ ਏਂ। ਮੁਕਾ ਦੇ ਆਪਣੀ ਜ਼ਿੰਦਗੀ...।"



"ਅਬਰਾਰ!"

"ਹੋਰ ਨਈਂ ਤਾਂ ਕੀ। ਮਰਨਾ ਈ ਹੋਏ ਤਾਂ ਸਮੁੰਦਰ ਕਿਨਾਰੇ ਜਾਣ ਦੀ ਕੀ ਲੋੜ ਏ? ਇਸ ਕਮਰੇ 'ਚ ਵੀ ਤਾਂ ਸ਼ਾਂਤੀ ਨਾਲ ਮੌਤ ਆ ਸਕਦੀ ਏ। ਲੈਟਸ ਟਰਾਈ! ਕਮ ਆੱਨ...ਦੁਨੀਆ ਕੀ ਕਹੇਗੀ! ਬਸ! ਇਕ ਫ਼ਿਲਮ ਸਮਾਪਤ ਹੋ ਗਈ। ਗੁਰੂਦੱਤ ਮਰ ਗਿਆ। ਉਸ ਦਾ ਫਟੀਚਰ ਦੋਸਤ ਅਬਰਾਰ ਮਰ ਗਿਆ। ਇਸ ਦੇ ਇਲਾਵਾ ਹੋਰ ਕੀ ਸਵਾਹ ਕਹੇਗੀ ਦੁਨੀਆ? ਸਾਲੀਆਂ, ਕੀ ਕਿਸੇ ਦੀਆਂ ਫ਼ਿਲਮਾਂ ਨਈਂ ਪਿਟਦੀਆਂ? ਤੇਰੀ ਇਕ ਫ਼ਿਲਮ ਕੀ ਪਿਟ ਗਈ, ਤੂੰ ਜਾਨ ਦੇਣ 'ਤੇ ਉਤਾਰੂ ਹੋ ਗਿਆ...ਜਦਕਿ ਏਥੇ ਲੋਕ ਢੀਠਾਂ ਵਾਂਗ ਜਿਊਣ ਦੀ ਕੋਸ਼ਿਸ਼ ਕਰਦੇ ਨੇ। ਤੇਰੀ ਮਿਸਾਲ ਸਾਹਵੇਂ ਰੱਖ ਕੇ ਉਹਨਾਂ ਨੂੰ ਵੀ ਅਜਿਹੇ ਹਾਦਸੇ ਬਾਅਦ ਉਭਰਨ ਦਾ ਇਕ ਕਾਰਗਰ ਨੁਸਖਾ ਮਿਲ ਜਾਏਗਾ...ਫ਼ਿਲਮ ਪਿਟ ਗਈ ਤਾਂ ਸਮੁੰਦਰ ਜਾ ਡੁੱਬੋ...ਸਟੂਡੀਓ ਸਾੜ ਕੇ ਉਸਦੀ ਸਵਾਹ ਭਬੂਤੀ ਵਾਂਗ ਪਿੰਡੇ 'ਤੇ ਮਲ ਕੇ ਸ਼ਹਿਰ 'ਚ ਨੰਗੇ ਘੁੰਮੋ...ਬਸ...ਅਖ਼ੀਰ 'ਚ ਮੌਤ! ਯੂਜਲੈਸ!" ਅਬਰਾਰ ਨੇ ਹਿਰਖ ਕੇ ਦੋਵੇਂ ਪਿਆਲੇ ਖਿੜਕੀ ਵਿਚੋਂ ਬਾਹਰ ਸੁੱਟ ਦਿੱਤੇ।

ਗੁਰੂ ਬੜੀ ਧੀਮੀ ਆਵਾਜ਼ ਵਿਚ ਬੁੜਬੁੜਾਏ, "ਯਾਰ ਅਬਰਾਰ, ਆਪਣੀ ਅਗਲੀ ਫ਼ਿਲਮ ਦਾ ਨਾਂ 'ਚੌਦ੍ਹਵੀ ਕਾ ਚਾਂਦ' ਹੋਏਗਾ।" ਗੁਰੂ ਦੇ ਬੁੜਬੁੜਾਉਣ ਦੀ ਆਵਾਜ਼ ਉਹਨਾਂ ਦੋਵਾਂ ਦੇ ਇਲਾਵਾ ਹੋਰ ਕੋਈ ਨਹੀਂ ਸੁਣ ਸਕਿਆ।

ਗੁਰੂ ਨੇ 'ਪਿਆਸਾ' ਤੇ 'ਕਾਗਜ਼ ਕੇ ਫੂਲ' ਵਿਚ ਵਹੀਦਾ ਦੀ ਅਦਾਕਾਰੀ ਨਿਖਾਰੀ, 'ਚੌਦ੍ਹਵੀ ਕਾ ਚਾਂਦ' ਵਿਚ ਖ਼ੂਬਸੂਰਤੀ—ਤੇ ਬੜੀ ਦਲੇਰੀ ਨਾਲ, ਇਸੇ ਲਗਨ ਵਿਚ ਡੁੱਬੇ ਰਹੇ।

ਇਸ ਫ਼ਿਲਮ ਦੌਰਾਨ ਕੋਈ ਵਿਸ਼ੇਸ਼ ਤਣਾਅ ਨਹੀਂ ਸੀ। ਕਿਸੇ 'ਤੇ ਕੋਈ ਬੋਝ ਨਹੀਂ ਸੀ। ਗੁਰੂ ਖ਼ੁਦ ਵੀ ਥੋੜ੍ਹੀ-ਜਿਹੀ ਰਾਹਤ ਮਹਿਸੂਸ ਕਰਨ ਲੱਗੇ ਸਨ।

'ਚੌਦ੍ਹਵੀ ਕਾ ਚਾਂਦ' ਨੇ ਘਾਟੇ ਨੂੰ ਕਿਸੇ ਹੱਦ ਤਕ ਪੂਰਾ ਕਰਨ ਦਾ ਕੰਮ ਵੀ ਕੀਤਾ। ਗੁਰੂਦੱਤ ਫ਼ਿਲਮਜ਼ ਨੂੰ ਜਿਵੇਂ ਨਵੀਂ ਜ਼ਿੰਦਗੀ ਮਿਲ ਗਈ। ਲੋਕਾਂ ਨੇ ਭਾਵੇਂ ਜੋ ਵੀ ਸੋਚਿਆ ਹੋਏ, ਪਰ ਗੁਰੂਦੱਤ ਜ਼ਾਤੀ ਤੌਰ 'ਤੇ ਇਸ ਨੂੰ ਆਪਣੀ ਹਾਰ ਮੰਨਦੇ ਸਨ। ਉਹਨਾਂ ਨੂੰ ਦੁੱਖ ਸੀ ਤਾਂ ਇਹ ਕਿ ਉਹਨਾਂ ਦੀ ਅਸਲੀ ਪਸੰਦ ਦਰਸ਼ਕਾਂ ਦੇ ਮਨ ਮੁਤਾਬਿਕ ਨਹੀਂ ਹੁੰਦੀ। ਆਖ਼ਰ ਕਿਉਂ? ਗੁਰੂ ਧਸਦੇ ਜਾ ਰਹੇ ਸਨ। ਸੰਵੇਦਨਾਹੀਣ ਹੁੰਦੇ ਜਾ ਰਹੇ ਸਨ। ਅਬਰਾਰ ਦੇ ਲੱਖ ਮਨ੍ਹਾਂ ਕਰਨ 'ਤੇ ਵੀ ਗੁਰੂਦੱਤ ਨੇ 'ਸਾਹਿਬ, ਬੀਵੀ ਔਰ ਗ਼ੁਲਾਮ' ਦਾ ਬੋਝ ਉਹਨਾਂ ਦੇ ਸਿਰ 'ਤੇ ਲੱਦ ਦਿੱਤਾ।

'ਸਾਹਿਬ, ਬੀਵੀ ਔਰ ਗ਼ੁਲਾਮ' ਦੇ ਨਿਰਮਾਣ ਵਿਚ ਗੁਰੂਦੱਤ ਦੀ ਕਲਪਨਾ ਦੀ ਉਡਾਨ ਤੇ ਕਲਾਤਮਿਕ ਰੁਚੀ ਦੇ ਯਥਾਰਥ ਤੇ ਉੱਚਤਾ ਨੇ ਸੁਹਿਰਦ ਦਰਸ਼ਕਾਂ ਦੇ ਦਿਲ ਨੂੰ ਛੂਹਣ ਦਾ ਇਕ ਹੋਰ ਸਫਲ ਯਤਨ ਕੀਤਾ। ਅਮੀਰੀ ਦਾ ਝੱਲ, ਆਰਾਮ ਪ੍ਰਸਤ ਪ੍ਰਵਿਰਤੀ ਤੇ ਪਤਨ ਮੂੰਹੀਂ ਜ਼ਿਮੀਂਦਾਰੀ ਦੀ ਬੰਗਲਾ ਕਹਾਣੀ ਦੇ ਹਰੇਕ ਪੱਖ ਉੱਤੇ ਉਹਨਾਂ ਡਟ ਕੇ ਮਿਹਨਤ ਮਾਰੀ ਤੇ ਉਸਨੂੰ ਫ਼ਿਲਮ ਦੀ ਕੁਠਾਲੀ ਵਿਚ ਢਾਲ ਦਿੱਤਾ। ਦਿੱਗਦਰਸ਼ਕ ਦੇ ਤੌਰ 'ਤੇ ਅਬਰਾਰ ਅਲਵੀ ਦਾ ਨਾਂ ਭਾਵੇਂ ਲਿਖਵਾਇਆ ਗਿਆ ਹੋਏ, ਫ਼ਿਲਮ ਦੀ ਕਲਾਤਮਿਕਤਾ ਦੀ ਜੜ੍ਹ ਵਿਚ ਲੁਕੇ ਗੁਰੂਦੱਤ ਨੂੰ ਲੱਭ ਲੈਣ ਵਿਚ ਦਰਸ਼ਕਾਂ ਨੂੰ ਜ਼ਿਆਦਾ ਖੇਚਲ ਨਹੀਂ ਹੋਈ।

'ਸਾਹਿਬ, ਬੀਵੀ ਔਰ ਗ਼ੁਲਾਮ' ਦੀ ਚੋਖੀ ਸਫ਼ਲਤਾ ਨਾਲ ਗੁਰੂਦੱਤ ਫ਼ਿਲਮਜ਼ ਦੇ ਹਰੇਕ ਸਹਿਯੋਗੀ ਨੂੰ ਸਕੂਨ ਮਿਲ ਗਿਆ ਸੀ। 'ਆਰਟ ਫ਼ਿਲਮ' ਦਾ ਸਵਾਗਤ ਵੀ ਓਨੀ ਹੀ ਮੁਸਤੈਦੀ ਨਾਲ ਹੋ ਸਕਦਾ ਹੈ—ਇਸ ਗੱਲ ਦਾ ਦ੍ਰਿੜ੍ਹ ਵਿਸ਼ਵਾਸ ਉਹਨਾਂ ਦੇ ਮਨ ਵਿਚ ਪੈਦਾ ਹੋਇਆ।

ਪਰ ਗੁਰੂ ਅਜੇ ਵੀ ਦੁਚਿੱਤੀ ਦੀ ਦਸ਼ਾ ਵਿਚ ਹੀ ਸਨ।

'ਪਿਆਸ' ਚੱਲਦੀ ਹੈ। 'ਸਾਹਿਬ, ਬੀਵੀ ਔਰ ਗ਼ੁਲਮ' ਵੀ ਚੱਲਦੀ ਹੈ। ਸਿਰਫ਼ 'ਕਾਗਜ਼ ਕੇ ਫੂਲ' ਹੀ ਨਹੀਂ ਚੱਲਦੀ ? ਆਖ਼ਰ ਕਿਉਂ ?

ਉਹਨਾਂ ਦੀਆਂ ਸਾਰੀਆਂ ਫ਼ਿਲਮਾਂ ਫੇਲ੍ਹ ਹੋ ਜਾਂਦੀਆਂ ਤਾਂ ਵੀ ਉਹਨਾਂ ਨੂੰ ਓਨਾਂ ਦੁੱਖ ਨਾ ਹੁੰਦਾ, ਪਰ 'ਕਾਗਜ਼ ਕੇ ਫੂਲ' ਨੂੰ ਹਿੱਟ ਹੋ ਜਾਣਾ ਚਾਹੀਦਾ ਸੀ। ਇਹ ਇਕ ਮੰਦ-ਭਾਗਾ ਸੰਯੋਗ ਹੀ ਸੀ ਕਿ ਉਸ ਵਿਚ ਉਹਨਾਂ ਦੀ ਜ਼ਿੰਦਗੀ ਦੀ ਹਕੀਕਤ ਨੇ ਹੀ ਸੈਲਯੂਲਾਈਟ ਦਾ ਰੂਪ ਧਾਰਨ ਕਰ ਲਿਆ ਸੀ। ਉਹਨਾਂ ਦੀ ਨਿੱਜੀ ਜ਼ਿੰਦਗੀ ਦਾ ਘਟਨਾ-ਚੱਕਰ ਵੀ ਐਨ ਓਵੇਂ ਹੀ ਚੱਲ ਰਿਹਾ ਸੀ, ਜਿਵੇਂ ਫ਼ਿਲਮ ਵਿਚ ਫ਼ਿਲਮਾਇਆ ਹੋਇਆ ਸੀ। ਆਏ ਦਿਨ ਗੁਰੂਦੱਤ 'ਕਾਗਜ਼ ਕੇ ਫੂਲ' ਦੇ ਦ੍ਰਿਸ਼ਾਂ ਦੇ ਨਾਲ ਅਤੀਤ ਤੇ ਭਵਿੱਖ ਨੂੰ ਪਿਆਲੇ ਦੀਆਂ ਰੰਗੀਨ ਪਾਰਦਰਸ਼ੀ ਰੌਸ਼ਨੀਆਂ ਦੇ ਆਰਪਾਰ ਦੇਖਣ ਦੀ ਅਸਫਲ ਕੋਸ਼ਿਸ਼ ਕਰਨ ਲੱਗੇ ਸਨ। ਅੱਜ ਦਾ ਦਿਨ ਬੀਤਿਆ। ਅੱਜ ਦੀ ਰਾਤ ਗਈ। ਕੱਲ੍ਹ ਦੇ ਪੇਡੂ 'ਚ ਕਿਹੜੀ ਉਥਲ-ਪੁਥਲ ਹੈ ?

'ਕਾਗਜ਼ ਕੇ ਫੂਲ' ਵਾਂਗ ਹੀ ਉਹਨਾਂ ਦੀ ਗ੍ਰਹਿਸਤੀ ਖਿੰਡ-ਪੁੰਡ ਗਈ ਸੀ। 'ਕਾਗਜ਼ ਕੇ ਫੂਲ' ਵਾਂਗ ਹੀ ਪਿਆਲੇ ਨਾਲ ਉਹਨਾਂ ਦੀ ਨੇੜਤਾ ਦਿਨੋਂ-ਦਿਨ ਗ਼ੈਰ-ਜ਼ਰੂਰੀ ਤੌਰ 'ਤੇ ਵਧਦੀ ਜਾ ਰਹੀ ਸੀ।

ਭਾਵੀ ਵਾਰ ਕਰਦੀ ਰਹੀ। ਗੁਰੂਦੱਤ ਭੁਰਦੇ, ਖੁਰਦੇ ਰਹੇ। ਇਕ ਅਣਜਾਣ ਭੈ ਲਗਾਤਾਰ ਉਹਨਾਂ ਦੇ ਖ਼ੂਨ ਨੂੰ ਪਾਣੀ ਵਿਚ ਬਦਲਦਾ ਰਿਹਾ। ਉਹਨਾਂ ਨੂੰ ਪਤਾ ਸੀ ਕਿ 'ਕਾਗਜ਼ ਕੇ ਫੂਲ' ਦੀਆਂ ਵਚਿੱਤਰ ਘਟਨਾਵਾਂ ਦੇਰ-ਸਵੇਰ ਯਥਾਰਥ ਦੀ ਧਰਤ ਉੱਤੇ ਯਕੀਨਨ ਉਜਾਗਰ ਹੋਣ ਵਾਲੀਆਂ ਨੇ। ਅਜੇ ਤਾਂ ਮੈਂ ਖੜ੍ਹਾ ਰਹਿ ਸਕਦਾ ਹਾਂ। ਅਜੇ ਮੇਰੇ ਪੈਰਾਂ ਵਿਚ ਜਾਨ ਹੈ। ਦਿਮਾਗ਼ ਠਿਕਾਣੇ ਸਿਰ ਹੈ। ਹਾਰ ਨੂੰ ਜਜ਼ਬ ਕਰਨ ਦੀ ਤਾਕਤ ਦਿਲ ਵਿਚ ਹੈ, ਪਰ ਆਖ਼ਰ ? ਕੀ ਅਖ਼ੀਰ ਤਕ ਇਹੋ ਸਥਿਤੀ ਰਹੇਗੀ ? ਇਸ ਦਾ ਕੋਈ ਜਵਾਬ ਉਹਨਾਂ ਕੋਲ ਨਹੀਂ ਸੀ।

## ਅੱਠ

ਅੰਦਰ ਦਮ ਘੁਟਨ ਲੱਗਾ ਸੀ ਇਸ ਲਈ ਉਹ ਦੋਵੇਂ ਗੈਲਰੀ ਵਿਚ ਆ ਗਏ। ਭਰਪੂਰ ਨਿੱਖਰੇ ਆਸਮਾਨ ਉੱਤੇ ਗੁਰੂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਸਨ। ਮੱਥੇ ਉੱਤੇ ਸਿਲਵਟਾਂ। ਅਬਰਾਰ ਨੇ ਉਹਨਾਂ ਦੇ ਪਿਆਲੇ ਵਿਚ ਬਰਫ਼ ਦਾ ਇਕ ਟੁਕੜਾ ਪਾ ਦਿੱਤਾ। ਇਹਨੀਂ ਦਿਨੀਂ ਗੁਰੂ ਦੇ ਮੂੰਹ ਨੂੰ ਜਿੰਦਰੇ ਲੱਗੇ ਹੋਏ ਸਨ। 'ਸਾਹਿਬ, ਬੀਵੀ ਔਰ ਗ਼ੁਲਮ' ਦੇ ਬਾਅਦ ਉਹਨਾਂ ਨੇ 'ਰਾਜ਼' ਸ਼ੁਰੂ ਕੀਤੀ ਸੀ। ਲਗਭਗ ਦਸ ਰੀਹਲਾਂ ਪੂਰੀਆਂ ਹੋ ਗਈਆਂ ਸਨ। ਕਿਸੇ ਜ਼ਮਾਨੇ ਵਿਚ ਉਹਨਾਂ 'ਵੂਮਨ ਇਨ ਵ੍ਹਾਈਟ' ਨਾਮਕ ਅੰਗਰੇਜ਼ੀ ਨਾਵਲ ਪੜ੍ਹਿਆ ਸੀ। 'ਰਾਜ਼' ਦੀ ਪ੍ਰੇਰਨਾ ਉਹਨਾਂ ਨੂੰ ਇਸੇ ਨਾਵਲ ਤੋਂ ਮਿਲੀ ਸੀ। ਪਰ ਪਤਾ ਨਹੀਂ ਕਿਉਂ, ਗੁਰੂਦੱਤ ਆਪਣੇ ਆਪ ਨੂੰ 'ਰਾਜ਼' ਤੋਂ ਵੱਖਰਾ ਰੱਖਣ ਦੀ ਵੱਧ ਤੋਂ ਵੱਧ ਕੋਸ਼ਿਸ਼ ਕਰਨ ਲੱਗੇ ਸਨ। ਸੁਨੀਲ ਦੱਤ ਤੇ ਵਹੀਦਾ ਰਹਿਮਾਨ ਨਾਲ ਵੀ ਉਹਨਾਂ ਦੀ ਇਹ ਗੁੱਥੀ ਨਹੀਂ ਸੀ ਸੁਲਝ ਰਹੀ। ਦਿਨ ਬੀਤਦੇ ਜਾ ਰਹੇ ਸਨ ਤੇ ਗੁਰੂ ਕੁਝ ਵਧੇਰੇ ਹੀ ਗੁੰਮਸੁੰਮ ਤੇ ਨਿਰਲੇਪ ਰਹਿਣ ਲੱਗ ਪਏ ਸਨ। ਉਹਨਾਂ ਦੇ ਇਸ ਰਵੱਈਏ ਕਰਕੇ ਅਬਰਾਰ ਵੀ ਫ਼ਿਕਰਮੰਦ ਸਨ।

"ਗੁਰੂ !"



"ਹਾਂ ਦੋਸਤ, ਹੁਣ ਜ਼ਿੰਦਗੀ 'ਚ ਕੋਈ ਲੁਤਫ਼ ਨਈਂ ਰਿਹਾ। ਮੈਂ ਤਾਂ ਅੱਕ ਚੁੱਕਿਆਂ। ਤੇ ਫੇਰ ਇਹ ਫ਼ਿਲਮ ਵੀ ਬੜੀ ਲਚਰ ਏ। ਹੋਪਲੈਸ !"

"ਕੀ ?"

"ਹੋਰ ਨਈਂ ਤਾਂ ਕੀ ? ਤੂੰ ਰਸ਼ੇਜ ਦੇਖੀ ਐ ?"

"ਦੇਖ ਐ। ਠੀਕ ਏ। ਹੁਣ ਅੱਧੀ ਫ਼ਿਲਮ ਪੂਰੀ ਹੋ ਚੁੱਕੀ ਏ। ਪ੍ਰੋਡਿਊਸਰਜ ਨੇ ਐਡਵਾਂਸ ਦੇ ਦਿੱਤੇ ਨੇ।"

"ਕੱਲ੍ਹ ਐਡਵਾਂਸ ਵਾਪਸ ਕਰ ਦਿਓ।" ਗੁਰੂਦੱਤ ਨੇ ਅਲਸਾਈ ਹੋਈ ਸੁਰ ਵਿਚ ਕਿਹਾ।

"ਕੀ ?"

"ਬੰਦ ਕਰ ਦਿਆਂਗੇ ਕਾਰੋਬਾਰ। ਆਪਣੀ ਪੜਤ ਮਰਦੀ ਐ ਤਾਂ ਇਵੇਂ ਸਹੀ...।"

"ਈਡੀਅਟ, ਤੈਨੂੰ ਵੀਹ ਵਾਰੀ ਕਿਹੈ ਬਈ ਨਿੱਜੀ ਜ਼ਿੰਦਗੀ ਨੂੰ ਕਾਰੋਬਾਰ ਨਾਲ ਨਾ ਜੋੜਿਆ ਕਰ। ਤੇਰਾ ਮੂਡ ਨਈਂ ਤਾਂ ਹਫ਼ਤੇ-ਦੋ ਹਫ਼ਤਿਆਂ ਲਈ ਕੰਮ ਰੋਕ ਦੇਨੇ ਆਂ—ਪਰ ਫ਼ਿਲਮ ਨੂੰ ਅਧੂਰੀ ਨਾ ਰਹਿਣ ਦੇ। ਇਟ ਇਜ਼ ਡੇਂਜਰਸ।"

"ਸ਼ਟਅਪ !" ਗੁਰੂ ਨੇ ਆਸੋਂ ਵੱਧ ਉੱਚੀ ਆਵਾਜ਼ ਵਿਚ ਕਿਹਾ। ਅਬਰਾਰ ਤਾੜ ਗਏ ਕਿ ਹੁਣ ਜ਼ਿਆਦਾ ਜ਼ੋਰ ਪਾਉਣਾ ਬੇਕਾਰ ਹੈ। ਉਹ ਖਿਝ ਕੇ ਅੰਦਰ ਚਲੇ ਗਏ।

ਗੁਰੂ ਨੇ ਫੇਰ ਇਕ ਵਾਰ ਸ਼ੂੰਨ 'ਚ ਨਜ਼ਰਾਂ ਗੱਡ ਲਈਆਂ। ਹੇਠੋਂ ਖੰਘੂਰੇ ਦੀ ਆਵਾਜ਼ ਆਉਣ 'ਤੇ ਗੈਲਰੀ 'ਚੋਂ ਝੁਕ ਕੇ ਦੇਖਿਆ। ਅਬਰਾਰ ਅਲਵੀ ਗੱਡੀ ਰਿਵਰਸ ਕਰਕੇ ਬੰਗਲੇ 'ਚੋਂ ਬਾਹਰ ਨਿਕਲ ਰਹੇ ਸਨ।

## ਨੌਂ

"ਭਾਬੀ, ਮੈਂ ਤੁਹਾਨੂੰ ਕਈ ਵਾਰ ਅਰਜ਼ ਕਰ ਚੁੱਕਿਆਂ ਬਈ ਉਹਨਾਂ ਦੀਆਂ ਨਜ਼ਦੀਕੀਆਂ ਨੂੰ ਕਾਰਨ ਬਣਾ ਕੇ ਤੁਸੀਂ ਆਪਣੀ ਹੀ ਤਬਾਹੀ ਨੂੰ ਨਿਓਤਾ ਦੇ ਰਹੇ ਓ। ਮੈਂ ਇਕ ਵਾਰ ਫੇਰ ਤੁਹਾਨੂੰ ਦੱਸ ਦੇਣਾ ਚਾਹੁੰਦਾ ਆਂ ਕਿ ਗੁਰੂ ਵਹੀਦਾ ਨੂੰ ਪਿਆਰ ਕਰਦੇ ਨੇ। ਉਹਨਾਂ 'ਚ ਮਮਤਾ ਈ ਵੱਧ ਏ। ਦਸ ਸਾਲ ਦਾ ਬੱਚਾ ਵੀ ਸਲੇਟ 'ਤੇ ਲਿਖੇ ਆਪਣੇ ਟੇਢੇ-ਮੇਢੇ ਸ਼ਬਦਾਂ ਨੂੰ ਦੇਖ ਕੇ ਬੜਾ ਖ਼ੁਸ਼ ਹੋ ਜਾਂਦਾ ਏ। ਉਹਨਾਂ ਨਾਲ ਉਸਨੂੰ ਮੋਹ ਹੋ ਜਾਂਦਾ ਏ। ਏਥੇ ਤਾਂ ਗੁਰੂ ਨੇ ਇਕ ਸ਼ਾਨਦਾਰ ਕਲਾ-ਕਿਰਤ ਬਣਾਈ ਏ।"

"ਮਤਲਬ ਤੁਸੀਂ ਇਹ ਕਹਿਣਾ ਚਾਹੁੰਦੇ ਓ...ਜਸਟ ਅ ਪੈਟ੍ਰਨਾਈਜ਼ਿੰਗ ਲਵ ?"

"ਬੇਸ਼ੱਕ।...ਪਰ ਭਾਬੀ, ਉਸ ਦੀਆਂ ਵੀ ਸੀਮਾਵਾਂ ਨੇ। ਉਸ ਦੀ ਆਤਮਾ ਸ਼ੀਸ਼ੇ ਵਾਂਗ ਪਾਰਦਰਸ਼ੀ ਏ। ਮਨ ਆਪਣੇ ਨਿਰਮਾਣ 'ਤੇ ਰੀਝਿਆ ਹੋਇਆ ਏ, ਵਹੀਦਾ ਅੰਦਰਲੀ ਔਰਤ 'ਤੇ ਨਈਂ।"

"ਇਸੇ ਦੇ ਭਰੋਸੇ ਤਾਂ ਮੈਂ ਅੱਜ ਤਕ ਜਿਊਂ ਰਹੀ ਆਂ...ਪਰ ਜੇ ਇਹ ਜਿਊਂਦਾ ਰਹਿਣਾ ਵੀ ਰੜਕਣ ਲੱਗੇ, ਫੇਰ ? ਪਿੱਛੇ-ਜਿਹੇ ਅਸੀਂ ਬੱਚਿਆਂ ਨਾਲ ਲੋਨਾਵਲਾ ਗਏ ਸੀ। ਰੋਜ਼-ਰੋਜ਼ ਦੀ ਇਸ ਚਖ-ਚਖ ਤੇ ਵਿਅੰਗ-ਵਾਕਾਂ ਭਰੀ ਦਲਦਲ ਤੋਂ ਪਾਸੇ ਰਹਿ ਕੇ ਸੁਖ ਦਾ ਸਾਹ ਲੈਣ ਦੀ ਇੱਛਾ ਨਾਲ ਲੋਨਾਵਲਾ ਜਾਣ ਦਾ ਫ਼ੈਸਲਾ ਮੈਂ ਈ ਕੀਤਾ ਸੀ...ਪਰ ਅਖ਼ੀਰ ਓਹੀ ਹੋਇਆ...।"

"ਮੈਨੂੰ ਪਤਾ ਏ। ਗੁਰੂ ਨੇ ਦੱਸਿਆ ਸੀ।"

"ਕੀ ਦੱਸਿਆ ਸੀ?"

"ਇਹੀ ਕੁਛ ਕਹਾ-ਸੁਣੀ ਹੋ ਗਈ ਤੇ ਤੁਸੀਂ ਸਾਰੇ ਵਾਪਸ ਆ ਗਏ।"

ਗੀਤਾ ਦੀ ਬੁਝੀ-ਬੁਝੀ ਜਿਹੀ ਹਾਸੀ 'ਚ ਅਬਰਾਰ ਨੂੰ ਡਾਢੀ ਕੁਸੈਲ ਦਾ ਅਹਿਸਾਸ ਹੋਇਆ ਤੇ ਉਹ ਠਠੰਬਰ ਗਿਆ।

"ਏਨਾ ਆਸਾਨ ਨਈਂ, ਅਬਰਾਰ ਭਾਈ, ਜਿਊਂਦੇ ਰਹਿਣਾ ਏਨਾ ਆਸਾਨ ਨਈਂ। ਏਥੇ ਅਹੁਤੀ ਦਿੱਤੇ ਬਿਨਾਂ ਕੋਈ ਵੀ ਸੁਪਨਾ ਪੂਰਾ ਨਈਂ ਹੁੰਦਾ। ਮੈਂ ਆਪਣੀ ਅਹੁਤੀ ਦਿੱਤੀ, ਫੇਰ ਵੀ ਮੇਰੇ ਸੁਪਨੇ ਖਿੱਲਰ ਗਏ। ਮੈਂ ਬਦਕਿਸਮਤ ਆਂ। ਹੁਣ ਤੁਹਾਡੇ ਸਾਹਬ ਦੀ ਵਾਰੀ ਐ। ਲੋਨਾਵਲਾ 'ਚ ਅਣਜਾਣੇ ਈ ਮੇਰੇ ਮੂੰਹੋਂ ਨਿਕਲ ਗਿਆ ਸੀ। ਮੇਰੇ ਦਿਲ 'ਚ ਕੋਈ ਖੋਟ ਨਈਂ ਸੀ। ਮੈਂ ਤਾਂ ਦੱਤ ਸਾਹਬ ਨੂੰ ਸਿਰਫ਼ ਸੁਚੇਤ ਕਰਨਾ ਚਾਹੁੰਦੀ ਸੀ। ਉਹਨਾਂ ਨੂੰ ਜਗਾਉਣਾ ਚਾਹੁੰਦੀ ਸੀ, ਪਰ ਉਹ ਗ਼ਲਤ-ਫਹਿਮੀ ਦੇ ਸ਼ਿਕਾਰ ਹੋ ਗਏ। ਤੇ ਇਸ ਪਿੱਛੋਂ ਬਹਿਸ, ਇਲਜ਼ਾਮ, ਕਿਹਾ-ਸੁਣੀ ਵਗ਼ੈਰਾ ਦਾ ਦੌਰ ਸ਼ੁਰੂ ਹੋ ਗਿਆ। ਪਿਆਲੇ 'ਚ ਡੁੱਬਣ ਦਾ ਸਿਲਸਿਲਾ ਮੁੜ ਤੋਂ ਸ਼ੁਰੂ ਹੋ ਗਿਆ।"

"ਕਾਰਨ?"

"ਉਹੀ...ਤੁਹਾਡੀ ਉਹ ਮਹਾਨ ਰਚਨਾ...ਜਿਊਂਦਾ ਰਹਿਣ ਦਾ ਜਰੀਆ...ਪਰਦੇ 'ਤੇ ਪ੍ਰਤਿਭਾ ਤੇ ਖੁਸ਼ੀਆਂ-ਖੇੜੇ ਖਿਲਾਰਦੀ ਚਾਂਦਨੀ ਵਗ਼ੈਰਾ-ਵਗ਼ੈਰਾ। ਸੱਚ ਆਖਾਂ ਉਹ ਮੇਰੇ ਆਪਣੇ ਹੋਣ ਕਰਕੇ ਮੈਂ ਹਰ ਕਦਮ ਸੋਚ-ਸੋਚ ਕੇ ਪੁੱਟਿਆ ਏ...ਕੋਈ ਹੋਰ ਹੁੰਦਾ ਤਾਂ ਮੈਂ ਕਦੋਂ ਦਾ ਬਦਲ ਲੈ ਲਿਆ ਹੁੰਦਾ।"

"..."

"ਅਬਰਾਰ ਭਾਈ, ਏਨਾ ਸਭ ਕਹਿਣ ਦੇ ਬਾਵਜੂਦ ਤੁਸੀਂ ਸਮਝ ਨਈਂ ਸਕੇ, ਇਸ ਦਾ ਮਤਲਬ ਇਹ ਹੋਇਆ ਕਿ ਤੁਸੀਂ ਵੀ ਆਪਣੇ ਸਾਹਬ ਵਾਂਗ ਈ ਬੇਵਕੂਫ਼ ਓ।"

"ਵਹੀਦਾ...ਕਿਓਂ, ਕੀ ਹੋਇਆ?" ਇਕ ਅਸਪੱਸ਼ਟ ਜਿਹਾ ਅਹਿਸਾਸ ਉਹਨਾਂ ਨੂੰ ਹੋ ਗਿਆ।

"ਵਹੀਦਾ...!!" ਅਬਰਾਰ ਪਸੀਨੇ 'ਚ ਤਰ-ਬਤਰ ਹੋਣ ਲੱਗੇ ਸਨ, ਜਿਵੇਂ ਤੇਜ਼ ਬਾਰਿਸ਼ 'ਚ ਕਿਸੇ ਰੁੱਖ ਹੇਠ ਖੜ੍ਹੇ ਹੋਣ।

"ਹਾਂ ਅਬਰਾਰ ਭਾਈ, ਵਹੀਦਾ ਹੁਣ ਗੁਰੂਦੱਤ ਫ਼ਿਲਮਸ ਦੇ ਇਲਾਵਾ ਦੂਜੇ ਕਾਂਟਰੈਕਟ ਸਾਈਨ ਕਰਨ ਬਾਰੇ ਸੋਚ ਰਹੀ ਏ।"

"ਕੀ...?" ਅੱਗੇ ਵਧ ਕੇ ਗੀਤਾ ਨੇ ਉਹਨਾਂ ਨੂੰ ਸਹਾਰਾ ਨਾ ਦਿੱਤਾ ਹੁੰਦਾ ਤਾਂ ਉਹ ਲਾਜ਼ਮੀ ਤਿਪਾਈ 'ਤੇ ਡਿੱਗ ਪੈਂਦੇ।

"ਬੇਸ਼ੱਕ। ਹੁਣ ਉਹਨਾਂ ਨੂੰ ਆਤਮ-ਅਹੁਤੀ ਦੇਣ ਲਈ ਤਿਆਰ ਹੋਣਾ ਪਏਗਾ। ਸਟੇਡੀ...ਸਟੇਡੀ।" ਉੱਖੜੇ ਹੋਏ ਸਾਹਾਂ ਤੋਂ ਨਿਜਾਤ ਪਾਉਣ ਲਈ ਅਬਰਾਰ ਨੇ ਸਕਾੱਚ ਦਾ ਡਰਾਈ ਪੈਗ ਅੰਦਰ ਸੁੱਟ ਲਿਆ।

"ਕੀ ਮੈਂ ਉਹਨਾਂ ਨੂੰ ਸੁਚੇਤ ਕਰਕੇ ਕੋਈ ਭੁੱਲ ਕੀਤੀ ਏ?"

"ਨਈਂ...ਪਰ ਵਹੀਦਾ? ਤੁਹਾਨੂੰ ਕਿਸ ਨੇ ਦੱਸਿਆ?"

"ਖ਼ੈਰ, ਛੱਡੋ ਵੀ। ਆਪਣੀ ਇੰਡਸਟਰੀ ਵਿਚ ਰਾਤੋ-ਰਾਤ ਆਦਮੀ ਵੱਡਾ ਬਣ ਜਾਂਦਾ



ਏ...ਮਿੰਟਾਂ 'ਚ ਸਭ ਕੁਛ ਭੁੱਲ ਜਾਂਦਾ ਏ। ਦੱਤ ਸਾਹਬ ਵੱਡੇ ਬਣ ਗਏ, ਉਹਨਾਂ ਮੈਨੂੰ ਭੁਲਾਅ ਦਿੱਤਾ। ਹੁਣ ਉਹ ਵੱਡੀ ਬਣ ਗਈ ਏ ਤੇ...! ਚਲਦਾ ਈ ਏ। ਉਲਝਣਾਂ ਤੇ ਗੁੱਥੀਆਂ ਦਾ ਇਕ ਦੌਰ ਖ਼ਤਮ ਹੋ ਰਿਹੈ।"

ਅਬਰਾਰ ਨੇ ਇਕ ਹੋਰ ਘੁੱਟ ਗਲ਼ੇ 'ਚੋਂ ਹੇਠ ਲੰਘਾਇਆ।

—ਦੌਰ ਖ਼ਤਮ ਹੋ ਰਿਹਾ ਏ। ਦਿਨ ਦੇ ਬਾਅਦ ਰਾਤ, ਰਾਤ ਦੇ ਬਾਅਦ ਦਿਨ। ਸਿਲਸਿਲਾ ਖ਼ਤਮ ਹੋਣ ਵਾਲਾ ਏ। ਗੀਤਾ ਦੇ ਬਾਅਦ ਵਹੀਦਾ...ਵਹੀਦਾ ਦੇ ਬਾਅਦ ਫੇਰ ਗੀਤਾ। ਮਾੜੇ ਚੱਕਰਾਂ ਦੇ ਇਸ ਭੰਵਰ ਵਿਚ ਗੁਰੂਦੱਤ ਫਸੇ ਹੋਏ ਨੇ। ਫ਼ਰਕ ਏਨਾਂ ਈ ਏ ਕਿ ਰਾਤ ਤੇ ਦਿਨ ਦਾ ਸਿਲਸਿਲਾ ਸਾਰਥਕ ਏ, ਅਟੱਲ ਏ, ਲਾਜ਼ਮੀ ਏ, ਪਰ ਏਥੇ ਕੀ ਏ? ਗੀਤਾ-ਵਹੀਦਾ ਦੇ ਬਾਅਦ? ਉਸ ਤੋਂ ਬਾਅਦ ਕੁਝ ਵੀ ਨਈਂ, ਨਾ ਗੀਤਾ ਏ, ਨਾ ਵਹੀਦਾ ਈ। ਇਹ ਸਿਲਸਿਲਾ ਆਪਣੇ-ਆਪ ਨਾਕਾਮ, ਅਸਰ-ਹੀਣ ਬਣ ਜਾਏਗਾ। ਉਸ ਦੀ ਗਤੀ ਧੀਮੀ ਪੈ ਜਾਏਗੀ। ਅੱਖਾਂ 'ਚ ਹਨੇਰਾ ਸਮੇਟੀ ਮੇਰੇ ਗੁਰੂਦੱਤ ਇਕ ਅਸਹਿ, ਬੇਬਸ ਚੀਕ ਦੇ ਜ਼ਰੀਏ ਆਪਣੀ ਹੋਂਦ ਦਾ ਅਹਿਸਾਸ ਕਰਾਉਣ ਦੀ ਅਸਫਲ ਕੋਸ਼ਿਸ਼ ਕਰਨਗੇ।

—ਇਹ ਸਿਲਸਿਲਾ ਟੁੱਟ ਜਾਏਗਾ...ਫ਼ੇਰ? ਇਕ ਅੱਧੀ ਭੀਗੀ-ਭੀਗੀ ਰਾਤ...ਸੁਨਸਾਨ ਕਿਨਾਰਾ...ਪਿੰਡੇ ਨੂੰ ਚੁਭਣ ਵਾਲੇ ਖੁਰਦਰੇ ਰੇਤ ਕਣ...ਹਰ ਪਲ ਧੱਫਿਆਂ ਨਾਲ ਉਹਨਾਂ ਨੂੰ ਨਿਢਾਲ ਕਰਦੀਆਂ ਲਹਿਰਾਂ...ਸੁਲਗਦੇ ਹੋਏ ਜ਼ਖ਼ਮ...ਨਮਕੀਨ ਪਾਣੀ ਦੀ ਚੁਭਣ...ਵਿਸ਼ੇਸ਼ 'ਘੜੀ' ਦੀ ਉਡੀਕ ਕਰਦਾ ਹੋਇਆ ਇਕ ਨਿਗੁਣਾ-ਜਿਹਾ ਮਨੁੱਖ...ਉਸ ਨੂੰ ਆਪਣੀ ਬੁੱਕਲ 'ਚ ਸਮੇਟ ਲੈਣ ਲਈ ਬੇਚੈਨ ਲਹਿਰਾਂ!

—ਰੇਤ ਵਿਚ ਪੁੱਟੀ ਸੰਵੇਦਨਹੀਣ ਕਬਰ! ਜ਼ਖ਼ਮੀ ਦੇਹ 'ਤੇ ਪਰਤ-ਦਰ-ਪਰਤ ਚੜ੍ਹਨ ਵਾਲੀ ਰੇਤ। ਅੱਖਾਂ ਸਾਹਵੇਂ ਇਕ ਅਜੀਬ ਜਿਸਮ ਦੀ ਵੀਰਾਨੀ। ਉੱਥੇ ਨਾ ਕਿਸੇ ਦੀ ਆਹਟ ਏ, ਨਾ ਕਿਸੇ ਦੀ ਚੀਕ-ਪੁਕਾਰ, ਨਾ ਹੱਥ ਫੜ ਕੇ ਖਿੱਚ ਲੈਣ ਵਾਲੀ ਕੋਈ ਖਿੱਚ।

—ਗੁਰੂਦੱਤ ਨੂੰ ਹਨੇਰੇ ਨਾਲ ਬੜਾ ਪਿਆਰ ਏ...ਦਿਨ ਦੇ ਚਾਨਣ ਵਿਚ ਵੀ ਉਸ ਹਨੇਰੇ ਵਿਚ ਮੂੰਹ ਲੁਕਾ ਲੈਣ ਦੀ ਤੀਬਰ ਲਾਲਸਾ...ਕਿਉਂ? ਇਸ ਲਈ ਕਿ ਇਹ ਦੁਨੀਆ ਈ ਚਿੱਟੀ-ਕਾਲੀ ਏ...ਪਰਦੇ 'ਤੇ ਉਘੜਨ ਵਾਲੇ ਉਹਨਾਂ ਰੰਗਾਂ ਦੇ ਇਲਾਵਾ, ਹੱਸਣ-ਹਸਾਉਣ ਵਾਲੇ ਰੰਗਾ ਤੋਂ ਉਹਨਾਂ ਨੂੰ ਪ੍ਰਹੇਜ਼ ਹੈ। ਓਹ ਓਸੇ ਅੰਦਾਜ਼ ਵਿਚ ਗੱਲ ਕਰਦੇ ਨੇ...ਬੁਲਵਾਉਣ ਦਾ ਅੰਦਾਜ਼ ਵੀ ਉਹੀ ਏ...ਢਾਈ ਘੰਟੇ ਬਿਤਾਉਣ ਲਈ ਆਉਣ ਵਾਲੇ 'ਲੱਲੂਆਂ' ਦੀ ਖ਼ਾਤਰ ਉਸ ਕਾਲਖ਼ ਦੀ ਕਲੱਤਣ ਵਿਚ ਵਰ੍ਹਿਆਂ ਬੱਧੀ ਭੌਂਦੇ ਰਹੇ ਨੇ। ਆਖ਼ਰ ਕਿਉਂ? ਆਪਣੇ ਭਵਿੱਖ ਦੀ ਵਿਛਾਈ ਦੀ ਨੁਮਾਇਸ਼ ਕਰਨ ਦੀ ਅਥਾਹ ਇੱਛਾ ਉਹਨਾਂ ਦੇ ਮਨ ਵਿਚ ਏ...ਇਕ ਕਹਾਣੀ ਅਣਜਾਣ ਲੋਕਾਂ ਤਕ ਪਹੁੰਚਾਉਣ ਦੀ ਖੁਮਾਰੀ ਏ। ਵਿਹਾਰ, ਸਫਲਤਾ, ਅਸਫਲਤਾ, ਜਿੱਤ-ਹਾਰ ਆਦਿ ਸਭ ਕਾਸੇ ਨੂੰ ਉਸ ਕਾਲੋਂ ਵਿਚ ਡੁਬੋ ਕੇ ਇਹ ਆਦਮੀ ਖੁੱਲ੍ਹੀਆਂ ਅੱਖਾਂ ਨਾਲ ਅਣਜਾਣ ਲੋਕਾਂ ਦੀ ਪ੍ਰਤੀਕ੍ਰਿਆ ਜਾਨਣ ਦੀ ਫ਼ਿਕਰ ਵਿਚ ਰਹਿੰਦਾ ਏ।

—ਤੇ 'ਕਾਗਜ਼ ਕੇ ਫ਼ੂਲ' ਦਿੱਗਦਰਸ਼ਕ ਵਾਂਗ ਉਹਨਾਂ ਨੂੰ ਵੀ ਹਾਰ ਦਾ ਮੂੰਹ ਦੇਖਣਾ ਪੈਂਦਾ ਏ। ਕੁਰਸੀ 'ਤੇ ਬੈਠੇ ਅਣਜਾਣ ਚਿਹਰੇ ਕਹਿ ਜਾਂਦੇ ਨੇ—"ਸਾਲਾ, ਕਿਆ ਡੱਬਾ ਫ਼ਿਲਮ ਬਣਾਉਂਦੈ ਗੁਰੂਦੱਤ।" ਉਹਦੀ ਤਪਸਿਆ ਦੇ ਕਦਰਦਾਨ ਏਥੇ ਨਹੀਂ। ਖ਼ਾਮੀਆਂ ਦੱਸਣ ਦੀ ਜ਼ੁਰੱਤ ਵੀ ਏਥੇ ਕੋਈ ਨਈਂ ਕਰਦਾ। ਹੱਥ ਵਿਚ ਠੂਠਾ ਤੇ ਚਿਹਰੇ ਦੇ ਕਾਲਸ ਮਲ ਕੇ ਦਿੱਗਦਰਸ਼ਕ ਬਾਕਾਇਦਾ ਭੀਖ

ਮੰਗਦਾ ਏ..."ਓਇ ਭਰਾਵੋ...ਕੋਈ ਮੇਰੀ ਤਖ਼ਲੀਕ ਨੂੰ ਸਮਝਣ ਦਾ ਯਤਨ ਤਾਂ ਕਰੋ ਯਾਰ! ਮੇਰੀ ਫ਼ਿਲਮ ਤਾਂ ਦੇਖੋ।" ਕਿਸੇ ਦੇ ਭਵਿੱਖ ਵਿਚ ਏਥੇ ਕਿਸੇ ਨੂੰ ਕੋਈ ਰੁਚੀ ਕਿਉਂ ਹੋਣ ਲੱਗੀ ਭਲਾਂ? ਖ਼ੁਦ ਆਪਣਾ ਭਵਿੱਖ ਭੁੱਲਾਉਣ ਲਈ ਢਾਈ-ਤਿੰਨ ਘੰਟੇ ਉਸ ਹਨੇਰੇ 'ਚ ਕੁਰਸੀ ਨਾਲ ਚਿਪਕੇ ਰਹਿਣ ਦੇ ਇਰਾਦੇ ਨਾਲ ਲੋਕ ਓਥੇ ਆਉਂਦੇ ਨੇ ਤੇ ਗੁਰੂਦੱਤ ਵਰਗਾ ਸਿਰ-ਫਿਰਿਆ ਆਦਮੀ ਪਾਟੀ ਝੋਲੀ ਪਸਾਰ ਕੇ ਕੁਝ ਆਹਾਂ ਉਹਨਾਂ ਤੋਂ ਮੰਗਦਾ ਏ...।

—ਕੁਰਸੀ 'ਤੇ ਬੈਠੇ ਉਹ ਸਾਰੇ ਭਾਵਹੀਣ ਚਿਹਰੇ ਸੰਘ ਪਾੜ-ਪਾੜ ਕੇ ਕਹਿ ਰਹੇ ਹੁੰਦੇ ਨੇ—"ਸਾਲਾ ਨਸ਼ੇੜੀ ਫ਼ਿਲਮ ਬਣਾਉਂਦੈ...ਬੋਰ ਕਰਦੈ।" ਤੇ ਅਣ ਵਿਕੀਆਂ ਟਿਕਟਾਂ ਦੀ ਪੰਡ ਸਿਰ 'ਤੇ ਲੱਦੀ ਗੁਰੂਦੱਤ ਕੂੜੇ ਦੇ ਢੇਰ ਕੋਲ ਜਾਂਦੇ ਨੇ। ਓਥੇ ਤਾਂ ਗਧੇ ਵੀ ਕਾਗਜ਼ ਨਈਂ ਛੂੰਹਦੇ...ਕਾਂਵਾਂ ਦੀ ਫ਼ੌਜ ਤਿਆਰ ਖੜ੍ਹੀ ਹੁੰਦੀ ਏ। ਇਹਨਾਂ ਨੂੰ 'ਕਾਗਜ਼ ਕੇ ਫੂਲ' ਆਦਿ ਨਾਲ ਕੋਈ ਮਤਲਬ ਨਹੀਂ ਹੁੰਦਾ...ਉਹ ਭੁੱਖੇ ਹੁੰਦੇ ਨੇ ਗੋਸ਼ਤ ਦੇ...ਖ਼ੂਨ ਦੇ। ਉੱਥੇ ਆਪਣੀ ਝੋਲੀ ਝਾੜ ਕੇ ਗੁਰੂਦੱਤ ਆਪਣਾ ਮਾਸ ਖੁਆਉਣ ਲਈ ਤਿਆਰ ਹੋ ਜਾਂਦੇ ਨੇ...ਸਾਰੇ ਉਹਨਾਂ 'ਤੇ ਟੁੱਟ ਪੈਂਦੇ ਨੇ ਤੇ ਉਹਨਾਂ ਦੀ ਕਾਵਾਂ-ਰੌਲੀ ਵਿਚ ਗੁਰੂਦੱਤ ਦਾ ਜਨੂੰਨ ਖਾਧਾ-ਪੀਤਾ ਜਾਂਦਾ ਏ।

—ਕੂੜੇ ਦੇ ਉਸ ਢੇਰ ਨੂੰ ਫਰੋਲਨ ਵਿਚ ਗੁਰੂਦੱਤ ਵਿਅਸਤ ਹੋ ਜਾਂਦੇ ਨੇ..."ਮੈਨੂੰ ਭਵਿੱਖ ਨਈਂ ਚਾਹੀਦਾ...ਕਤਈ ਨਈਂ ਚਾਹੀਦਾ...।" ਪਰ ਉਹਨਾਂ ਦੀ ਚੀਕ ਸੁਣਨ ਦੀ ਫੁਰਸਤ ਕਿਸ ਕੋਲ ਹੈ ਓਥੇ?...ਗੁਰੂਦੱਤ ਨਾਂ ਦੇ ਸੋਹਣੇ ਇਨਸਾਨ ਦਾ ਸਵਾਦੀ ਮਾਸ ਸਵੈ-ਇੱਛਾ ਨਾਲ ਉਹਨਾਂ ਨੂੰ ਥਾਲ ਵਿਚ ਪਿਆ ਮਿਲਣ ਪਿੱਛੋਂ ਉਸ ਹਨੇਰੇ ਵਿਚ ਵੀ ਉਹਨਾਂ ਦੀਆਂ ਚੁੰਝਾਂ ਲਗਾਤਾਰ ਉਸ ਮਾਸ ਨੂੰ ਨੋਚ ਰਹੀਆਂ ਨੇ।

—ਨਰਮ ਦਿਲ ਵਾਲਾ ਗੁਰੂਦੱਤ ਨਾਂ ਦਾ ਇਨਸਾਨ ਹੱਥ ਜੋੜ ਕੇ ਕੂਕਦਾ ਏ—'ਮੈਨੂੰ ਭਵਿੱਖ ਨਈਂ ਚਾਹੀਦਾ...ਇਹ ਅੰਤ ਵੀ ਨਈਂ...ਮੈਂ ਏਸ ਤਰ੍ਹਾਂ ਦੇ ਅੰਤ ਨੂੰ ਬਦਲ ਦਿਆਂਗਾ...ਕਿਸੇ ਦੇ ਵੀ ਭਵਿੱਖ ਵਿਚ ਖਾਕ ਨਈਂ ਲਿਖੀ ਹੁੰਦੀ...ਏਥੇ ਕੋਈ ਵੀ ਬਦਚਲਣ ਨਈਂ ਹੁੰਦਾ...ਏਥੇ ਕੋਈ ਬੇਈਮਾਨ ਨਈਂ ਹੁੰਦਾ...ਏਥੇ ਕੋਈ ਕਿਸੇ ਨੂੰ ਦਗਾ ਨਈਂ ਦਿੰਦਾ। ਇਹ ਸਵਰਗ ਏ...ਏਥੇ ਕੋਈ ਕਿਸੇ ਨਾਲੋਂ ਨਈਂ ਵਿੱਛੜਦਾ...ਏਥੋਂ ਦਾ ਹਰੇਕ ਫੁੱਲ ਹਕੀਕਤ ਏ...ਹਰ ਫੁੱਲ ਦੀ ਹਕੀਕਤ ਰੰਗੀਨ ਏ, ਇਹ ਦੁਨੀਆ ਵੀ ਹਕੀਕਤ ਏ...'ਕਾਗਜ਼ ਕੇ ਫੂਲ' ਆਦਿ ਸਭ ਝੂਠ ਨੇ...ਮੈਂ ਗ਼ਲਤ ਹਾਂ...ਗੁਰੂਦੱਤ ਗ਼ਲਤ ਏ...ਮੂਰਖ ਏ...ਗੁਰੂਦੱਤ ਲੱਲੂ ਏ...ਗੁਰੂਦੱਤ ਫ਼ਿਲਮ ਬਣਾਉਣਾ ਨਈਂ ਜਾਣਦਾ...ਗੁਰੂਦੱਤ ਕੁਝ ਨਈਂ ਜਾਣਦਾ...ਗੁਰੂਦੱਤ ਨੂੰ ਜਿਊਣ ਦਾ ਰਾਹ ਪਤਾ ਨਈਂ...ਗੁਰੂਦੱਤ ਨੂੰ ਮਰ ਜਾਣਾ ਚਾਹੀਦਾ ਏ...ਸਾਲੇ ਨੂੰ ਜਿਊਂਦਾ ਦਫ਼ਨ ਕਰਨਾ ਚਾਹੀਦਾ ਏ...! ਉਸ ਦਾ ਗਲ਼ ਘੁੱਟ ਦੇਣਾ ਚਾਹੀਦਾ ਏ।'

'ਗੁਰੂ...ਗੁਰੂਦੱਤ-ਗੁਰੂਦੱਤ!'

ਅਬਰਾਰ ਦੀ ਚੀਕ-ਪੁਕਾਰ ਵਿਚ ਬਾਰੂਦ ਜਿੰਨੀ ਤਾਕਤ ਆ ਗਈ ਸੀ। ਗੀਤਾ ਨੇ ਉਹਨਾਂ ਦੀ ਬਾਂਹ ਫੜ ਕੇ ਝੰਜੋੜਦਿਆਂ ਹੋਇਆਂ ਉਹਨਾਂ ਨੂੰ ਜਗਾਉਣਾ ਚਾਹਿਆ। ਬਰਫ਼ ਦਾ ਪਾਣੀ ਮੂੰਹ ਉੱਤੇ ਛਿੜਕਦਿਆਂ ਉਹਨਾਂ ਨੂੰ ਹੋਸ਼ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ।

"ਅਬਰਾਰ ਭਾਈ, ਅਹਿ ਯਕਦਮ ਕੀ ਹੋ ਗਿਆ ਤੁਹਾਨੂੰ?"

"..."

"ਤੁਹਾਡੀ ਤਬੀਅਤ ਤਾਂ ਠੀਕ ਏ ਨਾ? ਮੈਂ ਦੱਤ ਸਾਹਬ ਨੂੰ ਫ਼ੋਨ ਕਰਾਂ?"



ਅਬਰਾਰ ਨੇ ਗਰਦਨ ਹਿਲਾ ਕੇ ਮਨ੍ਹਾਂ ਕਰ ਦਿੱਤਾ। ਉਹਨਾਂ ਅੱਧਾ ਪਿਆਲਾ ਖ਼ਾਲੀ ਕਰਕੇ ਉਸ ਨੂੰ ਤਿਪਾਈ 'ਤੇ ਰੱਖ ਦਿੱਤਾ ਤੇ ਉੱਠ ਕੇ ਗਿੱਲੇ ਬਦਨ ਹੀ ਬਾਹਰ ਜਾਣ ਲੱਗੇ।

"ਅਬਰਾਰ ਭਾਈ ਕੁਛ ਦੱਸੋ ਵੀ। ਮੈਂ ਤੁਹਾਡੇ ਨਾਲ ਚੱਲਾਂ?"

ਉਹਨਾਂ ਨੇ ਉੱਭਾ ਸਾਹ ਲੈ ਕੇ ਕਿਹਾ, "ਭਾਬੀ, ਇਕ ਫ਼ਿਲਮ ਦੇਖ ਰਿਹਾ ਸੀ, ਜਾਨਦਾਰ ਫ਼ਿਲਮ।"

"ਕੀ ਕਹਿ ਰਹੇ ਓ ਤੁਸੀਂ? ਕੇਹੀ ਫ਼ਿਲਮ?"

"ਇਕ ਫ਼ਿਲਮ ਤੇ ਸਿਰਫ਼ ਉਸ ਦਾ ਅੰਤ।" ਉਹ ਅਜੇ ਵੀ ਉਸ ਸਦਮੇਂ 'ਚੋਂ ਬਾਹਰ ਨਹੀਂ ਸੀ ਆਏ ਲੱਗਦੇ।

"ਕੈਸਾ ਅੰਤ? ਕਿਹੜੀ ਫ਼ਿਲਮ?"

"ਕੁਛ ਨਈਂ। ਸਮੇਂ ਦੀ ਕਮੀ ਐਂ...ਫ਼ਿਲਮੀ ਭਾਸ਼ਾਂ 'ਚ ਕਹਿਣਾ ਹੋਏ ਤਾਂ 'ਸ਼ਡਿਊਲ' ਗੜਬੜਾ ਗਿਐ।"

"ਕਿਹੜਾ ਸ਼ਡਿਊਲ? ਤੁਹਾਡੇ ਸਾਹਮਣੇ ਹੱਥ ਜੋੜਦੀ ਆਂ...ਊਲ-ਜਲੂਲ ਬਕਵਾਸ ਨਾ ਕਰੋ।"

ਉਹਨਾਂ ਨੇ ਉਸ ਦੇ ਸਿਰ 'ਤੇ ਹੱਥ ਰੱਖ ਕੇ ਕਿਹਾ, "ਗਾੱਡ ਬਲੈਸ ਯੂ ਭਾਬੀ...ਸਮਾਂ ਬੜਾ ਘੱਟ ਏ...ਤੇ ਅਸੀਂ ਅੰਤ ਬਦਲਣਾ ਚਾਹੁੰਦੇ ਆਂ।"

ਉਹਨਾਂ ਦੇ ਰਵੱਈਏ ਦਾ ਮਤਲਬ ਸਮਝ ਆਉਣ ਤੋਂ ਪਹਿਲਾਂ ਹੀ ਅਬਰਾਰ ਉੱਥੋਂ ਚਲੇ ਗਏ। ਗੀਤਾ ਧੰਮ ਕਰਕੇ ਸੋਫ਼ੇ 'ਤੇ ਬੈਠ ਗਈ। ਅਬਰਾਰ 'ਤੇ ਛਿੜਕਿਆ ਹੋਇਆ ਪਾਣੀ ਘਾਤ ਲਾ ਕੇ ਬੈਠੇ ਚੀਤੇ ਦੇ ਕਦਮਾਂ ਵਾਂਗ ਲਗਾਤਾਰ ਅੰਦਰ ਵੱਲ ਖਿਸਕ ਰਿਹਾ ਸੀ।

ਇਨਸਾਨ ਹੀ ਬਦਲ ਸਕਦਾ ਹੈ। ਬੇਸ਼ੱਕ ਬਦਲ ਸਕਦਾ ਹੈ, ਪਰ ਉਸ ਪਰਿਵਰਤਨ ਦੇ ਪਰਕਾਇਆ-ਪ੍ਰਵੇਸ਼ ਦੀਆਂ ਕੁਝ ਬੰਦਿਸ਼ਾਂ ਹੁੰਦੀਆਂ ਨੇ। ਆਸਮਾਨ ਵੀ ਬੱਦਲਾਂ ਨਾਲ ਢਕ ਜਾਂਦਾ ਹੈ, ਪਰ ਬੱਦਲਾਂ ਦਾ ਇਕੱਠ ਇਸ ਅੰਦਾਜ਼ ਵਿਚ ਕਤਈ ਨਹੀਂ ਹੁੰਦਾ ਜਿਵੇਂ ਕਿਸੇ ਨੇ ਉਹਨਾਂ ਨੂੰ ਅੱਖ ਦੇ ਫੋਰੇ ਵਿਚ ਤਾਣ ਦਿੱਤਾ ਹੋਏ। ਉਸ ਵਿਚ ਵੀ ਸਮਾਂ ਲੱਗਦਾ ਹੈ, ਪਰ ਫ਼ਿਲਹਾਲ ਅੱਖਾਂ ਸਾਹਵੇਂ ਜੋ ਕੁਝ ਵੀ ਹੈ, ਉਹ ਸੰਵੇਦਨਾਵਾਂ ਦੇ ਸਾਰੇ ਤਾਰਿਆਂ ਨੂੰ ਤੋੜ ਕੇ ਖੇਹ-ਵਰਾਣ ਕਰ ਸਕਦਾ ਹੈ...ਸਭ ਕੁਝ ਤਰਕ ਤੋਂ ਪਰ੍ਹੇ ਹੈ।

## ਦਸ

ਅਬਰਾਰ ਅਲਵੀ ਦੇ ਦਿਮਾਗ਼ ਵਿਚ ਹੂਕ-ਜਿਹੀ ਉੱਠਣ ਲੱਗੀ, ਜਿਵੇਂ ਕੋਈ ਉਹਨਾਂ ਦੇ ਸਿਰ 'ਚ ਹਥੌੜੇ ਮਾਰ ਰਿਹਾ ਹੋਏ। ਸ਼ਬਦ ਜ਼ਬਾਨ ਤੋਂ ਬਾਹਰ ਆਉਂਦੇ ਹੀ ਨਹੀਂ ਸੀ ਪਏ—ਜਿਵੇਂ ਮੂੰਹ ਦੇ ਪਿੰਜਰੇ ਵਿਚ ਫਸੇ ਫੜਫੜਾ ਰਹੇ ਹੋਣ।

"ਤੂੰ ਕਾਂਟ੍ਰੈਕਟ ਸਾਈਨ ਕੀਤਾ," ਕੁਝ ਨਾ ਕੁਝ ਤਾਂ ਪੁੱਛਣਾ ਹੀ ਸੀ, ਇਸ ਲਈ ਅਬਰਾਰ ਨੇ ਪੁੱਛਿਆ।

"ਜੀ ਹਾਂ। ਕਿਓਂ?" ਵਹੀਦਾ ਸਵੈਟਰ ਬੁਣ ਰਹੀ ਸੀ। ਕਿਸ ਲਈ ਬੁਣ ਰਹੀ ਸੀ, ਪਤਾ ਨਹੀਂ। ਕੁਝ ਲੋਕ ਆਪਣੇ ਅੰਦਰਲੇ ਦੱਬੂਪਨ ਨੂੰ ਛਿਪਾਉਣ ਲਈ ਇਸ ਤਰ੍ਹਾਂ ਦਾ ਕੋਈ ਨਾ ਕੋਈ ਰੁਝੇਵਾਂ ਫੜੀ ਰੱਖਦੇ ਨੇ।

"ਕਮ-ਸੇ-ਕਮ ਦੱਸਿਆ ਤਾਂ ਹੁੰਦਾ। ਗੁਰੂ ਨੂੰ ਨਾ ਸਹੀ, ਪਰ ਮੈਂ ਤਾਂ ਸੀ...ਮੈਥੋਂ ਵੀ ਇਹ ਰਾਜ਼ ਛੁਪਾਈ ਰੱਖਿਆ?"

"ਤੁਹਾਡੇ ਕੋਲ ਵਿਹਲ ਈ ਕਿੱਥੇ ਐ? ਮੈਂ ਭਲਾਂ ਕਦੋਂ ਤੀਕ ਇੰਤਜ਼ਾਰ ਕਰਦੀ?" ਉਸ ਦੀਆਂ ਨਜ਼ਰਾਂ ਉੱਨ ਦੇ ਗੋਲੇ 'ਤੇ ਸਨ।

"ਮੇਰੇ ਨਾਲ ਅੱਖ ਮਿਲਾ ਕੇ ਜਵਾਬ ਦੇ। ਇਸ ਫਾਲਤੂ ਸਵੈਟਰ ਦੀ ਬੁਣਾਈ ਦੋ ਮਿੰਟ ਲਈ ਬੰਦ ਨਈਂ ਕਰ ਸਕਦੀ ਤੂੰ? ਇਹ ਏਨਾ ਜ਼ਰੂਰੀ ਤਾਂ ਹੈ ਨਈਂ। ਕਿੰਨੇ ਕਾਂਟ੍ਰੈਕਟ ਤੂੰ ਸਾਈਨ ਕੀਤੇ ਐ?"

"ਚਾਰ-ਪੰਜ।"

"ਚਾਰ-ਪੰਜ? ਕੀ ਅਸੀਂ ਮਰ ਗਏ ਸੀ? ਗੁਰੂ ਨੂੰ ਪਤਾ ਲੱਗ ਗਿਆ ਤਾਂ ਉਹ ਭਲਾਂ ਕੀ ਸੋਚਣਗੇ?"

"ਉਹਨਾਂ ਨੂੰ ਪਤਾ ਏ ਸ਼ਾਇਦ।"

"ਕੀ?" ਅਬਰਾਰ ਹੈਰਾਨੀ ਵਿਚ ਫਸ ਗਏ, "ਫੇਰ ਵੀ ਉਹਨਾਂ ਤੈਨੂੰ ਕੁਛ ਨਈਂ ਕਿਹਾ?"

"ਕੀ ਕਹਿਣਗੇ? ਨਾ ਮੈਂ ਕਿਸੇ ਦਾ ਖ਼ੂਨ ਕੀਤੈ, ਨਾ ਡਾਕਾ ਮਾਰਿਐ। ਦੋ-ਚਾਰ ਫ਼ਿਲਮਾਂ ਈ ਤਾਂ ਸਾਈਨ ਕੀਤੀਆਂ ਨੇ ਨਾ!"

"ਓਹ ਤਾਂ ਠੀਕ ਐ, ਪਰ ਤੈਨੂੰ ਦੂਜਿਆਂ ਦੀਆਂ ਫ਼ਿਲਮਾਂ 'ਚ ਜਾਣ ਦੀ ਲੋੜ ਈ ਕੀ ਐ?"

"ਅਬਰਾਰ ਭਾਈ, ਕੀ ਮੈਨੂੰ ਆਪਣੇ ਕੈਰੀਅਰ ਦੀ ਚਿੰਤਾ ਨਈਂ ਕਰਨੀ ਚਾਹੀਦੀ? 'ਪਿਆਸਾ' ਤੋਂ ਬਾਅਦ ਮੇਰੇ ਕੋਲ ਲਗਭਗ ਪੰਦਰਾਂ ਫ਼ਿਲਮਾਂ ਦੀ ਪੇਸ਼ਕਸ਼ ਆਈ, ਪਰ ਮੈਂ ਸਿਰਫ਼ ਤੁਹਾਡਾ ਲਿਹਾਜ਼ ਕਰਦਿਆਂ ਹੋਇਆਂ ਠੁਕਰਾ ਦਿੱਤੀ।"

"ਮੇਰਾ ਲਿਹਾਜ਼?"

"ਹੋਰ ਨਈਂ ਤਾਂ ਕੀ? ਤੁਸੀਂ ਉਸ ਤਰ੍ਹਾਂ ਦਾ ਕਾਂਟਰੈਕਟ ਜੋ ਮੈਥੋਂ ਕਰਵਾ ਲਿਆ ਸੀ—ਮੈਂ ਏਥੋਂ ਦੇ ਇਲਾਵਾ ਹੋਰ ਕਿਧਰੇ ਕੰਮ ਨਈਂ ਕਰ ਸਕਦੀ। ਮੈਂ ਮਜਬੂਰ ਸੀ। ਇਸ ਦੌਰਾਨ ਬੰਬਈ 'ਚ ਹੁਣ ਮੇਰੀ ਵੀ ਜਾਣ-ਪਛਾਣ ਹੋ ਗਈ ਏ। ਆਖ਼ਰ ਉਹਨਾਂ ਨੂੰ ਵੀ ਕਦੋਂ ਤਕ ਨਾਰਾਜ਼ ਕਰਦੀ ਰਹਾਂ?...ਅਬਰਾਰ ਭਾਈ, ਮੈਂ ਦੱਤ ਸਾਹਬ ਦੀ ਇੱਜ਼ਤ ਕਰਦੀ ਆਂ। ਮੈਂ ਅਹਿਸਾਨ ਫ਼ਰਾਮੋਸ਼ ਕਤਈ ਨਈਂ। ਮੈਂ ਇਹ ਵੀ ਨਈਂ ਭੁੱਲ ਸਕਦੀ ਕਿ ਉਹਨਾਂ ਦੀ ਬਦੌਲਤ ਅੱਜ ਮੈਂ ਏਥੇ ਆਂ, ਪਰ ਕੀ ਮੈਂ ਸਿਰਫ਼ ਏਸੇ ਲਈ ਆਪਣੇ ਅਰਮਾਨਾਂ ਨੂੰ ਕੁਚਲ ਦਿਆਂ? ਫੇਰ ਵੀ, ਤੁਹਾਡੀ ਜੇ ਕੋਈ ਫ਼ਿਲਮ ਹੋਏ ਤਾਂ...।"

"ਠਹਿਰ, ਇਸ ਦਾ ਮਤਲਬ ਇਹ ਹੋਇਆ ਕਿ ਤੂੰ ਮੇਰੇ ਦੋਸਤ ਨੂੰ ਪਛਾਣਨ 'ਚ ਜ਼ਰੂਰ ਕੋਈ ਭੁੱਲ ਕੀਤੀ ਏ। ਦਲੀਪ ਕੁਮਾਰ ਵਰਗਾ ਆਦਮੀ ਐਨ ਮੌਕੇ 'ਤੇ ਨਈਂ ਆਇਆ ਤਾਂ ਉਹ ਖ਼ੁਦ ਈ ਮੈਦਾਨ 'ਚ ਉੱਤਰ ਆਇਆ। ਉਹਦਾ ਭਰੋਸਾ, ਆਤਮ-ਵਿਸ਼ਵਾਸ ਤੇ ਕੰਮ ਪ੍ਰਤੀ ਸ਼ਰਧਾ ਆਦਿ ਦਾ ਕੋਈ ਮੁਕਾਬਲਾ ਨਈਂ ਹੋ ਸਕਦਾ। ਇਕ ਵਾਰੀ ਏਥੋਂ ਬਾਹਰ ਪੈਰ ਧਰਨ ਪਿੱਛੋਂ ਗੁਰੂ ਦੀਆਂ ਫ਼ਿਲਮਾਂ ਨੂੰ ਭੁੱਲ ਜਾਵੀਂ। 'ਜਾਨ ਜਾਏ ਪਰ ਫ਼ਿਲਮ ਨਾ ਪਾਏ' ਵਾਲੇ ਹਾਲਾਤ ਹੋ ਜਾਣਗੇ।"

"ਅਬਰਾਰ ਭਾਈ, ਇਹ ਤਾਂ ਖ਼ੁੰਦਕ ਹੋਈ? ਕੀ ਇਨਸਾਨ ਕਦੇ ਆਜ਼ਾਦ ਹੋ ਈ ਨਈਂ ਸਕਦਾ?"



"ਆਜ਼ਾਦੀ ਤੋਂ ਤੇਰਾ ਮਤਲਬ ਕੀ ਏ? ਜਿਸ ਨੂੰ ਤੂੰ ਗ਼ੁਲਾਮੀ ਸਮਝ ਰਹੀ ਏਂ ਉਹ ਹਕੀਕਤ 'ਚ ਗ਼ੁਲਾਮੀ ਨਈਂ...ਉਹ ਤਾਂ ਖੰਭ ਨੇ, ਪੂਰੀ ਫ਼ਿਲਮ ਇੰਡਸਟਰੀ ਨੂੰ ਆਪਣੀ ਛਾਂ ਹੇਠ ਪਨਾਹ ਦੇਣ ਵਾਲੇ, ਗੁਰੂਦੱਤ ਨਾਂ ਦੇ ਗਰੁੜ ਦੇ ਖੰਭ। ਉਹਨਾਂ ਦੇ ਖੰਭ ਭਾਵੇਂ ਸੜ ਜਾਣ, ਕਿਸੇ ਨੂੰ ਆਪਣੀ ਛਾਂ ਤੋਂ ਵਾਂਝਾ ਨਈਂ ਹੋਣ ਦੇਣਗੇ। ਮੇਰੀ ਗੱਲ ਦਾ ਮਤਲਬ ਸ਼ਾਇਦ ਤੂੰ ਸਮਝ ਨਈਂ ਸਕੇਂਗੀ। ਕੁਛ ਦਿਨ ਇੰਤਜ਼ਾਰ ਕਰ। ਮੈਂ ਤੈਨੂੰ ਯਕੀਨ ਦਿਵਾਉਣਾ...ਹੁਣ ਉਹ ਦਿਨ ਦੂਰ ਨਈਂ...ਬਦਕਿਸਮਤੀ ਨਾਲ ਏਥੇ ਹਰੇਕ ਗੱਲ ਕੁਛ ਦੇਰ ਨਾਲ ਈ ਹੋਣ ਲੱਗ ਪਈ ਏ...ਗੁਰੂਦੱਤ ਨਾਂ ਦੀ ਮਹਫ਼ਿਲ ਈ ਅਜਿਹੀ ਏ ਕਿ ਮਹਫ਼ਿਲ ਖ਼ਤਮ ਹੋ ਜਾਣ 'ਤੇ ਵੀ ਮੇਰੇ ਵਰਗਾ ਮਾਮੂਲੀ-ਜਿਹਾ ਬੰਦਾ ਵੀ ਉਹਨਾਂ ਸੁਰਾਂ ਤੇ ਲੈਆਂ ਦੀ ਪੂੰਜੀ ਤੋਂ ਲੱਖਾਂ ਵਾਰ ਨਵੀਂ ਜ਼ਿੰਦਗੀ, ਖ਼ੁਸ਼ੀ-ਖ਼ੁਸ਼ੀ, ਪ੍ਰਾਪਤ ਕਰ ਸਕਦਾ ਏ।"

"ਅਬਰਾਰ ਭਾਈ...ਪਲੀਜ, ਮੈਨੂੰ ਸਮਝਣ ਦੀ ਕੋਸ਼ਿਸ਼ ਕਰੋ...।"

"ਕੋਸ਼ਿਸ਼? ਵਹੀਦਾ, ਤੈਨੂੰ ਯਾਦ ਏ? ਸਮੁੰਦਰ ਕਿਨਾਰੇ ਜ਼ਿੰਦਗੀ ਦੀ ਖੇਡ ਖ਼ਤਮ ਕਰ ਰਹੇ ਗੁਰੂਦੱਤ ਨੂੰ ਤੂੰ ਤੇ ਮੈਂ ਈ ਬਚਾਇਆ ਸੀ। ਮੈਂ ਤੈਥੋਂ ਉਸਦੀ ਜਾਨ ਦੀ ਭੀਖ ਮੰਗੀ ਸੀ। ਇਸ ਵੇਲੇ ਉਹ ਰਾੱਯਲ ਆਰਕ 'ਚ ਇਕੱਲੇ ਹੋਣਗੇ...ਅੰਤਰਮੁਖੀ ਬਣ ਕੇ ਕੁਛ ਸੋਚਣ ਵਿਚ ਮਗਨ...ਆਪਣੀ ਪਿਆਰੀ ਸਕਾੱਚ ਦੀ ਸੋਹਬਤ ਵਿਚ। ਉਹ ਉਹਨਾਂ ਨੂੰ ਕਦੀ ਧੋਖਾ ਨਈਂ ਦਿੰਦੀ।"

ਉਦੋਂ ਹੀ ਟੈਲੀਫ਼ੋਨ ਵੱਜਣ ਲੱਗਾ। ਵਹੀਦਾ ਨੇ ਰਸੀਵਰ ਚੁੱਕ ਲਿਆ।

"ਮੈਂ ਵਹੀਦਾ...ਦੱਤ ਬਾਬੂ...ਮੈਂ...ਮੈਨੂੰ...।" ਉਸਦੀ ਜ਼ਬਾਨ ਲੜਖੜਾ ਰਹੀ ਸੀ।

"ਅਬਰਾਰ ਨੂੰ ਟੈਲੀਫ਼ੋਨ ਦੇ। ਮੈਨੂੰ ਪਤਾ ਏ, ਉਹ ਤੇਰੇ ਕੋਲ ਆਇਆ ਏ।"

ਅਬਰਾਰ ਨੇ ਉਸਦੇ ਹੱਥੋਂ ਰਸੀਵਰ ਝਪਟ ਲਿਆ।

"ਬੋਲ ਯਾਰ...ਬੋਲ।"

"ਸੁਣ, ਆਪਣੀ ਅਗਲੀ ਫ਼ਿਲਮ ਦੀ ਗੱਲ ਫ਼ਾਈਨਲ ਹੋ ਗਈ ਏ। ਸਕਰਿਪਟ ਤੂੰ ਈ ਲਿਖਣੀ ਏਂ।"

"ਗੁਰੂ...।"

"ਡੋਂਟ ਵਰੀ। ਤੂੰ ਜਿੱਥੇ ਐਂ ਓਥੇ ਸਿਰਫ਼ ਇਕ ਗੱਲ ਕਹਿ...ਆਪਣੀ ਫ਼ਿਲਮ ਦਾ ਥੀਮ 'ਸਾਂਗ' ਏ।"

"ਮੈਂ ਕੋਸ਼ਿਸ਼ ਕਰ ਰਿਹਾਂ। ਤੂੰ ਠੰਢੇ ਦਿਮਾਗ਼ ਤੋਂ ਕੰਮ ਲੈ। ਮੈਂ ਆਪਣੇ ਪੱਖੋਂ ਕੋਈ ਕਸਰ ਨਈਂ ਰਹਿਣ ਦਿਆਂਗਾ...।"

"ਮੇਰਾ ਦਿਮਾਗ਼ ਠੰਢਾ ਈ ਏ। ਸਿਰਫ਼ ਓਥੇ ਤੂੰ ਮੇਰੇ ਵੱਲੋਂ ਗੱਲ ਕਰ।"

"ਗੁਰੂ, ਯਾਰ, ਤੈਨੂੰ ਸੰਭਲ ਜਾਣਾ ਚਾਹੀਦਾ ਏ। ਆਈ ਐਮ ਸਕੇਯਰਡ...।"

"ਡੋਂਟ ਵਰੀ। ਮੈਨੂੰ ਕੁਛ ਨਈਂ ਹੋਏਗਾ...ਸਿਰਫ਼ ਮੇਰਾ ਮੈਸੇਜ, ਉਸਨੂੰ ਦੇ ਦੇਵੀਂ। ਆਪਣੀ ਅਗਲੀ ਫ਼ਿਲਮ ਦਾ ਥੀਮ ਸਾਂਗ...।"

*'ਬਦਲ ਜਾਏ ਅਗਰ ਮਾਲੀ, ਚਮਨ ਹੋਤਾ ਨਹੀਂ ਖਾਲੀ,*
*ਬਹਾਰੇਂ ਫਿਰ ਭੀ ਆਤੀ ਹੈਂ, ਬਹਾਰੇਂ ਫਿਰ ਭੀ ਆਏਂਗੀ।*

**ਰ**ਸੀਵਰ ਰੱਖ ਕੇ ਅਬਰਾਰ ਨੇ ਇਸ ਅੰਦਾਜ਼ ਵਿਚ ਵਹੀਦਾ ਵੱਲ ਦੇਖਿਆ, ਜਿਵੇਂ ਉਹ ਮਰੀ ਹੋਈ ਮੱਛੀ ਹੋਏ।

—ਉਹ ਕੌਣ ਏ ? ਹਾਂ, ਕੌਣ ਏ ? ਗੁਰੂ ਦੀ ਔਰਤ ? ਮਾਸ਼ੂਕਾ ? ਕਲਾ-ਕਿਰਤ ? ਜਾਂ ਇਕ ਮੁਰਦਾ ਦਿਲ ਤੇ ਮਾਮੂਲੀ ਔਰਤ ?

—ਇਸ ਦੇ ਪਿੱਛੇ ਉਹਨਾਂ ਆਪਣੀ ਗ੍ਰਹਿਸਤੀ ਬਰਬਾਦ ਹੋ ਜਾਣ ਦਿੱਤੀ।

—ਬੜੀਆਂ ਉਮੀਦਾਂ ਨਾਲ ਇਸਨੂੰ ਉਹ ਘੜਦੇ-ਸੰਵਾਰਦੇ ਰਹੇ।

—ਅੱਜ ਉਹਨਾਂ ਕੋਲ ਕੋਈ ਨਈਂ ਸੀ। ਨਾ ਬੀਵੀ, ਨਾ ਬੱਚੇ, ਨਾ ਈ ਵਹੀਦਾ...।

—ਕਲਾਕਾਰ! ਦਾਇਰਾ! ਵਿਸ਼ਾਲ ਦਿਸਹੱਦਾ! ਬਰਫ਼ ਨਾਲ ਢਕੇ ਹੋਏ ਰਸਤੇ। ਉਹਨਾਂ ਹੇਠ ਦਬਿਆ ਹੋਇਆ ਅਤੀਤ। ਯਕੀਨਨ, ਏਥੇ ਕੋਈ ਕਿਸੇ ਲਈ ਨਈਂ ਰੁਕਦਾ। ਹੁਣ ਗੁਰੂਦੱਤ ਵੀ ਕਿਸੇ ਲਈ ਨਈਂ ਰੁਕਣਗੇ।

"ਅਬਰਾਰ ਭਾਈ...।" ਵਹੀਦਾ ਦੀ ਆਵਾਜ਼ ਸੀ।

"ਤੀਰ, ਕਮਾਨ ਵਿਚੋਂ ਨਿਕਲ ਗਿਆ, ਵਹੀਦਾ...ਹੁਣ ਬਾਕੀ ਏ ਸਿਰਫ਼ ਇੰਤਜ਼ਾਰ...ਮੇਰੇ ਗਰੁੜ ਪੰਛੀ ਦੇ ਦੋਵੇਂ ਖੰਭ ਕੱਟੇ ਗਏ...ਹੁਣ ਬਚਿਆ ਏ ਸਿਰਫ਼ ਇਕ ਢਾਂਚਾ। ਹੌਲੀ-ਹੌਲੀ ਉਹ ਗਲ-ਸੜ ਜਾਏਗਾ। ਹੁਣ ਮੈਨੂੰ ਜਾਣਾ ਪਏਗਾ। ਕੁਛ ਗਿਣੀਆਂ -ਚੁਣਵੀਆਂ ਘੜੀਆਂ ਹਾਲੇ ਵੀ ਬਾਕੀ ਨੇ। ਉਹਨਾਂ ਨੂੰ ਸਮੇਟਣ ਦੀ ਤਾਕਤ ਭਲਾਂ ਮੇਰੇ 'ਚ ਕਿੱਥੇ ? ਕੁੱਲ ਮਿਲਾ ਕੇ ਅਸੀਂ ਸਾਰੇ ਜਣੇ ਬਦਨਸੀਬ ਆਂ।"

ਸ਼ੀਸ਼ੇ 'ਤੇ ਪੈਂਦੀ ਹਲਕੀ-ਨੀਲੀ ਰੋਸ਼ਨੀ ਹੁਣ ਧੁੰਦਲੀ ਪੈਣ ਲੱਗ ਪਈ ਸੀ। ਆਪਣੀ ਇਸ ਹਾਲਤ ਵਿਚ ਵੀ ਉਹਨਾਂ ਨੇ ਦਰਾਜ ਖੋਲ੍ਹ ਕੇ ਕਿਤਾਬ ਕੱਢ ਲਈ। ਅੱਖਾਂ 'ਤੇ ਜ਼ੋਰ ਦੇ ਕੇ ਉਸਦਾ ਨਾਂ ਪੜ੍ਹਨਾ ਚਾਹਿਆ। ਉਹਨਾਂ ਤੋਂ ਪੜ੍ਹਿਆ ਨਹੀਂ ਜਾ ਰਿਹਾ ਸੀ। ਚਾਰ-ਪੰਜ ਵਾਰ ਕੋਸ਼ਿਸ਼ ਕਰਨ ਪਿੱਛੋਂ ਉਹਨਾਂ ਨੇ ਅੰਦਾਜ਼ਾ ਲਾਇਆ—ਚੁਟਕੀ ਕੁ ਚਾਂਦਨੀ!

ਉਸੇ ਤਰ੍ਹਾਂ ਪੈਰ ਘਸੀੜਦੇ ਹੋਏ ਪਲੰਘ ਕੋਲ ਆ ਗਏ। ਪਲੰਘ ਉੱਤੇ ਲੇਟ ਕੇ ਉਹਨਾਂ ਨੇ 'ਚੁਟਕੀ ਕੁ ਚਾਂਦਨੀ' ਅੱਧਖੁੱਲ੍ਹੀ ਹਾਲਤ ਵਿਚ ਆਪਣੀ ਛਾਤੀ 'ਤੇ ਰੱਖ ਲਈ। ਉਸਨੂੰ ਪੜ੍ਹਨਾ ਤਾਂ ਹੁਣ ਉਹਨਾਂ ਦੇ ਵੱਸ ਦਾ ਨਹੀਂ ਸੀ।

ਉਹਨਾਂ ਦੀਆਂ ਮਿਚ ਰਹੀਆਂ ਅੱਖਾਂ ਸਾਹਵੇਂ ਤਰੁਣ, ਅਰੁਣ ਤੇ ਨੀਨਾ ਸਨ।

ਜ਼ਿੰਦਗੀ ਵਿਚ ਕੀ-ਕੀ ਪਾਇਆ, ਗੁਆਇਆ ਇਸ ਗੱਲ ਦਾ ਹਿਸਾਬ ਲਾਉਣ ਦਾ ਹੁਣ ਕੋਈ ਮਤਲਬ ਨਹੀਂ ਸੀ।

"ਮੇ ਗਾੱਡ ਬਲੈਸ ਐਵੀਰੀਬਾਡੀ...।" ਉਹ ਬੁੜਬੁੜਾਏ।

ਹਵਾ ਦੇ ਨਿੰਮ੍ਹੇ-ਨਿੰਮ੍ਹੇ ਬੁੱਲ੍ਹੇ ਉਹਨਾਂ ਦੇ ਸਿਰਹਾਣੇ ਵਾਲੀ ਖਿੜਕੀ 'ਤੇ ਲੱਗੇ ਪਰਦੇ ਨੂੰ ਹੌਲੀ-ਹੌਲੀ ਲਹਿਰਾ ਰਹੇ ਸਨ। ਉਸ ਦੀਆਂ ਝਿਰੀਆਂ ਵਿਚੋਂ ਰਿਸਦੀ ਚਾਂਦਨੀ ਹੌਲੀ-ਹੌਲੀ ਉਹਨਾਂ ਦੇ ਚਾਰੇ-ਪਾਸੇ ਫ਼ੈਲਣ ਲੱਗ ਪਈ ਸੀ।

## ਗਿਆਰਾਂ

ਲੱਖ ਕੋਸ਼ਿਸ਼ ਕਰਨ ਦੇ ਬਾਵਜੂਦ ਹੁਣ ਪਲਕਾਂ 'ਚ ਕੋਈ ਹਲਚਲ ਨਹੀਂ ਸੀ ਹੋ ਰਹੀ। ਉਹਨਾਂ ਦੀ ਛਾਤੀ 'ਤੇ ਖੁੱਲ੍ਹੀ ਪਈ 'ਚੁਟਕੀ ਕੁ ਚਾਂਦਨੀ' ਦਿਲ ਦੀਆਂ ਮੱਧਮ ਧੜਕਨਾ ਨਾਲ



ਹਿਲਦੀ ਹੋਈ ਨਜ਼ਰ ਆਉਣ ਲੱਗੀ। ਸਰੀਰ ਦੁਆਲੇ ਠੰਢਕ ਲਗਾਤਾਰ ਵਧਦੀ ਜਾ ਰਹੀ ਸੀ। ਉਸ ਸੁਹਾਵੇ ਸਪਰਸ਼ ਕਾਰਨ ਉਹਨਾਂ ਦੇ ਬੁੱਲ੍ਹਾਂ ਦੇ ਕਿਨਾਰਿਆਂ 'ਤੇ ਇਕ ਮਲੂਕੜੀ-ਜਿਹੀ ਮੁਸਕਾਨ ਉੱਭਰ ਆਈ। ਮੁਕਤੀ ਦੀ ਉਹ ਘੜੀ...ਨੇੜੇ ਆਉਂਦੀ ਜਾ ਰਹੀ ਸੀ। ਕਿਸੇ ਹੋਰ ਜਹਾਨ ਵਿਚੋਂ ਜਿਵੇਂ ਆਵਾਜ਼ ਆ ਰਹੀ ਸੀ—ਟ੍ਰਿੰਗ...ਟ੍ਰਿੰਗ...ਟ੍ਰਿੰਗ।

ਅਬਰਾਰ ਚੁੱਪ ਹੋ ਗਏ।

ਮੈਂ ਭਿੱਜਿਆ ਹੋਇਆ ਹੀ ਅਬਰਾਰ ਦੇ ਪਲੰਘ ਕੋਲ ਚਲਾ ਗਿਆ। ਤਿਪਾਈ ਉੱਤੇ ਦੋ ਪਿਆਲੇ ਪਹਿਲਾਂ ਹੀ ਭਰੇ ਹੋਏ ਸਨ। ਮੈਂ ਤਾੜ ਗਿਆ, ਉਹਨਾਂ ਪਿਆਲਿਆਂ ਦੀ ਖ਼ੁਮਾਰੀ ਹੀ ਜਿਵੇਂ ਕਾਫ਼ੂਰ ਹੋ ਗਈ ਸੀ। ਅੱਗੇ ਵਧ ਕੇ ਮੈਂ ਅਬਰਾਰ ਦੀ ਸ਼ੌਲ ਠੀਕ ਕੀਤੀ।

ਉਹਨਾਂ ਦੀਆਂ ਬੰਦ ਅੱਖਾਂ 'ਚੋਂ ਵੀ ਅੱਥਰੂ ਵਹਿ ਰਹੇ ਸਨ। ਮੈਂ ਉਹਨਾਂ ਦਾ ਹੱਥ ਆਪਣੇ ਹੱਥ ਵਿਚ ਘੁੱਟ ਲਿਆ।

"ਹੁਣ ਆਰਾਮ ਕਰੋ। ਬੜੇ ਥੱਕ ਗਏ ਓ ਤੁਸੀਂ।" ਮੈਂ ਬਸ ਕਹਿਣ ਵਜੋਂ ਕਹਿ ਦਿੱਤਾ।

"ਨਈਂ ਯਾਰ, ਗੁਰੂਦੱਤ ਕਿਸੇ ਦੇ ਵੀ ਪੱਲੇ ਨਈਂ ਪਿਆ...ਕਿਸੇ ਦੇ ਵੀ ਨਈਂ...ਦਰਅਸਲ ਗੁਰੂਦੱਤ, ਗੁਰੂਦੱਤ ਦੇ ਵੀ ਪੱਲੇ ਨਈਂ ਪਿਆ...।"

ਮੈਂ ਅਬਰਾਰ ਦੇ ਮੂੰਹ 'ਤੇ ਹੱਥ ਰੱਖ ਦਿੱਤਾ। ਉਹਨਾਂ ਦੇ ਮੱਥੇ ਨੂੰ ਥਾਪੜਿਆ। ਫੇਰ ਉਹਨਾਂ ਕੋਲੋਂ ਦੂਰ ਹਟ ਗਿਆ। ਪੈਰ-ਪੈਰ ਅੱਗੇ ਵਧਦਾ ਹੋਇਆ ਦਰਵਾਜ਼ੇ ਕੋਲ ਚਲਾ ਗਿਆ। ਬਿਸਤਰੇ ਉੱਤੇ ਅਬਰਾਰ ਅਲਵੀ ਦਾ ਸਿਸਕਣਾ ਅਜੇ ਵੀ ਜਾਰੀ ਸੀ। ਪੂਰਾ ਕਮਰਾ ਜਿਵੇਂ ਪਾਣੀ ਵਿਚ ਤੈਰ ਹੋਏ।

**ਮੋਬਾਇਲ ਨੰ : 94177-30600. 9803344505.**

---

**ਪੰਨਾ ਨੰ. 52 ਦਾ ਬਾਕੀ**

### ਹਵਾਲੇ

1. ਪ੍ਰੋ. ਹਰਭਜਨ ਸਿੰਘ: 'ਰੂਹ 'ਤੇ ਉਕਰੇ ਚਿੱਤਰ' (ਗਰੇਸੀਅਸ ਬੁੱਕਸ ਪਟਿਆਲਾ, 2017) ਪੰਨਾ: 110
2. ਉਹੀ, ਪੰਨਾ: 83
3. ਉਹੀ, ਪੰਨਾ: 95
4. Franz Fanon: 'The Wretched of the Earth', Middlesex, Penguin Books, 1963, P 31.
5. ਪ੍ਰੋ. ਹਰਭਜਨ ਸਿੰਘ, ਉਹੀ ਪੁਸਤਕ, ਪੰਨਾ: 170
6. ਉਹੀ, ਪੰਨਾ: 187
7. ਉਹੀ, ਪੰਨਾ: 229
8. ਡਾ. ਧਨਵੰਤ ਕੌਰ, 'ਰੂਹ 'ਤੇ ਉਕਰੇ ਚਿੱਤਰ: ਸਿਮਰਤੀਆਂ ਅਤੇ ਸਮਕਾਲ' (ਸਮਦਰਸ਼ੀ ਮਾਰਚ-ਅਪਰੈਲ 2018) ਪੰਨਾ: 55
9. ਪ੍ਰੋ. ਹਰਭਜਨ ਸਿੰਘ: 'ਰੂਹ 'ਤੇ ਉਕਰੇ ਚਿੱਤਰ', ਪੰਨਾ: 208
10. ਉਹੀ, ਪੰਨਾ: 216

**ਮੋ: 98882082084**

# ਕਹਾਣੀ ਸਿਰਫ਼ ਯਥਾਰਥ ਦੀ ਸੁਹਿਰਦ ਸੰਵੇਦਨਸ਼ੀਲ ਪੇਸ਼ਕਾਰੀ ਮਾਤਰ ਨਹੀਂ-ਡਾ. ਧਨਵੰਤ ਕੌਰ

**ਪ੍ਰਸ਼ਨਕਰਤਾ : ਡਾ. ਰਵੀ ਰਵਿੰਦਰ**

**ਜ਼ਿਆਦਾਤਰ ਪੰਜਾਬੀ ਕਹਾਣੀ ਆਰੰਭ ਤੋਂ ਹੀ ਤ੍ਰਾਸਦਿਕ/ਨਾਕਾਰਾਤਮਕ ਸਥਿਤੀਆਂ ਦੀ ਪੇਸ਼ਕਾਰੀ ਵਾਲੀ ਕਹਾਣੀ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਤ੍ਰਾਸਦੀ, ਕੁਹਜ ਅਤੇ ਨਾਕਾਰਾਤਮਕਤਾ 'ਤੇ ਫੋਕਸਿੰਗ ਕੀ ਕਹਾਣੀ ਵਿਧਾ ਦੀ ਲੋੜ ਹੈ ਜਾਂ ਪੰਜਾਬੀ ਦੇ ਕਹਾਣੀਕਾਰ ਦੀ ਸਾਹਿਤ ਦ੍ਰਿਸ਼ਟੀ ਦਾ ਮਸਲਾ ਹੈ ? ਜਾਂ ਫਿਰ ਕੋਈ ਹੋਰ ਕਾਰਣ ਹੈ ?**

- ਪੰਜਾਬੀ ਕਹਾਣੀ ਵਿਚ ਪੇਸ਼ਕਾਰੀਆਂ ਦੇ ਭਾਰੂ ਰੁਝਾਨ ਜਾਂ ਪੰਜਾਬੀ ਕਹਾਣੀਕਾਰਾਂ ਦੀ ਸਾਹਿਤ ਦ੍ਰਿਸ਼ਟੀ ਬਾਰੇ ਗੱਲ ਕਰਨ ਤੋਂ ਪਹਿਲਾਂ ਕਹਾਣੀ ਵਿਧਾ ਦੀ ਲੋੜ ਬਾਰੇ ਗੱਲ ਕਰਨੀ ਉਚਿਤ ਹੋਵੇਗੀ। ਆਪਣੀ ਪ੍ਰਕਿਰਤੀ ਅਤੇ ਬਿਰਤੀ ਵਜੋਂ ਆਧੁਨਿਕ ਕਹਾਣੀ ਪਰਾ ਇਤਿਹਾਸਕ ਪਰਾ ਸਭਿਆਚਾਰਕ ਮੰਨੇ ਜਾਂਦੇ ਮਨੁੱਖੀ ਬਿਰਤਾਂਤ ਦੀ ਹੀ ਨਿਰੰਤਰਤਾ ਹੈ। ਇਕ ਬਿਰਤਾਂਤਕ ਵੰਨਗੀ ਵਜੋਂ ਇਸਦੀ ਮਨੁਖੀ ਜ਼ਿੰਦਗੀ, ਮਨੁੱਖੀ ਹੋਂਦ ਅਤੇ ਮਨੁੱਖੀ ਫ਼ਿਤਰਤ ਨਾਲ ਹੀ ਅਜ਼ਲੀ ਸਾਂਝ ਨਹੀਂ ਆਪਣੇ ਜ਼ਮਾਨੇ ਨਾਲ ਵੀ ਪੱਕੀ ਪੀਡੀ ਕਰਿੰਗੜੀ ਹੋਣੀ ਸੁਭਾਵਕ ਹੈ। ਬਲਕਿ ਹਰ ਯੁਗ ਵਿਚ ਮਨੁੱਖ ਨੂੰ ਦਰਪੇਸ਼ ਵੰਗਾਰਾਂ ਹੀ ਬਿਰਤਾਂਤ ਦੇ ਅੰਗਾਰਾਂ ਨੂੰ ਮਘਾਉਂਦੀਆਂ ਆਈਆਂ ਹਨ। ਜ਼ਮਾਨੇ ਵਿਚ ਭਖਦੇ ਮਸਲਿਆਂ, ਸੁਲਗਦੇ ਸੁਆਲਾਂ, ਮਘਦੇ ਅਹਿਸਾਸਾਂ ਦਾ ਸੇਕ ਜੇ ਕਹਾਣੀ ਦਾ ਪਿੰਡਾ ਬਣਦਾ ਹੈ ਤਾਂ ਮਨੁੱਖ ਦੇ ਜੀਣ ਥੀਣ ਦੀ ਕੋਈ ਚਿਣਗ, ਚਿਲਕ ਜਾਂ ਚੁਆਤੀ ਹੀ ਕਹਾਣੀ ਦੀ ਰੂਹ ਹੋਇਆ ਕਰਦੀ ਹੈ। ਬਿਰਤਾਂਤ ਦੇ ਇਸ ਧਰਮ ਨੂੰ ਨਿਭਾਉਂਦਿਆਂ ਆਧੁਨਿਕ ਕਹਾਣੀ ਆਧੁਨਿਕ ਯੁਗ ਦੀਆਂ ਵੰਗਾਰਾਂ ਨਾਲ ਦਸਤਪੰਜਾ ਲੈਂਦੀ ਮਨੁੱਖੀ ਜ਼ਿੰਦਗੀ ਨੂੰ ਫੋਕਸ ਵਿਚ ਲੈਂਦੀ ਹੈ। ਕਹਾਣੀ ਦਾ ਸੁਹਜ ਅਤੇ ਦਰਸ਼ਨ ਇਸੇ ਫੋਕਸ ਵਿਚ ਸਮੋਇਆ ਹੋਇਆ ਹੈ।

ਹੁਣ ਸੁਆਲ ਹੈ ਆਧੁਨਿਕ ਪੰਜਾਬੀ ਕਹਾਣੀ ਦੇ ਫੋਕਸ ਵਿਚ ਆਈ ਵਸਤੂ ਅਤੇ ਦ੍ਰਿਸ਼ਟੀ ਦਾ। ਟਕਰਾ/ਮਸਲਾ/ਮੁਸ਼ਕਿਲ ਜਾਂ ਚੁਣੌਤੀ ਲਗਭਗ ਕਹਾਣੀ ਦੇ ਪ੍ਰਤੱਖਣ ਵਿਚ ਨਿਹਿਤ ਹੁੰਦੀ ਹੈ। ਕਹਾਣੀ ਗੀਤ ਵਾਂਗ ਨਿਰੋਲ ਜਸ਼ਨਾਵੀ ਘੱਟ ਹੀ ਹੁੰਦੀ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਕਹਾਣੀ ਦਾ ਤ੍ਰਾਸਦਿਕ ਜਾਂ ਨਕਾਰਾਤਮਕ ਹੋਣਾ ਇਸਦੀ ਲਾਜ਼ਮ ਪ੍ਰਵਿਰਤੀ ਹੈ। ਕਹਾਣੀ ਦਾ ਤ੍ਰਾਸਦਿਕ ਹੋਣ ਅਤੇ ਨਕਾਰਾਤਮਕ ਹੋਣ ਵਿਚ ਵੀ ਫ਼ਰਕ ਹੈ। ਕਹਾਣੀ ਇਕ ਕਲਾਤਮਕ ਇਕਾਈ ਹੈ ਜਿਸ ਵਿਚ ਇਕ ਸਜੀਵ ਬਿੰਬ ਦੀ ਘਾੜਤ ਲਈ ਕਥਾ ਨੂੰ ਤਾਰਕਿਕ ਗੁਲਾਈ ਵਿਚ ਸਮੇਟਣਾ ਜ਼ਰੂਰੀ ਹੈ। ਕਹਾਣੀ ਦਾ ਅੰਤ ਸੁਖਾਂਤ ਹੈ ਜਾਂ ਦੁਖਾਂਤ ਇਸ ਨਾਲ ਕਹਾਣੀ ਦੇ ਫ਼ੌਰੀ ਪ੍ਰਭਾਵ ਤੇ ਤਾਂ ਅਸਰ ਪੈ ਸਕਦਾ ਹੈ ਪਰ ਕਹਾਣੀ ਦੇ ਦਰਸ਼ਨ ਜਾਂ ਸੁਹਜ ਨੂੰ ਅਜਿਹੇ ਅੰਤ ਨਾਲ ਬਹੁਤਾ ਫ਼ਰਕ ਨਹੀਂ ਪੈਂਦਾ। ਕਹਾਣੀ ਦੇ ਦਰਸ਼ਨ ਦੀ ਦਿਲਚਸਪੀ ਇਸ ਗੱਲ ਵਿਚ ਹੁੰਦੀ ਹੈ ਕਿ ਬੰਦਾ ਸੁਖ/ਦੁਖ, ਖ਼ੁਸ਼ੀ/ਗ਼ਮੀ, ਜਿੱਤ/ਹਾਰ ਨੂੰ ਲੈਂਦਾ ਕਿਵੇਂ ਹੈ। ਇਨ੍ਹਾਂ ਵੇਲਿਆਂ ਵਿਚ ਵਿਹਾਰ ਕਿਵੇਂ ਕਰਦਾ ਹੈ। ਬਿਰਤਾਂਤ ਮਨੁਖ ਨੂੰ ਜਿੱਤ ਅਤੇ ਹਾਰ ਦੋਹਾਂ ਵੇਲਿਆਂ ਵਿਚ ਹੀ ਪਰਖਦਾ ਆਇਆ ਹੈ। ਅਸਲ ਜ਼ਿੰਦਗੀ ਵਿਚ ਜਿੱਤ ਨੂੰ ਪਚਾਉਣਾ ਅਤੇ ਹਾਰ ਨੂੰ ਸਵੀਕਾਰਨਾ ਦੋਵੇਂ ਚੁਣੌਤੀਆਂ ਭਰਪੂਰ ਹੁੰਦੇ ਹਨ ਤੇ ਇਹੀ ਬੰਦੇ ਦੀ ਪਰਖ ਮੰਨੀ ਜਾਂਦੀ ਹੈ। ਬਹੁਤੀ ਵਾਰ ਕਥਾ ਨਾਇਕ



ਦੀ ਤ੍ਰਾਸਦਿਕ ਹੋਣੀ ਨਾਲੋਂ ਉਸਦੀ ਮਾਨਸਿਕ ਦ੍ਰਿੜ੍ਹਤਾ ਬਿਰਤਾਂਤ ਲਈ ਵਧੇਰੇ ਜਸ਼ਨਾਵੀ ਹੋ ਜਾਂਦੀ ਹੈ। ਭਾਬੀ ਮੈਨਾ (ਗੁਰਬਖ਼ਸ਼ ਸਿੰਘ), ਧਰਤੀ ਹੇਠਲਾ ਬੌਲਦ (ਕੁਲਵੰਤ ਸਿੰਘ ਵਿਰਕ), ਰਾਸ ਲੀਲਾ (ਸੁਜਾਨ ਸਿੰਘ), ਕੋਈ ਇਕ ਸਵਾਰ (ਸੰਤੋਖ ਸਿੰਘ ਧੀਰ), ਹਲਵਾਹ (ਸੰਤ ਸਿੰਘ ਸੇਖੋਂ) ਵਰਗੀਆਂ ਬਹੁਤ ਸਾਰੀਆਂ ਕਹਾਣੀਆਂ ਹਨ ਜਿਥੇ ਹਾਲਾਤ ਨਾਇਕ ਨੂੰ ਢਾਹ ਲੈਂਦੇ ਹਨ, ਜਿੱਤਣ ਨਹੀਂ ਦਿੰਦੇ ਪਰ ਉਨ੍ਹਾਂ ਦੇ ਬੋਲਾਂ/ਕਾਰਜਾਂ/ਭਾਵਾਂ ਵਿਚੋਂ ਉਦਘਾਟਿਤ ਹੁੰਦੀ ਜਾਂ ਉਨ੍ਹਾਂ ਦੇ ਚੁੱਪ ਵਿਚ ਸਿਮਟੀ ਉਨ੍ਹਾਂ ਦੇ ਹੋਣ/ਥੀਣ ਦੀ ਲਿਸ਼ਕ ਕਹਾਣੀ ਵਿਚ ਰੂਹ ਪਾ ਦਿੰਦੀ ਹੈ।

ਜਿਥੋਂ ਤਕ ਅਜੋਕੀ ਕਹਾਣੀ ਵਿਚ ਪ੍ਰਭਾਵੀ ਹੋ ਰਹੀ ਨਕਾਰਾਤਮਕਤਾ, ਅਕਰਮਕਤਾ, ਢੁਹੜਤਾ ਤੇ ਕੁਝ ਨਾ ਹੋ ਸਕਣ ਵਾਲਾ ਕਥਾ ਵਿਵੇਕ ਹੈ, ਇਸ ਨੂੰ ਨਿਸ਼ਚੈ ਹੀ ਕਹਾਣੀਕਾਰ ਦੀ ਦ੍ਰਿਸ਼ਟੀ/ਸਮਰਥਾ ਦੀ ਸੀਮਾ ਕਹਿਣਾ ਹੋਵੇਗਾ। ਜ਼ਮਾਨਾ ਜਾਂ ਹਾਲਾਤ ਜੇ ਬੰਦੇ ਨੂੰ ਧਰਾਸ਼ਾਈ ਕਰਨ ਲਈ ਬਜ਼ਿੱਦ ਹਨ ਤਾਂ ਕੀ ਪਾਠਕ ਕਹਾਣੀ ਇਹ ਜਾਣਨ ਲਈ ਪੜ੍ਹੇ ਕਿ ਬੰਦਾ ਜ਼ਮਾਨੇ ਦੀ ਪੁੱਗਣ ਦੇਣ ਲਈ ਹੀ ਬਣਿਆ ਹੈ। ਕਹਾਣੀਕਾਰ ਨੇ ਸਿਰਫ਼ ਇਹ ਨਹੀਂ ਦੱਸਣਾ ਹੁੰਦਾ ਕਿ ਕਹਾਣੀ ਦੇ ਬਾਸ਼ਿੰਦਿਆਂ ਦਾ ਦੁਖ ਸੁਖ ਸਾਡੇ ਵਰਗਾ ਹੀ ਹੈ ਜਾਂ ਸਾਡੇ ਤੋਂ ਵੀ ਵੱਡਾ ਹੈ। ਅੱਜ ਜਦੋਂ ਵਿਚਾਰਧਾਰਾਵਾਂ/ਪ੍ਰਤਿਬਧਤਾਵਾਂ/ ਨਿਰਣੈ ਦੀ ਅਧਿਕਾਰ ਸੰਪੰਨਤਾ ਨੂੰ ਹੀ ਨਹੀਂ ਚਰਿਤਰਕ ਦ੍ਰਿੜ੍ਹਤਾ ਨੂੰ ਵੀ ਖੋਰਾ ਲੱਗਿਆ ਹੋਇਆ ਹੈ। ਕਹਾਣੀਕਾਰ ਵੀ ਸਭ ਕਾਸੇ ਨੂੰ ਜ਼ਮਾਨੇ ਦੀ ਘੜਮੱਸ ਸਿਰ ਪਾ ਕੇ ਸੌਖਿਆਂ ਵਿਹਲਾ ਹੋਣਾ ਲੋਚਦਾ ਹੈ। ਕਹਾਣੀ ਦੀਆਂ ਨਵੀਆਂ ਜੁਗਤਾਂ ਇਸੇ ਟੇਢ ਨੂੰ ਨਿਭਾਉਂਦੀਆਂ ਵੇਖੀਆਂ ਜਾ ਸਕਦੀਆਂ ਹਨ। ਕਹਾਣੀਕਾਰ ਕਹਾਣੀ ਵਿਚਲੀਆਂ ਸਥਿਤੀਆਂ/ਹਾਲਤਾਂ/ਜਜ਼ਬਿਆਂ ਨੂੰ ਇਕ ਮਿੱਥੀ ਹੱਦ ਤਕ ਕਸ਼ੀਦਦਾ ਹੈ। ਪਾਤਰ ਬਿਰਤਾਂਤ ਸ੍ਰੋਤੇ ਕੋਲ ਆਪਣਾ ਦਿਲ ਖੋਲ੍ਹਦਾ ਹੈ, ਆਪਣੇ ਹੌਸਲੇ ਜਾਂ ਤ੍ਰਾਣ ਦੀ ਜਾਂ ਆਪਣੀਆਂ ਕਮਜ਼ੋਰੀਆਂ ਬੇਬਸੀਆਂ ਦੀ ਹੀ ਨਹੀਂ ਆਪਣੀਆਂ ਕਮੀਨਗੀਆਂ ਦੀ ਬਾਤ ਵੀ ਪਾਉਂਦਾ ਹੈ ਪਰ ਪਾਤਰ ਦੇ ਕਿਸੇ ਫੰਧੇ ਵਿਚ ਫਸਣ ਤੋਂ ਪਹਿਲਾਂ ਪਹਿਲਾਂ ਵਕਤਾ ਕਹਾਣੀ ਸਮੇਟ ਲੈਂਦਾ ਹੈ। ਜ਼ਮਾਨੇ ਦੀ ਘੜਮੱਸ ਵਿਚ ਬੌਂਦਲਿਆ ਕਹਾਣੀ ਦਾ ਸ੍ਰੋਤਾ/ਪਾਠਕ ਕਹਾਣੀ ਇਸ ਆਸ ਨਾਲ ਪੜ੍ਹ ਰਿਹਾ ਹੁੰਦਾ ਹੈ ਕਿ ਕਹਾਣੀ ਉਸਨੂੰ ਰਾਹ ਵਿਖਾਏਗੀ। ਰਾਹਤ ਜਾਂ ਰਮਜ਼ ਦੀ ਆਸ ਰੱਖਣਾ ਪਾਠਕ ਦਾ ਅਧਿਕਾਰ ਹੈ। Loorie Moore ਨੇ ਕਿਹਾ ਸੀ ਕਿ ਜੇ ਕਹਾਣੀ ਸਾਡੇ ਅੰਦਰਲੇ ਸਿਲ ਪੱਥਰ ਹੋ ਚੁੱਕੇ ਸਮੁੰਦਰ ਨੂੰ ਪੁਟ ਸੁਟਣ ਵਾਲੀ ਕੁਹਾੜੀ ਨਹੀਂ ਬਣ ਸਕਦੀ ਤਾਂ ਘੱਟੋ ਘੱਟ ਸਾਨੂੰ ਤਿੱਖੇ ਮਜ਼ਬੂਤ ਆਈਸ ਸਕੇਟਸ ਦਾ ਜੋੜਾ ਤਾਂ ਮੁਹੱਈਆ ਕਰੇ। ਕਹਾਣੀ ਨਿਰੋਲ ਜ਼ਮਾਨੇ ਦੀ ਤਰਜਮਾਨੀ ਨਹੀਂ, ਬੰਦੇ ਦੀ ਬੰਦਿਆਈ ਦੀ ਸਦੀਵੀ ਧਿਰ ਹੈ, ਬੰਦੇ ਦੀ ਆਵਾਜ਼ ਹੈ, ਬੰਦੇ ਦੇ ਅੰਦਰਲੇ ਜਮੂਦਾਂ ਨੂੰ ਤੋੜਨਾ ਤੇ ਉਸ ਨੂੰ ਉਰਜਿਤ ਕਰਨਾ ਇਸਦਾ ਬੁਨਿਆਦੀ ਧਰਮ ਹੈ।

**ਸਮੁੱਚੀ ਪੰਜਾਬੀ ਕਹਾਣੀ ਵਿਚ ਸਮੱਸਿਆਵਾਂ 'ਤੇ ਜਿੱਤ ਪਾ ਰਹੇ ਪਾਤਰ ਵੀ ਬਹੁਤ ਘੱਟ ਨਜ਼ਰ ਆਉਂਦੇ ਹਨ, ਬਹੁਤਾਤ ਸਥਿਤੀਆਂ ਦੇ ਸ਼ਿਕਾਰ ਪਾਤਰਾਂ ਦੀ ਹੈ। ਜਦੋਂਕਿ ਪੰਜਾਬੀ ਚਰਿੱਤਰ ਬਾਰੇ ਇਸ ਤੋਂ ਉਲਟ ਸੁਣਨ ਨੂੰ ਮਿਲਦਾ ਹੈ। ਕਾਰਨ ਸਮਝਾ ਸਕਦੇ ਹੋ ?**

- ਮਸਲਾ ਕਥਾ ਨਾਇਕ ਦੀ ਜਿੱਤ ਜਾਂ ਹਾਰ ਦਾ ਨਹੀਂ। ਅਸਲ ਜ਼ਿੰਦਗੀ ਵਿਚ ਵੀ ਮਨੁੱਖ ਨੂੰ ਜਿੱਤ ਮੁਕਾਬਲਤਨ ਘੱਟ ਨਸੀਬ ਹੁੰਦੀ ਹੈ। ਜੇ ਇਕ ਜਿੱਤਦਾ ਵੀ ਹੈ ਤਾਂ ਕਈ ਹਾਰਦੇ ਹਨ। ਜਿੱਤਾਂ ਸਾਪੇਖਕ ਵੀ ਹੁੰਦੀਆਂ ਹਨ। ਰਾਜਨੀਤਕ ਤਾਕਤਾਂ ਦੀਆਂ ਜਿੱਤਾਂ ਹਾਰਾਂ ਇਤਿਹਾਸ

ਦਾ ਵਹਿਣ ਬਣਦੀਆਂ ਹਨ ਜਦੋਂਕਿ ਜ਼ਿੰਦਗੀ ਦੇ ਪੱਤਨਾਂ ਤੇ ਨੈਤਿਕ ਜਿੱਤਾਂ ਦੇ ਗੌਰਵ ਦਾ ਗਾਣ ਕੀਤਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਦਾ ਜ਼ਫ਼ਰਨਾਮਾ ਇਸੇ ਨੈਤਿਕ ਜਿੱਤ ਦਾ ਸ਼ਾਹਕਾਰ ਪ੍ਰਗਟਾਵਾ ਹੈ। ਗ਼ਦਰੀ ਬਾਬੇ ਜਿੱਤੇ ਨਹੀਂ ਸਨ ਪਰ ਸਵੈਮਾਣ ਲਈ ਸਭ ਕੁਝ ਛੱਡ ਛਡਾ ਮਰ ਮਿਟਣ ਲਈ ਤਿਆਰ ਹੋਣ ਦੇ ਮਿਸਾਲੀ ਉਦਮ ਤੇ ਸਾਹਸ ਕਰਕੇ ਉਹ ਪੰਜਾਬੀ ਚਰਿਤਰ ਦਾ ਆਹਲਾ ਪ੍ਰਮਾਣ ਹਨ। ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਖੱਬਲ' ਦੀ ਨਾਇਕਾ ਨੇ ਦੇਸ਼ ਵੰਡ ਦਾ ਸੰਤਾਪ ਆਪਣੇ ਤਨ ਮਨ 'ਤੇ ਹੰਢਾਇਆ ਸੀ ਪਰ ਕਹਾਣੀਕਾਰ ਨੇ ਉਸ ਨੂੰ ਇਕ ਸ਼ਿਕਾਰ ਪਾਤਰ ਵਜੋਂ ਨਹੀਂ, ਜ਼ਿੰਦਗੀ ਨੂੰ ਮੁੜ ਨਵੇਂ ਸਿਰਿਓਂ ਤਕੜੇ ਹੱਥੀਂ ਸੰਜੋਣ ਵਾਲੀ ਨਾਇਕਾ ਵਜੋਂ ਚਿਤਰਿਆ ਸੀ। ਗੁਰਦੇਵ ਰੁਪਾਣਾ ਨੇ ਆਪਣੀ ਕਹਾਣੀ 'ਸ਼ੀਸ਼ਾ' ਵਿਚ ਉਸ ਸਾਹਸ ਨੂੰ ਲਾਹਨਤ ਪਾਈ ਸੀ, ਜਿਹੜਾ ਸਾਹਸ ਵੰਡ ਵੇਲੇ ਬਰਬਰਤਾ ਵਿਚ ਤਬਦੀਲ ਹੋਇਆ ਸੀ। ਪੰਜਾਬੀ ਬਿਰਤਾਂਤ ਵਿਚ ਇਹੋ ਜਿਹੇ ਬਹੁਤ ਸਾਰੇ ਪ੍ਰਮਾਣ ਹਨ, ਜਿਹੜੇ ਦਸਦੇ ਹਨ ਕਿ ਅਸਲ ਪੰਜਾਬੀਅਤ ਜਿੱਤ ਨੂੰ ਕਿਵੇਂ ਪਰਿਭਾਸ਼ਿਤ ਕਰਦੀ ਹੈ। 'ਸੱਚ ਸੁਣਾਇ ਸੀ ਸੱਚ ਕੀ ਬੇਲਾ', 'ਭੈ ਕਾਹੂੰ ਕੋ ਦੇਤ ਨਹਿ ਨਹਿ ਭੈ ਮਾਨਤ ਆਨ', 'ਸ਼ੁਭ ਕਰਮਨ ਤੇ ਕਬਹੂੰ ਨਾ ਟਰੋ' ਵਰਗੇ ਪ੍ਰਤਿਮਾਨ ਪੰਜਾਬੀ ਦਰਸ਼ਨ ਦੇ ਸੰਕਲਪ ਹੀ ਨਹੀਂ, ਪੰਜਾਬੀ ਬੰਦੇ ਦੇ ਪੰਜਾਬੀ ਚਰਿਤਰ ਦੇ ਹੋਣ/ਥੀਣ ਦੇ ਟਕਸਾਲੀ ਮਾਪਦੰਡ ਵੀ ਹਨ। ਪੰਜਾਬੀ ਬਿਰਤਾਂਤ ਆਪਣੇ ਪਾਤਰਾਂ ਦੀ ਜਿੱਤ ਹਾਰ ਇਨ੍ਹਾਂ ਗਜ਼ਾਂ ਨਾਲ ਹੀ ਮਾਪਦਾ ਆਇਆ ਹੈ। ਲਾਚਾਰ, ਬੇਬਸ, ਵਿਚਾਰਾ ਜਿਹਾ ਜਾਂ ਤਰਸ ਮੰਗਦਾ ਪਾਤਰ ਸਾਡੀ ਰਹਿਤਲ ਦਾ ਬਾਸ਼ਿੰਦਾ ਭਾਵੇਂ ਹੋਵੇ ਪਰ ਸਾਡਾ ਪ੍ਰਤਿਨਿਧ ਬਿੰਬ ਕਦਾਚਿਤ ਨਹੀਂ। ਪੰਜਾਬੀ ਬੰਦੇ ਨੂੰ ਅਸਲ ਜ਼ਿੰਦਗੀ ਵਿਚ ਸਭ ਤੋਂ ਵੱਡੀ ਹੀਣਤਾ ਜਾਂ ਨਮੋਸ਼ੀ ਸ਼ਾਇਦ ਅਜਿਹੀ ਪਛਾਣ ਦੀ ਹੋਵੇਗੀ ਪਰ ਤੁਸੀਂ ਅੱਜ ਦੀ ਕਹਾਣੀ ਵਿਚ ਸ਼ਿਕਾਰ ਪਾਤਰਾਂ ਦੀ ਬਹੁਤਾਤ ਦੀ ਗੱਲ ਕੀਤੀ ਹੈ। ਇਹ ਧਾਰਨਾ ਕਾਫ਼ੀ ਹੱਦ ਤਕ ਠੀਕ ਕਹੀ ਜਾ ਸਕਦੀ ਹੈ। ਅਜੋਕੀ ਕਹਾਣੀ ਵਿਚ ਅਜਿਹੇ ਚਰਿਤਰਕ ਬਿੰਬ ਦੀ ਬਹੁਤਾਤ ਵਿਚ ਘਾੜਤ ਪਿੱਛੇ ਸਮਕਾਲ ਦਾ ਬਾਜ਼ਾਰੀ ਈਥੋਸ ਵੀ ਦਖ਼ਲ ਅੰਦਾਜ਼ ਹੁੰਦਾ ਵੇਖਿਆ ਜਾ ਸਕਦਾ ਹੈ ਅਤੇ ਬੇਮੁਹਾਰ ਖ਼ਾਹਿਸ਼ਾਂ ਸਾਹਵੇਂ ਢਹਿਢੇਰੀ ਮਧ-ਸ਼੍ਰੇਣਿਕ ਬੰਦਾ ਵੀ। ਇਸ ਜ਼ਮਾਨੇ ਦਾ ਸਭ ਤੋਂ ਚਾਲੂ ਕਾਰਡ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਦੁਨੀਆਂ ਦੇ ਸਭ ਤੋਂ ਟਿਕਾਊ, ਸਭ ਤੋਂ ਤਾਕਤਵਰ, ਸਭ ਤੋਂ ਅਮੀਰ, ਸਭ ਨੂੰ ਦਾਬੇ ਮਾਰਨ ਵਾਲੇ ਮੁਲਕ ਵਿਚ ਵੀ ਇਹ ਪੱਤਾ ਚਲ ਚੁੱਕਾ ਹੈ। ਅਮਰੀਕਾ ਵਿਚ ਗੋਰਿਆਂ ਦਾ ਸਭ ਤੋਂ ਅਮੀਰ ਤਬਕਾ ਟਰੰਪ ਨੂੰ ਇਸ ਲਈ ਜਿਤਾਉਂਦਾ ਹੈ ਕਿਉਂਕਿ ਉਹ ਉਨ੍ਹਾਂ ਦੇ ਹੱਕਾਂ ਨੂੰ ਸੁਰੱਖਿਅਤ ਕਰਨ, ਉਨ੍ਹਾਂ ਦੇ ਮੁਲਕ ਨੂੰ ਪਰਵਾਸੀਆਂ ਦੇ ਅਨਿਆਂ ਦਾ ਸ਼ਿਕਾਰ ਹੋਣ ਤੋਂ ਬਚਾਉਣ ਦੀ ਹਾਮੀ ਭਰਦਾ ਹੈ। ਰੀਸੋ ਰੀਸੀ ਸਾਰੇ ਮੁਲਕਾਂ ਦੀਆਂ ਰਾਜਨੀਤੀਆਂ ਨੂੰ ਹੀ ਅਸੁਰੱਖਿਆ ਅਨਿਸਚਿਤਤਾ ਅੰਤਕ ਦਾ ਮਾਹੌਲ ਬਣਾ ਲੋਕਾਈ ਨੂੰ ਹਰ ਹੀਲੇ ਵੰਡਣਾ ਰਾਸ ਆ ਰਿਹਾ ਹੈ। ਰੰਗਾਂ, ਨਸਲਾਂ, ਧਰਮਾਂ, ਕੌਮਾਂ, ਜਾਤਾਂ, ਜਮਾਤਾਂ, ਭਾਸ਼ਾਵਾਂ ਤੋਂ ਅਗਾਂਹ ਜੈਂਡਰਾਂ ਦੀ ਵੰਡ ਵੀ ਏਨੀ ਟੇਢੀ ਤੇ ਤਿੱਖੀ ਹੋ ਚੁੱਕੀ ਹੈ ਕਿ ਹਰ ਕੋਈ ਆਪਣੇ ਆਪ ਨੂੰ ਦੂਜੇ ਦੀ ਵਧੀਕੀ ਦੇ ਸ਼ਿਕਾਰ ਵਜੋਂ ਪੇਸ਼ ਕਰ ਰਿਹਾ ਹੈ। ਬਲਕਿ ਇਸਨੂੰ ਕੈਸ਼ ਕਰਨ ਦੀ ਰਾਜਨੀਤੀ ਖੇਡ ਰਿਹਾ ਹੈ। ਇਸੇ ਈਥੋਸ ਦੀਆਂ ਪ੍ਰਤੀਧੁਨੀਆਂ ਦੀ ਗੂੰਜ ਬਿਰਤਾਂਤ ਵਿਚ ਸੁਣੀਂਦੀ ਹੈ। ਆਮ ਤੋਂ ਆਮ ਕਹਾਣੀ ਇਸੇ ਪੱਧਰ ਤੋਂ ਚਿਤਵੀ ਜਾਂਦੀ ਹੈ। ਹੁਣ ਕਹਾਣੀ ਵਿਚ ਮਰਦ ਵਧੀਕੀਆਂ ਦੀਆਂ ਸ਼ਿਕਾਰ ਔਰਤਾਂ ਦੀਆਂ ਕਹਾਣੀਆਂ ਵੀ ਉਸੇ ਅਨੁਪਾਤ ਵਿਚ ਮਿਲਣਗੀਆਂ ਜਿੰਨੀਆਂ ਔਰਤ ਦੇ ਧੋਖਿਆਂ ਦੇ ਸ਼ਿਕਾਰ ਮਰਦਾਂ ਦੀਆਂ। ਜੇ ਦਲਿਤ ਪਾਤਰ ਆਪਣੇ ਆਪ ਨੂੰ ਸਦੀਆਂ ਤੋਂ ਸ਼ਿਕਾਰ ਹੁੰਦੇ ਦਰਸਾ ਰਹੇ ਹਨ ਤਾਂ ਸਵਰਣ ਜਾਤੀਆਂ



ਰਾਖਵੇਂਕਰਨ ਦੇ ਧੱਕੇ ਤੇ ਅਨਿਆਂ ਦਾ ਸ਼ਿਕਾਰ ਹੁੰਦੀਆਂ ਪੇਸ਼ ਹੋ ਰਹੀਆਂ ਹਨ। ਇਹ ਰੁਝਾਨ ਏਨਾ ਵਧ ਚੁੱਕਾ ਹੈ ਕਿ ਹਰ ਵਿਅਕਤੀ ਦਾ ਹਰ ਨੂੰ ਆਪਣੀ ਖ਼ੁਸ਼ੀ, ਚੈਨ, ਵਿਕਾਸ, ਵਿਗਾਸ ਵਿਚ ਬਾਧਕ ਮੰਨ ਰਿਹਾ ਹੈ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਬਹੁਤੀਆਂ ਕਹਾਣੀਆਂ ਵਿਚ ਇਹ ਸਿੱਧ ਕਰਨ ਲਈ ਅੰਦਰੋਂ ਅੰਦਰੀਂ ਚਲਦਾ ਤਰਕ ਵਿਤਰਕ ਹੀ ਕਥਾ ਵਿਵੇਕ ਸਿਰਜ ਰਿਹਾ ਹੈ। ਮੁਖ ਪਾਤਰ ਆਪਣੇ ਆਪ ਨੂੰ ਸਹੀ, ਸੱਚਾ, ਸ਼ਿਕਾਰ ਹੋਇਆ ਸਿੱਧ ਕਰਨ ਲਈ ਏਨੇ ਹਾਸੋ ਹੀਣੇ ਪ੍ਰਮਾਣ ਦੇ ਰਿਹਾ ਹੈ ਕਿ ਕਹਾਣੀ ਸਹੀ-ਠੀਕ, ਉਤਮ-ਨਖਿਧ, ਸੱਚੇ-ਸੂਡੋ ਮਾਨਵੀਪਣ ਦੇ ਨਿਤਾਰੇ ਵਿਚ ਉਲਝ ਰਹੀ ਹੈ ਤੇ ਹਰ ਸੱਚ ਹੀ ਸਾਪੇਖਕ ਸੱਚ ਸਿੱਧ ਹੋਣ ਲਈ ਤਰਲੇ ਲੈ ਰਿਹਾ ਹੈ, ਪਰ ਇਸਦਾ ਮਤਲਬ ਇਹ ਕਦਾਚਿਤ ਨਹੀਂ ਕਿ ਅਸਲ ਸੱਚ ਜਾਂ ਅਸਲ ਜਿੱਤ ਵਰਗਾ ਸਭ ਕੁਝ ਜ਼ਿੰਦਗੀ ਤੇ ਜ਼ਮਾਨੇ ਜਾਂ ਕਹਾਣੀ ਵਿਚ ਰਿਹਾ ਹੀ ਨਹੀਂ। ਇਹ ਪ੍ਰਤਿਮਾਨ ਨਾ ਕਦੇ ਜ਼ਿੰਦਗੀ ਵਿਚ ਖ਼ਾਰਜ ਹੋਣੇ ਹਨ, ਨਾ ਜ਼ਮਾਨੇ ਵਿਚੋਂ ਤੇ ਨਾ ਹੀ ਬਿਰਤਾਂਤ ਵਿਚੋਂ। ਜਿਹੜੇ ਕਹਾਣੀਕਾਰ ਜ਼ਿੰਦਗੀ ਦੀ ਪੈਰਵਾਈ ਕਰਦੇ ਹਨ, ਮਨੁੱਖੀ ਫ਼ਿਤਰਤ ਦੀ ਪੱਕੇ ਪੈਰੀਂ ਪੈੜ ਨੱਪਦੇ ਹਨ ਉਹ ਇਸਨੂੰ ਲੱਭ ਵੀ ਲਿਆਉਂਦੇ ਹਨ। ਮਿਸਾਲ ਵਜੋਂ ਸੁਰਿੰਦਰ ਸੋਹਲ ਜਦੋਂ 'ਸ਼ੀਸ਼ੇ ਤੇ ਜੰਮੀ ਬਰਫ਼' ਵਰਗੀ ਕਹਾਣੀ ਲਿਖਦਾ ਹੈ ਤਾਂ ਉਹ ਆਪਣੇ ਨਾਇਕ ਦੇ Self ਵੱਲੋਂ Other ਦੀਆਂ ਵਧੀਕੀਆਂ ਬਾਰੇ ਦਿੱਤੇ ਸਾਰੇ ਤਰਕਾਂ ਵਿਤਰਕਾਂ ਨੂੰ ਲਾਂਭੇ ਨਹੀਂ ਸੁੱਟਦਾ ਪਰ ਉਹ ਉਸਦੇ ਬਹਾਨਿਆਂ ਨੂੰ ਬੰਦੇ ਦੀ ਬੰਦਿਆਈ ਤੇ ਇਮਾਨਦਾਰੀ ਤੇ ਹਾਵੀ ਨਹੀਂ ਹੋਣ ਦਿੰਦਾ ਤੇ ਇਹੀ ਸੇਧ ਤੇ ਸਪੱਸ਼ਟਤਾ ਉਸ ਕੋਲੋਂ ਜੇਤੂ ਪਾਤਰ ਦੀ ਸਿਰਜਣਾ ਕਰਵਾਉਂਦੀ ਹੈ। ਚਰਿਤਰਕ ਦ੍ਰਿੜ੍ਹਤਾ ਮੇਰੀ ਜਾਚੇ ਸਮਾਜ ਵਿਚ ਖ਼ਤਮ ਨਹੀਂ ਹੋਈ, ਦੁਰਲਭ ਜ਼ਰੂਰ ਹੋਈ ਹੈ। ਮੁਸ਼ਕਿਲ ਇਹ ਹੈ ਕਿ ਕਹਾਣੀਕਾਰ ਆਪਣੇ ਚਰਿਤਰਕ ਬਿੰਬ ਦੀ ਘਾੜਤ ਵੇਲੇ ਇਸ ਨੂੰ ਲੱਭਣ/ਖੋਜਣ ਦਾ ਤਰੱਦਦ ਨਹੀਂ ਕਰ ਰਿਹਾ।

**ਅਜੋਕੀ ਪੰਜਾਬੀ ਕਹਾਣੀ ਵੀ ਇਕਲਾਪੇ, ਤਰਸੇਵੇਂ, ਮਜਬੂਰੀ, ਸਮਾਜਕ ਟੁੱਟ-ਭੱਜ, ਨਿਰਾਸ਼ਾ ਅਤੇ ਬਾਜ਼ਾਰਵਾਦ ਦੇ ਗਲਬੇ ਅੱਗੇ ਢਹਿ-ਢੇਰੀ ਚੁੱਕੇ ਬੰਦੇ ਦੀ ਕਹਾਣੀ ਹੀ ਬਣ ਕੇ ਰਹਿ ਗਈ ਹੈ। ਕੀ ਕਾਰਣ ਹੈ ਕਿ ਸਾਕਾਰਾਤਮਕ, ਆਸ਼ਾਵਾਦੀ ਅਤੇ ਊਰਜਿਤ ਕਰਨ ਵਾਲੇ ਵਿਸ਼ੇ ਅਤੇ ਪਾਤਰ ਪੰਜਾਬੀ ਦੇ ਕਹਾਣੀਕਾਰ ਨੂੰ ਨਹੀਂ ਸੁੱਝ ਰਹੇ ?**

– ਸਮਕਾਲੀ ਈਥੋਸ ਨਾਲ ਫ਼ੌਰੀ ਤੇ ਨਿਕਟੀ ਰਾਬਤਾ ਬਣਾਉਣ ਦੀ ਤੌਫ਼ੀਕ ਕਹਾਣੀ ਦੀ ਵਿਧਾ ਕੋਲ ਸਭ ਤੋਂ ਵਧੇਰੇ ਮੰਨੀ ਜਾਂਦੀ ਹੈ। ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਤੇ ਨਜ਼ਰ ਮਾਰੀਏ ਤਾਂ ਪੰਜਾਬੀ ਕਹਾਣੀ ਵਿਚ ਆਰਥਿਕ ਮੰਦਹਾਲੀ, ਸਮਾਜਕ ਟੁੱਟ ਭੱਜ, ਵਿਅਕਤੀਗਤ ਨਿਰਾਸ਼ਾ ਜਾਂ ਆਤੁਰਤਾ ਦੇ ਬਿੰਬ ਪ੍ਰਤਿਬਿੰਬ ਗ਼ੈਰਵਾਜਬ ਨਹੀਂ ਜਾਪਦੇ। ਪੰਜਾਬ ਨਿਰਸੰਦੇਹ, ਵੱਡੇ ਸੰਕਟਾਂ ਵਿਚੋਂ ਲੰਘ ਰਿਹਾ ਹੈ। ਗ਼ਰੀਬ ਅਮੀਰ ਪਾੜਾ ਦਿਨੋਂ ਦਿਨ ਵਧ ਰਿਹਾ ਹੈ। ਆਮ ਸਾਧਾਰਨ ਪੰਜਾਬੀ ਆਪਣੇ ਜੰਮਣ ਭੋਇੰ ਤੋਂ ਨਿੱਤ ਬੇਜ਼ਾਰ ਹੋ ਰਿਹਾ ਹੈ। ਉਸਦਾ ਭਰੋਸਾ ਬੁਰੀ ਤਰ੍ਹਾਂ ਟੁੱਟ ਚੁੱਕਾ ਹੈ ਕਿ ਪੰਜਾਬ ਉਸਦੀ ਔਲਾਦ ਨੂੰ ਸੁਰੱਖਿਅਤ ਭਵਿੱਖ ਦੇ ਸਕਦਾ ਹੈ। ਸਿਹਤ, ਸਿਖਿਆ, ਸੁਰੱਖਿਆ, ਰੁਜ਼ਗਾਰ ਸਭ ਪਾਸੇ ਵੀਰਾਨੀਆਂ ਹੀ ਵੀਰਾਨੀਆਂ ਤਾਂ ਹਨ। ਜੇ ਪੰਜਾਬੀ ਕਹਾਣੀ ਨੇ ਅੱਜ ਦੇ ਪੰਜਾਬੀ ਬੰਦੇ ਦੀ, ਪੰਜਾਬੀ ਯਥਾਰਥ ਦੀ ਕਹਾਣੀ ਕਹਿਣੀ ਹੈ ਤਾਂ ਉਹ ਇਸ ਸਭ ਕਾਸੇ ਨੂੰ ਕਥਾਨਕ ਵਿਚੋਂ ਖ਼ਾਰਜ ਨਹੀਂ ਕਰ ਸਕਦੀ।

ਪਰ ਕਹਾਣੀਕਾਰ ਨੂੰ ਚੇਤੇ ਰੱਖਣਾ ਪਏਗਾ ਕਿ ਕਹਾਣੀ ਸਿਰਫ਼ ਯਥਾਰਥ ਦੀ ਸੁਹਿਰਦ

ਸੰਵੇਦਨਸ਼ੀਲ ਪੇਸ਼ਕਾਰੀ ਮਾਤਰ ਨਹੀਂ। ਬੇਬਸ ਲਾਚਾਰ ਬੰਦੇ ਦੀ ਸੁਹਿਰਦ ਸੰਵੇਦਨਸ਼ੀਲ ਪੇਸ਼ਕਾਰੀ ਨਾਲ ਹੀ ਕਹਾਣੀ ਕਹਾਣੀ ਨਹੀਂ ਬਣ ਜਾਂਦੀ। ਇਸ ਪੱਖੋਂ ਤਾਂ ਅੱਜ ਮੀਡੀਏ ਦਾ ਕੈਮਰਾ ਸ਼ਬਦਾਂ ਦੀ ਮੁਥਾਜੀ ਤੋਂ ਬਿਨਾਂ ਹੀ ਸਭ ਕੁਝ ਹਰ ਕੋਣ ਤੋਂ ਵਿਖਾਈ ਜਾ ਰਿਹਾ ਹੈ। ਹਰ ਸਮਰਥ ਕਹਾਣੀਕਾਰ ਜਾਣਦਾ ਹੈ ਕਿ ਯਥਾਰਥ ਤਾਂ ਕਹਾਣੀ ਦਾ ਕਰੰਗ ਹੁੰਦਾ ਹੈ। ਜਿਹੜੇ ਕਹਾਣੀ ਕਹਿਣਾ ਜਾਣਦੇ ਹਨ ਉਨ੍ਹਾਂ ਨੂੰ ਪਤਾ ਹੈ ਕਿ ਕਹਾਣੀ ਦੇ ਕਿਸੇ ਨਾ ਕਿਸੇ ਪਾਤਰ ਨੂੰ ਸਕਾਰਾਤਮਕ ਊਰਜਾ ਨਾਲ ਸੀਖੇ ਬਿਨਾਂ ਕਹਾਣੀ ਦੀ ਸ਼ਾਹਰਗ ਨਹੀਂ ਸਿਰਜੀ ਜਾ ਸਕਦੀ। ਸਾਰੇ ਸਮਰਥ ਕਹਾਣੀਕਾਰ ਇਸ ਵੱਲ ਉਚੇਚਾ ਧਿਆਨ ਦਿੰਦੇ ਹਨ। ਸਮਰੱਥ ਕਹਾਣੀਕਾਰ ਆਪਣੇ ਪਾਤਰਾਂ ਨੂੰ ਉਸਦੇ ਯੂਨੀਕ ਹੋਣ ਦੀਆਂ ਤਸੱਲੀਆਂ ਤਲਾਫੀਆਂ ਵੀ ਦਿੰਦੇ ਹਨ ਤੇ ਉਸਨੂੰ ਅੰਨ੍ਹੀ ਪਦਾਰਥਕਤਾ ਮਾਰੂ ਨਿੱਜਤਾ ਦੇ ਸੈਲਾਬ ਵਿਚ ਹੜ੍ਹਨੋਂ ਬਾਖਬਰ ਵੀ ਕਰਦੇ ਹਨ।

ਕਹਾਣੀ ਦੀ ਫ਼ਿਲਾਸਫ਼ੀ ਕਹਿੰਦੀ ਹੈ ਕਿ ਕਹਾਣੀ ਕਹਿਣ ਨੂੰ ਹੀ ਨਿੱਕੀ ਜਾਂ ਇਕਾਂਗੀ ਹੁੰਦੀ ਹੈ ਪ੍ਰਭਾਵ ਪੱਖੋਂ ਇਸਦੇ ਪੋਟੈਂਸ਼ੀਅਲ ਨੂੰ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਆਪਣੇ ਪਾਤਰ ਹੱਥੋਂ ਛੁਟੀ ਜ਼ਿੰਦਗੀ ਦੀ ਰੌਂਅ ਨੂੰ ਲਭਾ ਕੇ ਕਹਾਣੀਕਾਰ ਪਾਤਰ ਨੂੰ ਹੀ ਊਰਜਿਤ ਨਹੀਂ ਕਰਦਾ ਪਾਠਕ ਦਾ ਵੀ ਜ਼ਿੰਦਗੀ ਵਿਚ ਯਕੀਨ ਬੰਨ੍ਹਾ ਦੇਂਦਾ ਹੈ ਅਤੇ ਪਾਠਕਾਂ ਰਾਹੀਂ ਸਮਾਜ ਨੂੰ ਅੰਦੋਲਿਤ ਕਰਨ ਦੇ ਸਮਰਥ ਹੁੰਦਾ ਹੈ। ਸੋ ਸਕਾਰਾਤਮਕ ਊਰਜਾ ਵਾਲੇ ਪਾਤਰਾਂ/ਵਿਸ਼ਿਆਂ ਨੂੰ ਭਾਲਣਾ/ ਸਿਰਜਣਾ ਕਹਾਣੀ ਦੀ ਬੁਨਿਆਦੀ ਸ਼ਰਤ ਹੈ ਵਰਨਾ ਕਹਾਣੀ ਮਹਿਜ਼ ਸੂਚਨਾ ਬਣਕੇ ਰਹਿ ਜਾਵੇਗੀ। ਵੱਡੀ ਤਾਦਾਦ ਵਿਚ ਲਿਖੀ ਪਰ ਗੌਲੀ ਨਾ ਜਾ ਰਹੀ ਕਹਾਣੀ ਇਸੇ ਹੋਣੀ ਨੂੰ ਭੋਗ ਰਹੀ ਹੈ।

**ਅਜੋਕੀ ਪੰਜਾਬੀ ਕਹਾਣੀ ਵਿਚ ਕਾਮ-ਕਾਮਨਾਵਾਂ ਨਾਲ ਜੱਦੋ-ਜਹਿਦ ਕਰਨ ਵਾਲੇ ਪਾਤਰਾਂ ਦੀ ਗਿਣਤੀ ਦਿਨੋ-ਦਿਨ ਵਧ ਰਹੀ ਹੈ ? ਜੇ ਮਸਲਾ ਸਿਰਫ਼ ਯਥਾਰਥ ਦੀ ਪੇਸ਼ਕਾਰੀ ਕਰਨ ਦਾ ਹੈ ਤਾਂ ਇਸ ਦਾ ਭਾਵ ਇਹ ਹੈ ਕਿ ਪੰਜਾਬੀ ਬੰਦਾ ਮਾਨਸਿਕ ਰੋਗੀ ਹੋ ਗਿਆ ਹੈ। ਪਰ ਕਿਤੇ ਇਹ ਮਸਲਾ ਸਾਡੇ ਲੇਖਕਾਂ ਦੀ ਮਾਨਸਿਕਤਾ ਦਾ ਤਾਂ ਨਹੀਂ, ਜਿਸ ਵਿਚੋਂ ਕਾਮ-ਗ੍ਰਸਤ, ਕੁਠਿੰਤ ਅਤੇ ਮਨੋਰੋਗੀ ਬੰਦਾ ਗ਼ੈਰ-ਹਾਜ਼ਰ ਹੀ ਨਹੀਂ ਹੋ ਰਿਹਾ ?**

– ਕਾਮ-ਕਾਮੁਕਤਾ ਪੰਜਾਬੀ ਕਹਾਣੀ ਵਿਚ ਹੀ ਨਹੀਂ ਸਮੁੱਚੀ ਦੁਨੀਆਂ ਦੀ ਕਹਾਣੀ ਵਿਚ ਸਭ ਤੋਂ ਵਧ ਵਿਖਣ ਵਾਲਾ ਵਿਸ਼ਾ ਬਣਿਆ ਹੋਇਆ ਹੈ। ਦੁਨੀਆਂ ਨੂੰ ਅੱਗੋਂ ਹੋ ਕੇ ਵੇਖਣ ਵਾਲੇ ਛੋਹਲੇ ਚਿੰਤਕ ਨਾਰੀਵਾਦ ਨੂੰ ਛੱਡਕੇ ਜੈਂਡਰ ਸਟੱਡੀਜ ਵੱਲ ਹੋ ਗਏ ਹਨ। ਬਿਰਤਾਂਤ ਵਿਚ ਵੀ ਹੁਣ ਮਰਦ ਅਤੇ ਔਰਤ ਵਜੋਂ ਪਛਾਣੀਆਂ ਜਾਂਦੀਆਂ ਲਿੰਗ ਦੀਆਂ ਦੋ ਕੈਟਾਗਰੀਆਂ ਪਿੱਛੇ ਰਹਿ ਗਈਆਂ ਹਨ। ਮੀਡੀਆ ਗੇ, ਲੈਜ਼ਬੀਅਨ, ਬਾਈਸੈਕਸੁਅਲ, ਟਰਾਂਸਸੈਕਸੁਅਲ, ਕੁਈਰ ਵਰਗੀਆਂ ਕਈ ਕੈਟਾਗਰੀਆਂ ਨੂੰ, ਉਨ੍ਹਾਂ ਦੇ ਪ੍ਰਭਾਵਾਂ ਦਬਾਵਾਂ ਨੂੰ ਪ੍ਰਦਰਸ਼ਿਤ ਕਰ ਰਿਹਾ ਹੈ ਅਤੇ ਕਾਨੂੰਨ ਉਨ੍ਹਾਂ ਨੂੰ ਮਾਨਤਾ ਦੇ ਕੇ ਸਮਾਜ ਦੀ ਧਾਰਾ ਵਿਚ ਪਛਾਣ ਦਿਵਾ ਕੇ ਅਗਾਂਹਵਧੂ ਹੋਣ ਦਾ ਪ੍ਰਮਾਣ ਦੇ ਰਹੇ ਹਨ।

ਪੰਜਾਬੀ ਯਥਾਰਥ ਦਾ ਭਾਵੇਂ ਇਹ ਏਡਾ ਪ੍ਰਤੱਖ ਦਿਖਣ ਵਾਲਾ ਵਰਤਾਰਾ ਨਹੀਂ ਪਰ ਇਹ ਕਹਿਣਾ ਦਰੁਸਤ ਨਹੀਂ ਹੋਵੇਗਾ ਕਿ ਪੰਜਾਬੀ ਸਮਾਜ ਵਿਚ ਇਹ ਅਲਾਮਤਾਂ ਹੈ ਹੀ ਨਹੀਂ। ਨਿੱਜੀਕਰਨ, ਉਦਾਰੀਕਰਨ, ਵਿਸ਼ਵੀਕਰਨ ਦੀਆਂ ਹੋਰ ਬਹੁਤ ਸਾਰੀਆਂ ਰੁਚੀਆਂ ਕਰੁਚੀਆਂ ਨੂੰ ਫ਼ੈਸ਼ਨ ਵਾਂਗ ਗ੍ਰਹਿਣ ਕਰਨ ਦੀ ਹੋੜ ਵਿਚ ਲੱਗੇ ਘੱਟ ਵਿਕਸਿਤ, ਵਿਕਾਸਸ਼ੀਲ ਦੇਸ਼ਾਂ ਦੇ ਸਮਾਜ-



ਵਾਂਗ ਪੰਜਾਬੀ ਸਮਾਜ ਵੀ ਕਾਮ-ਕਾਮਨਾਵਾਂ ਨੂੰ ਇਸੇ ਪ੍ਰਸੰਗ ਵਿਚ ਪਛਾਣਦਾ ਨਜ਼ਰ ਆਉਂਦਾ ਹੈ। ਪੰਜਾਬੀ ਕਹਾਣੀ ਵੀ ਸਹਿਮੇ ਸਿਮਟੇ ਨਾਰੀਤਵ ਨੂੰ ਜਾਂ ਧੱਕੇ ਧੌਂਸ ਵਾਲੀ ਮਰਦ ਹਉਂ ਨੂੰ ਲੱਭ ਲੱਭ ਪੇਸ਼ ਕਰਨ ਦੀ ਪ੍ਰੈਕਟਿਸ ਪਿੱਛੇ ਛੱਡ ਆਈ ਹੈ। ਪੰਜਾਬੀ ਕਹਾਣੀ ਵਿਚ ਵੀ ਹੁਣ ਜੈਂਡਰ ਦੀ ਪੇਸ਼ਕਾਰੀ ਹਰ ਵਿਅਕਤੀ ਦੀਆਂ ਆਪਣੀਆਂ ਕਾਮ-ਕਾਮਨਾਵਾਂ ਸੰਬੰਧੀ ਨਿਰੋਲ ਨਿੱਜੀ ਅਨੁਭਵਾਂ ਅਤੇ ਅਧਿਕਾਰਾਂ ਦੇ ਖੇਤਰ ਵਜੋਂ ਚਿਤਵੀ ਜਾ ਰਹੀ ਹੈ।

ਔਸਤ ਕਹਾਣੀਕਾਰ ਤਾਂ ਮੁੜ ਮੁੜ ਦੇਹੀ ਦੁਆਲੇ ਭਿਣ ਭਿਣਾ ਰਹੇ ਪਾਤਰ ਹੀ ਸਿਰਜ ਰਹੇ ਹਨ। ਅਜਿਹੀ ਕਹਾਣੀ ਵਿਚ ਨਾ ਅਨੁਭਵ ਦੀ ਗਹਿਰਾਈ ਹੈ ਤੇ ਨਾ ਨਜ਼ਰੀਏ ਦੀ ਪਕਿਆਈ। ਪਰ ਕੁਝ ਕਹਾਣੀਕਾਰ ਨਿਸ਼ਚੈ ਹੀ ਮਨੁੱਖ ਦੇ ਲਾਜ਼ਮ ਆਪੇ ਵਿਚ ਜੈਂਡਰ ਦੀਆਂ ਤਰਲ ਪਛਾਣਾਂ ਸ਼ਾਮਿਲ ਕਰਕੇ ਮਨੁੱਖ ਦਾ ਪ੍ਰਮਾਣਿਕ ਆਪਾ ਸਿਰਜਣ ਵਿਚ ਕਾਮਯਾਬ ਹੋਏ ਹਨ। ਪ੍ਰੇਮ ਪ੍ਰਕਾਸ਼ ਨੇ ਪੱਕੇ ਪੈਰੀਂ ਅਜਿਹੇ ਪਾਤਰ ਸਿਰਜਣ ਵਿਚ ਪਹਿਲ ਕੀਤੀ ਸੀ। ਬਾਅਦ ਵਿਚ ਜਿੰਦਰ, ਤਲਵਿੰਦਰ ਸਿੰਘ, ਦੇਸ ਰਾਜ ਕਾਲੀ ਨੇ ਇਸ ਪ੍ਰਥਾ ਨੂੰ ਅੱਗੇ ਤੋਰਦਿਆਂ ਵਧੀਆ ਕਹਾਣੀਆਂ ਰਚੀਆਂ ਹਨ।

**ਅਜੋਕੀ ਪੰਜਾਬੀ ਕਹਾਣੀ ਜਟਿਲ ਬਿਰਤਾਂਤ ਦੀ ਧਾਰਨੀ ਹੈ ਜੋ ਬਹੁਤੀ ਵਾਰ ਸਾਧਾਰਨ ਪਾਠਕ ਦੀ ਸਮਝ ਵਿਚ ਨਹੀਂ ਆਉਂਦੀ। ਇਹ ਵੀ ਕਿਹਾ ਗਿਆ ਹੈ ਕਿ ਸਮਾਂ ਜਟਿਲ ਹੈ, ਸਥਿਤੀਆਂ ਜਟਿਲ ਹਨ ਅਤੇ ਮਾਨਸਿਕਤਾ ਜਟਿਲ ਹੈ ਜਿਸ ਨੂੰ ਪੇਸ਼ ਕਰਨ ਲਈ ਕਹਾਣੀ ਨੂੰ ਵੀ ਜਟਿਲ ਹੋਣਾ ਪਵੇਗਾ। ਪਰ ਕਈ ਵਾਰ ਤਾਂ ਇੰਜ ਜਾਪਦਾ ਹੈ ਕਿ ਕਹਾਣੀਕਾਰ ਕਹਾਣੀ ਲਿਖਣ ਲੱਗਾ ਜਾਂ ਤਾਂ ਆਪਣੇ ਸਮਕਾਲੀ ਕਹਾਣੀਕਾਰਾਂ ਨੂੰ ਧਿਆਨ ਵਿਚ ਰੱਖ ਕੇ ਕਹਾਣੀ ਲਿਖਦਾ ਹੈ ਜਾਂ ਫਿਰ ਆਲੋਚਕਾਂ ਨੂੰ। ਇਹ ਗੱਲ ਕਿੱਥੋਂ ਤੱਕ ਸਹੀ ਹੈ ?**

– ਕਹਾਣੀ ਨੂੰ ਸਾਹਿਤ ਦੀ ਸਭ ਤੋਂ ਸੌਖੀ, ਸਰਲ ਤੇ ਲਚਕੀਲੀ ਵਿਧਾ ਮੰਨਿਆ ਜਾਂਦਾ ਹੈ, ਜਿਸਦਾ ਕੋਈ ਤੈਅਸ਼ੁਦਾ ਮਾਡਲ ਨਹੀਂ, ਜਿਹੜੀ ਆਪਣੀ ਗੱਲ ਕਹਿਣ ਲਈ ਆਪਣੇ ਅਰਥਾਂ ਦੇ ਉਤਪਾਦਨ ਲਈ ਕੋਈ ਵੀ ਜੁਗਤ ਅਪਣਾ ਸਕਦੀ ਹੈ। ਕਹਾਣੀ ਵਿਚ ਪਲਾਟ ਹੁੰਦਾ ਹੈ, ਪਾਤਰ ਹੁੰਦੇ ਹਨ ਪਰ ਅਸੀਂ ਜਾਣਦੇ ਹਾਂ ਕਿ ਕਹਾਣੀ ਗਲਪ ਦੀ ਛੋਟੀ ਵੰਨਗੀ ਹੈ ਜਿਸ ਵਿਚ ਪਾਤਰਾਂ ਦੇ ਕਾਰਜਾਂ, ਵਿਚਾਰਾਂ, ਭਾਵਾਂ, ਜਜ਼ਬਿਆਂ, ਕੀਮਤਾਂ ਦੇ ਟਕਰਾ ਵਿਚੋਂ ਉਪਜੀਆਂ ਘਟਨਾਵਾਂ ਇਕ ਲਕੀਰੀ ਕ੍ਰਮ ਬਣਾਉਂਦੀਆਂ ਹਨ ਅਤੇ ਇਕਹਿਰਾ ਇਕਾਗਰ ਜਿਹਾ ਬਿੰਬ ਸਿਰਜਣ ਵੱਲ ਅਹੁਲਦੀਆਂ ਹਨ।

ਅਜੋਕੀ ਕਹਾਣੀ ਵਿਚ ਜਟਿਲਤਾ ਦਾ ਪਹਿਲਾ ਪ੍ਰਭਾਵੀ ਨਕਸ਼ ਇਹੀ ਬਣ ਰਿਹਾ ਹੈ ਕਿ ਹਰ ਕਿਸਮ ਦਾ ਪਾਠਕ ਇਸ ਲਕੀਰੀ ਕ੍ਰਮ ਨੂੰ ਪਕੜਨ ਵਿਚ ਔਖਾ ਮਹਿਸੂਸ ਕਰ ਰਿਹਾ ਹੈ। ਪਿੱਛੇ ਜਿਹੇ ਬ੍ਰਹਮਪੁਤਰਾ ਲਿਟਰੇਰੀ ਫ਼ੈਸਟੀਵਲ ਵਿਚ 'ਕੀ ਅਸੀਂ ਕਹਾਣੀ ਕਹਿਣ ਵਿਚ ਲੋੜੋਂ ਵਧ ਪ੍ਰਯੋਗਧਰਮੀ ਨਹੀਂ ਹੋ ਰਹੇ ?' ਨਾਮੀ ਸੈਸ਼ਨ ਵਿਚ ਕਹਾਣੀ ਦੀ ਜਟਿਲਤਾ ਦਾ ਪ੍ਰਸ਼ਨ ਸਮਕਾਲੀ ਭਾਰਤੀ ਕਹਾਣੀ ਦੇ ਹਵਾਲੇ ਨਾਲ ਵੀ ਵਿਚਾਰਿਆ ਗਿਆ ਸੀ। ਕੀ ਬਿਰਤਾਂਤ ਦੀ ਜਟਿਲਤਾ ਕਹਾਣੀ ਵਿਚ ਪੇਸ਼ ਹੋ ਰਹੇ ਯਥਾਰਥ ਦੀ ਲੋੜ ਹੈ ? ਕੀ ਇਹ ਕਹਾਣੀਕਾਰ ਦੀ ਜਟਿਲਤਾ ਨੂੰ ਪਾਰਦਰਸ਼ੀ ਢੰਗ ਨਾਲ ਨਾ ਪ੍ਰਤੱਖ ਸਕਣ ਵਾਲੀ ਦ੍ਰਿਸ਼ਟੀ ਦੀ ਸੀਮਾ ਹੈ ? ਜਾਂ ਇਹ ਕਹਾਣੀਕਾਰ ਦੀ ਇਕ ਸੰਚਾਰ ਜੁਗਤ ਹੈ ? ਵਰਗੇ ਬਹੁਤ ਸਾਰੇ ਕੋਣਾਂ ਤੋਂ ਇਸ ਪ੍ਰਸ਼ਨ ਨੂੰ ਮੁਖ਼ਾਤਿਬ ਹੋਇਆ ਜਾ ਸਕਦਾ ਹੈ। ਕਹਾਣੀਕਾਰ ਦੀ ਧਿਰ ਬਣੀਏ ਤਾਂ ਮੈਂ ਸਮਝਦੀ ਹਾਂ ਕਿ ਕਹਾਣੀਕਾਰ ਜਿਸ ਜ਼ਿੰਦਗੀ

ਵਿਚੋਂ ਕਹਾਣੀ ਨੂੰ ਪ੍ਰਤੱਖ ਰਹੇ ਹਨ ਉਹ ਸੱਚਮੁੱਚ ਬਹੁਤ ਜਟਿਲ ਤੇ ਤੇਜ਼-ਤਰਾਰ ਹੈ। ਅਨੰਤ ਦਬਾਵਾਂ, ਅਦ੍ਰਿਸ਼ਟ ਵੰਗਾਰਾਂ, ਅਮੁੱਕ ਖ਼ਾਹਿਸ਼ਾਂ ਤੇ ਮੂੰਹਜ਼ੋਰ ਮਨੋਰੁਚੀਆਂ ਨੇ ਬੰਦੇ ਦਾ ਬਾਹਰੀ ਤੌਰ 'ਤੇ ਹੀ ਜਿਊਣਾ ਮੁਹਾਲ ਨਹੀਂ ਕੀਤਾ, ਬੰਦੇ ਅੰਦਰਲੇ ਬੰਦੇ ਨੂੰ ਵੀ ਘੁਮਾਂਟਣੀਆਂ ਦਿੱਤੀਆਂ ਹੋਈਆਂ ਹਨ। ਦੁਨੀਆਵੀ ਸੰਕਟਾਂ ਅਤੇ ਮਨੋਝੰਜਟਾਂ ਵਿਚ ਇਕੋ ਵੇਲੇ ਫਸੇ ਬੰਦੇ ਦੇ ਅਸਲ ਆਪੇ ਨੂੰ ਲੱਭ ਚਰਿਤਰਕ ਬਿੰਬ ਵਿਚ ਢਾਲਣਾ ਏਨਾ ਸੌਖਾ ਨਹੀਂ। ਦੂਸਰੀ ਗੱਲ ਇਹ ਸੂਚਨਾ ਦਾ ਯੁਗ ਹੈ, ਮੀਡੀਆ ਪਲ ਪਲ ਦੇ ਯਥਾਰਥ ਨੂੰ ਏਨੇ ਵਿਆਪਕ ਰੂਪ ਵਿਚ ਤੇ ਫੁਰਤੀ ਨਾਲ ਨਸ਼ਰ ਹੀ ਨਹੀਂ ਕਰ ਰਿਹਾ, ਮੁੱਦਿਆਂ ਨੂੰ ਫਰੇਮ ਕਰ ਕਰ ਆਪਣੀ ਸਮਾਜਕ ਵੁੱਕਤ ਵੀ ਬਣਾ ਰਿਹਾ ਹੈ। ਹੁਣ ਜਦੋਂ ਕਹਾਣੀਕਾਰ ਕਹਾਣੀ ਲਿਖਦਾ ਤਾਂ ਨਿਰਸੰਦੇਹ ਉਸ ਲਈ ਪਛਾਤੇ ਨੂੰ ਅਣਪਛਾਤੇ ਵਿਚ ਢਾਲਣਾ ਚੁਣੌਤੀ ਬਣ ਜਾਂਦਾ ਹੈ ਪਰ ਕਹਾਣੀਕਾਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਰਿਪੋਰਟਰ ਨਹੀਂ, ਉਹ ਇਤਿਹਾਸਕਾਰ ਵੀ ਨਹੀਂ, ਉਹ ਆਪਣੇ ਆਪ ਨੂੰ ਖ਼ੋਜੀ ਵੀ ਨਹੀਂ ਕਹਿ ਸਕਦੇ। ਉਨ੍ਹਾਂ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਕਿ ਉਹ ਜੇ ਨਾਵਲੈਟ ਨਹੀਂ ਲਿਖ ਰਹੇ ਤਾਂ ਉਹ ਕਹਾਣੀ ਦੇ ਕਥਾਨਕ ਨਾਲ ਏਡਾ ਧੱਕਾ ਵੀ ਨਹੀਂ ਕਰ ਸਕਦੇ। ਅੱਜ ਅਸੀਂ ਬਹੁਤ ਸਾਰੀਆਂ ਕਹਾਣੀਆਂ ਪੜ੍ਹਦਿਆਂ ਮਹਿਸੂਸ ਕਰਦੇ ਹਾਂ ਕਿ ਕਹਾਣੀਕਾਰ ਕਥਾਨਕ ਸਿਰਜ ਨਹੀਂ ਰਿਹਾ, ਮੈਨੇਜ ਕਰ ਰਿਹਾ ਹੈ। ਕਹਾਣੀ ਦੀ ਘਾੜਤ ਮੰਗ ਕਰਦੀ ਹੈ ਕਿ ਕਥਾਨਕ ਦਾ ਪ੍ਰਵਾਹ ਜਾਪੇ ਪਰ ਹੁਣ ਅਸੀਂ ਵੇਖਦੇ ਹਾਂ ਕਿ ਕਥਾਨਕ ਮੌਕਾ ਮੇਲ, ਸੰਭਵਤਾਵਾਂ, ਸੁਪਨਿਆਂ, ਯਾਦਾਂ ਦੀ ਵਾਧੂ ਸ਼ਕਤੀ ਜਾਂ ਵਾਧੂ ਭਾਰ ਨਾਲ ਕੀਤਾ ਜਾ ਰਹੇ ਹਨ। ਜਮਰੌਦ (ਵਰਿਆਮ ਸੰਧੂ), ਕੁੱਤੀ ਵਿਹੜਾ (ਮਨਿੰਦਰ ਕਾਂਗ), ਕਾਲ ਕਾਲਾਂਤਰ (ਸਰੂਪ ਸਿਆਲਵੀ) ਵਰਗੀਆਂ ਬਹੁਤ ਸਾਰੀਆਂ ਕਹਾਣੀਆਂ ਬਾਰੇ ਬੇਝਿਜਕ ਕਿਹਾ ਜਾ ਸਕਦਾ ਹੈ ਕਿ ਗਲਪੀ ਤੱਥਾਂ ਨਾਲ ਪੂਰੇ ਰੀਸਰਚ ਪ੍ਰਾਜੈਕਟ ਹਨ। ਇਨ੍ਹਾਂ ਕਥਾਨਕਾਂ ਵਿਚ ਲਿਖਤ ਜਾਂ ਮੌਖਿਕ ਇਤਿਹਾਸ ਦੀ ਪੁਨਰ ਉਸਾਰੀ ਤੇ ਕਹਾਣੀ ਦੀ ਗਲਪਕਾਰੀ ਵਿਚ ਨਿਖੇੜਾ ਕਰਨਾ ਮੁਸ਼ਕਲ ਹੋ ਜਾਂਦਾ ਹੈ।

ਇਕੌਨਮੀ ਕਹਾਣੀ ਦਾ ਚਰਿਤਰ ਹੈ। ਕਹਾਣੀ ਦੀ ਸਮਝ ਤੇ ਸੁਹਜ ਸਪੱਸ਼ਟ ਤੇ ਸੁਝਾਉ ਹੋਣ ਵਿਚ ਹੈ ਨਾ ਕਿ ਜਟਿਲਤਾ ਵਿਚੋਂ ਇਕ ਹੋਰ ਜਟਿਲਤਾ ਜਾਂ ਘੜਮਸ ਸਿਰਜਣ ਵਿਚ। ਪਾਠਕ ਕਹਾਣੀ ਨੂੰ ਪੜਦਾ ਹੀ ਆਪਣੇ ਮਨ ਦੀਆਂ ਗੰਢਾਂ ਖੋਲ੍ਹਣ ਲਈ ਹੈ, ਆਪਣੀ ਸੂਝ ਨੂੰ ਤਿੱਖਿਆਂ ਕਰਨ ਲਈ ਹੈ। ਕਹਾਣੀ ਰਾਹੀਂ ਉਹ ਆਪਣੇ ਆਪ ਨੂੰ, ਆਪਣੇ ਵਰਗਿਆਂ ਨੂੰ, ਆਪਣੇ ਸਮਾਜ ਨੂੰ ਸਮਝਣਾ ਚਾਹੁੰਦਾ ਹੈ ਨਾ ਕਿ ਇਕ ਹੋਰ ਭੁਲ ਭੁਲਈਆ ਵਿਚ ਵੜਨਾ ਚਾਹੁੰਦਾ ਹੈ। ਸੋ ਕਹਾਣੀ ਸਿਰਜਣ ਦੀਆਂ ਸਾਰੀਆਂ ਜੁਗਤਾਂ, ਸਾਰੇ ਤਰੱਦਦ ਕਹਾਣੀ ਨੂੰ ਸੌਖੀ, ਸਹਿਜ, ਸਰਲ ਸਪੱਸ਼ਟ ਤੇ ਸੁਝਾਊ ਬਣਾਉਣ ਵਲ ਹੋਣੇ ਚਾਹੀਦੇ ਹਨ, ਰੀਸੋ ਰੀਸ ਔਖੀ ਤੇ ਵਲੇਵੇਂਦਾਰ ਬਣਾਉਣ ਲਈ ਨਹੀਂ।

**ਪਿਛਲੇ 20-25 ਸਾਲਾਂ ਵਿਚ ਦੋ ਡੰਗ ਦੀ ਰੋਟੀ ਤੋਂ ਆਤੁਰ ਬੰਦਾ ਪੰਜਾਬੀ ਕਹਾਣੀ ਦਾ ਵਿਸ਼ਾ ਨਹੀਂ ਬਣਿਆ। ਜਿਸ ਹੱਦ ਤੱਕ ਪੰਜਾਬ ਨਸ਼ਿਆਂ, ਖੁਦਕੁਸ਼ੀਆਂ ਅਤੇ ਬੇਰੁਜ਼ਗਾਰੀ ਦਾ ਦੁਖਾਂਤ ਭੋਗ ਰਿਹਾ ਹੈ, ਉਸ ਮਾਤਰਾ ਵਿਚ ਇਨ੍ਹਾਂ ਨਾਲ ਸੰਬੰਧਿਤ ਕਹਾਣੀਆਂ ਨਜ਼ਰ ਨਹੀਂ ਆਉਂਦੀਆਂ। ਦੂਜੇ ਪਾਸੇ ਸ਼ਹਿਰੀ ਵਪਾਰੀ ਵਰਗ ਪੰਜਾਬੀ ਕਹਾਣੀ ਦਾ ਵਿਸ਼ਾ ਨਹੀਂ ਬਣ ਰਿਹਾ। ਸਿਰਫ਼ ਔਰਤ, ਦਲਿਤ, ਕਾਮ, ਕਾਮਨਾ, ਮਾਨਸਿਕ ਕੁੰਠਾ ਅਤੇ ਪਰਵਾਸ ਨਾਲ ਸੰਬੰਧਿਤ ਕਹਾਣੀਆਂ**



**ਦੀ ਬਹੁਤਾਤ ਹੀ ਨਜ਼ਰ ਪੈਂਦੀ ਹੈ। ਪੰਜਾਬੀ ਦੇ ਕਹਾਣੀਕਾਰ ਦੀ ਦ੍ਰਿਸ਼ਟੀ ਸੀਮਿਤ ਹੈ ਜਾਂ ਫਿਰ ਕਹਾਣੀ ਲਿਖੀ ਹੀ ਬੰਦ ਕਮਰਿਆਂ ਵਿਚ ਜਾ ਰਹੀ ਹੈ ਤੇ ਸਮਾਜ ਨਾਲ ਸਾਡੇ ਸਾਹਿਤਕਾਰ ਦਾ ਸੰਬੰਧ ਦਿਨ-ਬ-ਦਿਨ ਘਟ ਰਿਹਾ ਹੈ ?**

– ਹਰ ਕਹਾਣੀਕਾਰ ਦਾ ਆਪਣਾ ਅਨੁਭਵੀ ਸੰਸਾਰ ਹੁੰਦਾ ਹੈ। ਸੂਚਨਾਵਾਂ ਦੇ ਅੰਬਾਰ ਵਿਚੋਂ ਕਹਾਣੀ ਲੱਭੀ ਤਾਂ ਜਾ ਸਕਦੀ ਹੈ ਪਰ ਸ਼ਿੱਦਤ ਨਾਲ ਮੁੜ ਜੀਏ ਬਿਨਾਂ ਰਚੀ ਨਹੀਂ ਜਾ ਸਕਦੀ। ਇਸ ਕਰਕੇ ਹਰ ਕਹਾਣੀਕਾਰ ਹਰ ਵਿਸ਼ੇ 'ਤੇ ਕਹਾਣੀ ਲਿਖ ਸਕੇ ਇਹ ਸੰਭਵ ਨਹੀਂ। ਜਿਥੋਂ ਤਕ ਨਸ਼ਿਆਂ, ਖੁਦਕੁਸ਼ੀਆਂ, ਡੇਰਿਆਂ, ਜੁਰਮਾਂ, ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ਨਾਲ ਪਰੁੰਨੀ ਪੰਜਾਬੀ ਲੋਕਾਈ ਦੇ ਦੁਖਾਂਤ ਦੀ ਗੱਲ ਹੈ, ਇਹ ਪੰਜਾਬੀ ਕਹਾਣੀ ਵਿਚ ਜੁੰਮੇ ਵਾਰਾਨਾ ਢੰਗ ਨਾਲ ਪੇਸ਼ ਹੋ ਰਿਹਾ ਹੈ। ਡਬੋਲੀਆ (ਬਲਵਿੰਦਰ ਗਰੇਵਾਲ), ਚੂੜੇ ਵਾਲੀ ਬਾਂਹ (ਜਸਵੀਰ ਰਾਣਾ), ਮਣਕਾ (ਸੁਖਵੰਤ ਕੌਰ ਮਾਨ), ਤੱਖੀ (ਜਤਿੰਦਰ ਹਾਂਸ), ਗਾਥਾ ਗ਼ੈਰ ਹਾਜ਼ਰ ਮਨੁੱਖ ਦੀ (ਗੁਰਮੀਤ ਕੜਿਆਲਵੀ), ਵਰਗੀਆਂ ਬਹੁਤ ਸਾਰੀਆਂ ਜਾਨਦਾਰ ਕਹਾਣੀਆਂ ਹਨ, ਜਿਹੜੀਆਂ ਪੰਜਾਬ ਦੀ ਆਰਥਿਕਤਾ ਸਮਾਜਿਕਤਾ ਦੀਆਂ ਉਨ੍ਹਾਂ ਘੁਟਨ ਭਰੀਆਂ ਸਥਿਤੀਆਂ ਤਕ ਬਕਾਇਦਗੀ ਨਾਲ ਪਹੁੰਚ ਕਰ ਰਹੀਆਂ ਹਨ, ਜਿਥੋਂ ਪੰਜਾਬੀ ਬੰਦੇ ਦੇ ਹਤਾਸ਼ ਹੋਣ ਦਾ ਅਸਲੀ ਤਾਂਡਵ ਸ਼ੁਰੂ ਹੁੰਦਾ ਹੈ। ਇਨ੍ਹਾਂ ਕਹਾਣੀਆਂ ਦੇ ਭੋਂ ਦ੍ਰਿਸ਼ ਗੂੜ੍ਹੇ ਹਨ ਅਤੇ ਵਿਵੇਕ ਹੌਲਨਾਕ ਹਨ।

ਇਹ ਠੀਕ ਹੈ ਕਿ ਇਕ ਪਾਸੇ ਖੁੱਲ੍ਹੀ ਮੰਡੀ ਦੀ ਮਾਰ ਹੇਠ ਜ਼ਮੀਨੋਂ ਬੇਜ਼ਮੀਨ ਹੋ ਰਹੀ ਕਿਸਾਨੀ, ਨਸ਼ਿਆਂ ਮੂੰਹ ਆਈ ਜਵਾਨੀ ਅਤੇ ਤਾਕਤ, ਧਰਮ, ਜੁਰਮ ਦੇ ਧੱਕੇ ਧੌਂਸ ਜ਼ੁਲਮ ਤੇ ਹਵਸ ਵਿਚ ਦਿਸਦੀ ਨਿਮਨ ਵਰਗ ਦੀ ਲੋਕਾਈ ਹੈ ਅਤੇ ਦੂਜੇ ਪਾਸੇ ਉਪਭੋਗੀ ਸਭਿਆਚਾਰ ਦਾ ਪਿੱਛਾ ਕਰਦੀ ਪੰਜਾਬ ਦੀ ਮਧ ਸ਼੍ਰੇਣੀ ਜਿਹੜੀ ਆਪਣੀਆਂ ਮਹੱਤਵ ਅਕਾਂਖਿਆਵਾਂ ਕਰਕੇ ਸਾਹਿਤਕ ਚਿਤਰਪਟ ਤੇ ਵੀ ਲੋੜ ਨਾਲੋਂ ਵਧੇਰੇ ਅਨੁਪਾਤ ਵਿਚ ਫੈਲੀ ਵਿਖਾਈ ਦਿੰਦੀ ਹੈ। ਮੰਡੀ ਤੇ ਮੀਡੀਆ ਉਸ ਦੀਆਂ ਖ਼ਾਹਿਸ਼ਾਂ ਨੂੰ ਹੀ ਲਾਂਬੂ ਹੀ ਨਹੀਂ ਲਾ ਰਿਹਾ ਉਸ ਨੂੰ ਜ਼ਮਾਨੇ ਦੇ ਨਵੇਂ ਸਬਕ ਵੀ ਪੜ੍ਹਾ ਰਿਹਾ ਹੈ। ਮੀਡੀਆ ਤਾਂ ਘਰੋ ਘਰੀਂ ਬੈਠਿਆ ਹੀ ਸਾਰਿਆਂ ਨੂੰ ਦਸ ਰਿਹਾ ਹੈ ਕਿ ਬਚਪਨ ਕਾਰਟੂਨ ਦੇਖਣ ਲਈ, ਵੀਡੀਓ ਗੇਮਾਂ ਖੇਡਣ ਲਈ ਹੈ, ਬੁਢਾਪਾ ਸਿਹਤ ਤੇ ਸੇਵਿੰਗ ਦੀ ਸੰਭਾਲ ਲਈ ਅਤੇ ਜਵਾਨੀ ਐਸ਼ ਕਰਨ ਲਈ, ਮੌਜ ਮਸਤੀ ਲਈ ਤੇ ਪੈਸੇ ਕਮਾਣ ਲਈ। ਜਿਸ ਕੋਲ ਪੈਸੇ ਹਨ ਉਹੀ ਤਾਕਤਵਰ ਹੈ, ਉਹ ਖ਼ੂਬਸੂਰਤ ਹੈ, ਉਹੀ ਮਹਾਨ ਹੈ, ਉਹੀ ਯੂਨੀਕ ਹੈ। ਇਸ ਵਰਗ ਦੇ ਕਹਾਣੀਕਾਰ ਦਾ ਪ੍ਰਤੱਖਣ ਵੀ ਇਥੇ ਤਕ ਸੁੰਗੜ ਰਿਹਾ ਹੈ। ਆਪਣੇ ਆਪ ਤਕ ਸੰਕੁਚਿਤ ਹੋ ਰਹੇ ਮਨੁੱਖ ਦੇ ਨਿਰੰਤਰ ਗਹਿਰ ਹੁੰਦੇ ਜਾ ਰਹੇ ਅੰਦਰੂਨੀ ਭੈ ਅਤੇ ਇਕਲਾਪੇ ਬਾਰੇ ਲਿਖੀਆਂ ਜਾ ਰਹੀਆਂ ਕਹਾਣੀਆਂ ਇਸੇ ਦ੍ਰਿਸ਼ਟੀ ਦੀਆਂ ਅਲਾਮਤਾਂ ਹਨ।

ਪੰਜਾਬੀ ਸਮਾਜ ਇਸ ਦਿਸ਼ਾ ਵੱਲ ਵਧ ਜ਼ਰੂਰ ਰਿਹਾ ਹੈ ਪਰ ਅਜੇ ਅਸਮਾਜੀਕਰਨ ਦੇ ਇਸ ਮਰਹਲੇ ਤੋਂ ਕਾਫ਼ੀ ਦੂਰ ਹੈ। ਇਕ ਮਸਲਾ ਹੈ ਪਰਵਾਸ ਦਾ। ਪੰਜਾਬੀ ਬੰਦਾ ਆਰਥਿਕ ਤੌਰ 'ਤੇ ਆਤੁਰ ਹੋ ਕੇ ਜੀਣ ਨੂੰ ਹੇਠੀ ਸਮਝਦਾ ਹੈ। ਔਖੇ ਹੋ ਕੇ ਵੀ ਕਮਾਉਣਾ ਪਰ ਖੁੱਲ੍ਹ ਕੇ ਜਿਊਣਾ ਪੰਜਾਬੀ ਬੰਦੇ ਦੇ ਜੀਨ ਵਿਚ ਹੈ। ਪੰਜਾਬ ਵਿਚ ਕਾਨੂੰਨੀ ਗ਼ੈਰਕਾਨੂੰਨੀ ਪਰਵਾਸ ਦਾ ਏਡਾ ਜੋਖ਼ਮ ਭਰਿਆ ਵਰਤਾਰਾ ਤੇ ਏਡਾ IELTS ਉਦਯੋਗ ਇਸੇ ਬਦਲ ਵਿਚੋਂ ਉਪਜਿਆ ਹੈ ਤੇ ਪਰਵਾਸੀ ਕਹਾਣੀ ਨੇ ਪਰਵਾਸੀ ਪੰਜਾਬੀ ਦੀ ਅੰਦਰੂਨੀ ਬਾਹਰੀ ਸੰਘਰਸ਼ਾਂ ਦੀ ਪੈਰਵਾਈ ਕੀਤੀ ਹੈ।

**ਕੀ ਕਾਰਨ ਹੈ ਕਿ ਪੰਜਾਬੀ ਕਹਾਣੀਆਂ ਦੇ ਨਾਟਕੀ ਰੂਪਾਂਤਰਣ ਤਾਂ ਵੱਡੀ ਗਿਣਤੀ ਵਿਚ ਹੋਏ ਹਨ ਅਤੇ ਕਈ ਬੇਹੱਦ ਸਫ਼ਲ ਨਾਟਕੀ ਪੇਸ਼ਕਾਰੀਆਂ ਵੀ ਸਾਹਮਣੇ ਆਈਆਂ ਹਨ ਪਰ ਪੰਜਾਬੀ ਸਿਨੇਮੇ ਦੀ ਪੰਜਾਬੀ ਕਹਾਣੀ ਨਾਲ ਉਸ ਤਰ੍ਹਾਂ ਦੀ ਸਾਂਝ ਕਿਉਂ ਨਹੀਂ ਬਣ ਸਕੀ ?**

– ਕਹਾਣੀ ਤੇ ਨਾਟਕ ਦੋਵੇਂ ਆਮ ਲੋਕਾਂ ਦੇ ਨੇੜੇ ਵਿਚਰਨ ਵਾਲੀਆਂ ਵਿਧਾਵਾਂ ਹਨ। ਨਾਟਕ ਅਤੇ ਸਿਨੇਮੇ ਵਿਚ ਫ਼ਰਕ ਹੈ। ਸਿਨੇਮਾ ਮੰਡੀ ਦੀ ਮਹਿੰਗੀ ਵਪਾਰਕ ਵਸਤੂ ਹੈ ਜਿਸ ਲਈ ਮੁਨਾਫ਼ਾ ਤੇ ਮਨੋਰੰਜਨ ਪਹਿਲਤਾਵਾਂ ਹਨ। ਨਾਟਕ ਲਈ ਸੁਨੇਹਾ/ਸਮਾਜਕ ਸਾਰਥਕਤਾ ਪ੍ਰਾਥਮਿਕ ਹੈ। ਇਹ ਸੱਚ ਹੈ ਕਿ ਪੰਜਾਬ ਦੇ ਲੋਕਾਂ ਨੂੰ ਪਿਆਰ ਕਰਨ ਵਾਲੇ, ਪੰਜਾਬ ਦੇ ਲੋਕਾਂ ਵਿਚ ਵਿਸ਼ਵਾਸ ਰੱਖਣ ਵਾਲੇ, ਪੰਜਾਬ ਦੇ ਲੋਕਾਂ ਨੂੰ ਜਾਗ੍ਰਿਤ ਕਰਨ ਦਾ ਮਨੋਰਥ ਰੱਖਣ ਵਾਲੇ ਨਾਟਕ ਨਿਰਦੇਸ਼ਕਾਂ ਨੇ ਸਮਾਜਕ ਸੰਦੇਸ਼ ਦੇਣ ਵਾਲੀਆਂ ਕਹਾਣੀਆਂ ਦੇ ਨਾਟਕੀ ਰੁਪਾਂਤਰਣ ਬੜੇ ਸਫਲਤਾਪੂਰਵਕ ਖੇਡੇ ਹਨ। ਉਹ ਸਫਲ ਵੀ ਹੋਏ ਹਨ ਤੇ ਮਕਬੂਲ ਵੀ। ਕੇਵਲ ਧਾਲੀਵਾਲ, ਪਾਲੀ ਭੁਪਿੰਦਰ ਨੇ ਕਈ ਕਈ ਕਹਾਣੀਆਂ ਦੇ ਕੋਲਾਜ਼ ਬਣਾ ਕੇ ਬੜੀਆਂ ਜਾਨਦਾਰ ਪੇਸ਼ਕਾਰੀਆਂ ਕੀਤੀਆਂ ਹਨ। ਲੱਖਾ ਲਹਿਰੀ, ਪਰਮਿੰਦਰ ਕੌਰ ਵਰਗੇ ਕੁਝ ਨਿਰਦੇਸ਼ਕ ਅਜਿਹੇ ਰੂਪਾਂਤਰਣ ਬਕਾਇਦਗੀ ਨਾਲ ਕਰ ਰਹੇ ਹਨ।

ਪੰਜਾਬੀ ਸਿਨੇਮੇ ਨੇ ਆਪਣੀ ਟੇਕ ਮਨੋਰੰਜਨ ਤੇ ਮੁਨਾਫ਼ੇ ਤੇ ਰੱਖੀ ਹੋਈ ਹੈ ਤੇ ਹਰ ਵਰਗ ਹਰ ਉਮਰ ਦੀਆਂ ਰੁਚੀਆਂ ਕਰੁਚੀਆਂ ਨੂੰ ਅਪੀਜ਼ ਪਲੀਜ਼ ਕਰਨ ਵਾਲੇ ਫ਼ਾਰਮੂਲੇ ਪਾ ਕੇ ਬਣਈਆਂ ਸਟੀਰੀਓਟਾਈਪ ਫ਼ਿਲਮਾਂ ਦਾ ਦਾਰੋਮਦਾਰ ਸਮਾਜਕ ਸੁਨੇਹਿਆਂ ਤੇ ਨਹੀਂ। ਪੰਜਾਬੀ ਸਿਨੇਮਾ ਜਦੋਂ ਸਾਰਥਕ ਸਿਨੇਮੇ ਵੱਲ ਭਰਵੀਂ (ਇਕਾ ਦੁਕਾ ਨਹੀਂ) ਪੁਲਾਂਘ ਪੁਟੇਗਾ ਉਦੋਂ ਨਿਸ਼ਚੈ ਹੀ ਪੰਜਾਬੀ ਕਹਾਣੀ ਉਸਦੀ ਧਰੋਹਰ ਬਣੇਗੀ। ਪੰਜਾਬੀ ਸਿਨੇਮਾ ਅਜੇ ਅਜਿਹੇ ਨਿਰਦੇਸ਼ਕਾਂ/ਸਰਪ੍ਰਸਤਾਂ ਤੋਂ ਵਿਰਵਾ ਹੈ ਜਾਂ ਕਹਿ ਲਉ ਉਹ ਏਸ ਉਦਯੋਗ ਦੇ ਕੇਂਦਰ 'ਚ ਨਹੀਂ, ਹਾਸ਼ੀਏ 'ਤੇ ਹਨ।

**ਭਾਵੇਂ ਸੋਸ਼ਲ ਮੀਡੀਆ 'ਤੇ ਕਵਿਤਾ ਦਾ ਬੋਲ-ਬਾਲਾ ਵਧੇਰੇ ਹੈ ਪਰ ਹੁਣ ਸਾਡੇ ਕੁਝ ਕਹਾਣੀਕਾਰ ਵੀ ਆਪਣੀਆਂ ਕਹਾਣੀਆਂ ਸੋਸ਼ਲ ਮੀਡੀਆ 'ਤੇ ਸਾਂਝੀਆਂ ਕਰਨ ਲੱਗ ਪਏ ਹਨ। ਸਾਹਿਤ ਦੇ ਪ੍ਰਚਾਰ-ਪ੍ਰਸਾਰ ਲਈ ਤਾਂ ਇਹ ਮਾਧਿਅਮ ਕਾਫੀ ਸਹਾਈ ਸਿੱਧ ਹੋ ਰਿਹਾ ਹੈ ਪਰ ਸਾਹਿਤ ਪ੍ਰਤੀ ਜਿਸ ਤਰ੍ਹਾਂ ਦੀ ਗੰਭੀਰਤਾ ਜਾਂ ਚਿੰਤਨ-ਮਨਨ ਦੀ ਲੋੜ ਹੁੰਦੀ ਹੈ ਕੀ ਉਹ ਫੇਸ-ਬੁੱਕ ਵਰਗੇ ਮਾਧਿਅਮਾਂ 'ਤੇ ਦਿਖਾਈ ਦਿੰਦੀ ਹੈ ?**

– ਸੋਸ਼ਲ ਮੀਡੀਆ ਸਾਹਿਤ ਦੇ ਪ੍ਰਚਾਰ ਪ੍ਰਸਾਰ ਵਿਚ ਜੋ ਰੋਲ ਨਿਭਾ ਰਿਹਾ ਹੈ ਉਸ ਦੇ ਨਫ਼ੇ ਨੁਕਸਾਨ ਨੂੰ ਵਿਚਾਰਨਾ ਜਾਂ ਉਸਦੀ ਸੇਧ ਟੇਢ ਤੇ ਉਂਗਲ ਧਰਨਾ ਸ਼ਾਇਦ ਇਸ ਸੁਆਲ ਦੇ ਖੇਤਰ ਵਿਚ ਨਹੀਂ। ਵਿਚਾਰਨ ਵਾਲੀ ਗੱਲ ਇੰਨੀ ਹੈ ਕਿ ਕਹਾਣੀਕਾਰ ਸੋਸ਼ਲ ਮੀਡੀਆ 'ਤੇ ਆਪਣੀ ਕਹਾਣੀ ਪਾਉਂਦਾ ਹੈ ਤਾਂ ਉਸਦਾ ਮਨੋਰਥ ਕੀ ਹੈ ? ਆਪਣੇ ਜਾਣਨ ਵਾਲਿਆਂ ਤੋਂ ਉਸ ਦੀ ਤਵੱਕੋ ਕੀ ਹੈ ? ਜੇ ਉਹ ਸੂਚਨਾ ਦੇਣ ਲਈ ਪਾ ਰਿਹਾ ਹੈ ਜਾਂ ਵਡੇਰੇ ਪਾਠਕ ਵਰਗ ਤਕ ਪਹੁੰਚਣ ਲਈ ਡਿਜ਼ੀਟਲ ਸਾਧਨ ਦੀ ਵਰਤੋਂ ਕਰ ਰਿਹਾ ਹੈ ਤਾਂ ਕੋਈ ਹਰਜ ਨਹੀਂ। ਪਰ ਜੇ ਉਹ ਸਮਝਦਾ ਹੈ ਕਿ ਇਸ ਦੇ ਜੁਆਬ ਵਿਚ ਭੇਜਣ ਵਾਲਿਆਂ ਨੇ ਉਸਦੀ ਕਹਾਣੀ ਪੜ੍ਹ ਕੇ ਲਾਇਕ ਕੀਤੀ ਹੈ ਤਾਂ ਉਹ ਭੁਲੇਖੇ ਦਾ ਸ਼ਿਕਾਰ ਹੋ ਸਕਦਾ ਹੈ। ਉਂਜ ਵੀ ਸਾਹਿਤ ਦੀ ਚਿਰੰਜੀਵਤਾ ਫ਼ੌਰੀ



ਜਾਂ ਤਤਫਟ ਪ੍ਰਤੀਕਰਮ ਤੈਅ ਨਹੀਂ ਕਰਦੇ। ਲੰਮੇ ਸਮੇਂ ਤੀਕ ਮਿਲਦੇ ਮਿਲਦੇ ਹੁੰਗਾਰੇ ਕਰਦੇ ਹਨ।

**ਪਿਛਲੇ ਲੱਗਭੱਗ 30 ਸਾਲ ਦੀ ਪੰਜਾਬੀ ਕਹਾਣੀ ਵਿਚੋਂ ਜੇ ਸਿਰਫ਼ ਪੰਜ ਅਜਿਹੀਆਂ ਸ਼ਾਹਕਾਰ ਕਹਾਣੀਆਂ ਦੀ ਚੋਣ ਕਰਨੀ ਹੋਵੇ ਜਿਹੜੀਆਂ ਦੇਸ਼-ਕਾਲ ਦੀ ਸੀਮਾ ਤੋਂ ਪਾਰ ਹੋਣ ਅਤੇ ਦੁਨੀਆਂ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਜ਼ਰੂਰ ਹੀ ਅਨੁਵਾਦ ਹੋਣੀਆਂ ਚਾਹੀਦੀਆਂ ਹਨ ਤਾਂ ਤੁਹਾਡੀ ਨਜ਼ਰ ਵਿਚ ਉਹ ਕਿਹੜੀਆਂ ਹੋ ਸਕਦੀਆਂ ਹਨ ?**

– ਪਿਛਲੇ ਤੀਹ ਸਾਲਾਂ ਵਿਚ ਏਨੀ ਪਾਏਦਾਰ ਅਤੇ ਏਨੀ ਵੰਨ ਸੁਵੰਨੀ ਕਹਾਣੀ ਲਿਖੀ ਗਈ ਹੈ ਕਿ ਇਸ ਵਿਚੋਂ ਸਿਰਫ਼ ਪੰਜ ਸ਼ਾਹਕਾਰ ਕਹਾਣੀਆਂ ਦੀ ਚੋਣ ਕੀ ਛੱਡਾਂ ਤੇ ਕੀ ਰੱਖਾਂ ਵਾਲੀ ਵੱਡੀ ਦੁਬਿਧਾ ਵਿਚ ਪਾਉਂਦਾ ਹੈ।

**ਪੰਜਾਬੀ ਕਹਾਣੀ ਆਲੋਚਨਾ ਦੀ ਕੀ ਸਥਿਤੀ ਹੈ ? ਇਕ ਆਲੋਚਕ ਵਜੋਂ ਤੁਸੀਂ ਕੀ ਸੋਚਦੇ ਹੋ ਕਿ ਕਹਾਣੀ ਦੀ ਸਮੀਖਿਆ ਕਿਹੜੇ-ਕਿਹੜੇ ਆਧਾਰਾਂ 'ਤੇ ਹੋਣੀ ਚਾਹੀਦੀ ਹੈ ?**

– ਮੇਰੀ ਜਾਚੇ ਪੰਜਾਬੀ ਕਹਾਣੀ ਪੰਜਾਬੀ ਸੰਸਾਰ ਵਿਚ ਸਭ ਤੋਂ ਵਧ ਸੰਜੀਦਗੀ ਨਾਲ ਪੜ੍ਹੀ ਜਾਣ ਵਾਲੀ ਵਿਧਾ ਹੈ। ਹਰ ਪਾਠਕ ਆਪਣੀ ਤਰ੍ਹਾਂ ਕਹਾਣੀ ਦਾ ਪਰਖੂ ਹੁੰਦਾ ਹੈ। ਕਹਾਣੀ ਨੂੰ ਪੜ੍ਹਨ, ਮਾਣਨ, ਡੀਕੋਡ ਕਰਨ ਵਿਚ ਉਸਦੀ ਆਪਣੀ ਸੂਝ ਤੇ ਸੰਵੇਦਨਸ਼ੀਲਤਾ ਕਿਰਿਆਸ਼ੀਲ ਹੀ ਨਹੀਂ ਹੁੰਦੀ, ਨਿਰਣਿਆਂ ਤਕ ਵੀ ਪਹੁੰਚਦੀ ਹੈ। ਕਹਾਣੀ ਵਿਚਲਾ ਕਹਾਣੀਪਨ ਕਿਸੇ ਵੀ ਪੱਧਰ ਦੇ ਪਾਠਕ ਨੂੰ ਕਿਸੇ ਵੀ ਵਜ੍ਹਾ ਕਰਕੇ ਆਪਣੇ ਪ੍ਰਭਾਵ ਹੇਠ ਲੈ ਲਵੇ ਤਾਂ ਸਮਝੋ ਉਹ ਆਪਣੇ ਮੰਤਵ ਵਿਚ ਸਫਲ ਹੈ।

ਉਂਜ ਤਾਂ ਆਲੋਚਕ ਵੀ ਇਕ ਕਿਸਮ ਦਾ ਸੁਚੇਤ ਪਾਠਕ ਹੀ ਹੁੰਦਾ ਹੈ ਪਰ ਉਸ ਕੋਲ ਸੁਵਿਧਾ ਇਹ ਹੁੰਦੀ ਹੈ ਕਿ ਉਸ ਕੋਲ ਕਹਾਣੀ ਨੂੰ ਪਰਤ ਦਰ ਪਰਤ ਖੋਲ੍ਹਣ ਵਾਲੇ ਸੰਦ ਹੁੰਦੇ ਹਨ। ਉਹ ਕਹਾਣੀ ਦੇ ਸੁਹਜ ਤੇ ਸੁਨੇਹੇ ਨੂੰ ਕਈ ਪੱਖਾਂ ਪਹਿਲੂਆਂ ਤੋਂ ਵਿਚਾਰ ਸਕਦਾ ਹੈ। ਸਾਡੀ ਬਹੁਤੀ ਆਲੋਚਨਾ ਕਹਾਣੀ ਦੇ ਸੁਨੇਹੇ ਵੱਲ ਤਵੱਜੋ ਦਿੰਦੀ ਹੈ ਅਤੇ ਕਹਾਣੀ ਦੀ ਸਾਰੀ ਕਲਾਤਮਕਤਾ ਨੂੰ ਪਿੱਛੇ ਪਾ ਕਹਾਣੀ ਦੇ ਵੇਰਵਿਆਂ ਨੂੰ ਸਿਖਿਆ/ਭਾਵ ਅਰਥ/ਸਾਰ ਤਕ ਘਟਾ ਦਿੰਦੀ ਹੈ। ਕਹਾਣੀ ਦੀ ਸਮੀਖਿਆ ਕਹਾਣੀ ਵਿਚੋਂ ਵਿਸ਼ਾ ਨਹੀਂ ਥੀਮ ਭਾਲਣ ਵਾਲੀ ਹੋਣੀ ਚਾਹੀਦੀ ਹੈ ਕਿਉਂਕਿ ਵਧੀਆ ਕਹਾਣੀਕਾਰ ਨੇ ਥੀਮ ਨੂੰ ਕਹਾਣੀ ਦੀ ਕਲਾਤਮਕਤਾ ਦਾ ਰਹੱਸ ਬਣਾ ਕੇ ਸੰਜੋਇਆ ਹੁੰਦਾ ਹੈ। ਕਹਾਣੀ ਦੀ ਸਮੀਖਿਆ ਕਹਾਣੀ ਕੀ ਕਹਿੰਦੀ ਹੈ ਨਾਲੋਂ ਕਹਾਣੀ ਕਿੰਜ ਕਹਿੰਦੀ ਹੈ ਅਤੇ ਇੰਜ ਹੀ ਕਿਉਂ ਕਹਿੰਦੀ ਹੈ ਦਾ ਪਿੱਛਾ ਕਰੇਗੀ ਤਾਂ ਹੀ ਉਹ ਕਹਾਣੀਕਾਰ ਦੇ ਮਨੋਰਥਾਂ ਜੁਗਤਾਂ ਦੀ ਪੈੜ ਨੱਪਦੀ ਕਹਾਣੀ ਦੇ ਸੁਹਜ ਤੇ ਦਰਸ਼ਨ ਤਕ ਰਸਾਈ ਪਾ ਸਕੇਗੀ। ਜੇ ਕਹਾਣੀ ਦਾ ਸਮੀਖਿਅਕ ਕਹਾਣੀ ਕੋਲੋਂ ਇਹ ਤਵੱਕੋ ਨਹੀਂ ਰੱਖਦਾ ਤਾਂ ਸਮਝੋ ਉਹ ਘਟੋ ਘਟ ਚੰਗੀ ਕਹਾਣੀ ਨਾਲ ਹੀ ਨਹੀਂ ਚੰਗੇ ਕਹਾਣੀਕਾਰ ਨਾਲ ਵੀ ਵੱਡਾ ਅਨਿਆਂ ਕਰਦਾ ਹੈ, ਉਸਦੀ ਮਿਹਨਤ ਦਾ ਅਧੂਰਾ ਮੁੱਲ ਪਾਉਂਦਾ ਹੈ, ਉਸਦੀ ਕਲਾਕਾਰੀ ਨੂੰ ਛੁਟਿਆਉਂਦਾ ਹੈ।

**-098180-38041**
**-094172-43245**

# ਬਹੁ-ਰੰਗੀਆਂ ਮਾਨਵੀ ਸਥਿਤੀਆਂ ਦਾ ਬਿਰਤਾਂਤ

**- ਡਾ. ਗੁਰਪਾਲ ਸਿੰਘ ਸੰਧੂ**

'ਰੂਹ 'ਤੇ ਉਕਰੇ ਚਿੱਤਰ' ਪ੍ਰੋ ਹਰਭਜਨ ਸਿੰਘ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ ਹੈ। 'ਹਲਫ਼ਨਾਮਾ', 'ਮੰਜ਼ਿਲ ਤੋਂ ਉਰੇ ਉਰੇ', 'ਬਿਨ ਸਿੰਗੇ ਸਾਨ੍ਹ' ਅਤੇ 'ਰੇਸ, ਕਲਾਸ ਤੇ ਜੰਗ' ਜਿਹੇ ਚਾਰ ਕਹਾਣੀ ਸੰਗ੍ਰਹਿਆਂ ਦੇ ਆਰ-ਪਾਰ ਫੈਲੀਆਂ ਇਹ ਪੰਦਰਾਂ ਕਹਾਣੀਆਂ, ਨਾ ਕੇਵਲ ਪ੍ਰੋ ਹਰਭਜਨ ਸਿੰਘ ਦੀ ਕਥਾਕਾਰੀ ਦਾ ਸਾਕਾਰ ਬਿੰਬ ਸਿਰਜਦੀਆਂ ਹਨ, ਸਗੋਂ ਸਮਕਾਲੀ ਪਰਵਾਸੀ ਪੰਜਾਬੀ ਕਹਾਣੀ, ਵਿਸ਼ੇਸ਼ ਰੂਪ ਵਿਚ ਅਮਰੀਕੀ ਪੰਜਾਬੀ ਕਹਾਣੀ ਦੀ ਬਿਰਤਾਂਤਕ ਵੱਖਰਤਾ ਅਤੇ ਕਥਾ-ਮੂਲਕ ਗਹਿਰਾਈ ਨੂੰ ਵੀ ਪੇਸ਼ ਕਰਦੀਆਂ ਹਨ। ਕਥਾ-ਸੰਦਰਭ, ਬਿਰਤਾਂਤਕ ਵਿਉਂਤ ਅਤੇ ਅਰਥ ਰਚਨਾ ਦੇ ਸਿਲਸਿਲੇ ਉਪਰ ਧਿਆਨ ਕੇਂਦਰਤ ਕਰਕੇ ਵੇਖੀਏ ਤਾਂ ਇਹਨਾਂ ਕਹਾਣੀਆਂ ਦਾ ਮੀਰੀ ਗੁਣ ਇਹ ਹੈ ਕਿ ਇਹ ਪਰਵਾਸੀ ਲੇਖਣ ਦੀ ਪ੍ਰਚਲਤ ਭੋਗਣਹਾਰੀ ਹਸਤੀ (Cannon Fodder) ਦੇ ਸੰਕਲਪ ਤੇ ਸੰਦਰਭ ਨੂੰ ਤੋੜ ਕੇ, ਇਸਦੇ ਵਿਲੱਖਣ ਰਚਨਾਤਮਕ ਤੇ ਕਲਾਤਮਕ ਗੌਰਵ ਦੇ ਨਿਰਮਾਣ ਦੇ ਰਾਹੇ ਪੈਂਦੀਆਂ ਹਨ। ਇਸ ਲਿਹਾਜ਼ ਨਾਲ ਇਹ ਕਹਾਣੀਆਂ ਨਾ ਕੇਵਲ ਪਰਵਾਸੀ ਪੰਜਾਬੀ ਕਹਾਣੀ ਨੂੰ ਹੀ ਨਵਾਂ ਰੂਪ ਦਿੰਦੀਆਂ ਹਨ, ਸਗੋਂ-ਪੰਜਾਬੀ ਕਥਾ-ਬਿਰਤਾਂਤ ਦੇ ਨਵੇਂ ਆਧਾਰ-ਮੂਲਕ ਤੇ ਪਾਸਾਰ-ਮੂਲਕ ਸਿਲਸਿਲਿਆਂ ਦੀ ਤਖ਼ਲੀਕ ਵੀ ਕਰਦੀਆਂ ਹਨ।

(1)

ਹਰਭਜਨ ਸਿੰਘ ਦੀਆਂ ਇਹਨਾਂ ਕਹਾਣੀਆਂ ਦਾ ਕਥਾ-ਬਿਰਤਾਂਤ ਮੂਲ ਰੂਪ ਵਿਚ ਸੱਤ ਪ੍ਰਸ਼ਨ ਖੜ੍ਹੇ ਕਰਦਾ ਹੈ; ਪਹਿਲਾ, ਉਹ ਕਿਹੜਾ ਆਧਾਰ ਹੈ, ਜੋ ਅਮਰੀਕੀ ਸਾਹਿਤ ਨੂੰ ਅਮਰੀਕੀ ਬਣਾਉਂਦਾ ਹੈ। ਦੂਜਾ, ਕੀ ਕਿਸੇ ਸਮਾਜ/ਕਥਾ-ਬਿਰਤਾਂਤ ਵਿਚ ਸਿਰਫ਼ ਇਕ ਹੀ ਮਾਨਵੀ ਸਥਿਤੀ ਪ੍ਰਵਾਹਮਾਨ ਹੁੰਦੀ ਹੈ, ਜਾਂ ਉਸ ਵਿਚ ਇਕੋ ਵੇਲੇ ਵੰਨ ਸਵੰਨੀਆਂ ਮਨੋ/ਮਾਨਵੀ ਸਥਿਤੀਆਂ ਵੀ ਪ੍ਰਵਾਹਮਾਨ ਹੋ ਸਕਦੀਆਂ ਹਨ। ਤੀਜਾ, ਕੀ ਹੁਣ, ਨਸਲ, ਰੰਗ, ਜਾਤ ਅਤੇ ਏਥਿਨੀਸਿਟੀ ਦੀ ਵੰਡ ਤੇ ਦਮਨਕਾਰੀ; ਜਮਾਤੀ ਵੰਡ ਤੇ ਦਮਨਕਾਰੀ ਤੋਂ ਪੇਚੀਦਾ ਅਤੇ ਵਿਸ਼ਾਲ ਵਰਤਾਰਾ ਬਣ ਕੇ ਤਾਂ ਨਹੀਂ ਉਭਰ ਆਇਆ। ਚੌਥਾ, ਗੁਲਾਮ-ਸਮਾਜਾਂ ਤੋਂ ਲੈ ਕੇ ਅੱਜ ਤੱਕ ਔਰਤ ਦਾ ਸੰਤਾਪ ਤੇ ਪੀੜਾ ਦੇ ਅਨੰਤ ਸੰਦਰਭ ਬਦਲਣ ਦੇ ਬਾਵਜੂਦ ਵੀ ਨਿਰੰਤਰਤਾ ਤਾਂ ਕਾਇਮ ਨਹੀਂ ਰਹਿ ਰਹੀ। ਪੰਜਵਾਂ, ਅਮਰੀਕੀ ਸਟੇਟ ਦਾ ਸਾਮਰਾਜੀ ਸਰੂਪ ਇਕ ਰੂਪੀ ਹੈ ਜਾਂ ਉਸਦੇ ਵੰਨ ਸੁਵੰਨੇ ਰੂਪ ਹਨ। ਛੇਵਾਂ, ਸਮਕਾਲ ਵਿਚ ਅਮਰੀਕਾ ਦਾ ਜੰਗਜੂ ਨਿਜ਼ਾਮ ਅਮਰੀਕੀ ਲੋਕਾਂ ਦੇ ਸਵੈ ਦਾ ਵਿਸਤਾਰ ਕਰ ਰਿਹਾ ਹੈ ਜਾਂ ਉਸਨੂੰ ਮਾਰ ਰਿਹਾ ਹੈ। ਸੱਤਵਾਂ, ਪਰਵਾਸੀ/ਵਿਸਥਾਪਤ ਮਨੁੱਖ ਲਈ ਜੜ੍ਹਾਂ ਦੀ ਕੀ ਸਥਿਤੀ ਹੈ। ਇਸ ਤਰ੍ਹਾਂ ਇਹਨਾਂ ਕਹਾਣੀਆਂ ਦੇ ਕਥਾ-ਬਿਰਤਾਂਤ ਦਾ ਮੁੱਖ ਗੁਣ ਪ੍ਰਚਲਤ ਪੰਜਾਬੀ ਕਥਾ-ਸੰਦਰਭ ਅਤੇ ਬਿਰਤਾਂਤਕਾਰੀ ਦੇ ਦਾਇਰਿਆਂ ਵਿਚ ਸਿਮਟ ਕੇ ਫ਼ੈਲਣਾ ਤੇ ਸੁੰਗੜਨਾ ਨਹੀਂ ਹੈ, ਸਗੋਂ ਬਿਰਤਾਂਤਕਾਰੀ ਦੇ ਪ੍ਰਚਲਤ ਹੱਦ-ਬੰਨਿਆਂ ਨੂੰ ਤੋੜ ਕੇ ਨਵੇਂ ਰਚਨਾਤਮਕ ਪਾਸਾਰਾਂ ਦੀ ਰਚਨਾ ਕਰਨਾ ਹੈ। ਸਿੱਟੇ ਵਜੋਂ ਇਹ ਬਿਰਤਾਂਤ ਕਿਸੇ ਇੱਕ ਮਾਨਵੀ-ਸਥਿਤੀ ਨੂੰ ਰੂਪਮਾਨ ਕਰਨ ਦੀ ਥਾਂ ਇਕੋ ਵੇਲੇ ਬਹੁ-ਰੰਗੀਆਂ ਮਾਨਵੀ ਸਥਿਤੀਆਂ ਦੀ ਪੇਸ਼ਕਾਰੀ ਕਰਨ ਦੀ ਕੋਸ਼ਿਸ਼ ਕਰਦਾ ਹੈ।

ਹਰਭਜਨ ਦੀ ਕਥਾ-ਸਿਰਜਣਾ ਦੀ ਇਸ ਵੱਖਰਤਾ ਨੂੰ ਹੀ ਮੈਂ ਪਰਵਾਸੀ ਲੇਖਣ ਦੀ ਪ੍ਰਚਲਤ ਭੋਗਣਹਾਰੀ ਹਸਤੀ (Cannon Fodder) ਦੀ ਥਾਂ ਨਵੀਂ ਰਚਨਾਤਮਕਤਾ ਦਾ



ਇਸਤਿਆਰਾ ਕਿਹਾ ਹੈ। ਇਸ ਇਸਤਿਆਰੇ ਦੀ ਰਚਨਾ-ਵਿਉਂਤ ਵਿਚ ਰੰਗ, ਨਸਲ, ਪਿਆਰ, ਜੰਗ, ਸੰਤਾਪ, ਪੀੜਾ ਅਤੇ ਸਮਰਾਜੀ ਦਮਨ ਤੇ ਵਿਦਰੋਹ ਇਕੱਠੇ ਹੋ ਕੇ ਅਜਿਹੇ ਕਥਾ-ਬਿਰਤਾਂਤ ਦੀ ਸਿਰਜਣਾ ਕਰਦੇ ਹਨ, ਜੋ ਆਪਣੀ ਬਿਰਤਾਂਤਕ ਵਿਵਧਤਾ ਦੇ ਨਾਲ ਨਾਲ, ਦ੍ਰਿਸ਼ਟੀ-ਮੂਲਕ ਵੱਖਰਤਾ ਅਤੇ ਨਵੀਨਤਾ ਦੇ ਰੂ-ਬ-ਰੂ ਵੀ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਇਹ ਬਿਰਤਾਂਤਕ ਵਿਵਧਤਾ, ਦ੍ਰਿਸ਼ਟੀਮੂਲਕ ਵੱਖਰਤਾ ਤੇ ਵਿਚਾਰਧਾਰਾਈ ਨਵੀਨਤਾ ਹੀ ਉਹ ਗੁਣ ਹੈ, ਜੋ ਇਹਨਾਂ ਕਹਾਣੀਆਂ ਨੂੰ ਪਰਵਾਸੀ ਬਿਰਤਾਂਤ ਦੀ ਭੋਗਣਹਾਰੀ ਹਸਤੀ ਤੋਂ ਮੁਕਤ ਕਰਵਾ ਕੇ ਤਖ਼ਲੀਕੀ ਬਿਰਤਾਂਤਕਾਰੀ ਦੀ ਸਥਿਤੀ ਵਿਚ ਲਿਆ ਖੜ੍ਹਾ ਕਰਦੀ ਹੈ।

(2)

ਇਸ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਦਾ ਕਥਾ-ਬਿਰਤਾਂਤ ਸਾਡੇ ਸਾਹਮਣੇ ਮੂਲ ਪ੍ਰਸ਼ਨ ਇਹ ਖੜ੍ਹਾ ਕਰਦਾ ਹੈ ਕਿ ਉਹ ਕਿਹੜਾ ਸੰਦਰਭ ਹੈ, ਜੋ ਅਮਰੀਕਾ ਵਿੱਚ ਰਚੇ ਜਾ ਰਹੇ ਸਾਹਿਤ/ਗਲਪ ਨੂੰ ਅਮਰੀਕੀ ਬਣਾਉਂਦਾ ਹੈ। ਭਾਵ, ਇਹਨ੍ਹਾਂ ਕਹਾਣੀਆਂ ਦੇ ਕੇਂਦਰੀ ਕਿਰਦਾਰ (protogonist) ਦਾ ਉਹ ਕਿਹੜਾ ਲੱਛਣ ਹੈ ਜਿਸ ਕਰਕੇ ਅਸੀਂ ਉਸਨੂੰ ਅਮਰੀਕੀ ਸਬਜੈਕਟ ਮੰਨ ਸਕਦੇ ਹਾਂ। ਇਹਨਾਂ ਕਹਾਣੀਆਂ ਸੰਬੰਧੀ ਹੋਏ ਵਿਸ਼ਲੇਸ਼ਣ ਵਿਚ ਇਹ ਸਾਬਤ ਹੁੰਦਾ ਹੈ ਕਿ ਅਮਰੀਕੀ ਸਾਹਿਤ ਵਿਚ ਸਾਮਰਾਜਵਾਦੀ ਵਿਸਤਾਰਵਾਦ ਅਤੇ ਦਮਨਸ਼ੀਲਤਾ ਦੀਆਂ ਉਹ ਪ੍ਰਵਿਰਤੀਆਂ ਪੇਸ਼ ਹੁੰਦੀਆਂ ਹਨ, ਜੋ ਅਮਰੀਕੀ ਸਬਜੈਕਟ ਦੀ ਪੇਸ਼ਕਾਰੀ ਉਸਦੇ ਸਵੈ ਦੇ ਵਿਸਤਾਰ ਵਿਚ ਆਏ ਸੰਕਟਾਂ ਤੇ ਸੰਤਾਪਾਂ ਦੇ ਤਾਣੇ ਪੇਟੇ ਰਾਹੀਂ ਕਰਦੀਆਂ ਹਨ। ਪਰ, ਜੇਕਰ ਅਸੀਂ ਇਹਨਾਂ ਕਹਾਣੀਆਂ ਵਿਚ ਪਸਰਦੇ ਅਰਥ-ਘੇਰਿਆਂ ਦੀ ਟੋਹ ਲਾਈਏ ਤਾਂ ਉਪਰੋਕਤ ਸਥਿਤੀ ਇਸ ਬਿਰਤਾਂਤ ਦਾ ਆਧਾਰ-ਮੁਖੀ ਸੰਦਰਭ ਨਹੀਂ ਸਗੋਂ ਇਕ ਪਾਸਾਰ-ਮੁਖੀ ਸੰਦਰਭ ਹੀ ਬਣਦੀ ਹੈ। ਹਕੀਕਤ ਤਾਂ ਇਹ ਹੈ ਕਿ ਇਹਨਾਂ ਕਹਾਣੀਆਂ ਦੇ ਕੇਂਦਰੀ ਕਿਰਦਾਰਾਂ ਨੂੰ ਅਮਰੀਕਨ ਬਣਾਉਣ ਵਾਲਾ ਤੱਤ ਉਹਨਾਂ ਦਾ ਸਾਮਰਾਜਵਾਦੀ ਸੰਦਰਭਾਂ ਨੂੰ ਮਾਨਣਾ, ਇਸਦਾ ਭਾਗੀਦਾਰ ਹੋਣਾ, ਜਾਂ ਇਸ ਰਾਹੀਂ ਆਪਣੇ ਸਵੈ ਦਾ ਵਿਸਤਾਰ ਕਰਨਾ ਨਹੀਂ, ਸਗੋਂ ਇਸ ਰਾਹੀਂ ਉਪਜਣ ਵਾਲੀ ਮਾਨਵਵਾਦੀ ਪੀੜਾ, ਸੰਤਾਪ ਅਤੇ ਦੁਖਾਂਤ ਦਾ ਭਾਗੀਦਾਰ ਹੋ ਕੇ ਇਸ ਵਿਚੋਂ ਨਵੇਂ ਅਰਥਾਂ/ਮੁੱਲਾਂ ਦੀ ਤਲਾਸ਼ ਕਰਨਾ ਹੈ। ਇਸ ਸੰਦਰਭ ਵਿਚ 'ਘੋੜੇ ਦੇ ਸੁੰਮਾਂ ਦਾ ਖੜਾਕ' ਕਹਾਣੀ ਵਿਸ਼ੇਸ਼ ਰੂਪ ਵਿਚ ਵਿਚਾਰ ਕਰਨ ਵਾਲੀ ਹੈ।

ਇਸ ਕਹਾਣੀ ਵਿਚ ਚਾਰ ਬਿਰਤਾਂਤਕ ਸਪੇਸ ਪ੍ਰਵਾਹਮਾਨ ਹਨ; ਪਹਿਲਾ, ਐਚ ਵੀ ਸਟੌਵੀ ਦੇ ਸ਼ਾਹਕਾਰ ਨਾਵਲ 'ਅੰਕਲ ਟੌਮਜ਼ ਕੈਬਿਨ' ਦਾ ਗ਼ੁਲਾਮ ਪ੍ਰਥਾ ਬਾਰੇ ਮਾਰਮਿਕ ਬਿਰਤਾਂਤ। ਦੂਜਾ, ਆਪਣੇ ਬੱਚੇ ਨੂੰ ਜੰਗਲ ਦੀ ਅੱਗ ਤੋਂ ਬਚਾਉਂਦੀ ਔਰਤ, ਬੱਚੇ ਦਾ ਸਹਿਮ ਅਤੇ ਬਿਰਤਾਂਤਕਾਰ ਮੈਂ ਦਾ ਉਹਨਾਂ ਨਾਲ ਤਸੱਵਰੀ ਪੱਧਰ ਉੱਤੇ ਸੰਗ-ਸਾਥ। ਤੀਜਾ, ਬਿਰਤਾਂਤਕਾਰ ਮੈਂ ਦਾ ਆਪਣੀ ਪਤਨੀ ਨਾਲ ਭਾਵੁਕ ਤੇ ਦੁਨੀਆਂਦਾਰੀ ਦਾ ਵਿਵਹਾਰ ਅਤੇ ਨਾਵਲੀ ਬਿਰਤਾਂਤ ਨਾਲ ਨਿਰੰਤਰ ਬਾ-ਬਸਤਗੀ। ਚੌਥਾ, ਸਮਕਾਲੀ ਅਮਰੀਕੀ ਮੁਆਸ਼ਰੇ ਵਿਚ ਪਰਿਵਾਰਕ ਇੱਕਲਾਪਣ, ਨਿੱਜਵਾਦੀ/ ਹਉਮੈਵਾਦੀ / ਨਸਲੀ / ਪਰੰਪਰਾਵਾਦੀ ਦਬਾਊ ਪ੍ਰਵਿਰਤੀਆਂ ਅਤੇ ਔਰਤ ਦਾ ਸੰਤਾਪ, ਜਿਵੇਂ:

"ਉਹ ਔਰਤ ਸੰਤੋੜ ਦੌੜਦੀ ਹੋਏ ਮੇਰੇ ਕੋਲ ਆਈ। ਦੋ ਕੁ ਸਾਲ ਦੇ ਬੱਚੇ ਨੂੰ ਕਦੇ ਕੁੱਛੜ, ਕਦੇ ਮੋਢੇ, ਕਦੇ ਪਿੱਠ ਉੱਤੇ ਚੁੱਕੀ। ਜੰਗਲ ਦੀ ਅੱਗ ਤੋਂ ਬਚਦੀ, ਅੱਗ ਦੇ ਅੱਗੇ ਅੱਗੇ ਭੱਜਦੀ, ਬਹੁਤ ਬੁਰੀ ਤਰ੍ਹਾਂ ਥੱਕ ਤੇ ਹਫ਼ ਗਈ ਸੀ।"

“ਬੱਚਾ ਸਹਿਮ ਨਾਲ ਨਿਰਜੀਵ ਹੋਇਆ ਅੱਖਾਂ ਨਹੀਂ ਖੋਲ੍ਹ ਰਿਹਾ ਸੀ। ਮੈਂ ਦੋਵਾਂ ਨੂੰ ਨਦੀ ਦਾ ਸੀਤਲ ਜਲ ਪਲਾਇਆ ਤਾਂ ਉਹ ਆਪਣੇ ਆਪ ਤੇ ਬੱਚੇ ਨੂੰ ਬਚਾਉਣ ਲਈ ਫ਼ਿਰ ਦੌੜਨ ਲੱਗੀ ...।”1

ਨਾਵਲ ਦੇ ਬਿਰਤਾਂਤ ਵਿਚ ਔਰਤ ਦੇ ਬਿਰਤਾਂਤ ਦਾ ਕੇਂਦਰੀ ਮਸਲਾ ਬੱਚੇ ਨੂੰ ਗ਼ੁਲਾਮ ਬਣਾ ਕੇ ਵੇਚਣ ਤੋਂ ਬਚਾਉਣਾ ਹੈ। ਉਸ ਔਰਤ ਦੇ ਕੰਨਾਂ ਵਿਚ ਉਸ ਨੂੰ ਫੜ੍ਹਨ ਲਈ ਆ ਰਹੇ ‘ਘੋੜਿਆਂ ਦੇ ਸੁੰਮਾਂ ਦਾ ਖੜਾਕ’ ਨਿਰੰਤਰ ਗੂੰਜ ਰਿਹਾ ਹੈ। ਮੈਂ ਕਿਰਦਾਰ ਗ਼ੁਲਾਮ ਪ੍ਰਥਾ ਤੇ ਸਮਕਾਲੀ ਅਮਰੀਕੀ ਮੁਆਸ਼ਰੇ ਵਿਚ ਨਿਰੰਤਰ ਸਰਗਰਮ ਦਮਨਕਾਰੀ ਪ੍ਰਵਿਰਤੀ ਪ੍ਰਤਿ ਵਿਦਰੋਹ ਦਾ ਪ੍ਰਤੀਕ ਬਣਦਾ ਹੈ। ਇਹ ਪ੍ਰਤੀਕਨੁਮਾ ਸਵੈ ਕਦੇ ਖ਼ਾਮੋਸ਼ ਹੈ, ਕਦੇ ਵਿਦਰੋਹੀ, ਕਦੇ ਜ਼ਜਬਾਤੀ ਅਤੇ ਕਦੇ ਡਰਿਆ ਹੋਇਆ ਪ੍ਰਤੀਤ ਹੁੰਦਾ ਹੈ ਪਰ ਇਹ ਕਦੇ ਵੀ ਨਿਰਜੰਦ ਅਤੇ ਸਮਝੌਤਾਵਾਦੀ ਨਹੀਂ ਬਣਦਾ। ਖ਼ੂਬਸੂਰਤ ਗੱਲ ਤਾਂ ਇਹ ਹੈ ਕਿ ਉਸਦਾ ਤੇ ਉਸਦੀ ਪਤਨੀ ਸਤਰੀਮਾ ਦਾ ਜ਼ਜਬਾਤੀ ਰਿਸ਼ਤਾ ਵੀ ਇਸ ਪ੍ਰਤੀਕ ਵਿਚ ਸੰਮਿਲਤ ਹੁੰਦਾ ਹੈ। ਜਿਸਨੂੰ ‘ਕੋਰੀਅਨ ਬਜ਼ੁਰਗ ਅਤੇ ਉਸਦੀ ਅਧਰੰਗ ਮਾਰੀ ਪਤਨੀ’ ਦਾ ਰਿਸ਼ਤਾ ਅਗਲੇਰੀ ਦਿਸ਼ਾ ਪ੍ਰਦਾਨ ਕਰਦਾ ਹੈ।

ਪਰ ਇਹ ਤਾਂ ‘ਅੰਕਲ ਟੌਮਜ਼ ਕੈਬਿਨ’ ਦੇ ਝਲਕਾਰੇ ਹਨ। ਇਥੇ ਗ਼ੁਲਾਮ ਔਰਤ ਦੀ ਮੌਜੂਦਗੀ ਦੇ ਦ੍ਰਿਸ਼ਾਂ ਦੀ ਵੀ ਜ਼ਰੂਰਤ ਹੈ, ਕਿਉਂਕਿ ਸਾਮਰਾਜੀ ਮੁਆਸ਼ਰੇ ਦਾ ਗ਼ੁਲਾਮਾਂ ਤੋਂ ਬਗੈਰ ਹੋਣਾ ਨਾਮੁਮਕਿਨ ਹੈ। ਸਾਮਰਾਜਵਾਦੀ ਆਚਾਰ ਸਿਰਫ਼ ਸਟੇਟ ਦੇ ਚੌਖਟੇ ਦਾ ਹੀ ਹਿੱਸਾ ਨਹੀਂ ਹੁੰਦਾ, ਸਗੋਂ ਉਸਦੇ ਸੰਪੂਰਨ ਸਾਜੋ-ਸਮਾਨ ਅਤੇ ਉਸਦੀ ਹਰ ਇਕ ਕਾਰ-ਗੁਜ਼ਾਰੀ ਦਾ ਹਿੱਸਾ ਵੀ ਹੁੰਦਾ ਹੈ। ਇਸ ਕਰਕੇ, ਸਭ ਤੋਂ ਪਹਿਲਾਂ ਪਰਵਾਸੀ ਪੰਜਾਬੀ ਔਰਤ ਤੋਸ਼ੀ ਦਾ ਬਿਰਤਾਂਤ ਖੰਡ ਆਉਂਦਾ ਹੈ; ਜਿਸਨੂੰ ਉਸਦਾ ਘਰਵਾਲਾ ਮਾਰਦਾ ਕੁੱਟਦਾ ਹੈ ਤਾਂ ਕਿ ਉਹ ਇਕ ਪੁੱਤਰ ਨੂੰ ਜਨਮ ਦੇਵੇ, ਜਿਸ ਨੂੰ ਉਹ ਅਮਰੀਕੀ ਬਾਜ਼ਾਰ ਦੀ ਵਸਤ ਬਣਾ ਸਕੇ। ਇਸ ਤੋਂ ਬਾਅਦ ਉਹ ਗੋਰੀ ਆਉਂਦੀ ਹੈ, ਜੋ ਆਪਣੇ ਪਤੀ ਦੇ ਸੰਵੇਦਨਸ਼ੀਲ ਰਿਸ਼ਤੇ ਦੀ ਅਣਹੋਂਦ ਵਿਚ ਕਿਸੇ ਹੋਰ ਯਾਰ ਨਾਲ ਜਾਂਦੀ ਹਾਦਸੇ ਦੀ ਸ਼ਿਕਾਰ ਹੁੰਦੀ ਹੈ ਅਤੇ ਉਸਦਾ ਪਤੀ ਉਸਦੀ ਧੀ ਨੂੰ ਲੈ ਕੇ ਉਸਨੂੰ ਇਕੱਲੀ ਛੱਡ ਦਿੰਦਾ ਹੈ। ਫਿਰ ਉਹ ਮੁਸਲਮਾਨ ਔਰਤ ਆਉਂਦੀ ਹੈ, ਜਿਸਦਾ ਪਤੀ ਉਸਨੂੰ ਤਲਾਕ ਦੇ ਕੇ ਕਿਸੇ ਹੋਰ ਔਰਤ ਨਾਲ ਰਹਿਣਾ ਚਾਹੁੰਦਾ ਹੈ। ਇਸ ਤੋਂ ਵੀ ਅਹਿਮ ਦ੍ਰਿਸ਼ ਇਹ ਹੈ ਕਿ ਘਰ ਵਾਪਸ ਪਰਤਦਿਆਂ ਉਹਨਾਂ ਨੂੰ ਤੋਸ਼ੀ ਨੂੰ ਉਸਦੇ ਘਰਵਾਲੇ ਵੱਲੋਂ ਕੁੱਟਿਆ ਜਾਣਾ ਵੇਖਣ ਨੂੰ ਮਿਲਦਾ ਹੈ, ਜਿਸਨੂੰ ਬਰਦਾਸ਼ਤ ਨਾ ਕਰਦੀ ਹੋਈ ਸਤਰੀਮਾ ਤੋਸ਼ੀ ਅਤੇ ਉਸਦੀਆਂ ਬੱਚੀਆਂ ਨੂੰ ਘਰ ਲੈ ਕੇ ਆਉਂਦੀ ਹੈ। ਉਸਨੂੰ ਅਤੇ ਉਸਦੀਆਂ ਬੱਚੀਆਂ ਨੂੰ ਖਾਣਾ ਖਵਾਉਂਦੀ ਹੈ, ਬਿਲਕੁੱਲ ਉਸੇ ਤਰ੍ਹਾਂ ਜਿਸ ਤਰ੍ਹਾਂ ਨਾਵਲ ਪੜ੍ਹ ਰਿਹਾ ‘ਮੈਂ’ ਪਾਤਰ ਗ਼ੁਲਾਮ ਔਰਤ ਅਤੇ ਉਸ ਦੇ ਸਹਿਮੇ ਹੋਏ ਬੱਚੇ ਨੂੰ ਪਾਣੀ ਪਿਉਂਦਾ ਹੈ। ਕਥਾ ਬਿਰਤਾਂਤ ਦੇ ਆਦਿ ਰੂਪ ਵਿਚ ਜਿਸ ਤਰ੍ਹਾਂ ਅੰਕਲ ਟੌਮਜ਼ ਕੈਬਿਨ ਹੈ, ਉਹ ਮੱਧ ਵਿਚ ਨਾਵਲ ਪੜ੍ਹ ਰਹੇ ਮੈਂ ਵਿਚ ਰੂਪਾਂਤਰਿਤ ਹੁੰਦਾ ਹੈ ਅਤੇ ਅੰਤ ਵਿਚ ਸਤਰੀਮਾ ਦੇ ਰੂਪ ਵਿਚ ਬਿਲਕੁੱਲ ਉਸੇ ਤਰ੍ਹਾਂ ਜਿਵੇਂ ਨਾਵਲ ਦੇ ਮੁੱਢ ਵਿਚ ‘ਘੋੜੇ ਦੇ ਸੁੰਮਾਂ ਦੇ ਖੜਾਕ’ ਤੋਂ ਗ਼ੁਲਾਮ ਔਰਤ ਤੇ ਉਸਦਾ ਬੱਚਾ ਸਹਿਮਿਆ ਹੋਇਆ ਹੈ, ਉਵੇਂ ਲਾਪਰਵਾਹ ਘਰ ਵਾਲੇ ਤੋਂ ਖੌਫ਼ਜਦਾ ਹਸਪਤਾਲ ਵਿਚ ਪਈ ਗੋਰੀ, ਅਤੇ ਸੰਵੇਦਨਹੀਨ ਘਰਵਾਲੇ ਦੀ ਮਾਰ-ਕੁੱਟ ਬਰਦਾਸ਼ਤ ਕਰ ਰਹੀ ਤੋਸ਼ੀ ਹੋਈ ਹੈ। ਹੁਣ ਤੋਸ਼ੀ ਦੀਆਂ ਧੀਆਂ ਦੀਆਂ ਅੱਖਾਂ ਵਿਚ ਵੀ ਉਹੀ ਸਹਿਮ ਏ, ਜੋ ਗ਼ੁਲਾਮ ਔਰਤ ਦੇ ਬੱਚੇ ਦੀਆਂ ਅੱਖਾਂ ਵਿਚ ਦਿਖਾਈ ਦਿੰਦਾ ਸੀ।



ਸੁਆਲ ਪੈਦਾ ਹੁੰਦਾ ਹੈ ਕਿ ਸਭ ਦੀਆਂ ਅੱਖਾਂ ਵਿਚ ਪਸਰਿਆ ਹੋਇਆ ਇਹ ਡਰ ਕਿਸਦਾ ਹੈ। ਜੁਆਬ ਸਿੱਧਾ ਹੈ, ਗ਼ੁਲਾਮ ਹੋਣ ਅਤੇ ਵੇਚੇ ਜਾਣ ਦਾ। ਜੋ ਕੁਝ ਗ਼ੁਲਾਮ ਪ੍ਰਥਾ ਵਿਚ ਹੁੰਦਾ ਸੀ, ਉਹ ਆਪਣੇ ਨਵੇਂ ਰੂਪਾਂ ਵਿਚ ਅੱਜ ਵੀ ਮੌਜੂਦ ਹੈ; ਔਰਤ ਦੀ ਗ਼ੁਲਾਮੀ ਅਤੇ ਉਸਦਾ ਤੇ ਉਸਦੀ ਸੰਤਾਨ ਦਾ ਮੁੱਲ ਲੱਗਣਾ। ਇਸਦੇ ਨਾਲ ਹੀ ‘ਘੋੜਿਆਂ ਦੇ ਸੁੰਮਾਂ ਦਾ ਖੜਾਕ’ ਅੱਜ ਵੀ ਉਹਨਾਂ ਦਾ ਪਿੱਛਾ ਕਰਦਾ ਹੈ; ਕਿਤੇ ਜੰਗਲ ਦੀ ਅੱਗ ਦੇ ਰੂਪ ਵਿਚ, ਕਿਤੇ ਨਸਲੀ ਵਖਰੇਵੇਂ ਦੇ ਰੂਪ ਵਿਚ, ਕਿਤੇ ਲਿੰਗ-ਭੇਦ ਦੇ ਰੂਪ ਵਿਚ। ਨਿਜ਼ਾਮ ਬਦਲ ਗਿਆ, ਪਰ ਉਸਨੂੰ ਗ਼ੁਲਾਮ, ਔਰਤਾਂ ਅਤੇ ਬੱਚੇ ਚਾਹੀਦੇ ਹਨ, ਫਿਰ ਤੋਂ ਵੇਚਣ ਅਤੇ ਮਰਵਾਉਣ ਲਈ।

ਅੱਜ ਦੀਆਂ ਅਮਰੀਕੀ ਗ਼ੁਲਾਮ ਔਰਤਾਂ ਦੇ ਬੱਚੇ ਜੰਗ ਦੇ ਬਾਜ਼ਾਰ ਵਿਚ ਵਿਕ ਕੇ ਮਰ ਰਹੇ ਹਨ ਅਤੇ ਭੈਣ ਤੇ ਮਾਂ-ਪਿਉ ਟੀ. ਵੀ. ਉੱਤੇ ਖ਼ਬਰਾਂ ਵੇਖਦੇ ਹੋਏ ਸਹਿਮੇ ਹੋਏ ਹਨ। ‘ਰੇਸ, ਕਲਾਸ ਤੇ ਜੰਗ’ ਦੇ ਪਾਤਰ ਰਾਣਾ ਰਣਬੀਰ, ਉਸਦੀ ਪਤਨੀ ਬੱਲੀ ਅਤੇ ਧੀ ਏਕਤਾ ਵਾਂਗ। ਇਸੇ ਤਰ੍ਹਾਂ ‘ਸਟਾਪ ਇੱਟ’ ਕਹਾਣੀ ਦਾ ਪਾਤਰ ‘ਡੈਡੀ’ ਵੀ ਅਮਰੀਕੀ ਨਿਜ਼ਾਮ ਦੇ ਵਿਸਤਾਰ ਦੀ ਜੰਗ ਲਈ ਵੇਚੇ ਜਾ ਰਹੇ ਅਮਰੀਕੀ ਬੱਚਿਆਂ ਦੀ ਤਬਾਹੀ ਤੋਂ ਖੌਫ਼ਜਦਾ ਹੈ। ਇਸਦਾ ਹੀ ਇਕ ਰੂਪ ‘ਮੈਂ, ਬਾਜ਼ ਤੇ ਸਰਸਵਤੀ’ ਦੀ ਪਾਤਰ ‘ਉਹ’ ਤੇ ਉਸਦੇ ਹੱਥ ਵਿਚ ਫੜਿਆ ਹੋਇਆ ‘ਉਹ ਫੁੱਲ’ ਹੈ, ਜਿਸਨੂੰ ਲੈ ਕੇ ਪਤਾ ਨਹੀਂ ਉਹ ਕਿੱਥੇ ਉੱਡ ਗਈ। ਉਸ ਗ਼ੁਲਾਮ ਔਰਤ ਦੇ ਵਾਂਗ ਜੋ ਮੈਂ ਪਾਤਰ ਦੇ ਹੱਥੋਂ ਪਾਣੀ ਪੀ ਕੇ ਅਤੇ ਬਰਫ਼ ਦੀ ਖ਼ੁਸ਼ਕ ਨਦੀ ਨੂੰ ਪਾਰ ਕਰਕੇ ਆਪਣੀ ਮੰਜ਼ਿਲ ਵੱਲ ਤੁਰ ਗਈ ਸੀ। ਮੰਜ਼ਿਲ ਕਿਹੜੀ ਹੈ; ਅੰਕਲ ਟੌਮਜ਼ ਕੈਬਿਨ, ਇਕ ਮਾਨਵਵਾਦੀ ਮੁੱਲਾਂ ਨਾਲ ਵਰੋਸਾਈ ਹੋਈ ਸਪੇਸ। ਕਿਸੇ ਕਥਾ-ਬਿਰਤਾਂਤ ਵਿਚ ਇਹ ਮੈਂ ਪਾਤਰ ਰਾਹੀਂ ਆਉਂਦੀ ਹੈ, ਕਿਸੇ ਥਾਂ ਉੱਤੇ ਸਤਰੀਮਾ ਰਾਹੀਂ, ਅਤੇ ਕਿਤੇ ਡੈਡੀ ਰਾਹੀਂ। ਸੋ, ਗ਼ੁਲਾਮ ਮਨੁੱਖ ਦੀ ਆਪਣੇ ਆਪ ਨੂੰ ਅਤੇ ਆਪਣੀ ਔਲਾਦ ਨੂੰ ਬਚਾਉਣ ਦੀ ਜੱਦੋ-ਜਹਿਦ ਬੱਚਿਆਂ ਦੀਆਂ ਅੱਖਾਂ ਵਿਚ ਸਹਿਮ ਅਤੇ ਘੋੜਿਆਂ ਦੇ ਸੁੰਮਾਂ ਦਾ ਖੜਾਕ ਅਜਿਹੇ ਪ੍ਰਤੀਕ ਹਨ, ਜੋ ਅਮਰੀਕੀ ਮੁਆਸ਼ਰੇ ਦੇ ਇਤਿਹਾਸ ਅਤੇ ਵਰਤਮਾਨ ਵਿਚ ਨਿਰੰਤਰ ਗਤੀਸ਼ੀਲ ਰਹਿੰਦੇ ਹਨ। ਦੂਜੇ ਪਾਸੇ ਮੈਂ, ਸਤਰੀਮਾ, ਡੈਡੀ ਅਤੇ ਇਸ ਤਰ੍ਹਾਂ ਕਿੰਨ੍ਹੇ ਹੀ ਕਿਰਦਾਰ ਅੰਕਲ ਟੌਮਜ਼ ਵਾਂਗ ਮਾਨਵਵਾਦੀ ਮੁੱਲਾਂ ਨੂੰ ਤਾਮੀਰ ਕਰਨ ਅਤੇ ਸਾਂਭਣ ਲਈ ਸਰਗਰਮ ਰਹਿੰਦੇ ਹੋਏ ਆਪਣਾ ‘ਕੈਬਿਨ’ ਤਿਆਰ ਕਰਕੇ ਰਖਦੇ ਹਨ।

ਹਰਭਜਨ ਸਿੰਘ ਦੀਆਂ ਕਹਾਣੀਆਂ ਦੇ ਕੇਂਦਰੀ ਪਾਤਰ ਆਪਣੇ ਆਪਣੇ ਕਥਾ ਸੰਦਰਭਾਂ ਵਿਚ ਪੀੜਤ, ਖੌਫ਼ਜ਼ਦਾ ਤੇ ਸਹਿਮੇ ਹੋਏ ਹਨ, ਪਰ ਉਹ ਆਪਣੀ ਅਤੇ ਆਪਣੇ ਬੱਚਿਆਂ ਦੀ ਰੱਖਿਆ ਲਈ ਦੌੜਦੇ ਹੋਏ ਪਾਤਰਾਂ ਲਈ ‘ਅੰਕਲ ਟੌਮਜ਼ ਕੈਬਿਨ’ ਤਾਮੀਰ ਕਰ ਰਹੇ ਹਨ ਤਾਂ ਕਿ ਅਮਰੀਕੀ ਸਾਮਰਾਜਵਾਦ ਦੇ ਵਿਸਤਾਰ ਦੇ ਘੋੜਿਆਂ ਦੀਆਂ ਸੁੰਮਾਂ ਦਾ ਖੜਾਕ ਉਹਨਾਂ ਦੇ ਸਵੈ ਨੂੰ ਕਤਲ ਨਾ ਕਰ ਸਕੇ। ਇਸ ਪ੍ਰਸੰਗ ਵਿਚ ਅਸੀਂ ਆਪਣੇ ਪਹਿਲੇ ਪ੍ਰਸ਼ਨ ਦਾ ਵੀ ਜੁਆਬ ਦੇ ਸਕਦੇ ਹਾਂ ਕਿ ਅਮਰੀਕੀ ਬਿਰਤਾਂਤ/ਸਾਹਿਤ ਨੂੰ ਅਮਰੀਕੀ ਨੁਹਾਰ ਦੇਣ ਵਾਲਾ ਆਧਾਰਭੂਤ ਤੱਤ ਉਸਦੀਆਂ ਸਾਮਰਾਜਵਾਦੀ ਅਤੇ ਪਾਸਾਰਵਾਦੀ ਕਾਰਜ-ਪ੍ਰਣਾਲੀਆਂ ਅਤੇ ਵਿਹਾਰ ਦੀ ਪੇਸ਼ਕਾਰੀ ਨਹੀਂ, ਸਗੋਂ ਅਮਰੀਕੀ ਸਬਜੈਕਟ ਦੀ ਗ਼ੁਲਾਮੀ, ਖੌਫ਼, ਬੇਚਾਰਗੀ ਅਤੇ ਜੰਗਾਂ ਵਿਚਲੀ ਤਬਾਹੀ ਦਾ ਚਿਤਰਨ ਹੈ। ਅਮਰੀਕੀ ਸਬਜੈਕਟ ਦੀ ਇਹ ਪੇਸ਼ਕਾਰੀ ਹੀ ਉਸਨੂੰ ਸਾਮਰਾਜੀ ਤੰਤਰ ਦਾ ਆਲੋਚਕ ਅਤੇ ਮਾਨਵਵਾਦੀ ਮੁੱਲਾਂ ਵਿਚ ਵਿਸ਼ਵਾਸ ਰੱਖਣ ਵਾਲੇ ਇਨਸਾਨ ਦੇ ਰੂਪ ਵਿਚ ਰਚਦੀ ਅਤੇ ਪੇਸ਼ ਕਰਦੀ ਹੈ।

(3)

ਅਮਰੀਕੀ ਨਿਜ਼ਾਮ ਦੀ ਖ਼ਸਲਤ ਅਤੇ ਤਸਦੀਕੀ ਅਮਰੀਕੀ ਬੰਦੇ ਦੀ ਮਾਨਵਵਾਦੀ ਸੁਰ ਦੀ ਇਸ ਦੁਫੇੜ ਵਿਚੋਂ ਇਹ ਕਹਾਣੀਆਂ ਮਹੱਤਵਪੂਰਨ ਕਥਾ-ਬਿਰਤਾਂਤ ਦੀ ਰਚਨਾ ਕਰਦੀਆਂ ਹਨ। ਇਸ ਬਿਰਤਾਂਤ ਦੀ ਕੇਂਦਰੀ ਰੁਚੀ ਕਿਸੇ ਇਕ ਮਾਨਵੀ ਸਥਿਤੀ ਦੀ ਪੇਸ਼ਕਾਰੀ ਕਰਨ ਉਤੇ ਕੇਂਦਰਿਤ ਹੋਣਾ ਨਹੀਂ ਸਗੋਂ ਭਿੰਨ/ਭਿੰਨ ਮਾਨਵੀ ਸਥਿਤੀਆਂ ਦੀ ਅੰਤਰ-ਕਿਰਿਆ ਅਤੇ ਅੰਤਰ-ਸੰਵਾਦ ਰਾਹੀਂ ਬਹੁ-ਰੰਗੀਆਂ ਮਾਨਵੀ ਸਥਿਤੀਆਂ ਦੀ ਪੇਸ਼ਕਾਰੀ ਕਰਨ ਵਾਲੇ ਬਿਰਤਾਂਤ ਦੀ ਰਚਨਾ ਕਰਨਾ ਹੈ। ਇਸ ਸਥਿਤੀ ਨੂੰ ਅਸੀਂ 'ਰੂਹ 'ਤੇ ਉਕਰੇ ਚਿੱਤਰ' ਕਹਾਣੀ ਦੇ ਤਿੰਨ ਪਾਤਰਾਂ ਰਾਜੇ, ਉਸਦੀ ਪਤਨੀ ਟੈਮੀ ਅਤੇ ਕਹਾਣੀ ਦੇ ਮੁੱਖ ਪਾਤਰ 'ਚਾਂਦ' ਦੇ ਆਪਸੀ ਰਿਸ਼ਤੇ ਅਤੇ ਉਹਨਾਂ ਦੀ ਸੰਘਰਸ਼ਮਈ ਤੇ ਵਿਦਰੋਹੀ ਸੁਰ ਰਾਹੀਂ ਚੰਗੀ ਤਰ੍ਹਾਂ ਸਮਝ ਸਕਦੇ ਹਾਂ। ਦਿਲਚਸਪ ਗੱਲ ਤਾਂ ਇਹ ਹੈ ਕਿ ਇਸਦਾ ਅਗਲਾ ਪਾਸਾਰ ਸਾਨੂੰ 'ਕਾਲਾ ਨਾਚ' ਕਹਾਣੀ ਦੇ ਪਾਤਰ ਮੈਂ, ਨਾਇਕਾ ਮਿਸ ਗਬੀਬਾ, ਗਬੀਬਾ ਦੇ ਬੁਆਏ ਫਰੈਂਡ ਮਿਸਟਰ ਗਿਬਜ ਦੇ ਗੋਰੇ ਕਮਾਂਡੋ ਫੌਜੀ ਨਾਲ ਸੰਜੋਏ ਹੋਏ ਵਿਵਹਾਰ ਵਿਚ ਵੀ ਵੇਖ ਸਕਦੇ ਹਾਂ। ਇਸ ਤੋਂ ਇਲਾਵਾ 'ਗਰਾਊਂਡ ਜ਼ੀਰੋ' ਕਹਾਣੀ ਵਿਚ ਸਕਾਟ ਸਾਈਮਨ ਤੇ ਉਸਦੀ ਪਤਨੀ, ਨਾਇਕ ਮੈਂ ਤੇ ਉਸਦੀ ਪਤਨੀ ਅਤੇ ਰਣਬੀਰ ਸੋਢੀ ਆਦਿ ਕਿਰਦਾਰਾਂ ਰਾਹੀਂ ਹੁੰਦਾ ਹੈ। ਜ਼ਾਹਿਰ ਹੈ ਕਿ ਇਹਨਾਂ ਕਹਾਣੀਆਂ ਵਿਚ ਇਕੋ ਸਮੇਂ ਜੰਗ ਦੀ ਬਰਬਰਤਾ, ਬੁੱਢੇ ਮਾਂ-ਬਾਪ ਦੀ ਬੇਚਾਰਗੀ, ਹੇਟ ਕਰਾਈਮ ਦੀ ਵਿਵੇਕਹੀਣਤਾ, ਰੰਗ ਨਸਲ ਅਤੇ ਏਥਿਨੀਸਿਟੀ ਦੇ ਵਖਰੇਵਿਆਂ ਦੇ ਨਾਲ ਨਾਲ ਮੁਹੱਬਤ, ਵਿਸ਼ਵਾਸ ਅਤੇ ਅਪਣੱਤ ਦੇ ਬਿਹਤਰੀਨ ਦ੍ਰਿਸ਼ ਸਮਾਨਾਂਤਰ ਰੂਪ ਵਿਚ ਪੇਸ਼ ਹੁੰਦੇ ਹਨ। ਸਿੱਟੇ ਵਜੋਂ, ਇਹ ਕਹਾਣੀਆਂ ਸਮਕਾਲੀ ਨਿਜ਼ਾਮ ਦੇ ਅਜਿਹੇ ਤੰਤਰ ਨੂੰ ਪਰਤ ਦਰ ਪਰਤ ਪੇਸ਼ ਕਰਨ ਵਿਚ ਕਾਮਯਾਬ ਹੁੰਦੀਆਂ ਹਨ, ਜਿੱਥੇ ਹਰ ਇਕ ਮਨੁੱਖ ਦੀ ਆਜ਼ਾਦੀ, ਸੁਰੱਖਿਆ ਅਤੇ ਕੈਰੀਅਰ ਦੇ ਅਥਾਹ ਪ੍ਰਬੰਧਾਂ ਦਾ ਦਾਅਵਾ ਤਾਂ ਕੀਤਾ ਜਾਂਦਾ ਹੈ, ਪਰ ਕੁਝ ਵੀ ਸੁਰੱਖਿਅਤ ਨਹੀਂ ਹੈ। ਮਨੁੱਖ ਸ਼ਕਤੀਸ਼ਾਲੀ ਨਿਜ਼ਾਮ ਦਾ ਹਿੱਸਾ ਹੋ ਕੇ ਵੀ ਸਤਹੀਣ ਹੈ, ਦੁਨੀਆਵੀ ਤੌਰ 'ਤੇ ਅਮੀਰ ਹੋ ਕੇ ਵੀ ਲਾਚਾਰ ਹੈ।

ਅਜਿਹੀ ਸਥਿਤੀ ਵਿਚ ਹੀ ਅਗਲੇ ਸੁਆਲ ਦਾ ਜਨਮ ਹੁੰਦਾ ਹੈ ਕਿ ਕੀ ਰੰਗ, ਨਸਲ, ਜਾਤ ਅਤੇ ਏਥਿਨੀਸਿਟੀ ਦੀ ਵੰਡ ਅਜੋਕੇ ਨਿਜ਼ਾਮ ਵਿਚ ਵਰਗ ਵੰਡ ਦੇ ਮਾਹੀਨ ਪ੍ਰਬੰਧ ਤਾਂ ਨਹੀਂ ਬਣ ਰਹੇ। ਕੀ ਅਜਿਹਾ ਤਾਂ ਨਹੀਂ ਹੋ ਰਿਹਾ ਕਿ ਮਾਲਕ ਅਤੇ ਮਜ਼ਦੂਰ/ਕਾਮੇ ਦੀ ਵਰਗ ਵੰਡ ਅਗਲੇਰੇ ਪੱਧਰ ਉਤੇ ਰੰਗ, ਨਸਲ, ਜਾਤ, ਏਥਿਨੀਸਿਟੀ ਤੇ ਮੂਲਵਾਸੀ/ਪਰਵਾਸੀ ਆਦਿ ਕੋਟੀਆਂ ਵਿਚ ਵੰਡੀ ਜਾ ਰਹੀ ਹੋਵੇ। ਇਸੇ ਤਰ੍ਹਾਂ, ਕੀ ਇਹਨਾਂ ਉਪ-ਵਰਗਾਂ ਦੇ ਲੋਕਾਂ ਵਿਚ ਕੋਈ ਅਜਿਹੀ ਅੰਤਰੀਵੀ ਸਾਂਝ ਵੀ ਪੈਦਾ ਹੋ ਰਹੀ ਜੋ ਅਗਲੇਰੇ ਸਮਾਜ ਦੇ ਨਿਰਮਾਣ ਦੀ ਏਜੰਸੀ ਬਣ ਸਕੇ। ਹਰਭਜਨ ਸਿੰਘ ਦੀ ਕਥਾ-ਦ੍ਰਿਸ਼ਟੀ ਇਸ ਸੁਆਲ ਦੇ ਰੂ-ਬ-ਰੂ ਹੁੰਦੀ ਹੋਈ ਬੜੇ ਮਹੱਤਵਪੂਰਨ ਕਥਾ-ਸੰਦਰਭ ਸਿਰਜਦੀ ਹੈ। ਉਦਾਹਰਣ ਦੇ ਤੌਰ 'ਤੇ 'ਕਾਲਾ ਨਾਚ' ਦੇ ਮਾਟੋ/ਪੋਸਟਰ 'ਬਲੈਕ ਇਜ਼ ਬੋਲਡ ਐਂਡ ਬਿਊਟੀਫੁੱਲ' ਦਾ ਸੰਕੇਤ ਅਤੇ ਮੈਂ ਬਿਰਤਾਂਤਕਾਰ ਅਤੇ ਗਬੀਬਾ ਦੇ ਰਿਸ਼ਤੇ ਵਿਚਲੀ ਮਿਸਾਲੀ ਅਪਣੱਤ ਅਤੇ ਵਿਸ਼ਵਾਸ। 'ਪਾਰਦਰਸ਼ੀ', 'ਬੱਗ', 'ਬਿਨ ਸਿੰਗੇ ਸਾਨ੍ਹ', 'ਰਿਨਕੋਨਾਡਾ ਹਿਲਜ਼' ਤੇ 'ਕੱਲ ਦੇ ਦਾਅਵੇਦਾਰ' ਆਦਿ ਕਹਾਣੀਆਂ ਵਿਚ ਚਿਤਰੇ ਗਏ ਇਹਨਾਂ ਉਪਵਰਗਾਂ ਦੀ ਆਪਸੀ ਸਾਂਝ ਅਤੇ ਵਿਸ਼ਵਾਸ ਦੇ ਦ੍ਰਿਸ਼ ਇਸ ਸੁਆਲ ਦੇ ਨਾ ਕੇਵਲ ਸਿਆਸੀ ਪਹਿਲੂ ਨੂੰ ਹੀ ਛੋਹਦੇਂ ਹਨ ਸਗੋਂ ਇਸਦੇ ਮਾਨਵਵਾਦੀ ਪੱਖਾਂ ਨੂੰ ਵੀ ਉਭਾਰਦੇ ਹਨ।



ਇਸਦੇ ਨਾਲ ਹੀ ਇਸ ਮੁਆਸ਼ਰੇ ਦੀਆਂ ਮੁਨਾਫ਼ਾ ਕੇਂਦਰਿਤ, ਧੌਂਸਧਾਰੀ ਅਤੇ ਪਾਸਾਰਵਾਦੀ ਬਿਰਤੀਆਂ ਨਾਲ ਨਾ ਕੇਵਲ ਗਰੀਬ ਤੇ ਨਿਰਬਲ ਮੁਲਕ ਹੀ ਪਿਸ ਰਹੇ ਹਨ, ਸਗੋਂ ਇਸਦੇ ਆਪਣੇ ਹੀ ਗਰੀਬ, ਨਿਰਬਲ, ਔਰਤਾਂ, ਬੱਚੇ, ਪਰਵਾਸੀ ਅਤੇ ਕਾਲੇ ਬਾਸ਼ਿੰਦੇ ਕਦੇ ਹੇਟ-ਕਰਾਈਮ, ਕਦੇ ਲੇ-ਆਫ਼, ਕਦੇ ਜੰਗ ਅਤੇ ਕਦੇ ਬੌਸਗਿਰੀ ਦਾ ਸ਼ਿਕਾਰ ਹੋ ਕੇ ਤਬਾਹ ਹੋ ਰਹੇ ਹਨ। ਇਸ ਤਰ੍ਹਾਂ, ਇਸ ਵਰਤਾਰੇ ਪ੍ਰਤਿ ਹਰ ਵਰਗ ਦੇ ਲੋਕਾਂ (ਸਮੇਤ ਮੂਲ ਵਾਸੀਆਂ ਅਤੇ ਗੋਰਿਆਂ) ਦੇ ਵਿਵਹਾਰ ਵਿਚ ਪ੍ਰਤਿਰੋਧ ਦਾ ਸੁਰ ਦਿਖਾਈ ਦਿੰਦਾ ਹੈ।

"ਨਜ਼ਰ ਦੂਰ ਤੱਕ ਗਈ ਏ ਤਾਂ ਕਾਰਲ ਮਾਰਕਸਨ ਸੋਹਣੀ ਕੁੜੀ ਨੂੰ ਬਗਲ ਵਿਚ ਲਈ ਮੇਰੇ ਵੱਲ ਆਉਂਦਾ ਦਿਖਾਈ ਦੇ ਰਿਹਾ ਹੈ। ... ..."

"ਕਾਰਲ ਤਾਂ ਮਾਰਕਸਨ ਇੰਝ ਲੱਗ ਰਿਹਾ ਹੈ, ਜਿਸ ਤਰ੍ਹਾਂ ਮਾਊਂਟ ਐਵਰੈਸਟ ਜਿੱਤ ਕੇ ਹੁਣੇ-ਹੁਣੇ ਆ ਰਿਹਾ ਹੋਵੇ। ਉਹ ਮੇਰੇ ਕੋਲ ਦੀ ਲੰਘਦਿਆਂ ਮੁਸਕਰਾ ਕੇ ਲੰਘਿਆ ਏ। ... ... ਪਰ ਸੋਹਣੀ ਕੁੜੀ ਨੇ ਨਜ਼ਰ ਜ਼ਮੀਨ ਵਿਚ ਗੱਡੀ ਹੋਈ ਏ। ਉਹਦੇ ਬੁੱਲ੍ਹਾਂ ਤੋਂ ਉਹ ਸ਼ੋਖ ਮੁਸਕਰਾਹਟ ਵੀ ਹੁਣ ਗਾਇਬ ਹੈ ... ...।2

ਇਸੇ ਤਰ੍ਹਾਂ:

"ਉਹ ਇੰਝ ਬੋਲ ਰਿਹਾ ਸੀ, ਜਿਵੇਂ ਕਦੇ ਆਦਿਵਾਸੀਆਂ-ਹਰੀਜਨਾਂ ਦੀਆਂ ਝੁੱਗੀਆਂ ਵਿਚ ਗੱਡੇ ਦੀ ਬਣੀ ਸਟੇਜ਼ ਉਤੇ ਖਲੋ ਕੇ ਮੈਂ ਭਾਸ਼ਣ ਕਰਿਆ ਕਰਦਾ ਸਾਂ, "ਜੇ ਤੁਸੀਂ ਲੋਅ ਚਾਹੁੰਦੇ ਹੋ, ਜੇ ਤੁਸੀਂ ਆਪਣੇ ਬੱਚਿਆਂ ਦਾ ਚੰਗਾ ਭਵਿੱਖ ਚਾਹੁੰਦੇ ਹੋ .... ਤੁਹਾਨੂੰ ਉੱਠਣਾ ਪੈਣਾ .... ਲੜਣਾ ਪੈਣਾ।"3

ਇਸ ਦਲੀਲ ਵਿਚੋਂ ਹੀ ਇਸ ਪ੍ਰਸ਼ਨ ਦਾ ਜਨਮ ਹੁੰਦਾ ਹੈ, ਕਿ ਕੀ ਅਮਰੀਕੀ ਸਟੇਟ ਦੇ ਸਾਮਰਾਜੀ ਸਰੂਪ ਦਾ ਇਕ ਹੀ ਰੂਪ ਹੈ ਜਾਂ ਉਸਦੇ ਵੰਨ ਸਵੰਨੇ ਪਹਿਲੂ ਹਨ ? ਜਿਵੇਂ ਕਿ ਅਸੀਂ ਉਪਰ ਜ਼ਿਕਰ ਕਰ ਚੁੱਕੇ ਹਾਂ, ਅੱਜ ਦੇ ਅਮਰੀਕੀ ਸਮਾਜ ਵਿੱਚ ਸਿਰਫ਼ ਦੋ ਵੰਨੇ ਲੋਕ ਭਾਵ ਮਾਲਕ ਅਤੇ ਮਜ਼ਦੂਰ/ਕਾਮੇ ਨਹੀਂ ਰਹੇ ਸਗੋਂ ਇਹਨਾਂ ਦੋ ਵੰਨਗੀਆਂ ਵਿਚ ਅਗਲੇਰੇ ਪੱਧਰ ਉਤੇ ਕਈ ਉਪਵਰਗ ਵੀ ਸ਼ਾਮਲ ਹੋ ਚੁੱਕੇ ਹਨ। ਖ਼ਾਸ ਕਰਕੇ, ਰੰਗ, ਨਸਲ ਅਤੇ ਪਰਵਾਸੀ ਆਦਿ।

ਐਲਜ਼ੀਰੀਆ ਦੇ ਪ੍ਰਸਿੱਧ ਕਾਲੇ ਚਿੰਤਕ ਫਰੈਜ਼ ਫੈਨਨ ਨੇ ਇਹ ਦਲੀਲ ਦਿੱਤੀ ਸੀ ਕਿ ਕਾਲਾ ਸਰਮਾਏਦਾਰ ਬੁਰਜੂਆਜ਼ੀ ਦਾ ਹਿੱਸਾ ਨਹੀਂ, ਸਗੋਂ ਉਹ ਪ੍ਰੋਲੋਤਾਰੀ ਹੀ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਗੋਰਾ ਕਾਮਾ ਕਾਲੇ ਪ੍ਰੋਲੋਤਾਰੀ ਨਾਲ ਖੜ੍ਹਣ ਦੀ ਥਾਂ, ਗੋਰੀ ਬੁਰਜੂਆਜ਼ੀ ਦਾ ਹਿੱਸਾ ਬਣ ਕੇ ਚਲਦਾ ਹੈ।4

ਜ਼ਾਹਿਰ ਹੈ ਕਿ ਅੱਜ ਦਾ ਅਮਰੀਕੀ ਸਮਾਜ ਹੀ ਇਕ ਰੂਪੀ ਹੈ ਅਤੇ ਨਾ ਹੀ ਉਸਦਾ ਸਾਮਰਾਜੀ ਸਰੂਪ ਹੀ ਇਕ ਵੰਨਾ ਹੈ। ਇਸ ਤੋਂ ਵੀ ਅਹਿਮ ਗੱਲ ਇਹ ਹੈ ਉਸਦਾ ਸਾਮਰਾਜੀ ਦਮਨ ਵੀ ਸਿਰਫ਼ ਗ਼ੈਰ ਅਮਰੀਕੀ ਗਰੀਬ ਤੇ ਨਿਰਬਲ ਮੁਲਕਾਂ ਲਈ ਮਖ਼ਸੂਸ ਨਹੀਂ, ਸਗੋਂ ਇਹ ਉਸਦੇ ਆਪਣੇ ਲੋਕਾਂ ਦੇ ਸ਼ਿਕਾਰ ਵੀ ਤਿਆਰ-ਬਰ-ਤਿਆਰ ਰਹਿੰਦਾ ਹੈ। ਇਸ ਕਰਕੇ, ਇਸ ਪ੍ਰਤਿ ਅਸਵੀਕਾਰਤਾ ਦਾ ਭਾਵ ਸਿਰਫ਼ ਦੁਨੀਆ ਭਰ ਦੇ ਗਰੀਬ ਮੁਲਕਾਂ ਦੇ ਆਵਾਮ ਵਿਚ ਹੀ ਨਹੀਂ, ਸਗੋਂ ਉਸਦੇ ਆਪਣੇ ਮੁਆਸ਼ਰੇ ਵਿਚ ਬੇਮਾਇਨਾ ਹੋ ਰਹੇ ਲੋਕਾਂ ਦੇ ਮਨਾਂ ਵਿਚ ਵੀ ਹੈ:

"ਨਿਮਾਣੀਏ ਨੀਂ ਕਮਲੀਏ। ਜਿਹੜਾ ਤੂੰ 'ਬਾਇਓਲੌਜੀਕਲ ਬਾਪ' ਲੱਭਿਆ, ਉਹ ਨਿਰਾ ਕੰਜਰ ਏ। ..... ਨੀਂ ਮੇਰੀਏ ਲਾਡਲੀਏ, ਤੂੰ ਬੜੀ ਗਲਤ ਜਗ੍ਹਾ ਪਹੁੰਚ ਗਈ ਏ। ਉਹ ਤੇਰੇ ਨਾਲ ਕੁਝ ਵੀ ਕਰ ਸਕਦਾ। ਇੱਦੂੰ ਤਾਂ ਤੂੰ ਮਰ ਹੀ ਜਾਂਦੀ, ਮੈਂ ਸਬਰ ਕਰ ਲੈਂਦੀ।5

ਇਸੇ ਤਰ੍ਹਾਂ:

'ਹਾਤੋ ਤਨਾਕਾ ਨੇ ਮੇਰੇ ਜ਼ਿਹਨ ਵਿਚ ਇਸ ਤਰ੍ਹਾਂ ਤਰਥੱਲੀ ਤੇ ਖਲਬਲੀ ਮਚਾ ਦਿੱਤੀ ਹੈ ਕਿ ਮੈਂ ਖਾਣਾ ਖਾਂਦਾ ਵੀ ਇਹੀ ਸੋਚੀ ਜਾ ਰਿਹਾ ਹਾਂ, 'ਜੇ ਮਨੁੱਖ ਦੀ ਥਾਂ ਰੋਬੋਟ ਲੈ ਲੈਣਗੇ ਤਾਂ ਮਨੁੱਖੀ ਸ਼ਕਤੀ ਦਾ ਕੀ ਬਣੇਗਾ ? ਬੇਕਾਰੀ ਨਾਲ ਤਾਂ ਪਹਿਲਾਂ ਹੀ ਦੁਨੀਆ ਕੁਰਲਾਅ ਰਹੀ ਹੈ, ਇਸ ਨਵੇਂ ਵਿਕਾਸ ਨਾਲ ਨਵੇਂ ਬੇਕਾਰ ਕਿੱਥੇ ਜਾਣਗੇ।'6

ਇਹਨਾਂ ਹਵਾਲਿਆਂ ਤੋਂ ਇਲਾਵਾ ਹੋਰ ਕਿੰਨੇ ਹੀ ਕਥਾ-ਖੰਡ ਇਸ ਮਸਲੇ ਨੂੰ ਬਿਆਨ ਕਰਦੇ ਹਨ ਕਿ ਅਮਰੀਕੀ ਮੁਆਸ਼ਰਾਤੀ ਅਮਲ ਅਜਿਹੇ ਤਾਣੇ-ਪੇਟੇ, ਦਮਨ, ਮੁਨਾਫ਼ਾਬਾਜ਼ੀ, ਲੁੱਟ ਅਤੇ ਸਵੈ-ਕੇਂਦਰਤਾ ਦੇ ਸਿਲਸਿਲਿਆਂ ਦਾ ਚੌਖ਼ਟਾ ਤਿਆਰ ਕਰ ਚੁੱਕਾ ਏ, ਜਿੱਥੇ ਉਸਦੇ ਸਾਮਰਾਜੀ ਸਰੂਪ ਦਾ ਇਕ ਰੂਪ ਨਹੀਂ ਸਗੋਂ ਵੰਨ-ਸਵੰਨੇ ਅੰਗ ਫ਼ੈਲੇ ਹੋਏ ਵਿਖਾਈ ਦਿੰਦੇ ਹਨ। ਇਥੋਂ ਤੱਕ ਕਿ ਇਹ ਅਮਲ ਅਮਰੀਕੀ ਮਨੁੱਖ ਦੇ ਸਿਰਫ਼ ਵਰਤਮਾਨ ਉਤੇ ਹੀ ਕੇਂਦਰਿਤ ਨਹੀਂ, ਸਗੋਂ ਉਸਦੇ ਅਤੀਤ, ਪਰੰਪਰਾ ਅਤੇ ਸਿਮਰਤੀਆਂ ਤੱਕ ਨੂੰ ਵੀ ਅਸਰ-ਅੰਦਾਜ ਕਰ ਰਿਹਾ ਹੈ।

ਇਹੀ ਵਜ੍ਹਾ ਹੈ ਕਿ ਇਸਦੀ ਕਾਰਜ-ਪ੍ਰਣਾਲੀ ਵਿਚ ਔਰਤ, ਕਾਲੇ, ਗਰੀਬ, ਪਰਵਾਸੀ ਅਤੇ ਬੱਚੇ ਉਚੇਚੇ ਰੂਪ ਵਿਚ ਅਮਾਨਵੀ ਦਮਨ ਅਤੇ ਦਬਾਅ ਦੇ ਸ਼ਿਕਾਰ ਹੋ ਕੇ ਨਵੇਂ ਕਾਨੂੰਨਾਂ ਵਿਚ ਵੀ ਗ਼ੁਲਾਮਾਂ ਵਾਂਗ ਹੀ ਪੀੜੇ ਅਤੇ ਲਿਤਾੜੇ ਜਾ ਰਹੇ ਹਨ। ਇਸ ਦਲੀਲ ਨੂੰ ਦੂਜੇ ਸ਼ਬਦਾਂ ਵਿਚ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਅੱਜ ਦਾ ਅਮਰੀਕੀ ਕਾਨੂੰਨ 'ਆਜ਼ਾਦੀ', 'ਭੋਗ', 'ਖੁੱਲ੍ਹਾਂ' ਅਤੇ 'ਫਨ' ਆਦਿ ਪ੍ਰਤੀਕਾਂ ਰਾਹੀਂ ਅਜਿਹੇ ਵਿਵਹਾਰਕ ਅਮਲ ਦੀ ਵਿਉਂਤ-ਬੰਦੀ ਕਰ ਰਿਹਾ ਹੈ, ਜਿੱਥੇ ਮਨੁੱਖ ਸੰਸਥਾਗਤ ਸਪੇਸ ਵਿਚ ਤਾਂ ਸਭ ਕੁਝ ਸਭਿਅਕ ਅਤੇ ਅਨੁਸ਼ਾਸਿਤ ਦਿਖਾਈ ਦਿੰਦਾ ਹੈ ਪਰ ਵਿਅਕਤੀਗਤ ਅਤੇ ਭਾਵਨਾਤਮਕ ਸਪੇਸ ਵਿਚ ਅਜਿਹਾ ਜ਼ਾਲਮ ਤੇ ਮਾਲਕ-ਰੂਪੀ ਬਣ ਜਾਂਦਾ ਹੈ ਜੋ ਆਪਣੇ ਸੰਗੀਆਂ-ਸਾਥੀਆਂ ਨੂੰ ਗ਼ੁਲਾਮਾਂ ਤੋਂ ਵੱਧ ਕੁਝ ਨਹੀਂ ਸਮਝਦਾ।

ਇਸ ਕਰਕੇ ਅਸੀਂ ਪ੍ਰੋ. ਹਰਭਜਨ ਸਿੰਘ ਦੀ ਕਥਾ-ਦ੍ਰਿਸ਼ਟੀ ਵਿਚ ਉਭਰਦੇ ਪੰਜਵੇਂ ਸੁਆਲ ਦੇ ਸਨਮੁੱਖ ਹੁੰਦੇ ਹਾਂ ਕਿ ਅਮਰੀਕੀ ਮੁਆਸ਼ਰੇ ਦੇ ਗਰਭ ਵਿਚ ਪਈ ਗ਼ੁਲਾਮ ਪ੍ਰਥਾ ਖਤਮ ਹੋ ਗਈ ਜਾਂ ਅਜੇ ਵੀ ਨਿਰੰਤਰ ਕਰਮਸ਼ੀਲ ਹੈ। ਉੱਤਰ ਨਿਰੰਤਰ ਕਰਮਸ਼ੀਲ ਹੋਣ ਵਿਚ ਹੈ; ਫ਼ਰਕ ਸਿਰਫ਼ ਇਹ ਹੈ ਕਿ ਜਿੱਥੇ ਗ਼ੁਲਾਮ ਪ੍ਰਥਾ ਦੇ ਜ਼ਮਾਨੇ ਵਿਚ ਇਹ ਦ੍ਰਿਸ਼ਟਮਾਨ ਸੀ, ਹੁਣ ਅਦ੍ਰਿਸ਼ਟ ਹੋ ਗਈ ਹੈ। ਇਸ ਦਾ ਇਕ ਪਾਸਾਰ ਅਸੀਂ ਉਨ੍ਹਾਂ ਔਰਤਾਂ, ਬੱਚਿਆਂ, ਗਰੀਬ, ਨਿਰਬਲ ਅਤੇ ਰੈਡ ਇੰਡੀਅਨਜ਼ ਵਿਚ ਦੇਖਦੇ ਹਾਂ, ਜਿਨ੍ਹਾਂ ਦਾ ਪ੍ਰਤੱਖਣ ਅੱਜ ਵੀ ਨਵੇਂ ਗ਼ੁਲਾਮਾਂ ਵਾਂਗ ਹੀ ਕੀਤਾ ਜਾ ਰਿਹਾ ਹੈ ਅਤੇ ਦੂਜਾ ਰੂਪ 'ਪਰਵਾਸੀਆਂ' ਵਿਚ ਜੋ ਹੁਣ ਵੀ 'ਇਨਡੈਨਚਰਡ ਲੇਬਰ' ਦੇ ਵਾਰਿਸਾਂ ਦੇ ਰੂਪ ਵਿਚ ਤਸਲੀਮ ਕੀਤੇ ਜਾ ਰਹੇ ਹਨ। 'ਕਾਲੇ ਨਾਚ' ਦੀ 'ਮਿਸ ਗਬੀਬਾ', 'ਰੇਸ, ਕਲਾਸ ਤੇ ਜੰਗ' ਦੀ 'ਸ਼ਿੰਨੀ ਸ਼ੀਆਨ' ਅਤੇ 'ਮੌਰਗਨ ਵਿਲੀਅਮ', 'ਘੋੜੇ ਦੇ ਸੁੰਮਾਂ ਦਾ ਖੜਾਕ' ਦੀ 'ਗੋਰੀ', 'ਤੋਸ਼ੀ' ਅਤੇ 'ਬੱਚੀਆਂ', 'ਗਰਾਊਂਡ ਜ਼ੀਰੋ' ਦੇ ਗੋਰੇ ਅਤੇ ਕਾਲੇ ਪਾਤਰਾਂ ਦੇ ਨਾਲ ਪਰਵਾਸੀ ਦਸਤਾਰਧਾਰੀ ਸਿੱਖ ਆਦਿ ਅਜਿਹੇ ਹਵਾਲੇ ਹਨ, ਜੋ ਇਹ ਸਥਾਪਤ ਕਰਦੇ ਹਨ ਕਿ ਅੱਜ ਵੀ ਅਮਰੀਕੀ ਮੁਆਸ਼ਰਾ ਅਤਿ ਸੂਖ਼ਮ, ਸਹਿਜ ਅਤੇ ਅਮੂਰਤ ਰੂਪ ਵਿਚ ਗ਼ੁਲਾਮ-ਪ੍ਰਥਾ ਵੇਲੇ ਦੀ ਮਨੋਬਿਰਤੀਆਂ ਨੂੰ ਹੀ ਸਿਰਜਤ ਤੇ ਪੁਨਰ-ਸਿਰਜਤ ਕਰਦਾ ਵੇਖਿਆ ਜਾ ਸਕਦਾ ਹੈ।

(4)

ਇਸ ਸਥਿਤੀ ਵਿਚ ਅਗਲੇਰਾ ਪ੍ਰਸ਼ਨ ਇਹ ਉਪਜਦਾ ਹੈ ਕਿ ਸਮਕਾਲ ਵਿਚ ਸਰਗਰਮ ਅਮਰੀਕਾ ਦਾ ਜੰਗਜੂ ਨਿਜ਼ਾਮ ਅਮਰੀਕੀ ਲੋਕਾਂ ਦੇ ਸਵੈ ਦਾ ਵਿਸਤਾਰ ਕਰ ਰਿਹਾ ਹੈ ਜਾਂ ਉਸਨੂੰ



ਮਾਰ ਰਿਹਾ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਦੀ ਕਥਾ-ਦ੍ਰਿਸ਼ਟੀ ਅਤੇ ਬਿਰਤਾਂਤਕ ਵਿਉਂਤ ਦੇ ਹਵਾਲੇ ਨਾਲ ਇਸਦਾ ਜੁਆਬ 'ਸਵੈ ਦੇ ਮਾਰਨ' ਵੱਲ ਨੂੰ ਹੀ ਜਾਂਦਾ ਹੈ। ਇਹਨਾਂ ਕਹਾਣੀਆਂ ਦੇ ਬਿਰਤਾਂਤ ਵਿਚ 'ਸਤੰਬਰ ਗਿਆਰਾਂ', ਅਫ਼ਗਾਨਿਸਤਾਨ ਦਾ ਯੁੱਧ, ਖਾੜੀ ਦਾ ਯੁੱਧ ਆਦਿ ਦੇ ਹਵਾਲੇ ਥਾਂ ਪਰ ਥਾਂ ਮੌਜੂਦ ਹਨ। ਪਰ, ਇਹ ਸਾਰੇ ਹਵਾਲੇ ਕਦੇ ਵੀ ਅਮਰੀਕਾ ਦੀ ਜਿੱਤ ਨੂੰ ਮਾਨਵੀ ਮੁੱਲਾਂ ਦੀ ਜਿੱਤ ਦੇ ਰੂਪ ਵਿਚ ਜਾਂ ਅਮਰੀਕਾ ਦੀ ਜੰਗ ਨੂੰ ਮਾਨਵਵਾਦੀ ਮੁੱਲਾਂ ਲਈ ਜੰਗ ਦੇ ਰੂਪ ਵਿਚ ਪੇਸ਼ ਨਹੀਂ ਕਰਦੇ। ਇਸੇ ਤਰ੍ਹਾਂ, ਇੱਥੇ ਜੰਗ ਵਿਚ 'ਮੇਰਾ ਪੁੱਤਰ', 'ਮੇਰਾ ਬੁਆਏ ਫਰੈਂਡ', 'ਮੇਰਾ ਭਰਾ' ਅਤੇ ਇਹ 'ਗਰੀਬ ਮੁਲਕਾਂ' ਦੇ 'ਗਰੀਬ ਲੋਕ' ਕਿਉਂ ਝੋਕੇ ਜਾ ਰਹੇ ਹਨ, ਦੇ ਪ੍ਰਸ਼ਨ ਵਾਰ ਵਾਰ ਉਭਰਦੇ ਹਨ। ਦਿਲਚਸਪ ਗੱਲ ਤਾਂ ਇਹ ਹੈ ਕਿ ਇਹ ਪ੍ਰਸ਼ਨ ਕਦੇ ਵੀ ਮਾਨਸਿਕ ਤੇ ਭਾਵਾਤਮਕ ਹੁਲਾਸ ਵਿਚ ਖ਼ਤਮ ਨਹੀਂ ਹੁੰਦੇ, ਸਗੋਂ ਮਾਨਸਿਕ ਅਸ਼ਾਂਤੀ ਅਤੇ ਵਿਦਰੋਹ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ।

ਸਪੱਸ਼ਟ ਹੈ ਕਿ ਅਜੋਕੇ ਅਮਰੀਕੀ ਨਿਜ਼ਾਮ ਦਾ ਜੰਗਜੂ ਸੁਭਾ ਅੱਜ ਦੇ ਅਮਰੀਕੀ ਬਾਸ਼ਿੰਦਿਆਂ ਦੇ ਸਵੈ ਨੂੰ ਸੰਕੁਚਿਤ ਹੀ ਕਰ ਰਿਹਾ ਹੈ। ਇਸ ਸਥਿਤੀ ਦੇ ਦੋ ਪਹਿਲੂ ਹਨ; ਜੇਕਰ ਅਮਰੀਕਾ ਕਾਮਯਾਬ ਹੁੰਦਾ ਹੈ ਤਾਂ ਉਹਨਾਂ ਮੁਲਕਾਂ ਤੋਂ ਆਏ ਉਸਦੇ ਆਪਣੇ ਬਾਸ਼ਿਦੇ ਹੀ ਜ਼ੁਲਮ ਦਾ ਸ਼ਿਕਾਰ ਹੋ ਜਾਂਦੇ ਹਨ। ਪਰ, ਜੇਕਰ ਅਮਰੀਕਾ ਅਸਫਲ ਰਹਿ ਜਾਂਦਾ ਹੈ ਤਾਂ ਉਹੀ ਲੋਕ ਲੁੱਟ-ਘਸੁੱਟ, ਹੇਟ ਕਰਾਈਮ ਅਤੇ ਗੈਰ-ਵਿਸ਼ਵਾਸੀ ਦਾ ਸ਼ਿਕਾਰ ਹੋ ਜਾਂਦੇ ਹਨ। ਜੰਗ ਉਹਨਾਂ ਬੱਚਿਆਂ, ਭਰਾਵਾਂ ਤੇ ਬੁਆਏ ਫਰੈਂਡਾਂ/ਪਤੀਆਂ ਨੂੰ ਖਾ ਰਹੀ ਹੈ ਅਤੇ ਜੰਗਾਂ ਦੇ ਸਿੱਟੇ ਵਜੋਂ ਪੈਦਾ ਹੋਣ ਵਾਲੀਆਂ ਪ੍ਰਸਥਿਤੀਆਂ ਉਹਨਾਂ ਨੂੰ ਆਪਣੇ ਹੀ ਘਰਾਂ ਵਿਚ ਤਬਾਹ ਕਰ ਰਹੀਆਂ ਹਨ। ਇਸ ਲਈ ਸਪੱਸ਼ਟ ਹੈ ਕਿ ਸਮਕਾਲ ਵਿਚ ਅਮਰੀਕਾ ਦਾ ਜੰਗਜੂ ਨਿਜ਼ਾਮ ਜੇਕਰ ਜੰਗ ਦੇ ਮੈਦਾਨ ਬਣੇ ਲੋਕਾਂ, ਸਮਾਜਾਂ ਅਤੇ ਮੁਲਕਾਂ ਲਈ ਤਬਾਹੀ ਦਾ ਆਧਾਰ ਬਣ ਰਿਹਾ ਹੈ ਤਾਂ ਉਸਦੇ ਆਪਣੇ ਬਾਸ਼ਿੰਦੇ ਵੀ ਇਸ ਤੋਂ ਮੁਕਤ ਨਹੀਂ ਹਨ।

ਇਹਨਾਂ ਬਾਸ਼ਿੰਦਿਆਂ ਵਿਚੋਂ ਉਹਨਾਂ ਲੋਕਾਂ ਦੀ ਸਥਿਤੀ, ਜੋ ਕਦੇ ਇਸ ਨੂੰ 'ਅਥਾਹ ਮੌਕਿਆਂ ਅਤੇ ਵਿਕਾਸ ਦਾ ਮੁਲਕ' ਸਮਝ ਕੇ, ਇੱਥੇ ਪਰਵਾਸ ਕਰਦੇ ਹਨ। ਇਹ ਕਹਾਣੀਆਂ ਇਸ ਪ੍ਰਸ਼ਨ ਨੂੰ ਪੇਸ਼ ਕਰਦੀਆਂ ਹਨ ਕਿ ਅੱਜ ਦੀ ਸਥਿਤੀ ਵਿਚ ਪਰਵਾਸੀਆਂ ਦੇ ਹਕੀਕੀ ਹਾਲਾਤ ਕੀ ਹਨ ? ਕੀ ਉਹਨਾਂ ਦਾ ਸੱਚ, ਅਥਾਹ ਮੌਕੇ ਅਤੇ ਵਿਕਾਸ ਦੀਆਂ ਸੰਭਾਵਨਾਵਾਂ ਦੇ ਸੁਪਨੇ ਹਨ ਜਾਂ ਅਮੂਰਤ, ਲੁਕਵੇਂ ਅਤੇ ਸੂਖ਼ਮ ਗੁਲਾਮੀ ਦੀ 'ਮਿੱਠੀ ਜੇਲ੍ਹ'। ਇਹਨਾਂ ਦੋਵਾਂ ਸਥਿਤੀਆਂ ਨੂੰ ਉਹ ਆਪਣੀਆਂ ਜੜ੍ਹਾਂ ਦੇ ਹਵਾਲੇ ਨਾਲ ਵੇਖਦੇ ਹਨ। ਪਹਿਲੀ ਸਥਿਤੀ ਵਿਚ ਉਹ ਹੁਲਾਸ ਦੀ ਸਥਿਤੀ ਵਿਚ ਰਹਿੰਦੇ ਹਨ, ਅਤੇ ਦੂਜੀ ਸਥਿਤੀ ਵਿਚ ਪੀੜਾ ਦੀ ਸਥਿਤੀ ਵਿਚ। 'ਬਿਨ ਸਿੰਗ ਸਾਨ੍ਹ' ਵਿਚ ਬਿੰਦਾ, 'ਰੂਹ 'ਤੇ ਉਕਰੇ ਚਿੱਤਰ' ਦੀ ਦੇਸੀ ਪਤਨੀ, 'ਘੋੜੇ ਦੇ ਸੁੰਮਾਂ ਦਾ ਖੜਾਕ' ਦੀ ਤੋਸ਼ੀ ਦਾ ਪਤੀ ਅਤੇ 'ਗਰਾਊਂਡ ਜ਼ੀਰੋ' ਦਾ ਰਣਬੀਰ ਸੋਢੀ ਆਦਿ ਅਨੇਕ ਪਾਤਰ ਆਪਣੀ ਜੜ੍ਹਾਂ ਨੂੰ ਉਪਰੋਕਤ ਸੰਦਰਭ ਵਿਚ ਵੇਖਦੇ ਹਨ।

ਇਸਦੇ ਨਾਲ ਹੀ ਜੜ੍ਹਾਂ ਵਿਚ ਵੱਖਰਾ ਰੋਲ ਵੀ ਪੇਸ਼ ਹੋ ਰਿਹਾ ਹੈ। ਇਹਨਾਂ ਕਹਾਣੀਆਂ ਦੇ ਭਿੰਨ ਭਿੰਨ ਪਾਤਰ ਆਪਣੇ ਭਿੰਨ ਭਿੰਨ ਰੂਪਾਂ ਵਿਚ ਪਰਵਾਸ ਤੋਂ ਪਹਿਲਾਂ ਦੇ ਵਿਦਰੋਹੀ ਅਤੇ ਨਾਬਰੀ ਭਰੇ ਕਾਰਨਾਮਿਆਂ ਨੂੰ ਯਾਦ ਕਰਦੇ ਹਨ। 'ਮੈਂ, ਬਾਜ਼ ਤੇ ਸਰਸਵਤੀ' ਦਾ ਮੈਂ ਪਾਤਰ, 'ਕੱਲ੍ਹ ਦੇ ਦਾਅਵੇਦਾਰ' ਦਾ ਕਾਮਰੇਡ ਸੰਧੂ, 'ਰੇਸ, ਕਲਾਸ ਤੇ ਜੰਗ' ਦਾ ਰਾਣਾ ਰਣਬੀਰ ਤੇ ਬੱਲੀ ਆਦਿ ਬਹੁਤ ਸਾਰੇ ਪਾਤਰ ਇਸ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਵ ਰੱਖਦੇ ਹਨ।

ਪਰ, ਇਹਨਾਂ ਸਭ ਨਾਲੋਂ ਜ਼ਿਆਦਾ ਅਹਿਮੀਅਤ 'ਕਰਾਂਤੀ ਗੀਤ' ਬਿਰਤਾਂਤ ਵਿਚਲੇ ਬਿਰਤਾਂਤਕਾਰ ਮੈਂ ਅਤੇ ਉਸਦੇ ਸ਼ਾਗਿਰਦ ਕਰਾਂਤੀਵੀਰ ਦੀ ਗੁਫਤਗੂ ਅਤੇ ਉਹਨਾਂ ਦਾ ਅਤੀਤ ਦੇ ਜੀਵਨ ਸੰਦਰਭਾਂ ਨੂੰ ਚੇਤੇ ਕਰਨਾ ਹੈ। ਇਹ ਕਹਾਣੀ ਇਕੋ ਸਮੇਂ ਪੰਜਾਬ ਵਿਚ ਪ੍ਰਚਲਤ ਰਹੀ ਇਨਕਲਾਬੀ ਲਹਿਰ ਦਾ ਸਿਰਜਣਾਤਮਕ ਪੁਨਰ-ਚਿਤਵਨ ਵੀ ਹੈ, ਸਮਕਾਲੀ ਅਮਰੀਕੀ ਸਾਮਰਾਜੀ ਸਥਿਤੀਆਂ ਦੀ ਰਚਨਾਤਮਕ ਵਿਚਾਰ ਚਰਚਾ ਵੀ ਹੈ ਅਤੇ ਭਵਿੱਖ ਵਿਚ ਹੋਣ ਵਾਲੀਆਂ ਇਨਕਲਾਬੀ ਸੰਭਾਵਨਾਵਾਂ ਦਾ ਤਖ਼ਲੀਕੀ ਜਾਇਜ਼ਾ ਵੀ।

"ਆਪਾਂ ਤਿੰਨੇ ਜਣੇ ਉਸੇ ਬੁਲੰਦ ਸ਼੍ਰੇਣੀ ਵਿਚ ਆਉਂਦੇ ਹਾਂ, ਜਿਹਨਾਂ ਹਾਰ ਨਹੀਂ ਮੰਨੀ। ਇਸ ਲਈ ਸਾਨੂੰ ਆਪਣੀ ਜ਼ਿੰਦਗੀ ਦਾ ਹਰ ਪਲ ਆਬਾਦ ਰੱਖਣਾ ਚਾਹੀਦੈ। ਆਪਣੇ ਦੇਸੀ ਤੇ ਪਰਵਾਸੀ ਅਨੁਭਵ ਦੇ ਇਜ਼ਹਾਰ ਲਈ ਕੋਈ ਮਾਧਿਅਮ ਚੁਣਨਾ ਚਾਹੀਦੈ।"7

ਇਸ 'ਪੁਨਰ-ਚਿਤਵਨ', 'ਵਿਚਾਰ-ਚਰਚਾ' ਅਤੇ 'ਤਖ਼ਲੀਕੀ ਜਾਇਜ਼ੇ' ਦੇ ਕੇਂਦਰ ਵਿਚ ਅੱਜ ਦਾ ਸੰਸਾਰ, ਅੱਜ ਦਾ ਨਿਜ਼ਾਮ, ਅੱਜ ਦਾ ਸਾਮਰਾਜਵਾਦ ਅਤੇ ਅੱਜ ਦੇ ਨਿਜ਼ਾਮ ਤੋਂ ਮੁਕਤੀ ਦਾ ਅਜਿਹਾ ਸਰੋਕਾਰ ਹੈ, ਜਿਸਨੂੰ ਉਹ ਅੱਜ ਦੇ ਵਰਤਮਾਨ ਅਤੇ ਜੜ੍ਹਾਂ ਦੇ ਤਜ਼ਰਬਿਆਂ ਦੀ ਸਿਮਰਤੀ ਰਾਹੀਂ, ਨਵੀਂ ਦਿਸ਼ਾ ਦੇਣ ਦੇ ਸੁਪਨੇ ਦੀ ਜ਼ਮੀਨ ਸਮਝ ਰਹੇ ਹਨ। ਇਸ ਤਰ੍ਹਾਂ, ਇਹਨਾਂ ਕਹਾਣੀਆਂ ਦੇ ਬਿਰਤਾਂਤ ਦੀ ਬਿਰਤਾਂਤਕਾਰੀ ਵਿਚ ਪਰਵਾਸੀ/ਵਿਸਥਾਪਤ ਲੋਕਾਂ ਦੀ ਜੜ੍ਹਾਂ ਦੀ ਸਿਮਰਤੀ ਤੇ ਸਾਰਥਕਤਾ ਵਿਸ਼ੇਸ਼ ਰੂਪ ਵਿਚ ਉਭਰ ਰਹੀ ਹੈ। ਜਿਵੇਂ ਕਦੇ ਉਹਨਾਂ ਦੇ ਜ਼ਿਹਨ ਵਿਚ ਉਪਜਣ ਵਾਲੇ ਸਾਰੇ ਸੁਆਲਾਂ ਦਾ ਆਧਾਰ ਮੂਲਵਾਸ ਦੀ ਧਰਤੀ ਦੇ ਵਿਵਸਥਿਤ ਹਾਲਾਤ ਬਣੇ ਸਨ, ਉਵੇਂ ਹੁਣ, ਉਸੇ ਹੀ ਮੂਲਵਾਸ ਦੇ ਤਜ਼ਰਬੇ ਤੇ ਸਿਮਰਤੀਆਂ ਵਰਤਮਾਨ ਦੇ ਸੰਤਾਪ ਨੂੰ ਖਾਰਜ ਕਰਨ ਵਿਚ ਵਿਸ਼ੇਸ਼ ਯੋਗਦਾਨ ਅਦਾ ਕਰਨ ਲਈ ਤਿਆਰ ਹੁੰਦੇ ਦੇਖੇ ਜਾ ਸਕਦੇ ਹਨ।

**(5)**

ਡਾ. ਧਨਵੰਤ ਕੌਰ ਅਨੁਸਾਰ ਇਸ ਕਹਾਣੀ-ਸੰਗ੍ਰਹਿ ਦਾ ਵਿਸ਼ਲੇਸ਼ਣ ਕਰਨ ਸਮੇਂ, ਸਰਬ-ਸਾਂਝੇ ਸੁਪਨਿਆਂ ਦੀ ਪੂਰਤੀ ਲਈ, ਲੋਕ-ਮੁਕਤੀ ਲਈ ਜਿਵੇਂ ਉਹ (ਪ੍ਰੋ. ਹਰਭਜਨ ਸਿੰਘ) ਜੂਝੇ, ਉਸ ਖੇਤਰ ਵਿਚ ਉਹਨਾਂ ਦੀ ਵਿਕੋਲਿਤਰੀ ਕਾਰਗੁਜ਼ਾਰੀ ਬਾਰੇ, ਜ਼ੋਸ਼ ਅਤੇ ਜ਼ੋਖ਼ਮ ਨਾਲ ਭਰੇ ਉਹਨਾਂ ਦੇ ਅਨੁਭਵੀ ਸੰਸਾਰ ਬਾਰੇ ਅਤੇ ਸਾਹਿਤ ਵੱਲ ਉਹਨਾਂ ਦੀ ਸਿਫ਼ਟ ਬਾਰੇ ਅਸੀਂ ਸਭ ਜਾਣਦੇ ਹਾਂ।8 ਵਿਸ਼ੇਸ਼ ਰੂਪ ਵਿਚ ਸਹਾਈ ਹੋ ਸਕਦੀ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਪ੍ਰੋ. ਹਰਭਜਨ ਸਿੰਘ ਦੇ ਨਿੱਜੀ/ਇਮਪੀਰੀਕਲ ਤਜ਼ਰਬੇ, ਉਹਨਾਂ ਦੀ ਸਮਝ ਅਤੇ ਜੀਵਨ-ਦ੍ਰਿਸ਼ਟੀ, ਇਹਨਾਂ ਕਹਾਣੀਆਂ ਦੇ ਅਧਿਐਨ ਵਿਚ ਨਾਮਾਮੂਲੀ ਅਹਿਮੀਅਤ ਰੱਖਦੇ ਹਨ। ਪਰ, ਉਹਨਾਂ ਦੀ ਗਲਪ ਰਚਨਾ ਵਿਚ ਇਹਨਾਂ ਦੀ ਭੂਮਿਕਾ ਨੂੰ ਸਿੱਧੇ ਰੂਪ ਵਿਚ ਪਛਾਨਣ ਤੋਂ ਕਿਤੇ ਵੱਧ ਉਹਨਾਂ ਅਨੁਭਵਾਂ ਦੇ ਕਰਤਾਰੀ ਰੂਪ ਅਤੇ ਪ੍ਰਤੀਕਾਤਮਕ ਸਫ਼ਰ ਨੂੰ ਨਿਹਾਰਨਾ ਬਹੁਤ ਜ਼ਰੂਰੀ ਹੈ। ਦੂਜੇ ਸ਼ਬਦਾਂ ਵਿਚ ਕਹਾਣੀਕਾਰ ਦੇ ਨਿੱਜੀ ਅਨੁਭਵਾਂ ਦਾ ਉਮਰ ਭਰ ਜ਼ਿਹਨੀ ਸਿਲਸਿਲਿਆਂ (neurological process) ਵਿਚ ਸਿਰਜਤ ਅਤੇ ਪੁਨਰ-ਸਿਰਜਤ ਹੁੰਦੇ ਰਹਿਣਾ ਅਤੇ ਉਸ ਤੋਂ ਬਾਅਦ ਉਹਨਾਂ ਦਾ ਖੁਦ ਅਮਰੀਕੀ ਡਾਇਐਸਪੋਰਿਕ ਸਬਜੈਕਟ ਦੇ ਰੂਪ ਵਿਚ ਕਾਇਆ ਕਲਪ ਹੋਣਾ ਆਦਿ ਅਜਿਹੇ ਜੁੜਵਾਂ ਪ੍ਰਸੰਗ ਹਨ, ਜੋ ਇਹਨਾਂ ਕਹਾਣੀਆਂ ਦੇ ਬਿਰਤਾਂਤ ਦੀ ਕੇਂਦਰੀ ਬਣਤ ਦਾ ਆਧਾਰ ਹਨ।

ਇਸ ਲਿਹਾਜ਼ ਨਾਲ ਇਹਨਾਂ ਕਹਾਣੀਆਂ ਦੇ ਆਧਾਰ-ਮੁਖੀ ਹਾਲਾਤ ਅਤੇ ਪਾਸਾਰ-



ਮੁਖੀ ਬਿਰਤਾਂਤ ਸਿਰਜਣ ਵਿਚ ਤਿੰਨ ਤੱਤ ਗਤੀਸ਼ੀਲ ਹੁੰਦੇ ਵੇਖੇ ਜਾ ਸਕਦੇ ਹਨ; ਪਹਿਲਾ, ਲੇਖਕ ਦੇ ਉਹ ਤਜਰਬੇ ਜਿਨ੍ਹਾਂ ਬਾਰੇ ਡਾ. ਧਨਵੰਤ ਕੌਰ ਜੀ ਜ਼ਿਕਰ ਕਰ ਰਹੇ ਹਨ। ਦੂਜਾ, ਉਹਨਾਂ ਤਜ਼ਰਬਿਆਂ ਦੀ ਨੁਹਾਰ (ਸੰਘਰਸ਼, ਜਿੱਤ ਦਾ ਸੁਪਨਾ ਤੇ ਹਾਰੇ/ਨਾ ਹਾਰੇ ਹੋਣਾ) ਤੇ ਇਹਨਾਂ ਤਜ਼ਰਬਿਆਂ ਨੂੰ ਜ਼ਿਹਨ ਦਾ ਹਿੱਸਾ ਬਣਾ ਕੇ ਨਿਰੰਤਰ ਇਸ ਨਾਲ ਬਾ-ਬਸਤਾ ਰਹਿਣਾ ਅਤੇ ਤੀਜਾ, ਇਸ ਸਾਰੇ ਪ੍ਰਬੰਧ ਨਾਲ ਕਥਾ-ਬਿਰਤਾਂਤ ਦੀ ਰਚਨਾਕਾਰੀ ਦੇ ਰੂ-ਬ-ਰੂ ਹੋਣਾ। ਇਹ ਸਫ਼ਰ ਅਜਿਹਾ ਬਿਰਤਾਂਤਕ/ਪ੍ਰਤੀਕਾਤਮਕ ਸਫ਼ਰ ਹੈ ਜਿਸਨੂੰ ਸੰਪੂਰਨ ਰੂਪ ਵਿਚ ਧਿਆਨ ਵਿਚ ਰੱਖੇ ਬਗੈਰ ਇਹਨਾਂ ਕਹਾਣੀਆਂ ਦੇ ਬਿਰਤਾਂਤ ਦਾ ਅਧਿਐਨ ਮੁਮਕਿਨ ਨਹੀਂ ਹੁੰਦਾ।

ਅਜਿਹੀ ਸਥਿਤੀ ਵਿਚ ਪਹਿਲਾ ਨੁਕਤਾ ਇਹ ਉਭਰਦਾ ਹੈ ਕਿ ਇਹਨਾਂ ਕਹਾਣੀਆਂ ਦੀ ਬਿਰਤਾਂਤਕ ਵਿਉਂਤ ਵਿਚ ਪੰਜਾਬੀ ਸਭਿਆਚਾਰਕ ਸੰਦਰਭ, ਪ੍ਰਾਰੂਪ ਅਤੇ ਦ੍ਰਿਸ਼ਟਾਂਤ ਮੂਲ ਕਥਾ ਦੇ ਪਾਸਾਰ ਰੂਪ ਵਿਚ ਹਨ, ਆਧਾਰ ਰੂਪ ਵਿਚ ਨਹੀਂ। ਇਸਦੇ ਉਲਟ ਉਹਨਾਂ ਦਾ ਆਧਾਰ ਰੂਪ ਪੰਜਾਬੀ ਮਾਨਵੀ ਸੰਵੇਦਨਾ ਦੀ ਵਿਸ਼ਵ-ਵਿਆਪਕਤਾ ਬਣਦੀ ਹੈ, ਪੰਜਾਬੀ ਸਭਿਆਚਾਰ ਦੀ ਵਿਸ਼ੇਸ਼ਤਾ ਨਹੀਂ। ਇਸੇ ਕਰਕੇ, ਇਹਨਾਂ ਕਹਾਣੀਆਂ ਵਿਚ ਪੰਜਾਬੀ ਸੰਵੇਦਨਾ ਮਾਨਵਵਾਦੀ ਸੰਵੇਦਨਾ ਦੇ ਅਰਥਾਂ ਨਾਲ ਆਪਣਾ ਮੁੱਲ ਅੰਕਿਤ ਕਰਵਾਉਂਦੀ ਹੈ, ਆਪਣੇ ਖ਼ਾਸ ਸਭਿਆਚਾਰਕ ਮੋਹ ਜਾਂ ਸਵੈ-ਪ੍ਰਸੰਸਾ ਦੀ ਅਕਾਂਖਿਆ ਨਾਲ ਨਹੀਂ। ਲਗਭਗ ਹਰ ਇਕ ਕਹਾਣੀ ਵਿਚ 'ਮੈਂ' ਪਾਤਰ ਅਤੇ 'ਬਿਰਤਾਂਤਕ ਮੈਂ' (narrative I) ਆਪਣੇ ਆਪ ਨੂੰ ਪੰਜਾਬੀ ਵਿਵਹਾਰ ਦੇ ਲਿਹਾਜ਼ ਨਾਲ ਸਮਝਣ ਦੀ ਥਾਂ, ਉਸਦੀ ਮਾਨਵਵਾਦੀ ਕੀਮਤ-ਪਰਕਤਾ ਦੀ ਕਸੌਟੀ ਰਾਹੀਂ ਰਚਨਾਕਾਰੀ ਕਰਦਾ ਦਿਖਾਈ ਦਿੰਦਾ ਹੈ। 'ਮੈਂ, ਬਾਜ਼ ਤੇ ਸਰਸਵਤੀ' ਕਹਾਣੀ ਦੇ ਰੂਪਕੀ (metaphorical) ਸਪੇਸ ਨੂੰ ਖੋਲ੍ਹਣ ਉਪਰੰਤ ਜ਼ਾਹਿਰ ਹੋ ਜਾਂਦਾ ਹੈ ਕਿ ਕਿਸ ਤਰ੍ਹਾਂ ਹੁਣ ਸਾਡੀਆਂ ਸਭਿਆਚਾਰਕ ਰਚਨਾ-ਵਿਉਂਤਾਂ ਵਿਚੋਂ ਮਹਾਨ ਮਾਨਵਵਾਦੀ ਮੁੱਲ ਲੁਪਤ ਹੋ ਰਹੇ ਹਨ।

ਇਸੇ ਕਰਕੇ ਇਸ ਕਹਾਣੀ ਵਿਚ ਪੇਸ਼ 'ਮੈਂ', 'ਬਾਜ਼', 'ਸਰਸਵਤੀ' ਅਤੇ 'ਉਹ ਫੁੱਲ' ਲਗਭਗ ਸਾਰੀਆਂ ਕਹਾਣੀਆਂ ਦੇ ਕਥਾ-ਬਿਰਤਾਂਤ ਵਿਚ ਵਾਰ ਵਾਰ ਅੱਖ-ਮਚੋਲੀ ਖੇਡਦੇ ਰਹਿੰਦੇ ਹਨ: ਕਿਤੇ ਗਬੀਬਾ, ਕਿਤੇ ਟੈਮੀ, ਚਿੱਕੀ ਅਤੇ ਚਾਂਦ ਬਣ ਕੇ, ਕਿਤੇ ਗ਼ੁਲਾਮ ਔਰਤ ਤੇ ਉਹਦਾ ਬੱਚਾ ਬਣ ਕੇ, ਕਿਤੇ 'ਬਿਰਤਾਂਤਕ ਮੈਂ', ਤੋਸ਼ੀ ਅਤੇ ਉਸਦੀਆਂ ਧੀਆਂ ਬਣ ਕੇ। ਇਸ ਤੋਂ ਇਲਾਵਾ ਇਸਦੇ ਹੋਰ ਵੀ ਕਿੰਨੇ ਹੀ ਰੰਗ ਬਰੰਗੇ ਰੂਪ ਪੇਸ਼ ਹੁੰਦੇ ਹਨ। ਕਹਿਣ ਦਾ ਭਾਵ ਇਹ ਹੈ ਕਿ ਇਹਨਾਂ ਕਹਾਣੀਆਂ ਵਿਚ ਲੇਖਕ ਦਾ ਅਨੁਭਵ, ਬਿਰਤਾਂਤ ਅਤੇ ਉਸਦੀ ਬਿਰਤਾਂਤਕਾਰੀ, ਅਨੁਭਵ ਦਾ ਇਕ ਲੰਮਾ ਸਫ਼ਰ ਅਤੇ ਵੰਨ-ਸਵੰਨੇ ਰੂਪ ਸਰਗਰਮ ਹਨ, ਜਿਸਨੂੰ ਸਮਝੇ ਬਗੈਰ ਇਹਨਾਂ ਕਹਾਣੀਆਂ ਦੇ ਵੱਥ ਦੀ ਥਾਹ ਪਾਉਣੀ ਮੁਸ਼ਕਲ ਹੈ।

**(6)**

ਇਸ ਸਫ਼ਰ ਅਤੇ ਵੰਨ-ਸਵੰਨਤਾ ਦੇ ਅਸੀਂ ਚਾਰ ਸੰਦਰਭ ਵੇਖ ਸਕਦੇ ਹਾਂ। ਪਹਿਲਾ ਸੰਦਰਭ ਇਹ ਹੈ, ਇਹ ਕਹਾਣੀਆਂ ਸਿਰਫ਼ ਇਕ ਮਾਨਵੀ ਸਥਿਤੀ ਦੇ ਭਿੰਨ ਭਿੰਨ ਪਾਸਾਰਾਂ ਨੂੰ ਪੇਸ਼ ਨਹੀਂ ਕਰਦੀਆਂ, ਸਗੋਂ ਇਕੋ ਵੇਲੇ ਭਿੰਨ ਭਿੰਨ ਮਾਨਵੀ ਸਥਿਤੀ ਦੇ ਰੂ-ਬ-ਰੂ ਹੁੰਦੀਆਂ ਹਨ। ਆਮ ਕਰਕੇ, ਹਰ ਬਿਰਤਾਂਤ ਮੂਲ ਰੂਪ ਵਿਚ ਇਕ ਮਾਨਵੀ ਸਥਿਤੀ ਨੂੰ ਆਧਾਰ ਬਣਾਉਂਦਾ ਹੈ ਅਤੇ ਫਿਰ ਉਸਦੇ ਦੁਆਲੇ ਉਸਦੇ ਹੀ ਪਾਸਾਰਾਂ ਦੀ ਰਚਨਾ ਕਰਦਾ ਰਹਿੰਦਾ ਹੈ। ਜਿਵੇਂ 'ਹੀਰ ਵਾਰਿਸ' ਇਸ਼ਕ ਦੀ ਮਾਨਵੀ ਸਥਿਤੀ ਨੂੰ ਆਧਾਰ ਬਣਾਉਂਦੀ ਹੈ ਅਤੇ ਉਸਦੇ ਆਲੇ-ਦੁਆਲੇ ਹੀ ਈਮਾਨ,

ਸਮਾਜਕਤਾ, ਨਿੱਜੀ ਉੱਥਾਨ ਅਤੇ ਬਲੀਦਾਨ ਆਦਿ ਨੂੰ ਚਿੱਤਰਦੀ ਹੈ। ਹਰ ਇਕ ਸਥਿਤੀ ਦਾ ਮੂਲ ਆਧਾਰ 'ਇਸ਼ਕ' ਦੀ ਹੀ ਮਾਨਵੀ ਸਥਿਤੀ ਹੈ। ਪਰ ਇਹਨਾਂ ਕਹਾਣੀਆਂ ਵਿਚ ਇਕੋ ਸਮੇਂ 'ਇਸ਼ਕ', 'ਜੰਗ', ਨਸਲ ਭੇਦ, ਰੰਗ ਭੇਦ, ਖ਼ੂਬਸੂਰਤੀ ਨੂੰ ਮਾਨਣ ਦੀ ਚਾਹ, ਸਵੈ-ਬੰਧਨ ਤੇ ਸਵੈ-ਪ੍ਰਗਟਾਵਾ ਆਦਿ ਭਿੰਨ ਭਿੰਨ ਮਾਨਵੀ ਸਥਿਤੀਆਂ ਦੇ ਗਰਭ ਵਿਚ ਮੌਲ ਰਹੀ ਸਾਮਰਾਜਵਾਦ ਦੇ ਵਿਨਾਸ਼ ਅਤੇ ਮਾਨਵ-ਮੁਕਤੀ ਦੀ ਪਰਮ-ਅਕਾਂਖਿਆ ਇਕ ਦੂਜੇ ਵਿਚ ਰਲ ਮਿਲ ਕੇ ਗੁਲਦਸਤੇ ਵਰਗਾ ਬਿਰਤਾਂਤ (narrative of mosiac) ਬਣ ਕੇ ਪੇਸ਼ ਹੁੰਦੀਆਂ ਹਨ। ਇਸ ਗੁਲਦਸਤੇ ਵਿਚ ਇਕੋ-ਸਮੇਂ ਰੰਗ ਬਰੰਗੇ ਫੁੱਲ, ਕੰਡੇ ਅਤੇ ਕੈਕਟਸ ਵਿਉਂਤੇ ਗਏ ਹਨ, ਜੋ ਸਮਕਾਲ ਦੇ ਤਣਾਉ, ਸਿਮਰਤੀਆਂ ਦੇ ਸੰਤਾਪ, ਭਵਿੱਖ ਦੇ ਖੌਫ਼ ਅਤੇ ਨਿੱਕੀ ਜਿਹੀ ਆਸ ਨਾਲ ਰਚੇ ਮਿਚੇ ਹਨ। ਇਹੀ ਉਹ ਦੂਜਾ ਸੰਦਰਭ ਹੈ, ਜਿਸਨੂੰ ਇਸ ਲੇਖ ਦੇ ਸ਼ੁਰੂ ਵਿਚ ਕਿਹਾ ਗਿਆ ਸੀ ਕਿ ਇਹਨਾਂ ਕਹਾਣੀਆਂ ਦੀ ਰਚਨਾਤਮਕਤਾ ਭੋਗਣਹਾਰੀ ਹਸਤੀ (Cannon Fodder) ਦੀਆਂ ਹੱਦਾਂ ਨੂੰ ਤੋੜ ਕੇ, ਹਕੀਕੀ ਰਚਨਾਤਮਕਤਾ ਦੇ ਰਾਹੇ ਪੈਂਦੀ ਹੋਈ ਬਹੁ-ਸਭਿਆਚਾਰਕ ਸਭਿਆਚਾਰਾਂ ਦੀ ਜਰਖੇਜ਼ ਜ਼ਮੀਨ ਵਿਚੋਂ ਪੈਦਾ ਹੋਣ ਵਾਲੀਆਂ ਬਹੁ-ਵੰਨੀਆਂ ਮਾਨਵੀ-ਸਥਿਤੀਆਂ ਦੀ ਬਿਰਤਾਂਤਕਾਰੀ ਹੈ।

ਇੱਥੇ ਹੀ ਇਸ ਬਿਰਤਾਂਤ ਦਾ ਤੀਜਾ ਸੰਦਰਭ ਉਭਰਦਾ ਹੈ। ਜੇਕਰ ਅਸੀਂ ਸਮਕਾਲੀ ਪੰਜਾਬੀ ਬਿਰਤਾਂਤ ਸਿਰਜਣਾ ਵੱਲ ਧਿਆਨ ਮਾਰੀਏ ਤਾਂ ਇਕ ਗੱਲ ਅਹਿਮ ਹੈ ਕਿ ਇਹਨਾਂ ਬਿਰਤਾਂਤਾਂ ਵਿਚ ਸਥਿਤੀਆਂ ਦਾ ਚਿਤਰਨ, ਉਸ ਵਿਚਲੇ ਸੰਕਟਾਂ ਤੇ ਸੰਤਾਪਾਂ ਦੀ ਪਰਤ ਦਰ ਪਰਤ ਪੇਸ਼ਕਾਰੀ ਅਤੇ ਮਨੁੱਖ ਦੀ ਸੰਪੂਰਨ ਹਾਰ ਦਾ ਦ੍ਰਿਸ਼ ਤਾਂ ਬਾ-ਖ਼ੂਬੀ ਪੇਸ਼ ਹੁੰਦੇ ਹਨ ਪਰ ਅੰਤ ਵਿਚ ਕਿਸੇ ਮਾਮੂਲੀ ਸੁਪਨੇ ਦੀ ਆਸ ਪੂਰੀ ਤਰ੍ਹਾਂ ਗ਼ਾਇਬ ਹੈ। ਪਰ ਇਹ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਜਿਸ ਤਰ੍ਹਾਂ ਸੁਪਨਿਆਂ ਤੇ ਯੂਟੋਪੀਆ ਨਾਲ ਲੱਦਿਆ ਹੋਇਆ ਬਿਰਤਾਂਤ ਸਿਰਜਣਾ ਅਸਾਰਥਕ ਹੈ, ਉਸੇ ਪ੍ਰਕਾਰ ਆਸ ਵਿਹੂਣਾ ਮਨੁੱਖ ਪੇਸ਼ ਕਰਨਾ ਵੀ ਨਿਆਂਹੀਣ ਹੈ। ਭਾਵ, ਜੇਕਰ ਮਨੁੱਖ 'ਅਸ਼ਰਫ਼-ਉਲ-ਮਖ਼ਲੂਕ' ਨਹੀਂ ਵੀ ਹੈ ਤਾਂ ਵੀ ਉਹ ਇਤਨਾ ਅਦਨਾ-ਉਲ-ਮਖ਼ਲੂਕ ਵੀ ਨਹੀਂ ਹੈ, ਜੋ ਸਿਰਫ਼ ਨਿਕਾਰਾ, ਅਕ੍ਰਿਤਘਣ ਅਤੇ ਹਾਰ-ਸੰਪੰਨ ਜ਼ਿੰਦਗੀ ਜੀਣ ਵਾਲਾ ਹੀ ਹੋਵੇ। ਪ੍ਰੋ. ਹਰਭਜਨ ਸਿੰਘ ਦੀਆਂ ਕਹਾਣੀਆਂ/ਬਿਰਤਾਂਤ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਮਨੁੱਖ ਦੀ ਨਿਰੋਲ ਹਾਰ / ਨਿਕਾਰਾਪਣ / ਅਕ੍ਰਿਤਘਣਤਾ / ਕਾਮਨਾ-ਪਰਕਤਾ / ਲਾਲਚ-ਸੰਪੰਨਤਾ ਇੱਥੋਂ ਤੱਕ ਕਿ ਨਿਰੋਲ ਜ਼ਾਲਮਾਨਾ ਜਾਂ ਸਾਮਰਾਜੀ ਸੁਭਾ ਹੀ ਪੇਸ਼ ਨਹੀਂ ਕਰਦਾ, ਸਗੋਂ ਅਜਿਹੀਆਂ ਪ੍ਰਸਥਿਤੀਆਂ ਵਿਚੋਂ ਇਕ ਆਸ ਦੀ ਕਿਰਨ ਦਾ ਪ੍ਰਤੀਕਾਤਮਕ ਬਿੰਬ ਵੀ ਉਭਾਰਦਾ ਹੈ, ਜੋ ਇਸ ਬਿਰਤਾਂਤ ਵਿਚ ਮਾਨਵਵਾਦੀ ਮੁੱਲਾਂ ਦੀ ਸਥਾਪਨਾ ਦੀ ਤਾਂਘ ਨੂੰ ਪ੍ਰਜਵਲਤ ਕਰ ਦਿੰਦਾ ਹੈ।

ਇਸ ਬਿਰਤਾਂਤ ਦਾ ਚੌਥਾ ਸੰਦਰਭ ਇਹ ਹੈ ਕਿ ਇਸ ਵਿਚ ਭਿੰਨ ਭਿੰਨ ਮਨੁੱਖੀ ਤਜ਼ਰਬਿਆਂ ਜਿਵੇਂ ਕਿ ਵਿਦਰੋਹ, ਕ੍ਰਾਂਤੀ, ਜ਼ੁਲਮ, ਤਸ਼ੱਦਦ, ਨਫ਼ਰਤ, ਪਿਆਰ, ਮੁਹੱਬਤ, ਇਸ਼ਕ ਅਤੇ ਪ੍ਰਤਿਬੱਧਤਾ ਦੀ ਸਿਰਫ਼ ਪੇਸ਼ਕਾਰੀ ਨਹੀਂ ਕੀਤੀ ਗਈ, ਸਗੋਂ ਉਸਦੀ ਮੈਪਿੰਗ (mapping) ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸੇ ਕਰਕੇ, ਭਿੰਨ ਭਿੰਨ ਕਹਾਣੀਆਂ ਦੇ ਪਾਤਰਾਂ ਦੇ ਵਿਵਹਾਰ ਨੂੰ ਨਜ਼ਰ-ਅੰਦਾਜ਼ ਕਰਨ ਵਾਲੇ ਸੰਦਰਭ ਸਿਰਫ਼ ਸਮਾਜਿਕ ਅਤੇ ਮਾਨਸਿਕ ਕਾਰਨਾਂ ਵਿਚ ਹੀ ਨਹੀਂ, ਸਗੋਂ ਉਹਨਾਂ ਦੇ ਦਿਮਾਗਾਂ ਦੀ ਬਣਤ ਵਿਚ ਸੰਜੋਏ ਹੋਏ ਅਣੂ ਰੂਪੀ ਨਿਊਰੋਨਸ ਦੇ ਰੂਪ ਵਿਚ ਸਰਗਰਮ ਰਹਿੰਦੇ ਵੀ ਦਿਖਾਈ ਦਿੰਦੇ ਹਨ। ਜਿਵੇਂ ਗਬੀਬਾ ਦੇ ਕਾਲੇ ਸਾਥੀ ਦਾ ਸ਼ਰਾਬ ਵਿਚ ਧੁੱਤ ਹੋ ਕੇ ਬੋਲਣਾ:



"ਫੱਕ ਕਟਰੀਨਾ ... ਫੱਕ ਵਾਰ ... ਫੱਕ ਦੈਟ ... ਵਾਈਟ੍ਹ ਮੈਨ ...।"

"ਬਲੈਕ ... ਮੈਨ ... ਹੈਜ਼ ... ਨੋ ਹੋਮ ...।"9

ਜਾਂ

"ਮੇਰੀ ਰੂਹ 'ਚੋਂ ਹੱਕ ਮੰਗਦੇ ਲੋਕਾਂ ਨਾਲ ਹਮਦਰਦੀ ਦੀਆਂ ਲਹਿਰਾਂ ਉੱਠ ਰਹੀਆਂ ਸਨ।"10

ਇਸ ਤਰ੍ਹਾਂ ਕਥਾ ਬਿਰਤਾਂਤ ਦੇ ਵਰਤਮਾਨ ਵਿਚ ਵਾਪਰ ਰਹੀਆਂ ਘਟਨਾਵਾਂ ਦੇ ਪ੍ਰਤੀਕਰਮ ਵਿਚ ਬਿਰਤਾਂਤਕਾਰ ਅਜਿਹੇ ਦ੍ਰਿਸ਼ਾਂ ਦੇ ਹਵਾਲੇ ਦਿੰਦਾ ਹੈ, ਜਿਸ ਦੀਆਂ ਜੜ੍ਹਾਂ ਜਾਂ ਤਾਂ ਅਤੀਤ ਦੇ ਮਹਾਂ-ਸੰਤਾਪਾਂ ਵਿਚ ਪਈਆਂ ਹੁੰਦੀਆਂ ਹਨ, ਜਾਂ ਸਿਮਰਤੀਆਂ ਦੇ ਮਹਾਂ-ਦ੍ਰਿਸ਼ਾਂ ਵਿਚ, ਅਤੇ ਜਾਂ ਇਤਿਹਾਸ ਦੀਆਂ ਮਹਾਂ-ਤ੍ਰਾਸਦੀਆਂ ਵਿਚ। ਧਿਆਨ ਵਿਚ ਰੱਖਣ ਵਾਲੀ ਗੱਲ ਤਾਂ ਇਹ ਹੈ ਕਿ ਇਹ ਸਾਡੇ ਮਨ ਮਸਤਕ ਦਾ ਭਾਗ ਹੋਣ ਤੋਂ ਕਿਤੇ ਵੱਧ ਸਾਡੇ ਦਿਮਾਗ਼ ਦੇ ਨਿਊਰੋਨਸ ਵਿਚ ਖਾਨਦਾਨੀ, ਪੁਸ਼ਤੀ ਅਤੇ ਨਸਲੀ ਜੀਨਸ ਵਾਂਗ ਘਰ ਕਰ ਚੁੱਕੀਆਂ ਹਨ।

ਇਹਨਾਂ ਕਹਾਣੀਆਂ ਦਾ ਬਿਰਤਾਂਤ ਸੰਬੰਧਤ ਪਾਤਰਾਂ ਦੇ ਜਿਸਮਾਨੀ ਕਾਰਜਾਂ ਤੇ ਮਾਨਸਿਕ ਵਿਵਹਾਰ ਨੂੰ ਅੰਕਿਤ ਕਰਨ ਸਮੇਂ ਇਹਨਾਂ ਗਤੀਵਿਧੀਆਂ ਦੇ ਪ੍ਰੇਰਿਕ ਦਿਮਾਗੀ ਤੰਤੂ ਵਿਧਾਨ ਦੇ ਗਰਭ ਵਿਚ ਪਏ ਹੁੰਗਾਰਿਆਂ ਨੂੰ ਵੀ ਸ਼ਾਮਲ ਕਰਦਾ ਹੈ। ਇਸ ਕਰਕੇ, ਇਹ ਬਿਰਤਾਂਤ ਸੰਬੰਧਤ ਮਨੁੱਖ, ਘਟਨਾ ਅਤੇ ਵਸਤੂ-ਸੰਦਰਭਾਂ ਦੀ ਸਿਰਫ਼ ਮਨੋ-ਸਰੀਰਕ ਪੇਸ਼ਕਾਰੀ ਹੀ ਨਹੀਂ ਕਰਦਾ, ਸਗੋਂ ਉਹਨਾਂ ਵਿਚ ਖਾਨਦਾਨੀ, ਨਸਲੀ ਅਤੇ ਪੁਸ਼ਤ-ਦਰ-ਪੁਸ਼ਤ ਵਾਪਰਨ ਵਾਲੇ ਜ਼ਾਲਮਾਨਾਂ ਸੰਤਾਪ, ਤਸ਼ੱਦਦ ਅਤੇ ਦੁਖਾਂਤਿਕ ਪ੍ਰਕਰਨਾਂ ਰਾਹੀਂ ਸੰਚਿਤ ਦਿਮਾਗੀ ਹੁੰਗਾਰਿਆਂ ਨੂੰ ਵੀ ਸ਼ਾਮਲ ਕਰ ਲੈਂਦਾ ਹੈ। ਇਸ ਕਰਕੇ, ਇਹ ਬਿਰਤਾਂਤ ਸਿਮਰਤੀਆਂ ਦੀ ਜੁਗਤ ਰਾਹੀਂ, ਮਨੁੱਖੀ ਵਿਵਹਾਰ ਦੀ ਮੈਪਿੰਗ ਦਾ ਬਿਰਤਾਂਤ ਬਣ ਕੇ ਪੇਸ਼ ਹੁੰਦਾ ਹੈ, ਪੇਸ਼ਕਾਰੀ ਦਾ ਨਹੀਂ।

**(7)**

ਇਸ ਵਿਚਾਰ-ਚਰਚਾ ਦੇ ਆਧਾਰ ਉਤੇ ਮੰਨਿਆ ਜਾ ਸਕਦਾ ਹੈ ਕਿ 'ਰੂਹ' ਤੇ ਉਕਰੇ ਚਿੱਤਰ' ਸਮਕਾਲੀ ਪਰਵਾਸੀ ਪੰਜਾਬੀ ਸਾਹਿਤ, ਵਿਸ਼ੇਸ਼ ਕਰਕੇ ਅਮਰੀਕੀ ਪੰਜਾਬੀ ਕਹਾਣੀ ਦੀ ਬਿਰਤਾਂਤ-ਵਿਉਂਤ ਅਤੇ ਵਿਸ਼ੇਗਤ ਸੰਦਰਭਾਂ ਤੇ ਸਰੋਕਾਰਾਂ ਨੂੰ ਸਮਝਣ ਲਈ ਇਕ ਮਹੱਤਵਪੂਰਨ 'ਟੈਕਸਟ' ਹੈ। ਇਸ ਦਾ ਅਧਿਐਨ, ਪਰਵਾਸੀ ਪੰਜਾਬੀ ਬਿਰਤਾਂਤਕ-ਰਚਨਾਕਾਰੀ ਅਤੇ ਕਥਾ-ਸੰਦਰਭ ਦੇ ਵੱਖਰੇ ਪ੍ਰਸੰਗਾਂ ਦੇ ਰੂ-ਬ-ਰੂ ਹੋਣਾ ਤਾਂ ਹੈ ਈ ਸਗੋਂ ਪੰਜਾਬੀ ਕਹਾਣੀ ਦੇ ਨਵੇਂ ਵਿਸ਼ੇ ਖੇਤਰਾਂ ਅਤੇ ਮਾਨਵੀ ਸਥਿਤੀਆਂ ਦੇ ਸਨਮੁੱਖ ਹੋਣ ਦੀ ਯਾਤਰਾ ਅਤੇ ਕਾਰਜ-ਵਿਧੀ ਨਾਲ ਸੰਵਾਦ ਵੀ ਸਿਰਜਣਾ ਹੈ। ਖ਼ਾਸ ਕਰਕੇ, ਪਰਵਾਸੀ ਪੰਜਾਬੀ ਸਾਹਿਤ ਦੀ 'ਭੋਗਣਹਾਰੀ ਹਸਤੀ' ਭਾਵ ਕੈਨਨ ਫੋਡਰ ਤੋਂ ਪਾਰ ਜਾਣ ਦੀ ਪ੍ਰਵਿਰਤੀ ਇਹਨਾਂ ਕਹਾਣੀਆਂ ਦੇ ਬਿਰਤਾਂਤ ਵਿਚ ਅਜਿਹੀ ਵੰਗਾਰ ਬਣ ਕੇ ਪੇਸ਼ ਹੁੰਦੀ ਹੈ ਜੋ ਸਾਨੂੰ ਅਮਰੀਕੀ ਪੰਜਾਬੀ ਸਾਹਿਤ ਨੂੰ ਨਵੇਂ ਕੋਣ ਤੋਂ ਸਮਝਣ ਲਈ ਪ੍ਰੇਰਿਤ ਕਰਦੀ ਹੈ। **ਦੇਖੋ ਬਾਕੀ ਪੰਨਾ ਨੰ. 30 'ਤੇ**

# ਖੂਹ ਤੇ ਖਾਈ/ ਖ਼ਾਲਿਦ ਹੁਸੈਨ

ਬਲ ਤੇ ਬਲਵਾਨ ਲਿੱਸੇ ਬੰਦਿਆਂ ਦਾ ਹੀ ਸ਼ਿਕਾਰ ਕਰਦੇ ਨੇ ਅਤੇ ਸਮਾਜ ਨੂੰ ਆਪਣੀ ਚਾਬਕ ਨਾਲ ਚਲਾਂਦੇ ਨੇ। ਗ਼ਰੀਬ ਤੇ ਮਸਕੀਨ ਲੋਕਾਈ ਨੂੰ ਛੱਮ ਚਾੜ੍ਹਦੇ ਨੇ। ਬੇਚਾਰੇ ਲਿੱਸੇ ਤੇ ਮਾੜੇ, ਘਰਾਂ ਅੰਦਰ ਲੁਕ ਕੇ ਫੱਕੜ ਤੋਲਦੇ ਰਹਿੰਦੇ ਨੇ ਅਤੇ ਸ਼ਬਦਾਂ ਦਾ ਪਿੰਡਾ ਜ਼ਖ਼ਮੀ ਕਰਕੇ ਆਪਣਾ ਮਨ ਹੌਲਾ ਕਰਦੇ ਨੇ। ਉਹ ਹੋਰ ਕਰ ਵੀ ਕੀ ਸਕਦੇ ਨੇ। ਬੇਸ਼ੱਕ ਉਹ ਆਪਣੀਆਂ ਤਾਂਘਾਂ ਦੇ ਦੀਵਿਆਂ ਨਾਲ ਆਪਣਿਆਂ ਘਰਾਂ ਨੂੰ ਚਾਨਣ ਕਰਨ ਦਾ ਆਹਰ ਕਰਦੇ ਨੇ ਪਰ ਉਨ੍ਹਾਂ ਦੇ ਭਾਗਾਂ ਦਾ ਹਨੇਰਾ ਦੂਰ ਨਹੀਂ ਹੁੰਦਾ। ਉਨ੍ਹਾਂ ਦੇ ਸਿਰਾਂ ਦੀਆਂ ਪੱਗਾਂ ਪੈਰਾਂ ਵਿਚ ਰੁਲਦੀਆਂ ਨੇ। ਲੋਕੀਂ ਭਾਵੇਂ ਆਪਣੀ-ਆਪਣੀ ਪਸੰਦ ਦੇ ਮੌਸਮ ਵਿਚ ਜਿਉਣਾ ਚਾਹੁੰਦੇ ਨੇ ਪਰ ਜੀਅ ਨਹੀਂ ਸਕਦੇ ਕਿਉਂ ਜੇ ਉਨ੍ਹਾਂ ਦੀਆਂ ਸਧਰਾਂ ਦਾ ਬਾਲਣ ਹਮੇਸ਼ਾ ਸਿੱਲਾ ਤੇ ਗਿੱਲਾ ਹੀ ਰਹਿੰਦਾ ਹੈ। ਵੇਲੇ ਦੇ ਜਬਰ ਨੇ ਉਨ੍ਹਾਂ ਦਾ ਜੀਣਾ ਨਰਕ ਬਣਾ ਦਿੱਤਾ ਹੈ। ਹਾਕਮ, ਲੋਕਾਈ ਨੂੰ ਆਪਣਾ ਬੰਦੀ ਬਣਾਉਣ ਲਈ ਬਲ ਦੇ ਨਾਲ-ਨਾਲ ਵੱਲ ਤੇ ਛੱਲ ਨਾਲ ਵੀ ਇਤਿਹਾਸ ਰੱਚਦੇ ਨੇ। ਹਾਕਮ ਨੇ ਹੁਕਮ ਅਨੁਸਾਰ ਲੋਕੀਂ ਸਿਰਾਂ 'ਤੇ ਪੱਗਾਂ ਨਹੀਂ ਰੱਖ ਸਕਦੇ ਸਗੋਂ ਗਲ ਵਿਚ ਸਾਫ਼ਾ ਤੇ ਮੂੰਹ ਵਿਚ ਘਾਹ ਦਾ ਤੀਲਾ ਰੱਖਦੇ ਨੇ। ਆਜ਼ਾਦੀ ਵਿਚ ਗ਼ੁਲਾਮੀ ਦੀ ਇਹ ਰਸਮ ਅੱਜ ਵੀ ਚੱਲਦੀ ਹੈ ਤੇ ਖੌਰੇ ਕਦੋਂ ਤੀਕਰ ਚਲਦੀ ਰਵੇਗੀ। ਚੰਡਾਲਾਂ ਤੇ ਸਿਆਸੀ ਦਲਾਲਾਂ ਦੀਆਂ ਚਾਲਾਂ ਕਾਰਨ ਆਜ਼ਾਦੀ ਇਕ ਜ਼ੁਰਮ ਵਾਂਗ ਉਨ੍ਹਾਂ ਦੇ ਨਾਵੇਂ ਲੱਗੀ ਹੋਈ ਹੈ। 'ਅੰਨੀ ਪੀਹੇ ਤੇ ਕੁੱਤੀ ਚੱਟੇ' ਵਾਲੀ ਸਰਕਾਰ ਹੈ, ਜਿੱਥੇ ਨਿਰਾ ਅੰਧਿਆਰ ਹੈ। ਅੱਜ ਸਾਧ ਝੂਠ ਤੇ ਚੋਰ ਸਚਿਆਰ ਹੈ। ਇਸ ਮਾਹੌਲ ਤੇ ਵਾਤਾਵਰਣ ਵਿਚ ਕੋਈ ਵੀ ਆਪਣੇ ਦਿਲ ਦੀ ਜ਼ਮੀਨ ਤੇ ਖ਼ੁਸ਼ੀ ਦੇ ਫੁੱਲ ਨਹੀਂ ਉਗਾ ਸਕਦਾ। ਚਾਰ ਚੁਫ਼ੇਰੇ ਬਾਰੂਦ ਦਾ ਧੂੰਆਂ, ਮਿੱਟੀ ਘੱਟਾ, ਹਨ੍ਹੇਰੀ ਝੱਖੜ, ਅੱਗ ਦਾ ਭਾਂਬੜ, ਸ਼ੋਰ ਸ਼ਰਾਬਾ ਤੇ ਲਾਸ਼ਾਂ ਦੀ ਸੜਾਂਦ ਨੇ ਡਾਢਾ ਹਨੇਰ ਪਾਇਆ ਹੋਇਆ ਹੈ। ਦੋਮੂਹੇ ਸੱਪ ਅਕਸਰ ਲੋਕਾਈ ਨੂੰ ਡੰਗ ਮਾਰਦੇ ਰਹਿੰਦੇ ਨੇ। ਦਿਲ ਟੁੱਟ ਚੀਖ਼ਾਂ ਉਨ੍ਹਾਂ ਦਾ ਮਾਤਮ ਕਰਦੀਆਂ ਨੇ ਅਤੇ ਉਨ੍ਹਾਂ ਮਾਤਮੀ ਚੀਖ਼ਾਂ ਨੇ ਉਸ ਪਿੰਡ ਵਿਚ ਵੀ ਕਰਲੱਧ ਮਚਾਇਆ ਸੀ ਜਿੱਥੇ ਕਈ ਔਰਤਾਂ ਦਾ ਬਲਾਤਕਾਰ ਹੋਇਆ ਸੀ। ਹਾਕਮ ਦੇ ਹਵਾਰੀਆਂ ਨੇ ਖਾੜਕੂਆਂ ਅਤੇ ਬਾਗੀਆਂ ਨੂੰ ਫੜਨ ਲਈ ਪੂਰੇ ਪਿੰਡ ਨੂੰ ਘੇਰ ਲਿਆ ਸੀ। ਪੂਰੀ ਬਸਤੀ ਵਿਚ ਕ੍ਰੈਕ ਡਾਉਨ ਲੱਗ ਗਿਆ ਸੀ। ਇਕ ਜਵਾਨ ਲਾਊਡ ਸਪੀਕਰ 'ਤੇ ਐਲਾਨ ਕਰ ਰਿਹਾ ਸੀ ਕਿ ਸਾਰੇ ਬੰਦੇ ਆਪਣਿਆਂ-ਆਪਣਿਆਂ ਘਰਾਂ ਵਿਚੋਂ ਬਾਹਰ ਆ ਜਾਣ ਤੇ ਸਕੂਲ ਵਾਲੇ ਮੈਦਾਨ ਵਿਚ ਜਮ੍ਹਾਂ ਹੋ ਜਾਣ ਕਿਉਂਜੇ ਉਨ੍ਹਾਂ ਦੇ ਮਕਾਨਾਂ ਦੀ ਤਲਾਸ਼ੀ ਲੈਣੀ ਹੈ ਅਤੇ ਖਾੜਕੂਆਂ ਨੂੰ ਫੜ੍ਹਣਾ ਹੈ। ਸਵਾਨੀਆਂ ਤੇ ਬੱਚੇ ਆਪਣੇ ਘਰਾਂ ਅੰਦਰ ਰਹਿ ਸਕਦੇ ਨੇ। ਲੋਕੀਂ ਸਕੂਲ ਗਰਾਊਂਡ ਵਿਚ ਇਕੱਠੇ ਹੋ ਗਏ ਸਨ ਤੇ ਵਰਦੀ ਪੋਸ਼ਾਂ ਨੇ ਉਨ੍ਹਾਂ ਨੂੰ ਘੇਰ ਲਿਆ ਸੀ। ਚਾਰ ਜੀਪਾਂ ਵਿਚ ਮੂੰਹ ਢੱਕ ਕੇ ਬੈਠੇ ਮੁਖ਼ਬਰਾਂ ਸਾਹਮਣੇ ਪਿੰਡ ਵਾਸੀਆਂ ਦੀ ਸ਼ਨਾਖ਼ਤ ਪਰੇਡ ਹੋਣ ਲੱਗੀ। ਜਿਸ ਬੰਦੇ ਵੱਲ ਖ਼ਬਰੀ ਉਂਗਲ ਚੁਕਦੇ ਉਸਨੂੰ ਫੜ ਕੇ ਹਿਕ ਬਕਰਤ ਬੰਦ ਜੀਪ ਵਿਚ ਬਿਠਾ ਦਿੱਤਾ ਜਾਂਦਾ। ਕਈ ਘੰਟਿਆਂ ਤੀਕਰ ਇਹ ਕਾਰਵਾਈ ਚਲਦੀ ਰਹੀ।

ਦੂਜੇ ਪਾਸੇ ਸ਼ੀਂਹ ਜਵਾਨਾਂ ਦੇ ਦੋ ਜੱਥੇ ਪਿੰਡ ਦੇ ਘਰਾਂ ਦੀ ਤਲਾਸ਼ੀ ਲੈਂਦੇ ਰਹੇ ਤੇ ਬਾਰ੍ਹਾਂ ਵਰ੍ਹਿਆਂ ਦੀਆਂ ਬੱਚੀਆਂ ਤੋਂ ਲੈ ਕੇ ਸੱਤਰ ਸਾਲਾਂ ਤਕ ਦੀਆਂ ਔਰਤਾਂ ਦੇ ਇਕ ਇਕ ਅੰਗ ਟੋਲਦੇ ਰਹੇ ਤੇ ਗੜਾਕੇ ਮਾਰਦੇ ਰਹੇ। ਅਣਖਿੜੇ, ਖਿੜੇ ਤੇ ਮੁਰਝਾਏ ਫੁੱਲਾਂ ਨੂੰ ਰੱਜ ਕੇ ਮਧੋਲਿਆ



ਗਿਆ। ਇਕ ਕਹਿਰ ਟੁੱਟਿਆ ਸੀ। ਘੁੱਗੀਆਂ ਸ਼ਿਕਾਰ ਹੋ ਗਈਆਂ ਸਨ। ਮਾਸੂਮ ਯੋਵਨਾਂ ਤੇ ਅਬਲਾ ਜੋਗਨਾਂ ਦੇ ਸਵਾਦ ਦੀ ਜੁਗਾਲੀ ਕਰਦਿਆਂ ਹੋਇਆ ਸ਼ੀਂਹ ਜਵਾਨ ਸਕੂਲ ਦੇ ਮੈਦਾਨ ਵਿਚ ਆ ਗਏ ਸਨ। ਕ੍ਰੈਕ ਡਾਉਨ ਮੁਕ ਗਿਆ ਸੀ। ਹਾਕਮ ਦੇ ਹਵਾਰੀ ਆਪਣਾ ਕੰਮ ਮੁਕਾ ਕੇ ਜਾ ਚੁੱਕੇ ਸਨ ਤੇ ਲੋਕੀਂ ਆਪਣਿਆਂ-ਆਪਣਿਆਂ ਘਰਾਂ ਨੂੰ ਪਰਤ ਆਏ ਸਨ।

ਘਰਾਂ ਵਿਚ ਉਨ੍ਹਾਂ ਆਪਣੀਆਂ ਮਾਵਾਂ, ਭੈਣਾਂ, ਬੱਚੀਆਂ ਤੇ ਸਵਾਨੀਆਂ ਦੀਆਂ ਵੰਗਾਂ ਟੁੱਟੀਆਂ ਵੇਖੀਆਂ, ਲੀੜੇ ਲੀਰੋ ਲੀਰ ਤੇ ਰੱਤੇ ਹੋਏ ਪਏ ਸਨ। ਸਾਰੀਆਂ ਔਰਤਾਂ ਆਪਣੀ ਸ਼ਰਮ ਤੇ ਨੰਗੇਜ਼ ਦਾ ਮਾਤਮ ਕਰ ਰਹੀਆਂ ਸਨ। ਇਹ ਸਭ ਵੇਖ ਕੇ ਬੇਵਸ ਤੇ ਮਜਬੂਰ ਪਿੰਡ ਵਾਸੀ ਹਾੜੇ ਮਾਰਨ ਲੱਗੇ। ਵੈਰੀ ਰੁੱਤਾਂ ਦਾ ਮਾਤਮ ਕਰਨ ਲੱਗੇ। ਆਪਣਿਆਂ ਲੇਖਾਂ ਦਾ ਮਾਤਮ। ਆਪਣੀ ਬੇਵਸੀ ਤੇ ਮੰਦਹਾਲੀ ਦਾ ਮਾਤਮ। ਉਨ੍ਹਾਂ ਦੇ ਹੰਝੂਆਂ ਦਾ ਪਾਣੀ ਅੱਖਾਂ ਸਾੜਣ ਲੱਗਾ। ਦੁੱਖ, ਦਰਦ, ਉਦਾਸੀ, ਮਾਯੂਸੀ ਤੇ ਜ਼ਿੱਲਤ ਨੇ ਉਨ੍ਹਾਂ ਦੇ ਸਾਹ ਡਕ ਲਏ ਸਨ। ਕਿਉਂ ਜੇ ਕਾਨੂੰਨ ਦੀ ਗਿੱਚੀ ਬੰਦੂਕ ਦੇ ਹੱਥ ਵਿਚ ਫਸੀ ਹੋਈ ਸੀ ਤੇ ਇਨਸਾਨ ਬਲ ਤੇ ਛੱਲ ਹੇਠਾਂ ਦਬਿਆ ਪਿਆ ਸੀ ਅਤੇ ਪਰਜਾਤੰਤਰ ਲੋਕਾਂ ਨੂੰ ਚਿਘ ਰਿਹਾ ਸੀ। ਹੜਤਾਲਾਂ, ਜਲੂਸਾਂ ਤੇ ਜਲਸਿਆਂ ਉਤੇ ਬਾਰੂਦ ਛਿੜਕਿਆ ਗਿਆ ਸੀ। ਦੁਖ ਰੋਣੀਆਂ ਲਾਸ਼ਾਂ ਮਿੱਟੀ ਚੁੰਮ ਰਹੀਆਂ ਸਨ ਤੇ ਬੇਨਾਮ ਜਨਾਜ਼ੇ ਵੈਣ ਕਰਦੇ ਪਏ ਸਨ। ਪਿੰਡ ਦੇ ਨਿਆਣਿਆਂ ਤੇ ਸਿਆਣਿਆਂ ਅੰਦਰ ਰੋਸ ਦਾ ਜਵਾਲਾਮੁਖੀ ਧੁਖ਼ਣ ਲੱਗਾ। ਜਵਾਲਾਮੁਖੀ 'ਚੋਂ ਕ੍ਰੋਧ ਦੇ ਗੋਲੇ ਫਟਣ ਲੱਗੇ। ਕਿਸੇ ਦੀ ਮਾਂ ਦੀ ਪੱਤ ਲੁੱਟੀ ਸੀ, ਕਿਸੇ ਦੀ ਭੈਣ ਦੀ ਨੱਥ ਖੁੱਲ੍ਹੀ ਸੀ ਤੇ ਕਿਸੇ ਦੀ ਧੀ ਉਜੜੀ ਸੀ।

ਜ਼ਬਰਦਸਤੀ ਸਲਾਮ ਪੰਡਿਤ ਦੀ ਵੱਡੀ ਭੈਣ ਤੇ ਮਾਂ ਨਾਲ ਵੀ ਹੋਈ ਸੀ। ਕੁਝ ਦਿਨਾਂ ਤੀਕਰ ਕ੍ਰੋਧ ਦਾ ਮੱਚ ਮੱਚਦਾ ਰਿਹਾ। ਫਿਰ ਕੁਝ ਜੁਝਾਰੂ ਗਭਰੂਆਂ ਨੇ ਬਦਲਾ ਲੈਣ ਦਾ ਫ਼ੈਸਲਾ ਕਰ ਲਿਆ। ਉਹ ਖਾੜਕੂਆਂ ਦੇ ਆਗੂਆਂ ਨੂੰ ਮਿਲੇ ਤੇ ਉਨ੍ਹਾਂ ਦੀ ਪੁੱਠੀ ਮਤ ਦੀ ਫੱਟੀ ਪੜ੍ਹਣ ਲੱਗੇ। ਇਹ ਜਾਣਦਿਆਂ ਹੋਇਆਂ ਵੀ ਕਿ ਹਥਿਆਰ ਕਿਸੇ ਦੇ ਯਾਰ ਨਹੀਂ ਹੁੰਦੇ, ਉਹ ਹਥਿਆਰ ਚਲਾਉਣ ਦੀ ਟ੍ਰੇਨਿੰਗ ਲੈਣ ਲਈ ਸਰਹੱਦ ਪਾਰ ਚਲੇ ਗਏ। ਸਰਹੱਦ ਟੱਪਣ ਵਾਲਿਆਂ ਵਿਚ ਸਲਾਮ ਪੰਡਿਤ ਵੀ ਸ਼ਾਮਿਲ ਸੀ, ਜਿਹੜਾ ਆਪਣੇ ਮਾਂ-ਪਿਉ ਦਾ ਇਕੱਲਾ ਪੁੱਤਰ ਸੀ ਤੇ ਪੀਰਾਂ ਫ਼ਕੀਰਾਂ ਦੀ ਤੁਫੈਲ ਅਲਾ ਸਾਈਂ ਨੇ ਇਹ ਮਿੱਠਾ ਫਲ ਉਨ੍ਹਾਂ ਨੂੰ ਦਿੱਤਾ ਸੀ।

ਉੱਥੇ ਉਨ੍ਹਾਂ ਨੂੰ ਨੀਲਮ ਘਾਟੀ ਵਿਚ ਲਗਾਏ ਗਏ ਇਕ ਤਰਬੀਤੀ ਕੈਂਪ ਵਿਚ ਘੱਲਿਆ ਗਿਆ। ਟ੍ਰੇਨਿੰਗ ਸ਼ੁਰੂ ਹੋਈ। ਹਥਿਆਰ ਚਲਾਣ ਦੇ ਨਾਲ-ਨਾਲ ਇਸਲਾਮ ਦੇ ਨਵੇਂ ਅਰਥ ਸਮਝਾਏ ਜਾਣ ਲੱਗੇ। ਕੱਟੜਵਾਦ ਦੇ ਮੰਤਰ ਰਟਾਏ ਜਾਣ ਲੱਗੇ। ਜੰਨਤ ਦੇ ਖਾਬ ਤੇ ਦੋਜ਼ਖ਼ ਦੇ ਅਜ਼ਾਬ ਦੀਆਂ ਕਹਾਣੀਆਂ ਸੁਣਾਈਆਂ ਜਾਣ ਲੱਗੀਆਂ। ਸ਼ਹੀਦ ਤੇ ਗਾਜ਼ੀ ਦੇ ਸਬਕ ਪੜ੍ਹਾਏ ਜਾਣ ਲੱਗੇ। ਕਾਫਰ ਤੇ ਮੋਮਨ ਦਾ ਫ਼ਕਰ ਬਿਆਨ ਕੀਤਾ ਜਾਣ ਲੱਗਾ। ਪਰ ਸਲਾਮ ਪੰਡਿਤ ਨੇ ਤਾਂ ਰੂਹ ਤੇ ਕਲਬੂਤ ਦਾ ਪਾਠ ਪੜ੍ਹਿਆ ਸੀ। ਇਰਫ਼ਾਨ ਦੇ ਗਿਆਨ ਵਿਚ ਅੱਖਾਂ ਖੋਲ੍ਹੀਆਂ ਸਨ। ਉਹਦੇ ਅੰਤਰ ਮਨ ਵਿਚ ਸੂਫ਼ੀ, ਰਿਸ਼ੀ ਤੇ ਸੰਤ ਫ਼ਕੀਰਾਂ ਦਾ ਵਾਸਾ ਸੀ। ਉਹ ਤੇ ਸਿਰਫ਼ ਉਨ੍ਹਾਂ ਫ਼ੌਜੀਆਂ ਨਾਲ ਬਦਲਾ ਲੈਣਾ ਚਾਹੁੰਦਾ ਸੀ, ਜਿਨ੍ਹਾਂ ਉਸ ਦੀ ਭੈਣ ਤੇ ਮਾਂ ਦੀ ਪੱਤ ਲੁੱਟੀ ਸੀ। ਨਹੀਂ ਤਾਂ ਉਸ ਨੂੰ ਖਾੜਕੂ ਬਣਨ ਦਾ ਉੱਕਾ ਕੋਈ ਚਾਹ ਨਹੀਂ ਸੀ। ਉਹ ਛੇਤੀ ਹੀ ਉੱਥੇ ਅਵਾਜ਼ਾਰ ਹੋ ਗਿਆ। ਕੈਂਪ ਵਿਚ ਫ਼ੌਜੀਆਂ ਤੋਂ ਛੁਟ ਮੌਲਵਾਣੇ ਵੀ ਆਉਂਦੇ ਸਨ ਤੇ ਸਿੱਧੀਆਂ ਪੁੱਠੀਆਂ ਪੱਟੀਆਂ ਪੜ੍ਹਾਂਦੇ ਸਨ। ਸਲਾਮ ਪੰਡਿਤ ਨੂੰ ਕੈਂਪ ਦਾ ਮਾਹੌਲ ਵੇਖ ਕੇ ਸਮਝ ਆ ਗਏ ਸੀ

ਕਿ ਇੱਥੇ, 'ਬਾਹਰੋਂ ਬੀਬੀਆਂ ਦਾੜ੍ਹੀਆਂ ਪਰ ਅੰਦਰੋਂ ਕਾਲੇ ਕਾਂ' ਵਾਲੀ ਗੱਲ ਹੈ । ਇਥੇ ਆਜ਼ਾਦੀ ਦੇ ਨਾਂ 'ਤੇ ਬਰਬਾਦੀ ਦਾ ਸਬਕ ਪੜ੍ਹਾਇਆ ਜਾਂਦਾ ਹੈ । ਸਲਾਮ ਪੰਡਿਤ ਕਈ-ਕਈ ਰਾਤਾਂ ਚੁੱਪ ਦੇ ਜਗਰਾਤੇ ਕਰਦਾ ਰਹਿੰਦਾ ਤੇ ਅਸਮਾਨ ਵੱਲ ਝੂਰਦਾ ਰਹਿੰਦਾ । ਤਰਬੀਤੀ ਕੈਂਪ ਵਿਚ ਰਹਿੰਦਿਆਂ ਹੋਇਆਂ ਵੀ ਉਸਦੀਆਂ ਅੱਖਾਂ ਹਿਜ਼ਰਤ ਕਰਦੀਆਂ ਤੇ ਆਪਣੇ ਘਰ ਦੇ ਗੇੜੇ ਮਾਰਦੀਆਂ । ਮਾਂ-ਪਿਉ ਤੇ ਭੈਣ ਦੀ ਯਾਦ ਆਉਂਦੇ ਹੀ ਉਹਦੇ ਸਾਹ ਕੁਰਲਾਂਦੇ ਤੇ ਅੱਖਾਂ ਨੀਰ ਛਲਕਾਉਂਦੀਆਂ । ਉਹ ਸੋਚਦਾ ਕਿ ਉਹ ਖੂਹ ਵਿਚੋਂ ਨਿਕਲ ਕੇ ਖੱਡੇ ਵਿਚ ਫਸ ਗਿਆ ਹੈ । ਉਨ੍ਹਾਂ ਦੇ ਚਾਲੇ ਵੇਖ ਕੇ ਉਸ ਦੇ ਮਨ ਅੰਦਰ ਘੁੰਮਣ ਘੇਰੀਆਂ ਪੈਂਦੀਆਂ ਕਿਉਂ ਜੇ ਇਥੇ ਜੇਹੀ ਸੰਗਤ ਸੀ ਤੇਹੀ ਰੰਗਤ ਸੀ, ਜਿਹੜੀ ਸਲਾਮ ਪੰਡਿਤ ਨੇ ਪਹਿਲਾਂ ਕਦੇ ਨਹੀਂ ਸੀ ਵੇਖੀ । ਇਥੇ ਸਲਾਮ ਪੰਡਿਤ ਨੂੰ ਲੋਕਾਂ ਦੇ ਘਰ ਸਾੜ ਕੇ ਅੱਗ ਸੇਕਣ ਵਾਲੀ ਮਖ਼ਲੂਕ ਮਿਲੀ । ਉਨ੍ਹਾਂ ਨੂੰ ਕੌਣ ਸਮਝਾਂਦਾ ਜਿਹੜੇ ਹਥਿਆਰ ਫੱਟ ਮਾਰਦੇ ਨੇ ਉਨ੍ਹਾਂ ਨੂੰ ਅਖ਼ੀਰ ਜ਼ੰਗ ਲੱਗ ਜਾਂਦਾ ਹੈ । ਸਲਾਮ ਲਈ ਬੜੇ ਔਖੇ ਦੇਹਾੜ ਆਏ ਸਨ । ਦੁੱਖਾਂ ਦੀ ਸੁਨਾਮੀ ਵਿਚ ਉਹ ਡੁੱਬ ਮਰਿਆ ਸੀ । ਉਸਦਾ ਮਨ ਕੈਂਪ 'ਚੋਂ ਉਚਾਟ ਹੋ ਗਿਆ ਸੀ । ਉਹ ਆਪਣਿਆਂ ਸਾਥੀਆਂ ਨੂੰ ਕਹਿਣ ਲੱਗਾ ਕਿ ਉਹ ਕੈਂਪ ਛੱਡ ਕੇ ਵਾਪਿਸ ਆਪਣੇ ਘਰ ਪਰਤਣਾ ਚਾਹੁੰਦਾ ਹੈ । ਇਸ ਗੱਲ ਦਾ ਪਤਾ ਜਦ ਕੈਂਪ ਕਮਾਂਡਰ ਤੇ ਏਜੰਸੀਆਂ ਨੂੰ ਲੱਗਾ ਤਾਂ ਉਹ ਸਲਾਮ ਪੰਡਿਤ ਨੂੰ ਅੱਤ ਭੈੜੇ ਅੱਖਰਾਂ ਦੇ ਪੱਥਰ ਮਾਰਨ ਲੱਗੇ । ਗਾਲ੍ਹਾਂ ਦੇ ਫੱਟ ਉਹਦਾ ਕਲੇਜਾ ਸਾੜਣ ਲੱਗੇ ਪਰ ਉਹ ਕੈਂਪ ਤੋਂ ਭੱਜਣ ਦਾ ਮਨ ਬਣਾ ਚੁੱਕਾ ਸੀ ਕਿਉਂਕਿ ਉਨ੍ਹਾਂ ਨਾਲ ਰਹਿ ਕੇ ਵੀ ਉਹ ਇਕੱਲਾ ਰਹਿੰਦਾ ਸੀ ਤੇ ਰਾਤਾਂ ਨੂੰ ਜਾਗ ਜਾਗ ਕੇ ਰੋਂਦਾ ਰਹਿੰਦਾ । ਉਹਦੇ ਮਨ ਦੀ ਮਿੱਟੀ ਗਿੱਲੀ ਤੇ ਚਿੱਕੜ ਭਰੀ ਹੋ ਗਈ ਸੀ । ਅਗਲੀ ਸਵੇਰੇ ਫ਼ਜਲ ਵੇਲੇ ਉਹ ਕੈਂਪ ਨੂੰ ਛੱਡ ਕੇ ਸ਼ਾਰਦਾ ਵੱਲ ਜਾਣ ਦੀ ਤਿਆਰੀ ਕਰਨ ਲੱਗਾ ਤਾਂ ਜੇ ਉਹ ਕਿਸ਼ਨ ਗੰਗਾ ਨੂੰ ਪਾਰ ਕਰਕੇ ਟੀਟਵਾਲ ਦੇ ਜੰਗਲਾਂ ਵਿਚ ਲੁਕ ਕੇ ਰਾਤ ਹੋਣ ਦੀ ਉਡੀਕ ਕਰ ਸਕੇ ਪਰ ਉਸੇ ਦਿਨ ਇਕ ਹੋਰ ਜੱਥਾ, ਗਾਇਡ ਦੀ ਅਗਵਾਈ ਵਿਚ ਕੈਂਪ ਪਹੁੰਚਿਆ ਸੀ । ਉਨ੍ਹਾਂ ਵਿਚੋਂ ਇਕ ਮੁੰਡੇ ਨੇ ਸਲਾਮ ਨੂੰ ਉਹਦੇ ਪਿਉ ਦੀ ਚਿੱਠੀ ਦਿੱਤੀ ਜਿਸ ਵਿਚ ਲਿਖਿਆ ਸੀ ਕਿ ਉਹ ਵਾਪਿਸ ਘਰ ਪਰਤਣ ਲਈ ਬਿਲਕੁਲ ਨਾ ਸੋਚੇ ਕਿਉਂ ਜੇ ਪੁਲਿਸ ਤੇ ਫ਼ੌਜੀ ਮੁਸ਼ਕੀ ਕੁੱਤਿਆਂ ਨੂੰ ਲੈ ਕੇ ਉਹਨੂੰ ਢੂੰਡ ਰਹੇ ਨੇ । ਸਰਹੱਦ ਟਪਦਿਆਂ ਸਾਰ ਹੀ ਖ਼ਬਰੀ ਤੇ ਇਖਵਾਨੀ ਉਹਦੀ ਦੱਸ ਪਾ ਦੇਣਗੇ, ਇਸ ਲਈ ਉਹ ਘਰ ਆਉਣ ਦੀ ਭੁੱਲ ਹਰਗਿਜ਼ ਨਾ ਕਰੇ । ਉਹ ਮੁੰਡਾ ਸਲਾਮ ਦਾ ਗਵਾਂਢੀ ਸੀ । ਉਹਦੇ ਸਲਾਮ ਨੂੰ ਦੱਸਿਆ ਕਿ ਪੁਲਿਸ ਉਹਦੇ ਪਿਉ ਨੂੰ ਕਈ ਵਾਰੀ ਫੜ ਕੇ ਲੈ ਗਈ ਸੀ ਤੇ ਉਹਦਾ ਅਤਾ-ਪਤਾ ਪੁੱਛਦੀ ਸੀ। ਉਸਦੇ ਪਿਉ ਨੂੰ ਤਸੀਹੇ ਵੀ ਦਿੱਤੇ ਗਏ ਤੇ ਉਨ੍ਹਾਂ ਦਾ ਜੀਣਾ ਔਖਾ ਬਣਾ ਦਿੱਤਾ ਗਿਆ ਹੈ । ਖ਼ਬਰੀ, ਇਖਵਾਨੀ ਤੇ ਖ਼ੁਫ਼ੀਆ ਅਦਾਰੇ ਉਸਦੀ ਖੋਜ ਵਿਚ ਥਾਂ-ਥਾਂ ਛਾਪੇ ਮਾਰਦੇ ਰਹਿੰਦੇ ਨੇ । ਇਸ ਲਈ ਵਾਪਿਸ ਜਾਣਾ ਮੌਤ ਨੂੰ ਬੁਲਾਣਾ ਹੈ ।

ਸਲਾਮ ਪੰਡਿਤ ਬੜਾ ਨਿੰਮੋਝਾਣ ਤੇ ਪਰੇਸ਼ਾਨ ਸੀ । ਉਸ ਨੂੰ ਆਪਣੇ ਘਰ ਵਾਲਿਆਂ ਦੀ ਫ਼ਿਕਰ ਲੱਗੀ ਹੋਈ ਸੀ ਪਰ ਉਹ ਕੁਝ ਨਹੀਂ ਸੀ ਕਰ ਸਕਦਾ । ਉਹ ਆਪਣੀ ਉਜੜੀ ਝੌਂਕ ਨੂੰ ਮੁੜ ਆਬਾਦ ਕਰਨਾ ਚਾਹੁੰਦਾ ਸੀ । ਮਾਂ-ਪਿਉ ਦਾ ਸਹਾਰਾ ਬਣਨਾ ਚਾਹੁੰਦਾ ਸੀ । ਆਪਣੀ ਜੰਨਤ ਵਿਚੋਂ ਹਿੰਸਾ, ਖ਼ੌਫ਼, ਡਰ, ਬੇਬਸੀ ਤੇ ਨਾਇਨਸਾਫ਼ੀ ਨੂੰ ਖ਼ਤਮ ਕਰਨਾ ਚਾਹੁੰਦਾ ਸੀ । ਉਹ ਨਹੀਂ ਸੀ ਚਾਹੁੰਦਾ ਕਿ ਸਰਹੱਦ ਪਾਰ ਆ ਕੇ ਆਪਣੀ ਜ਼ਮੀਨ ਨਾਲ ਉਸਦੇ ਰਿਸ਼ਤੇ ਗਵਾਚ ਜਾਣ ਕਿਉਂ ਜੇ ਕੰਧ ਓਹਲੇ ਪਰਦੇਸ ਹੀ ਤਾਂ ਹੁੰਦਾ ਹੈ । ਇਸ ਲਈ ਉਹ ਛੇਤੀ ਤੋਂ ਛੇਤੀ ਆਪਣਿਆਂ ਰਿਸ਼ਤਿਆਂ



ਦੀ ਡੋਰ ਨੂੰ ਫੜਣਾ ਚਾਹੁੰਦਾ ਸੀ ਪਰ ਪਿਉ ਦੀ ਚਿੱਠੀ ਨੇ ਉਸਦੀ ਆਸ ਦੀ ਘੜੋਲੀ ਭੰਨ ਛੱਡੀ ਸੀ । ਪਰ ਇਹ ਗੱਲ ਪੱਕੀ ਸੀ ਕਿ ਉਹ ਕੈਂਪ ਵਿਚ ਬਿਲਕੁਲ ਨਹੀਂ ਸੀ ਰਹਿਣਾ ਚਾਹੁੰਦਾ । ਉਹਨੂੰ ਪਤਾ ਸੀ ਕਿ ਅੱਤ ਤੇ ਰੱਤ ਦਾ ਵੈਰ ਭੈੜਾ ਹੁੰਦਾ ਹੈ ਤਾਹੀਉਂ ਮੌਕਾ ਮਿਲਦਿਆਂ ਹੀ ਉਹ ਆਪਣੇ ਕੈਂਪ ਵਿਚੋਂ ਭੱਜ ਗਿਆ ਤੇ ਸਾਰੀ ਰਾਤ ਚਲਦਾ ਰਿਹਾ ਤੇ ਸਰਘੀ ਵੇਲੇ ਉਹ ਤੰਬੋਲੀ ਕਸਬੇ ਵਿਚ ਪਹੁੰਚ ਗਿਆ । ਉੱਥੇ ਉਸ ਦੀ ਮਿਲਣੀ ਇਕ ਮੁਟਿਆਰ ਨਾਲ ਹੋਈ ਜਿਹੜੀ ਬੱਚਿਆਂ ਦੇ ਸਕੂਲ ਵਿਚ ਪੜ੍ਹਾਉਂਦੀ ਸੀ । ਸਲਾਮ ਪੰਡਿਤ ਨੇ ਉਸ ਨੂੰ ਆਪਣੀ ਸਾਰੀ ਕਹਾਣੀ ਸੁਣਾਈ । ਗੋਰਾ, ਚਿੱਟਾ ਸੋਹਣਾ ਤੇ ਸ਼ਨਾਕਾ ਗੱਭਰੂ ਵੇਖ ਕੇ ਉਸ ਮੁਟਿਆਰ ਨੂੰ ਸਲਾਮ 'ਤੇ ਤਰਸ ਆ ਗਿਆ । ਉਹ ਉਸ ਨੂੰ ਆਪਣੇ ਘਰ ਲੈ ਆਈ । ਉਸਦਾ ਨਾਂ ਜ਼ੈਨਬ ਸੀ ਤੇ ਉਸਦੇ ਪਿਉ ਦਾ ਨਾਂ ਰਹੀਮ ਬਖ਼ਸ਼ । ਰਹੀਮ ਬਖ਼ਸ਼ ਨੇ ਕੁਝ ਸਿਆਸੀ ਸਿਫ਼ਾਰਸ਼ਾਂ ਤੇ ਕੁਝ ਪੈਸੇ ਦੀ ਬਾਰਸ਼ਾਂ ਨਾਲ ਸਲਾਮ ਪੰਡਿਤ ਦੀ ਖਲਾਸੀ ਕਰਾਈ । ਉਸ ਨੇ ਕਾਰੋਬਾਰ ਕਰਨ ਲਈ ਸਲਾਮ ਦੀ ਚੋਖੀ ਸਹਾਇਤਾ ਕੀਤੀ । ਰਹੀਮ ਬਖ਼ਸ਼ ਦੀ ਸਲਾਹ ਨਾਲ ਸਲਾਮ ਨੇ ਤੰਬੋਲੀ ਵਿਚ ਹੀ ਆਪਣੀ ਦੁਕਾਨ ਖੋਲ੍ਹ ਲਈ, ਜਿਸ ਵਿਚ ਕਰਿਆਨਾ, ਕਪੜਾ ਤੇ ਆਮ ਇਸਤੇਮਾਲ ਦੀਆਂ ਦੂਜੀਆਂ ਚੀਜ਼ਾਂ ਵੇਚਣ ਲਈ ਰੱਖੀਆਂ ਗਈਆਂ ਸਨ । ਸਲਾਮ ਪੰਡਿਤ ਦਾ ਕੰਮ ਹੌਲੀ-ਹੌਲੀ ਚੱਲਣ ਲੱਗਾ ਅਤੇ ਬਾਣੀਆਂ ਦੇ ਇਸ ਅਖਾਣ 'ਤੇ ਪੂਰਾ ਉਤਰਣ ਲੱਗਾ ਕਿ 'ਪਹਿਲੇ ਸਾਲ ਚੱਟੀ, ਦੂਜੇ ਸਾਲ ਹੱਟੀ ਤੇ ਤੀਜੇ ਸਾਲ ਖੱਟੀ ।' ਸਲਾਮ ਦੀ ਦੁਕਾਨ ਹੁਣ ਖੱਟੀ ਕਰ ਰਹੀ ਸੀ । ਉਹ ਜ਼ੈਨਬ ਤੇ ਰਹੀਮ ਬਖ਼ਸ਼ ਦਾ ਬੜਾ ਅਭਾਰੀ ਸੀ, ਜਿਨ੍ਹਾਂ ਦੀ ਮੁਹੱਬਤ ਤੇ ਸ਼ਫ਼ਕਤ ਤੇ ਮਾਇਕ ਸਹਾਇਤਾ ਨਾਲ ਸਲਾਮ ਆਪਣੇ ਪੈਰਾਂ 'ਤੇ ਖੜਾ ਹੋ ਸਕਿਆ ਸੀ । ਸਲਾਮ ਅਕਸਰ ਉਨ੍ਹਾਂ ਦੇ ਘਰ ਜਾਂਦਾ । ਜ਼ੈਨਬ ਨਾਲ ਮਿਲ ਕੇ ਉਸ ਨੂੰ ਬੜਾ ਸਕੂਨ ਮਿਲਦਾ। ਆਹਿਸਤਾ ਆਹਿਸਤਾ ਨਿੱਘ ਦਾ ਇਹ ਰਿਸ਼ਤਾ ਰਿਸ਼ਤੇਦਾਰੀ ਵਿਚ ਬਦਲ ਗਿਆ । ਸਲਾਮ ਤੇ ਜ਼ੈਨਬ ਦਾ ਵਿਆਹ ਹੋ ਗਿਆ ਤੇ ਦੋਵੇਂ ਸੁਖੀ ਜੀਵਨ ਗੁਜ਼ਾਰਨ ਲੱਗੇ । ਉਨ੍ਹਾਂ ਦੇ ਘਰ ਦੋ ਬੱਚੇ ਇਮਰਾਨ ਤੇ ਆਮਿਨਾ ਪੈਦਾ ਹੋਏ । ਦਿਨ ਸੌਖੇ ਲੰਘ ਰਹੇ ਸਨ । ਸਰਹੱਦ ਦੇ ਇਧਰ ਰਹਿੰਦੇ ਹੋਏ ਸਲਾਮ ਨੂੰ ਸਤਾਰਾਂ ਸਾਲ ਹੋ ਚੁੱਕੇ ਸਨ । ਉਹਦੇ ਬੱਚਿਆਂ ਨੇ ਅੱਠਵੀਂ ਤੇ ਦਸਵੀਂ ਪਾਸ ਕਰ ਲਈ ਸੀ । ਸਲਾਮ ਕਈ ਵਾਰੀ ਸਰਹੱਦ ਦੇ ਆਰ-ਪਾਰ ਜਾਣ ਵਾਲਿਆਂ ਖਾੜਕੂਆਂ ਦੇ ਹੱਥ ਆਪਣੇ ਮਾਂ-ਪਿਉ ਨੂੰ ਚਿੱਠੀਆਂ ਘੱਲਦਾ । ਆਪਣੇ ਪਰਿਵਾਰ ਦੇ ਫ਼ੋਟੋ ਭੇਜਦਾ ਤੇ ਉਨ੍ਹਾਂ ਨੂੰ ਲਿਖਦਾ ਕਿ ਉਸ ਲਈ ਹਾਲਾਤ ਸਾਜ਼ਗਾਰ ਬਣਾਏ ਜਾਣ ਤਾਂ ਕਿ ਉਹ ਮੁੜ ਆਪਣੇ ਮਾਂ-ਪਿਉ ਕੋਲ ਆ ਸਕੇ। ਪਰ ਇੰਝ ਨਹੀਂ ਸੀ ਹੋ ਸਕਿਆ ।

ਇਕ ਦਿਨ ਸਲਾਮ ਤੇ ਜ਼ੈਨਬ ਆਪਣੇ ਕਿਸੇ ਸਾਕ ਦੇ ਮਰਨੇ 'ਤੇ ਮਾਤਮ ਪੁਰਸ਼ੀ ਲਈ ਲਿਪਾਵਾਦੀ ਗਏ ਸਨ । ਵਾਪਸੀ 'ਤੇ ਪੁਲਿਸ ਨੇ ਸਲਾਮ ਪੰਡਿਤ ਨੂੰ ਫੜ ਲਿਆ ਤੇ ਥਾਣੇ ਲੈ ਗਈ। ਥਾਣੇ ਤੋਂ ਉਸ ਨੂੰ ਮੁਜ਼ੱਫਰਾਬਾਦ ਦੇ ਤਫ਼ਤੀਸ਼ੀ ਸੈਂਟਰ ਲੈ ਜਾਇਆ ਗਿਆ । ਰਹੀਮ ਬਖ਼ਸ਼ ਤੇ ਜ਼ੈਨਬ ਪੁਲਿਸ ਦੇ ਵੱਡੇ ਅਫ਼ਸਰ ਤੇ ਡਿਪਟੀ ਕਮਿਸ਼ਨਰ ਨੂੰ ਮਿਲੇ ਤੇ ਸਲਾਮ ਪੰਡਿਤ ਦੀ ਬੇਗੁਨਾਹੀ ਦੇ ਸਬੂਤ ਦੇਣ ਲੱਗ ਪਰ ਉਨ੍ਹਾਂ ਦੀ ਕਿਸੇ ਨਾ ਸੁਣੀ । ਜ਼ੈਨਬ ਨੇ ਹਾਕਮਾਂ ਦੇ ਬੂਹੇ ਖੜਕਾਏ ਪਰ ਕੁਝ ਨਾ ਬਣਿਆ । ਤਫ਼ਤੀਸ਼ੀ ਕੇਂਦਰ ਵਿਚ ਸਲਾਮ ਨੂੰ ਬੜੇ ਤਸੀਹੇ ਦਿੱਤੇ ਗਏ । ਉਸਦੇ ਗੁੱਟ ਤੇ ਗੋਡੇ ਤੋੜ ਛੱਡੇ । ਉਸ ਨੂੰ ਡਾਢ੍ਹਾ ਫੱਟੜ ਕਰ ਦਿੱਤਾ ਸੀ । ਜਿਸ ਕਰਕੇ ਉਸਨੂੰ ਇਲਾਜ ਲਈ ਖ਼ਲੀਫਾ ਬਿਨ ਜ਼ਿਆਦ ਹਸਪਤਾਲ ਵਿਚ ਲਿਆਂਦਾ ਗਿਆ । ਜਦ ਜ਼ੈਨਬ ਤੇ ਰਹੀਮ ਬਖ਼ਸ਼ ਨੂੰ ਪਤਾ ਚੱਲਿਆ ਤਾਂ ਉਹ ਸਲਾਮ ਨੂੰ ਮਿਲਣ ਹਸਪਤਾਲ ਵਿਚ ਗਏ ਪਰ ਉਨ੍ਹਾਂ ਨੂੰ ਸਲਾਮ ਨਾਲ ਮਿਲਣ ਨਹੀਂ ਦਿੱਤਾ ਗਿਆ ।

ਕੁਝ ਚਿਰ ਮਗਰੋਂ ਜ਼ੈਨਬ ਨੂੰ ਪੱਕੀ ਸੂਹ ਮਿਲੀ ਕਿ ਸਲਾਮ ਪੰਡਿਤ ਨੂੰ ਏਜੰਸੀ ਵਾਲੇ ਰਾਵਲਪਿੰਡੀ ਲੈ ਗਏ ਨੇ । ਜ਼ੈਨਬ ਦੀ ਦੁਨੀਆ ਉੱਜੜ ਗਈ ਸੀ। ਟੁੱਟ ਪੈਣਿਆਂ ਨੇ ਉਸਦੀਆਂ ਅੱਖਾਂ ਵਿਚ ਮਿਹ ਭਰ ਦਿੱਤਾ ਸੀ। ਉਹ ਖ਼ੁਫ਼ੀਆ ਮਹਿਕਮੇ ਦੇ ਹਰ ਅਫ਼ਸਰ ਅੱਗੇ ਸਵਾਲੀ ਬਣੀ ਸੀ ਪਰ ਉਸਦੀ ਆਸ ਖ਼ਾਲੀ ਰਹੀ। ਹਰ ਪਾਸੇ ਉਸਨੂੰ ਵਹਿਸ਼ੀ, ਜ਼ਾਲਮ ਦਰਿੰਦੇ ਹੀ ਮਿਲੇ। ਉਹ ਸੋਚਦੀ ਕਿ ਸ਼ਾਇਦ ਰੱਬ ਸੋਹਣੇ ਬੰਦੇ ਬਣਾਨੇ ਭੁੱਲ ਗਿਆ ਹੈ । ਪੱਤਝੜ ਦੇ ਮੌਸਮ ਨੇ ਉਹਦੇ ਵੇਹੜੇ ਵਿਚ ਡੇਰੇ ਲਾਏ ਸਨ। ਸਲਾਮ ਬਾਝ ਉਹ ਖ਼ਾਕ ਦੀ ਢੇਰੀ ਬਣ ਗਈ। ਉਹਦੇ ਬੱਚੇ ਹੱਸਣਾ ਭੁੱਲ ਗਏ ਸਨ। ਉਸ ਦਾ ਘਰ ਵਿਰਾਨ ਹੋ ਗਿਆ ਸੀ। ਜ਼ਿੰਦਗੀ ਦੇ ਵਿਰਲਾਪ ਨੇ ਜ਼ੈਨਬ ਦੇ ਦਿਲ ਦੀ ਕੁੱਲੀ ਸਾੜ ਛੱਡੀ ਸੀ । ਅਫ਼ਸਰਾਂ ਵੱਲੋਂ ਮੱਕਰ, ਫਰੇਬ, ਜ਼ਿੱਲਤ ਅਤੇ ਨਾਮੋਸ਼ੀ ਉਸਨੂੰ ਨੌਂਹਦਰਾਂ ਮਾਰਦੀ। ਦੁੱਖ ਦਰਦ, ਬਦਬਖ਼ਤੀ ਤੇ ਮੁਹਤਾਜੀ ਰਾਤ ਦਿਨ ਪਰਛਾਵੇਂ ਵਾਂਗ ਉਸਦੇ ਨਾਲ-ਨਾਲ ਟੁਰਦੀ। ਉਹ ਰਾਵਲਪਿੰਡੀ ਗਈ ਤੇ ਖ਼ੁਫ਼ੀਆ ਵਿਭਾਗ ਦੇ ਵੱਡੇ ਅਫ਼ਸਰ ਨੂੰ ਮਿਲੀ ਕੇ ਕਹਿਣ ਲੱਗੀ।

"ਅਸੀਂ ਤੁਹਾਡੀਆਂ ਨਮਾਜ਼ਾਂ ਪੜ੍ਹੀਆਂ ਤੇ ਤੁਸਾਂ ਸਾਡੇ ਲੋਟੇ ਭੰਨੇ। ਪਾਰਲੇ ਹਾਕਮਾਂ ਦੇ ਜ਼ੁਲਮ ਕਾਰਨ ਸਲਾਮ ਬੇਚਾਰਾ ਇੱਧਰ ਭੱਜ ਆਇਆ ਸੀ ਪਰ ਤੁਸਾਂ ਉਸਦੀ ਜ਼ਿੰਦ ਕੜਾਹੀ ਭੱਠੀ 'ਤੇ ਚਾੜ ਕੇ ਸਾੜ ਦਿੱਤੀ। ਉਸ ਨਸੀਬੇ ਸੜੇ ਨੇ ਕੀ ਖੱਟਿਆ ਤੇ ਕੀ ਵਟਿਆ ? ਹਾਕਮ ਦੀ ਸਰਦਾਰੀ ਤਾਂ ਦੋਹਾਂ ਪਾਸੇ ਇਕੋ ਜੇਹੀ ਹੈ।"

"ਬੀਬੀ ! ਉਹਨੇ ਆਪਣਾ ਜ਼ੁਰਮ ਕਬੂਲਿਆ ਹੈ।"

"ਸਰਕਾਰ ! ਡੰਡੇ ਅੱਗੇ ਤਾਂ ਭੂਤ ਵੀ ਨੱਚਦਾ ਹੈ। ਉਸ ਗ਼ਰੀਬੜੇ ਦੀ ਔਕਾਤ ਹੀ ਕੀ ਹੈ ਪਰ ਤੁਹਾਨੂੰ ਸੱਚ ਨੂੰ ਆਦਰ ਦੇਣਾ ਕੌਣ ਸਿਖਾਏ। ਸਾਹਬ ਜੀ ! ਸਲਾਮ ਖਰਾ, ਨਿੱਘਾ ਤੇ ਬੀਬਾ ਬੰਦਾ ਹੈ। ਉਸ ਨੇ ਕਦੇ ਕਾਨੂੰਨ ਦੀ ਨਾਫ਼ੁਰਮਾਨੀ ਨਹੀਂ ਕੀਤੀ। ਉਹ ਮੇਰੇ ਮੱਥੇ ਦਾ ਟਿੱਕਾ ਸੀ। ਅਸੀਂ ਆਪਣੀ ਮਜ਼ੂਰੀ ਕਰਕੇ ਚੂਰੀ ਖਾਂਦੇ ਸਾਂ ਤੇ ਰੱਬ ਸੱਚੇ ਦਾ ਸ਼ੁਕਰਾਨਾ ਪੜ੍ਹਦੇ ਸਾਂ। ਤੁਸਾਂ ਨਾਹੱਕ ਸਲਾਮ ਨੂੰ ਫੜਿਆ ਹੈ। ਸਰਕਾਰ ! ਗ਼ਰੀਬ ਮਸਕੀਨ ਦੇ ਹੰਝ ਤੇ ਬੇੜੀ ਦਾ ਵੰਝ ਪਾਤਾਲ ਨੂੰ ਜਾਂਦਾ ਹੈ। ਇਸ ਲਈ ਰੱਬ ਦਾ ਖ਼ੌਫ਼ ਖਾਓ ਤੇ ਸਲਾਮ ਨੂੰ ਛੱਡ ਦਿਉ। ਉਸਦੇ ਜਾਣ ਮਗਰੋਂ ਸਾਡੇ ਘਰ ਵਿਚ ਭੁੱਖ ਨੱਚਣ ਲੱਗੀ ਹੈ। ਨਾ ਚੁਲ੍ਹੇ ਅੱਗ ਹੈ, ਨਾ ਘੜੇ ਪਾਣੀ। ਇਹ ਜੇ ਸਾਡੀ ਜ਼ਿੰਦਗਾਨੀ। ਸਾਹਿਬ ਜੀ ! ਜਿਊਂਦਿਆਂ ਬੰਦਿਆਂ 'ਤੇ ਮਿੱਟੀ ਨਹੀਂ ਪਾਈ ਦੀ। ਤੁਸੀਂ ਭਾਵੇਂ ਪੱਗ ਬਣੋ ਜਾਂ ਪਟਕਾ ਪਰ ਦੁਨੀਆਂ ਚਾਰ ਦਿਨਾਂ ਦਾ ਲਟਕਾ ਹੈ। ਫੇਰ ਸਾਰਿਆਂ ਕਬਰੀਂ ਪੈਣਾ ਹੈ। ਇਹ ਕੂੜ ਸਿਆਪੇ ਸਭ ਮੁਕ ਜਾਣਗੇ। ਸਿਰਫ਼ ਰੱਬ ਦਾ ਨਾਂ ਰਹਿਣਾ ਹੈ। ਸਾਡੇ ਇੱਥੇ ਮੁਸਲਮਾਨ ਲੁੱਟ, ਖਸੁੱਟ ਤੇ ਫੁੱਟ 'ਚ ਪੈ ਗਏ ਨੇ ਅਤੇ ਇਸਲਾਮ ਕਿਤਾਬਾਂ ਵਿਚ ਕੈਦ ਹੋ ਗਿਆ ਹੈ। ਕਿਸੇ ਅੱਗੇ ਫਰਿਆਦ ਕਰੀਏ। ਭਲਾ ਅੱਕ ਦੇ ਬੂਟੇ ਨੂੰ ਵੀ ਕਦੇ ਸ਼ਹਿਦ ਲੱਗਿਆ ਹੈ ਪਰ ਜਦ ਤੀਕਰ ਮੇਰੇ ਦਮ ਵਿਚ ਦਮ ਹੈ ਮੈਂ ਦਮ ਨਹੀਂ ਹਾਰਾਂਗੀ ਜਦ ਦਮ ਨਹੀਂ ਰਹੇਗਾ ਫਿਰ ਕਾਹਦਾ ਗ਼ਮ। ਸਰਕਾਰ! ਤੁਸਾਂ ਇਕ ਗੱਲ ਮੈਨੂੰ ਸਮਝਾ ਦਿੱਤੀ ਹੈ ਕਿ ਜਬਰ ਅੱਗੇ ਸਬਰ ਬਗ਼ੈਰ ਕੋਈ ਚਾਰਾ ਨਹੀਂ ਪਰ ਮੇਰੀ ਗੱਲ ਵੀ ਯਾਦ ਰੱਖਿਓ ਕਿ ਕਿਆਮਤ ਵਾਲੇ ਦਿਨ ਮੈਦਾਨ-ਏ-ਹਜ਼ਰ ਵਿਚ ਤੁਹਾਡਾ ਗਿਰੇਬਾਨ ਮੇਰੇ ਹੱਥ ਵਿਚ ਹੋਵੇਗਾ।"

"ਬੀਬੀ ! ਬਹੁਤਾ ਬਕਵਾਸ ਨਾ ਕਰ । ਤੇਰੇ ਖ਼ਸਮ ਨੇ ਇਹ ਗੱਲ ਲਿਖਤੀ ਰੂਪ ਵਿਚ ਮੰਨੀ ਹੈ ਕਿ ਉਹ ਦੁਸ਼ਮਣ ਦੇਸ਼ ਦਾ ਏਜੰਟ ਹੈ। ਉਸਦੀ ਮੁਖ਼ਬਰੀ ਕਾਰਨ ਸਾਡੇ ਕਈ ਮੁਜਾਹਿਦ ਸ਼ਹੀਦ ਹੋਏ ਨੇ। ਇਸ ਲਈ ਅਸੀਂ ਸਲਾਮ ਪੰਡਿਤ ਨੂੰ ਨਹੀਂ ਛੱਡ ਸਕਦੇ।"



ਇਹ ਗੱਲ ਸੁਣ ਕੇ ਜ਼ੈਨਬ ਬੜੀ ਹੈਰਾਨੀ ਹੋਈ ਤੇ ਕਹਿਣ ਲੱਗੀ,

"ਪਰ ਸਾਹਿਬ ਜੀ ! ਜੇ ਉਹ ਦੁਸ਼ਮਣ ਦੇਸ਼ ਦਾ ਏਜੰਟ ਤੇ ਜਾਸੂਸ ਹੈ ਤਾਂ ਉਨ੍ਹਾਂ ਸਲਾਮ ਪੰਡਿਤ ਨੂੰ ਜ਼ਿੰਦਾ ਜਾਂ ਮੁਰਦਾ ਫੜਨ ਲਈ ਦਸ ਲੱਖ ਰੁਪਏ ਦਾ ਇਨਾਮ ਕਿਉਂ ਰੱਖਿਆ ਹੋਇਆ ਹੈ।"

ਜ਼ੈਨਬ ਦਾ ਤਰਕ ਸੁਣ ਕੇ ਖ਼ੁਫ਼ੀਆ ਅਦਾਰੇ ਦਾ ਅਫ਼ਸਰ ਹੱਕਾ-ਬੱਕਾ ਹੋ ਗਿਆ ਤੇ ਗ਼ੌਰ ਨਾਲ ਉਸ ਵੱਲ ਵੇਖਣ ਲੱਗਾ ਤੇ ਫੇਰ ਬੋਲਿਆ :

"ਮੈਂ ਇਸ ਕੇਸ ਦੀ ਇੰਕੁਆਇਰੀ ਮੁੜ ਆਪ ਕਰਾਂਗਾ ਪਰ ਸਾਡੇ ਖ਼ਬਰੀ ਗ਼ਲਤ ਰਿਪੋਰਟ ਨਹੀਂ ਦੇ ਸਕਦੇ।"

ਕਰਮਾਂ ਸੜੀ ਜ਼ੈਨਬ ਆਪਣਾ ਸਭ ਕੁਝ ਹਾਰ ਕੇ ਉੱਠੀ ਤੇ ਬੇਵਸ ਹੋ ਕੇ ਜਾਂਦਿਆਂ-ਜਾਂਦਿਆਂ ਕਹਿ ਗਈ।

"ਆਹੋ ਸਾਹਿਬ ਜੀ ! ਦੋਹਾਂ ਪਾਸੇ ਖ਼ਬਰੀ ਹੀ ਸੱਚ ਬੋਲਦੇ ਨੇ, ਬਾਕੀ ਸਭ ਝੂਠੇ.....।"

---


## ਨਵਯੁਗ ਪਬਲਿਸ਼ਰਜ਼, ਦਿੱਲੀ ਦੀਆਂ ਨਵੀਆਂ ਪੁਸਤਕਾਂ

ਆਰਸੀ ਤੇ ਸੁਖਬੀਰ

ਪਾਕਿਸਤਾਨੀ ਪੰਜਾਬੀ 51 ਕਹਾਣੀਆਂ/ਡਾ. ਹਰਬੰਸ ਸਿੰਘ ਧੀਮਾਨ

ਬਾਕੀ ਸਫ਼ਾ 5 'ਤੇ/ਰੂਪ ਸਿੰਘ

ਜ਼ਨਾਨੀ ਪੌਦ/ਕੇਸਰਾ ਰਾਮ

ਪਿਆਰ ਤੇ ਪਰਿਵਾਰ/ਹਰਿਭਜਨ ਸਿੰਘ

ਸਾਹਿਲ/ਸਾਥੀ ਲੁਧਿਆਣਵੀ

ਝੂਠ ਦੇ ਆਰ-ਪਾਰ/ਬਲਵਿੰਦਰ ਸਿੰਘ ਬਰਾੜ

ਰੰਗ ਮੰਚ ਦਾ ਬਾਦਸ਼ਾਹ ਬਲਵੰਤ ਗਾਰਗੀ/ਵਰਿਆਮ ਮਸਤ

'ਲਾਲਾ' ਧਰਤੀ ਦਾ ਲਾਲ/ਸੇਰਜਿਓ ਸਕੈਪਾਗਨਿਨੀ

ਰਮਤਾ ਯੋਗੀ ਤੇ ਹੋਰ ਨਿੱਕੇ ਨਾਵਲ/ਗੁਲਜ਼ਾਰ ਸਿੰਘ ਸੰਧੂ

ਕਹਾਣੀਆਂ ਦੇ ਅੰਗ-ਸੰਗ/ਜਿੰਦਰ

# ਇਕ ਛੋਟੀ ਜਿਹੀ ਬੇ-ਵਫ਼ਾਈ/ ਜਸਵੀਰ ਰਾਣਾ

ਬਾਕੀ ਸਭ ਨੇ ਸਿਵੇ ਵਿਚ ਡੱਕੇ ਤੋੜ ਕੇ ਸਿੱਟ ਦਿੱਤੇ ਸਨ। ਪਰ ਮੈਂ ਨਹੀਂ ਸੀ ਸਿੱਟ ਸਕਿਆ।

ਜੇਕਰ ਸਿਵੇ ਵਿਚ ਡੱਕਾ ਤੋੜ ਕੇ ਸਿੱਟਣ ਨਾਲ ਮਰਨ ਵਾਲੇ ਨਾਲੋਂ ਰਿਸ਼ਤਾ ਟੁੱਟ ਜਾਂਦਾ, ਤਾਂ ਹਰਮੀਤ ਅੱਜ ਵੀ ਮੇਰੇ ਅੰਦਰ ਕਿਉਂ ਜਿਉਂਦਾ ਸੀ!

ਉਹ ਤਾਂ ਉਸ ਦਿਨ ਵੀ ਨਹੀਂ ਸੀ ਮਰਿਆ ਜਿਸ ਦਿਨ ਉਹਦੀ ਲਾਸ਼ ਮੇਰੇ ਸਾਹਮਣੇ ਸੱਥਰ 'ਤੇ ਪਈ ਸੀ!

ਮੈਂ ਸੁੰਨ ਹੋਇਆ ਬੈਠਾ ਸੀ। ਸੱਥਰ 'ਤੇ ਬੈਠੇ ਰਿਸ਼ਤੇਦਾਰ ਰੋਟੀ ਖਾ ਰਹੇ ਸਨ। ਰੋਟੀ ਵਰਤਾਉਣ ਵਾਲਿਆਂ ਨੇ ਜਿਉਂ ਹੀ ਥਾਲੀ ਮੇਰੇ ਅੱਗੇ ਰੱਖੀ। ਮੇਰੀ ਰੂਹ ਕੰਬ ਉੱਠੀ, "ਨਹੀਂ!...ਮੈਂ ਨੀ ਖਾਣੀ...!"

"ਲੈ ਹੈਅ!...ਖਾਣੀ ਕਿਉਂ ਨੀ!... ਮਰਿਆਂ ਹੋਇਆਂ ਨਾਲ ਮਰਿਆ ਥੋੜ੍ਹੀ ਜਾਂਦਾ!....ਜਿੰਨੀ ਕੁ ਲੋੜ ਐ ਖਾ ਲੈ...!" ਦਾਗ ਲਵਾਉਣ ਆਈ ਸਾਕਾਦਾਰੀ ਸਮਝੌਤੀਆਂ ਦੇਣ ਲੱਗੀ।

ਮੈਂ ਅੱਖਾਂ ਵਿਚੋਂ ਹੰਝੂ ਪੂੰਝਣ ਲੱਗਾ, "ਪਰ ਕੋਈ ਇਹ ਤਾਂ ਸਮਝਾਉ ਕਿ ਲਾਸ਼ ਕੋਲ ਬੈਠ ਕੇ ਰੋਟੀ ਖਾਧੀ ਕਿਵੇਂ ਜਾਂਦੀ ਐ...!!"

"ਲਓ ਰੋਟੀ ਖਾ ਲੋ!...ਚਿੰਤਾ ਨਾ ਕਰੋ!...ਲੱਭ ਜੂ ਰਿਸ਼ਤਾ ਵੀ....!" ਰਵਨੀਤ ਦੀ ਆਵਾਜ਼ ਸੁਣ ਖਿਆਲਾਂ ਦੀ ਤੰਦ ਟੁੱਟ ਗਈ।

ਉਹ ਰੋਟੀ ਵਾਲੀ ਥਾਲੀ ਚੁੱਕੀਂ ਖੜ੍ਹੀ ਸੀ। ਉਸ ਦਾ ਚਿਹਰਾ ਹਰਮੀਤ ਵਰਗਾ ਸੀ। ਜਦੋਂ ਉਹ ਮੇਰੇ ਚਿਹਰੇ ਉਪਰ ਭਰਾ ਦੀ ਮੌਤ ਦੇ ਖਿਆਲ ਵੇਖਦੀ। ਉਸ ਦੀਆਂ ਅੱਖਾਂ ਵਿਚ ਮੋਏ ਸੁਪਨਿਆਂ ਦੀ ਚਿਖ਼ਾ ਬਲ਼ਣ ਲੱਗਦੀ। ਆਪਣੀਆਂ ਅੱਖਾਂ ਵਿਚੋਂ ਧਿਆਨ ਹਟਾਉਣ ਲਈ ਉਹ ਘੂਰੀ ਵੱਟ ਹੱਸੀ, "ਲਓ ਹੁਣ ਫੜੋ ਵੀ...!"

ਥਾਲੀ ਵਾਲਾ ਹੱਥ ਪਿੱਛੇ ਕਰ ਉਸ ਨੇ ਆਪਣਾ ਗੋਰਾ ਹੱਥ ਅੱਗੇ ਕਰ ਦਿੱਤਾ। ਉਸ ਦਾ ਹੱਥ ਫੜ ਮੈਂ ਉਦਾਸ ਮਨ ਨਾਲ ਰੋਟੀ ਵਾਲੀ ਥਾਲੀ ਫੜ ਲਈ। ਮੈਨੂੰ ਖੁਸ਼ ਕਰਨ ਲਈ ਉਹ ਤਿਰਛਾ ਜਿਹਾ ਮੁਸਕਰਾਈ, "ਵੇਖੀਂ ਰਿਸ਼ਤਾ ਲੱਭ-ਲੱਭ ਥੋਡਾ ਤਾਂ ਚਿਹਰਾ ਵੀ 'ਵਰ ਦੀ ਲੋੜ' ਵਰਗੇ ਇਸ਼ਤਿਹਾਰ ਵਰਗਾ ਹੋ ਗਿਆ...!"

ਉਸ ਦੀ ਮਸ਼ਕਰੀ ਸੁਣ ਮੈਂ ਹੋਰ ਉਦਾਸ ਹੋ ਗਿਆ। ਮੂੰਹ ਵਿਚ ਪਾਈ ਬੁਰਕੀ ਸੰਘ ਵਿਚ ਅੜ ਗਈ। ਮੈਂ ਰੋਟੀ ਵਾਲੀ ਥਾਲੀ ਵਾਪਿਸ ਮੋੜ ਦਿੱਤੀ, "ਬਸ!...ਹੋਰ ਨੀ ਭੁੱਖ...!"

"ਥੋਡੀ ਭੁੱਖ ਕਿਉਂ ਮਰਗੀ...!" ਮੇਰੀ ਮਰਦੀ ਭੁੱਖ ਵੱਲ ਵੇਖ ਰਵਨੀਤ ਫਿਕਰ ਵਿਚ ਡੁੱਬ ਗਈ।

ਉਹ ਬਹੁਤ ਸੋਹਣੀ ਸੀ। ਜਿਸ ਵਕਤ ਫਿਕਰ ਵਿਚ ਡੁੱਬਦੀ। ਉਹ ਹੋਰ ਵੀ ਸੋਹਣੀ ਹੋ ਜਾਂਦੀ।

ਗੱਲ ਕਰਨ ਦਾ ਸਲੀਕਾ। ਕੰਮ ਕਰਨ ਦਾ ਤਰੀਕਾ। ਉਸ ਦੀ ਹਰ ਅਦਾ ਵਿਚ ਤਹਿਜ਼ੀਬ ਸੀ। ਉਹ ਮੈਨੂੰ ਫੁੱਲਾਂ ਵਾਂਗ ਰੱਖਦੀ। ਜਦੋਂ ਕੋਈ ਜ਼ਿੰਮੇਵਾਰੀ ਨਿਭਾਉਣੀ ਹੁੰਦੀ। ਉਹ ਆਖਦੀ,



"ਜ਼ਿੰਮੇਵਾਰੀ ਇਕੱਲੀ ਕਿਸੇ ਦੀ ਨਹੀਂ ਹੁੰਦੀ!...ਦੋਵਾਂ ਵਿਚੋਂ ਜਿਸ ਨੇ ਵੀ ਨਿਭਾਅ ਦਿੱਤੀ!... ਉਹ ਦੂਜੇ ਪ੍ਰਤੀ ਜ਼ਿੰਮੇਵਾਰ ਹੋ ਜਾਂਦਾ ਐ...!"

"ਸਿਰਫ ਜ਼ਿੰਮੇਵਾਰੀ ਨਿਭਾਉਣ ਦੀ ਗੱਲ ਹੀ ਨਹੀਂ!...ਇਕ ਦੂਜੇ ਪ੍ਰਤੀ ਪਿਆਰ ਪ੍ਰਗਟ ਕਰਨ ਦੇ ਹੋਰ ਵੀ ਬਹੁਤ ਤਰੀਕੇ ਹੁੰਦੇ ਨੇ!...ਜਿਵੇਂ ਰੋਟੀ ਖਾਣਾ ਤੇ ਰੋਟੀ ਖਵਾਉਣਾ ਵੀ ਪਿਆਰ ਕਰਨਾ ਈ ਐ....!" ਥਾਲੀ ਚੁੱਕੀਂ ਜਾਂਦੀ ਉਹ ਪਿੱਛੇ ਮੁੜ ਪਿਆਰ ਨਾਲ ਝਾਕੀ।

ਜਿਸ ਵਕਤ ਉਹ ਸਿਆਣਪ ਭਰੀਆਂ ਗੱਲਾਂ ਕਰਦੀ। ਉਸ ਦੀਆਂ ਅੱਖਾਂ ਵੱਲ ਵੇਖ ਸਾਹਿਲ ਆਖਦੀ, "ਮੈਨੂੰ ਤਾਂ ਭਾਬੀ ਵਰਗਾ ਮੁੰਡਾ ਚਾਹੀਦਾ ਬਸ...!"

"ਤੇ ਮੈਨੂੰ!....ਚੱਲ ਛੱਡ ਪਰ੍ਹਾਂ...!" ਰਸੋਈ ਵਿਚ ਵੜ੍ਹਦੀ ਰਵਨੀਤ ਬੁੱਲ੍ਹ ਟੁੱਕ ਬੋਲੀ।

ਮੇਰੀ ਆਵਾਜ਼ ਉਸ ਦੀ ਪਿੱਠ ਨਾਲ ਜਾ ਟਕਰਾਈ, "ਤੂੰ ਕੁਝ ਕਿਹੈ....!"

"ਨਹੀਂ!...ਮੈਨੂੰ ਲੱਗਿਆ ਤੁਸੀਂ ਕੁਝ ਕਿਹੈ...!" ਪਾਣੀ ਦਾ ਗਿਲਾਸ ਚੁੱਕੀਂ ਆਉਂਦੀ ਉਹ ਖਿੜ-ਖਿੜ ਹੱਸਣ ਲੱਗੀ, "ਇਹ ਤੇਜ਼ਾਬੀ ਰਿਸ਼ਤਿਆਂ ਦਾ ਸਾਈਡ ਇਫੈਕਟ ਐ ਜਨਾਬ...!"

ਉਸ ਦੀ ਗੱਲ ਸੁਣ ਮੈਂ ਪਾਣੀ ਦਾ ਗਿਲਾਸ ਖ਼ਾਲੀ ਕਰ ਦਿੱਤਾ। ਖ਼ਾਲੀ ਗਿਲਾਸ ਫੜ ਉਹ ਬਿਮਾਰੀ ਦੀ ਤਖਸ਼ੀਸ਼ ਕਰਨ ਵਾਂਗ ਬੋਲੀ, "ਰਿਸ਼ਤਿਆਂ ਵਾਂਗ ਅੱਜ-ਕੱਲ੍ਹ ਇਹ ਵੀ ਤੇਜ਼ਾਬੀ ਹੋ ਗਿਐ!...ਇਸ ਲਈ ਪਾਣੀ ਪੀਣ ਨਾਲ ਤੇਜ਼ਾਬ ਘਟਦਾ ਨਹੀਂ ਵੱਧਦਾ ਐ...!"

ਡਾਕਟਰ ਦੀ ਵੱਧ ਪਾਣੀ ਪੀਣ ਵਾਲੀ ਹਦਾਇਤ ਉਪਰ ਕਾਟੀ ਮਾਰ ਉਹ ਜੂਠਾ ਗਿਲਾਸ ਸੁੱਚਾ ਕਰਨ ਜਾ ਲੱਗੀ।

ਮੇਰੀ ਛਾਤੀ ਵਿਚ ਤੇਜ਼ਾਬੀ ਲਹਿਰ ਉੱਠੀ। ਦਿਲ ਉਪਰ ਹੱਥ ਰੱਖ ਮੈਂ ਅੱਖਾਂ ਬੰਦ ਕਰ ਲਈਆਂ।

"ਵੇਖ ਲੋਕ ਬਿੱਲੀ ਵਰਗੇ ਨੇ!.... ਉਨ੍ਹਾਂ ਨੂੰ ਵੇਖ ਕੇ ਕਬੂਤਰ ਵਾਂਗ ਅੱਖਾਂ ਬੰਦ ਨਾ ਕਰ!...ਜੇ ਐਮੀਂ ਅੱਖਾਂ ਬੰਦ ਕਰੀਂ ਬੈਠਾ ਰਿਹਾ ਫੇਰ ਤਾਂ ਲੱਭ ਗਿਆ ਰਿਸ਼ਤਾ...!" ਮਾਂ ਦੀ ਪੈੜ-ਚਾਲ ਸੁਣ ਮੇਰੀਆਂ ਅੱਖਾਂ ਖੁੱਲ੍ਹ ਗਈਆਂ।

ਸਾਹਿਲ ਲਈ ਰਿਸ਼ਤਾ ਉਡੀਕਦੀ ਉਹ 'ਉਸ ਜਹਾਨ' ਵਿਚ ਚਲੀ ਗਈ ਸੀ। ਰਾਤ ਨੂੰ ਜਿਸ ਵਕਤ ਅੱਖ ਲੱਗਦੀ। ਬੈਠਕ ਦੇ ਬੰਦ ਦਰਵਾਜ਼ੇ ਵਿਚ ਦੀ ਲੰਘ ਉਹ ਮੇਰੇ ਸਿਰਹਾਣੇ ਆ ਬੈਠਦੀ, "ਆਪਣੀ ਸਾਹਿਲ ਨੂੰ ਮੁੰਡਾ ਲੱਭ ਗਿਆ....?"

"ਨਹੀਂ....!" ਮੇਰੀ ਨਾਂਹ ਸੁਣ ਉਹ ਬੰਦ ਦਰਵਾਜ਼ੇ ਵਿਚ ਦੀ ਹੀ ਬਾਹਰ ਨੂੰ ਤੁਰ ਪੈਂਦੀ, "ਨਾ ਗੱਲ ਸੁਣ!...ਕੋਠੇ ਜਿੱਡੀ ਕੁੜੀ ਘਰੇ ਬੈਠੀ ਐ!....ਤੈਨੂੰ ਨੀਂਦ ਕਿਮੇਂ ਆਉਂਦੀ ਐ ਹੈਂਅ....!!"

ਮਾਂ ਦੀ ਲਾਹਣਤ ਸੁਣ ਕਈ ਰਾਤਾਂ ਨੀਂਦ ਨਾ ਆਉਂਦੀ। ਮੈਂ ਰਿਸ਼ਤਾ ਲੱਭਣ ਲਈ ਦਿਨ-ਰਾਤ ਇਕ ਕਰ ਦਿੰਦਾ। ਜਿਸ ਥਾਂ ਵੀ ਦੱਸ ਪੈਂਦੀ। ਮੈਂ ਮੁੰਡਾ ਵੇਖਣ ਜਾਂਦਾ। ਘਰ, ਪਰਿਵਾਰ, ਜਾਤ-ਗੋਤ, ਪੜ੍ਹਾਈ-ਲਿਖਾਈ, ਕੰਮ-ਕਾਰ ਤੇ ਲੈਣ-ਦੇਣ। ਸਾਰੀ ਗੱਲ ਤੈਅ ਹੋ ਜਾਂਦੀ। ਪਰ ਜਦੋਂ ਮੁੰਡਾ ਸਾਹਿਲ ਨੂੰ ਵੇਖਦਾ। ਉਹ ਨਾਂਹ ਵਿਚ ਸਿਰ ਫੇਰ ਜਾਂਦਾ। ਜੇਕਰ ਕੋਈ ਹਾਂ ਕਰਦਾ। ਉਸ ਨੂੰ ਸਾਹਿਲ ਨਾਂਹ ਕਰ ਦਿੰਦੀ।

"ਲੈ ਕੁੜੀ ਕਿੱਥੇ ਨਾਂਹ ਕਰਦੀ ਐ!...ਇਹ ਨੀ ਕਿਤੇ ਹਾਂ ਕਰਦੇ!...ਕੁੜੀ ਦੀ ਕਮਾਈ ਖਾਣ ਨੂੰ ਘਰ ਰੱਖੀਂ ਬੈਠੇ ਨੇ....!" ਲੋਕ-ਬਾਣੀ ਮੈਨੂੰ ਅੱਧ-ਮੋਇਆ ਕਰ ਦਿੰਦੀ।

ਉਸ ਵਕਤ ਧਰਤੀ ਵਿਹਲ ਨਾ ਦਿੰਦੀ, ਜਦੋਂ ਕੋਈ ਆਖਦਾ, "ਕੁੜੀ ਦੀ ਕਮਾਈ ਖਾਣ ਵਾਲੇ ਨੂੰ ਦੱਲਾ ਕਹਿੰਦੇ ਨੇ....!"

"ਨਹੀਂ ਇਹ ਅਨਪੜ੍ਹਾਂ ਵਾਲੀਆਂ ਗੱਲਾਂ ਨੇ!...ਅਸਲ ਗੱਲ ਇਹ ਐ ਕਿ ਕੁੜੀ ਪੜ੍ਹ-ਲਿਖ ਵੱਧ ਗਈ!...ਉੱਪਰੋਂ ਚੰਦਰੀ ਨਾਲ ਉਹ ਮਾੜੀ ਘਟਨਾ ਵਾਪਰ ਗਈ...!" ਜਿਸ ਵਕਤ ਕੋਈ ਸਿਆਣਾ ਬੰਦਾ ਹੱਕ ਵਿਚ ਗਵਾਹੀ ਦਿੰਦਾ।

ਲੋਕ-ਬਾਣੀ ਵਿਚਲੀ ਜ਼ਹਿਰ ਅੰਮ੍ਰਿਤ ਵਿਚ ਬਦਲਨ ਲੱਗਦੀ। ਮੈਂ ਇਕ ਨਵੀਂ ਊਰਜਾ ਨਾਲ ਸਾਹਿਲ ਲਈ ਮੁੰਡੇ ਦੀ ਤਲਾਸ਼ ਵਿਚ ਨਿੱਕਲ ਤੁਰਦਾ।

"ਇਸ ਤਰ੍ਹਾਂ ਕਰਨ ਨਾਲ ਪੈਂਡਾ ਨਹੀਂ ਮੁੱਕਣਾ!....ਇਹ ਤਾਂ ਇਕ ਥਾਂ ਖੜ੍ਹ ਕੇ ਦੌੜਨ ਵਾਲੀ ਗੱਲ ਐ!....ਮੈਂ ਕਹਿੰਨੀ ਆਂ ਅਜੇ ਵੀ ਮੇਰੀ ਮੰਨੋ!....ਜੇ ਨਹੀਂ ਮੰਨਣੀ ਤਾਂ ਗੁਰਦੁਆਰੇ ਵਾਲੀ ਘਟਨਾ ਫਿਰ ਵਾਪਰ ਸਕਦੀ ਐ...!" ਪਾਣੀ ਵਾਲੇ ਹੱਥ ਸਾਫ ਕਰਦੀ ਆਉਂਦੀ ਰਵਨੀਤ ਕੁਝ ਦਿਨ ਪਹਿਲਾਂ ਆਖੀ ਗੱਲ ਵਾਂਗ ਕੁਝ ਬੋਲੀ ਤਾਂ ਨਹੀਂ।

ਪਰ ਉਸ ਦੀਆਂ ਅੱਖਾਂ ਉਸ ਦਿਨ ਵਾਪਰੀ ਘਟਨਾ ਵੱਲ ਇਸ਼ਾਰਾ ਕਰ ਰਹੀਆਂ ਸਨ।

ਉਸ ਦਾ ਇਸ਼ਾਰਾ ਸਮਝ ਮੇਰੀ ਧੜਕਣ ਤੇਜ਼ ਹੋ ਗਈ। ਮੈਂ ਅੱਖਾਂ ਬੰਦ ਕਰ ਕੁਰਸੀ ਦੀ ਢੋਅ ਨਾਲ ਸਿਰ ਟਿਕਾ ਲਿਆ।

"ਕੁਝ ਦੇਰ ਆਰਾਮ ਕਰ ਲਵੋ!...ਫਿਰ ਮੇਰੀ ਗੱਲ ਬਾਰੇ ਠੰਡੇ ਦਿਮਾਗ ਨਾਲ ਸੋਚਣਾ....!" ਮੱਥੇ ਉਪਰ ਰਵਨੀਤ ਦਾ ਰੇਸ਼ਮੀ ਹੱਥ ਮਹਿਸੂਸ ਕਰ ਮੈਂ ਬੇ-ਆਰਾਮ ਹੋ ਗਿਆ।

ਮੱਥੇ ਵਿਚਲਾ ਜ਼ਖ਼ਮ ਟੱਸ-ਟੱਸ ਕਰਨ ਲੱਗਾ। ਮੈਂ ਘੋੜਿਆਂ ਵਾਲੇ ਗੁਰਦੁਆਰੇ ਵਾਪਰੀ ਘਟਨਾ ਵਿਚ ਦੀ ਗੁਜ਼ਰਨ ਲੱਗਾ।

ਸਾਹਿਲ ਮਾਹਰਾਜ ਦੀ ਹਜ਼ੂਰੀ ਵਿਚ ਸਹੇਲੀਆਂ ਨਾਲ ਬੈਠੀ ਸੀ। ਉਨ੍ਹਾਂ ਕੋਲ ਤਾਏ ਦੀ ਨੂੰਹ ਨਾਲ ਰਵਨੀਤ ਬੈਠੀ ਸੀ। ਮੈਂ ਬਾਹਰ ਖੜ੍ਹਾ ਮੁੰਡੇ ਵਾਲਿਆਂ ਦੇ ਅੰਦਰ ਜਾਣ ਦੀ ਉਡੀਕ ਕਰ ਰਿਹਾ ਸੀ। ਮੇਰੀ ਉਡੀਕ ਮੁੱਕੀ। ਉਹ ਅੰਦਰ ਪ੍ਰਵੇਸ਼ ਕਰਨ ਲੱਗੇ। ਮੁੰਡਾ ਮਾਹਰਾਜ ਦੀ ਹਜ਼ੂਰੀ ਵੱਲ ਨੂੰ ਵਧਣ ਲੱਗਾ। ਮੇਰਾ ਸਾਹ ਸੁੱਕਣ ਲੱਗਾ। ਕੰਨ ਹਾਂ ਸੁਣਨ ਲਈ ਤਰਸਣ ਲੱਗੇ। ਪਰ ਜਿਉਂ ਹੀ ਮੁੰਡਾ ਮੱਥਾ ਟੇਕ ਕੇ ਵਾਪਿਸ ਮੁੜਨ ਲੱਗਾ। ਉਹਦਾ ਤੇਜ਼ਾਬ ਨਾਲ ਸੜਿਆ ਚਿਹਰਾ ਵੇਖ ਸਾਹਿਲ ਦੀ ਚੀਕ ਨਿਕਲ ਗਈ। ਉਸ ਦੀ ਚੀਕ ਸੁਣ ਗੁਰਦੁਆਰੇ ਦਾ ਜਾਲੀਦਾਰ ਦਰਵਾਜ਼ਾ ਖੁੱਲ੍ਹਿਆ। ਰਵਨੀਤ ਬਾਹਰ ਆਈ। ਉਸ ਨਾਲ ਬਾਹਰ ਆਈ ਤਾਏ ਦੀ ਨੂੰਹ ਉਲਾਂਭਾ ਦੇਣ ਲੱਗੀ, "ਸਾਹਿਲ ਕਹਿੰਦੀ ਮੈਂ ਤਾਂ ਵੀਰੇ 'ਤੇ ਗੱਲ ਛੱਡੀ ਹੋਈ ਸੀ!...ਨਾ ਤੈਂ ਪਹਿਲਾਂ ਮੁੰਡਾ ਨਹੀਂ ਵੇਖਿਆ!....ਉਹ ਕਹਿੰਦੀ ਮੈਂ ਨੀ ਇਸ ਨਾਲ ਵਿਆਹ ਕਰਾਉਣਾ!....ਇਨ੍ਹਾਂ ਨੂੰ ਜਵਾਬ ਦੇਵੋ ਹੁਣੀਂ....!"

ਮੈਂ ਧਰਮ-ਸੰਕਟ ਵਿਚ ਫਸ ਗਿਆ। ਅੰਦਰ ਦੋਵੇਂ ਧਿਰਾਂ ਮਾਹਰਾਜ ਦੀ ਹਜ਼ੂਰੀ ਵਿਚ ਬੈਠੀਆਂ ਸਨ। ਦੇਖ-ਦਿਖਾਈ ਤੋਂ ਬਾਅਦ ਸ਼ਗਨ ਦੀ ਰਸਮ ਹੋਣੀ ਸੀ। ਤੁਰਤ ਪੈਰ ਕਿੰਝ ਜਵਾਬ ਦਿੰਦਾ। ਮੈਂ ਮਿੰਟਾਂ ਵਿਚ ਫੈਸਲਾ ਲੈਣਾ ਸੀ। ਜਦੋਂ ਕੋਈ ਗੱਲ ਨਾ ਸੁਝੀ। ਮੈਂ ਜਾਲੀਦਾਰ ਦਰਵਾਜ਼ੇ ਵਿਚ ਦੀ ਅੰਦਰ ਵੇਖਿਆ। ਕੁੜੀਆਂ ਵਿਚ ਸ਼ਗਨਾਂ ਵਾਲੀ ਚੁੰਨੀ ਲਈਂ ਬੈਠੀ ਸਾਹਿਲ ਰੋ ਰਹੀ ਸੀ। ਉਸ ਦੇ ਹੰਝੂ ਵੇਖ ਮੈਨੂੰ ਕਾਲਜ ਵਿਚ ਕੀਤੀ ਨਾਟਕ ਦੀ ਸਟੇਜ ਯਾਦ ਆ ਗਈ। ਮੈਂ ਲੰਮਾ ਸਾਹ ਖਿੱਚਿਆ। ਅੱਖਾਂ ਬੰਦ ਕੀਤੀਆਂ। ਛਾਤੀ ਉਪਰ ਹੱਥ ਰੱਖ ਹੇਠਾਂ ਡਿੱਗ ਪਿਆ। ਮੇਰਾ ਮੱਥਾ ਫਰਸ਼ 'ਤੇ ਵੱਜਿਆ। ਦਿਲ ਦਾ ਦੌਰਾ ਪੈਣ ਦੀ ਐਕਟਿੰਗ ਮੈਨੂੰ ਸੱਚ-ਮੁੱਚ ਬੇਹੋਸ਼ ਕਰ ਗਈ ਸੀ।

ਜਦੋਂ ਹੋਸ਼ ਆਈ। ਅਪ-ਸ਼ਗਨੀ ਵਾਪਰ ਚੁੱਕੀ ਸੀ। ਮੁੰਡੇ ਵਾਲਿਆਂ ਨੂੰ ਜਵਾਬ ਮਿਲ ਚੁੱਕਾ ਸੀ। ਉਹ ਜਾ ਚੁੱਕੇ ਸਨ। ਮੱਥੇ ਉਪਰ ਪੱਟੀ ਬੱਝ ਚੁੱਕੀ ਸੀ। ਮੈਂ ਘਰ ਬੈੱਡ 'ਤੇ ਪਿਆ ਸੀ। ਪੱਟੀ



ਵਿਚੋਂ ਸਿੰਮਦੇ ਖ਼ੂਨ ਵੱਲ ਵੇਖਦੀ ਸਾਹਿਲ ਅਜੇ ਵੀ ਰੋ ਰਹੀ ਸੀ, "ਵੀਰੇ ਤੈਨੂੰ ਜਦੋਂ ਪਤਾ ਸੀ ਮੈਂ ਸ਼ੀਸ਼ਾ ਨਹੀਂ ਵੇਖਦੀ!...ਤੂੰ ਮੈਨੂੰ ਸ਼ੀਸ਼ਾ ਕਿਉਂ ਦਿਖਾਇਆ !...ਤੂੰ ਇੰਝ ਕਿਉਂ ਕੀਤਾ!...ਕਿਉਂ ਕੀਤਾ....!"

"ਚਲੋ ਜੋ ਗਿਆ ਹੁਣ ਉਸ 'ਤੇ ਮਿੱਟੀ ਪਾਓ!...ਦਿਲ ਤਕੜਾ ਕਰੋ!... ਮੇਰੀ ਗੱਲ ਮੰਨ ਲਵੋ...!" ਰਵਨੀਤ ਦਾ ਮੱਥੇ 'ਤੇ ਫਿਰਦਾ ਹੱਥ ਛਾਤੀ ਉਪਰ ਆਇਆ ਮਹਿਸੂਸ ਕਰ ਮੇਰੇ ਦਿਲ ਉਪਰ ਭਾਰ ਪੈ ਗਿਆ।

ਮੈਂ ਅੱਖਾਂ ਖੋਲ੍ਹ ਉਸ ਵੱਲ ਵੇਖਿਆ। ਉਹ ਮੋਬਾਇਲ ਦੀ ਸਕਰੀਨ ਨੂੰ ਸ਼ੀਸ਼ਾ ਬਣਾ ਉਸ ਵਿਚ ਆਪਣਾ ਚਿਹਰਾ ਵੇਖ ਰਹੀ ਸੀ। ਉਸ ਦੀ ਖ਼ੂਬਸੂਰਤੀ ਵੇਖ ਮੇਰੀਆਂ ਅੱਖਾਂ ਅੱਗੇ ਸਾਹਿਲ ਦਾ ਬਦਸੂਰਤ ਹੋਇਆ ਚਿਹਰਾ ਘੁੰਮਣ ਲੱਗਾ। ਜੇਲ੍ਹ ਦੀਆਂ ਸਲਾਖਾਂ ਪਿੱਛੇ ਖੜ੍ਹਾ ਬਾਪੂ ਅੱਗ ਵਾਂਗ ਮੱਚਣ ਲੱਗਾ, "ਅੰਨ੍ਹਾ ਨੀ ਤੂੰ!...ਤੈਨੂੰ ਸਭ ਦਿਸਦਾ....! ਆਪਣੀ ਸਾਹਿਲ ਰਵਨੀਤ ਨਾਲੋਂ ਵੀ ਸੋਹਣੀ ਸੀ!...ਪਰ ਉਹ ਮਰ ਗਿਆ ਨਾਮਰਦ ਸਾਲਾ!....ਬਦਸੂਰਤ ਬੰਦਾ...!"

ਬਾਪੂ ਦੀਆਂ ਗੱਲਾਂ ਵਿਚਲਾ ਸੇਕ ਮੇਰੀ ਦੇਹ ਨੂੰ ਚੜ੍ਹਨ ਲੱਗਾ। ਰੂਹ ਸੜਨ ਲੱਗੀ। ਮੈਂ ਕੁਰਸੀ ਦੀ ਢੋਅ ਨਾਲੋਂ ਸਿਰ ਚੁੱਕ ਚੋਰ ਅੱਖ ਨਾਲ ਸਾਹਿਲ ਵੱਲ ਵੇਖਿਆ। ਉਹ ਮੋਬਾਇਲ ਦੀ ਸਕਰੀਨ 'ਤੇ ਉਂਗਲਾਂ ਘਸਾ ਰਹੀ ਸੀ। ਸ਼ਾਇਦ ਉਹ ਫਿਰ 'ਪੰਜਾਬੀ ਸ਼ਾਦੀ ਡੌਟ ਕਾਮ' ਉਪਰ ਰਵਨੀਤ ਵਰਗਾ ਮੁੰਡਾ ਲੱਭ ਰਹੀ ਸੀ।

"ਵੇਖ ਕੁੜੀ ਆਪ ਰਿਸ਼ਤਾ ਲੱਭ ਰਹੀ ਐ!...ਤੂੰ ਡੁੱਬ ਮਰ ਮੁੰਡਿਆ!...ਜੇ ਮੈਂ ਬਾਹਰ ਹੁੰਦਾ ਮੁੰਡਿਆਂ ਦੀ ਲਾਈਨ ਲਾ ਦਿੰਦਾ....!" ਬਾਪੂ ਦੀ ਗੋਲੀ ਵਰਗੀ ਗੱਲ ਮੇਰੀ ਛਾਤੀ ਵਿਚ ਵੱਜੀ।

ਜੇਲ੍ਹ ਦੀ ਬੈਰਕ ਵਿਚ ਬੰਦ ਉਹ ਛਾਤੀ 'ਤੇ ਹੱਥ ਮਾਰ-ਮਾਰ ਆਖ ਰਿਹਾ ਸੀ, "ਬੰਦੇ 'ਚ ਗੈਰਤ ਚਾਹੀਦੀ ਐ ਗੈਰਤ!...ਤੂੰ ਵੇਖਿਆ ਸੀ ਨਾ!...ਉਹਨੇ ਜਿਸ ਥਾਂ 'ਤੇ ਸਾਹਿਲ ਉਪਰ ਤੇਜ਼ਾਬ ਪਾਇਆ!...ਮੈਂ ਉਸੇ ਥਾਂ 'ਤੇ ਖੜ੍ਹਾ ਕੇ ਉਹਦੇ ਗੋਲੀ ਮਾਰੀ ਸੀ....!"

ਬਾਪੂ ਦੀ ਦਹਾੜ ਸੁਣ ਮੈਂ ਡਰ ਗਿਆ। ਉਹ ਤਾਂ ਆਪਣੀ ਜ਼ਿੰਮੇਵਾਰੀ ਨਿਭਾ ਜੇਲ੍ਹ ਚਲਾ ਗਿਆ ਸੀ। ਮਾਂ ਆਪਣੀ ਜ਼ਿੰਮੇਵਾਰੀ ਮੇਰੇ ਉਪਰ ਸਿੱਟ ਉਸ ਜਹਾਨ ਵਿਚ ਚਲੀ ਗਈ ਸੀ, ਜਿੱਥੇ ਉਸ ਨੂੰ ਮੇਰੀ ਆਵਾਜ਼ ਨਹੀਂ ਸੀ ਸੁਣਦੀ। ਜਿਸ ਵਕਤ ਇਕੱਲਾ ਰਹਿ ਗਿਆ ਮਹਿਸੂਸ ਕਰਦਾ। ਮੈਂ ਟਿਕੀ ਰਾਤ ਵਿਚ ਆਵਾਜ਼ਾਂ ਮਾਰਨ ਲੱਗਦਾ, "ਮਾਂ!...ਬਾਪੂ!...ਮੈਂ ਇਕੱਲਾ ਰਹਿ ਗਿਆ....!"

"ਪਲੀਜ਼ ਇੰਝ ਨਾ ਕਿਹਾ ਕਰੋ!...ਮੈਂ ਤੁਹਾਡੇ ਨਾਲ ਆਂ!...ਤੁਹਾਡੀ ਹਮਸਫਰ!....ਤੁਹਾਡੀ ਸੱਜੀ-ਖੱਬੀ ਬਾਂਹ!....ਜੇਕਰ ਮੇਰੀ ਮੰਨੋ ਤਾਂ ਇਹ ਜ਼ਿੰਮੇਵਾਰੀ ਮਿੰਟਾਂ ਵਿਚ ਭਾਰ-ਮੁਕਤ ਹੋ ਸਕਦੀ ਐ....!" ਮੋਬਾਇਲ ਦੀ ਸਕਰੀਨ ਵਿਚੋਂ ਚਿਹਰਾ ਵੇਖਣਾ ਛੱਡ ਰਵਨੀਤ ਜ਼ਹਿਰੀਲੀ ਮੁਸਕਾਨ ਨਾਲ ਮੇਰੇ ਵੱਲ ਵੇਖਣ ਲੱਗੀ।

ਉਸ ਤੋਂ ਨਜ਼ਰਾਂ ਚੁਰਾ ਮੈਂ ਸੋਚੀਂ ਪੈ ਗਿਆ। ਉਹ ਫਿਰ ਐਸੀ ਸਲਾਹ ਕਿਉਂ ਦੇ ਰਹੀ ਸੀ। ਉਸ ਦੀ ਸਲਾਹ ਮੰਨ ਮੈਂ ਜਿਹੜਾ ਮੁੰਡਾ ਲੱਭਿਆ। ਉਸ ਕਾਰਨ ਵਾਪਰੀ ਘਟਨਾ ਨਾਲ ਮੈਂ ਸਾਹਿਲ ਦਾ ਅਪਰਾਧੀ ਬਣ ਗਿਆ ਸੀ। ਜੇਕਰ ਉਹ ਖ਼ੁਦਕੁਸ਼ੀ ਕਰ ਜਾਂਦੀ। ਮੱਥੇ ਉਪਰ ਨਾ ਮਿਟਣ ਵਾਲਾ ਦਾਗ ਲੱਗ ਜਾਣਾ ਸੀ। ਜਿਸ ਦਿਨ ਉਹਨੇ ਆਖਿਆ, "ਛੱਡ ਪਰ੍ਹਾਂ ਵੀਰੇ!..ਮੈਂ ਹੀ ਮਰ ਜਾਨੀ ਆਂ....!"

ਉਸ ਦੀ ਗੱਲ ਸੁਣ ਮੇਰੇ ਅੰਦਰ ਬੈਠੀ ਮਾਂ ਹੱਸੀ ਸੀ! ਬਾਪੂ ਖ਼ੂਨ ਦੇ ਹੰਝੂ ਰੋਇਆ ਸੀ। ਪੀ.ਐੱਚ. ਡੀ. ਤੱਕ ਪੜ੍ਹਨ ਤੋਂ ਬਾਅਦ ਵੀ ਸਾਹਿਲ ਅੰਦਰ ਖ਼ੁਦਕੁਸ਼ੀ ਦਾ ਖਿਆਲ ਕਿਉਂ ਘੁੰਮ ਰਿਹਾ ਸੀ! ਜਿਸ ਵਕਤ ਮੈਂ ਇਸ ਰਹੱਸ ਦੀਆਂ ਪਰਤਾਂ ਫਰੋਲਣ ਲੱਗਦਾ। ਮੈਨੂੰ ਇਕ ਜੋਤਸ਼ੀ ਦੀ ਆਖੀ ਗੱਲ ਯਾਦ ਆ ਜਾਂਦੀ। ਜਦੋਂ ਸਾਹਿਲ ਕਾਲਜ ਪੜ੍ਹਦੀ ਸੀ। ਇਕ ਦਿਨ ਬੀਹੀ ਵਿਚ ਹੱਥ ਵੇਖਦਾ ਫਿਰਦਾ ਜੋਤਸ਼ੀ ਬਿਨ੍ਹਾਂ ਪੁੱਛੇ ਹੀ ਘਰ ਆ ਵੜਿਆ। ਜੋਤਿਸ਼-ਵਿੱਦਿਆ ਨੂੰ ਠੱਗ-ਵਿੱਦਿਆ ਆਖਣ ਵਾਲੀ ਸਾਹਿਲ ਉਸ ਦੇ ਮੱਥੇ ਦੀਆਂ ਲਕੀਰਾਂ ਪੜ੍ਹਨ ਲੱਗੀ। ਉਹ ਉਸਦਾ ਹੱਥ ਵੇਖਣ ਲੱਗਾ, "ਇਹ ਕੁੜੀ ਪੜ੍ਹੇਗੀ ਤਾਂ ਬਹੁਤ!....ਪਰ ਇਕ ਦਿਨ ਇਹ ਖ਼ੁਦਕੁਸ਼ੀ ਕਰੇਗੀ।"

"ਨਹੀਂ ਮੈਂ ਮਰਦੀ ਨਹੀਂ!...ਉਹ ਤਾਂ ਊਈਂ-ਮਿਚੀ ਆਖਦੀ ਸੀ....!" ਜੋਤਿਸ਼-ਵਿੱਦਿਆ ਨੂੰ ਠੋਕਰ ਮਾਰਨ ਵਾਲੀ ਸਾਹਿਲ ਦਾ ਰਿਸ਼ਤਾ ਨਾ ਹੁੰਦਾ ਵੇਖ ਲੋਕ-ਬਾਣੀ ਮੈਨੂੰ ਨਵੀਂ ਮੱਤ ਦਿੰਦੀ, "ਕੁੜੀ ਮੰਗਲੀਕ ਲੱਗਦੀ ਐ!... ਕਿਸੇ ਪੰਡਿਤ ਤੋਂ ਟੇਵਾ ਬਣਵਾ ਕੇ ਦੇਖ ਲਵੋ...!"

ਲੋਕਾਂ ਦੀ ਸਿਆਣਪ ਸੁਣ ਮੈਂ ਕਈ ਵਾਰ ਡੋਲ ਜਾਂਦਾ। ਪਰ ਸਾਹਿਲ ਨਾ ਡੋਲਦੀ, "ਨਹੀਂ ਹੁੰਦਾ ਤਾਂ ਨਾ ਸਈ!.... ਮੁੰਡਾ ਪਰ ਮੈਂ ਆਪਣੀ ਪਸੰਦ ਦਾ ਈ ਚੁਣਾਂਗੀ...!"

"ਇਕ ਚੁਣਿਆ ਤਾਂ ਸੀ!...ਅਜੇ ਹੋਰ ਕਸਰ ਬਾਕੀ ਐ...!" ਉਸ ਦੀ ਮਰਜ਼ੀ ਦਾ ਫੈਸਲਾ ਸੁਣ ਰਵਨੀਤ ਮੈਨੂੰ ਮਜ਼ਾਕ ਕਰਨ ਲੱਗਦੀ।

ਉਸ ਦੀ ਸ਼ਕਲ ਪਲਟਣ ਲੱਗਦੀ। ਗੱਲ ਕਰਨ ਦਾ ਸਲੀਕਾ ਬਦਲਨ ਲੱਗਦਾ। ਉਹ ਹਰਮੀਤ ਵਾਂਗ ਕੰਮ ਕਰਨ ਲੱਗਦੀ। ਮੈਂ ਉਹਦੇ ਚਿਹਰੇ ਵੱਲ ਵੇਖਣ ਲੱਗਦਾ। ਮੇਰੇ ਚਿਹਰੇ ਵੱਲ ਵੇਖ ਉਹ ਠੰਡੀ ਯੱਖ ਆਵਾਜ਼ ਵਿਚ ਆਖਦੀ, "ਕੁੜੀਆਂ ਨੂੰ ਬਹੁਤਾ ਸਿਰ 'ਤੇ ਨਹੀਂ ਚੜ੍ਹਾਈਦਾ!...ਇਹ ਸਿਰ 'ਚ ਗਲੀਆਂ ਕਰ ਦਿੰਦੀਆਂ ਨੇ...!"

"ਹਾਂ ਗਲੀਆਂ!...ਐਥੇ...!" ਮੇਰੇ ਮੱਥੇ ਨੂੰ ਹੱਥ ਲਾ ਹਰਮੀਤ ਵਾਂਗ ਕਦਮ ਪੁੱਟਦੀ ਉਹ ਸਾਹਿਲ ਕੋਲ ਜਾ ਬੈਠੀ।

ਉਹ ਚੁੰਨੀ ਨਾਲ ਮੂੰਹ-ਸਿਰ ਲਪੇਟੀਂ ਬੈਠੀ ਸੀ। ਪਹਿਲਾਂ ਤਾਂ ਸਕੂਟਰੀ ਚਲਾਉਣ ਵਕਤ ਹੀ ਚਿਹਰਾ ਢੱਕਦੀ। ਪਰ ਤੇਜ਼ਾਬੀ ਘਟਨਾ ਤੋਂ ਬਾਅਦ ਉਹ ਹਰ ਵਕਤ ਇੰਝ ਹੀ ਰਹਿਣ ਲੱਗੀ। ਪਹਿਲਾਂ ਸਾਰਾ ਦਿਨ ਸ਼ੀਸ਼ੇ ਅੱਗੇ ਖੜ੍ਹੀ ਰਹਿੰਦੀ। ਪਰ ਚਿਹਰਾ ਖਰਾਬ ਹੋਣ ਤੋਂ ਬਾਅਦ ਉਹ ਸ਼ੀਸ਼ਾ ਵੇਖਣ ਤੋਂ ਡਰਨ ਲੱਗ ਪਈ। ਜੇਕਰ ਗਲਤੀ ਨਾਲ ਵੀ ਸ਼ੀਸ਼ਾ ਵੇਖ ਲੈਂਦੀ। ਉਹ ਉਸੇ ਤਰ੍ਹਾਂ ਚੀਕਾਂ ਮਾਰਨ ਲੱਗਦੀ, ਜਿਸ ਤਰ੍ਹਾਂ ਤੇਜ਼ਾਬੀ ਪਲਾਂ ਵਿਚ ਮਾਰੀਆਂ ਸਨ।

ਲੋਕਾਂ ਨੇ ਉਸ ਨੂੰ ਹਸਪਤਾਲ ਦਾਖਲ ਕਰਵਾ ਘਰ ਖ਼ਬਰ ਕਰ ਦਿੱਤੀ ਸੀ। ਮੈਂ ਡਿਊਟੀ 'ਤੇ ਸੀ। ਰਵਨੀਤ ਨੇ ਮੈਨੂੰ ਫੋਨ ਉਪਰ ਵਰਤੀ ਹੋਣੀ ਦੀ ਖ਼ਬਰ ਦਿੱਤੀ। ਮੈਂ ਬਾਅਦ ਵਿਚ ਹਸਪਤਾਲ ਪਹੁੰਚਿਆ। ਮੈਥੋਂ ਪਹਿਲਾਂ ਹੀ ਬਾਪੂ ਰਾਈਫਲ ਚੁੱਕ ਘਰੋਂ ਬਾਹਰ ਨਿਕਲ ਗਿਆ ਸੀ। ਲੋਕਾਂ ਵਿਚ ਘਿਰੀ ਰਵਨੀਤ ਰੋ ਰਹੀ ਸੀ। ਬੇਸੁਰਤ ਸਾਹਿਲ ਜ਼ਖ਼ਮਾਂ ਨਾਲ ਲੜ ਰਹੀ ਸੀ। ਡਾਕਟਰ-ਨਰਸਾਂ ਆਪਣਾ ਕੰਮ ਕਰ ਰਹੇ ਸਨ। ਮੈਂ ਉਸਦੀ ਜਾਨ ਬਚਾਉਣ ਲਈ ਵਾਸਤੇ ਪਾ ਰਿਹਾ ਸੀ। ਹੱਥ ਵਿਚ ਰਾਈਫਲ ਚੁੱਕੀਂ ਫਿਰਦਾ ਬਾਪੂ ਉਸ ਮੁੰਡੇ ਨੂੰ ਲੱਭ ਰਿਹਾ ਸੀ, ਜਿਸ ਦੇ ਘਰ ਸਾਹਿਲ ਦੀ ਡੋਲ਼ੀ ਉਤਰਨੀ ਸੀ।

"ਚੱਲ ਉਤਰ ਹੇਠਾਂ...!" ਜਿਸ ਵਕਤ ਬਾਪੂ ਦੀ ਅੱਖ ਹੇਠ ਆਇਆ, ਉਹ ਸੜਕ ਕਿਨਾਰੇ ਮੋਟਰ ਸਾਇਕਲ 'ਤੇ ਬੈਠਾ ਕਿਸੇ ਕੁੜੀ ਨੂੰ ਫੋਨ ਕਰ ਰਿਹਾ ਸੀ।



ਬਾਪੂ ਨੇ ਰਾਈਫਲ ਦੀ ਨੋਕ 'ਤੇ ਉਸ ਨੂੰ ਅੱਗੇ ਲਾ ਲਿਆ। ਅੱਗੇ-ਪਿੱਛੇ ਤੁਰਦੇ ਉਹ ਉਸ ਥਾਂ 'ਤੇ ਆ ਗਏ, ਜਿੱਥੇ ਉਸ ਨੇ ਸਾਹਿਲ ਦੇ ਚਿਹਰੇ ਉਪਰ ਤੇਜ਼ਾਬ ਪਾਇਆ ਸੀ।

"ਇਹੀ ਐ ਨਾ ਉਹ ਥਾਂ!..ਚੰਗੀ ਤਰ੍ਹਾਂ ਦੇਖ ਲੈ....!" ਲੋਕਾਂ ਦੀ ਭੀੜ ਵੱਲ ਵੇਖ ਬਾਪੂ ਨੇ ਤੇਜ਼ਾਬ ਵਾਲੀ ਬੋਤਲ ਖੋਲ੍ਹ ਮੁੰਡੇ ਦੇ ਚਿਹਰੇ ਉਪਰ ਵਗਾਹ ਮਾਰੀ।

ਉਹ ਸਾਹਿਲ ਵਾਂਗ ਚੀਕਾਂ ਮਾਰਨ ਲੱਗਾ। ਚੀਕਾਂ ਮਾਰਦਾ ਜਿਉਂ ਹੀ ਭੱਜਣ ਲੱਗਾ। ਹਵਾ ਵਿਚ ਬਾਪੂ ਦੀ ਲਲਕਾਰ ਗੂੰਜੀ, "ਸਾਲਿਆ ਨਾਮਰਦਾ!....ਬਦਸੂਰਤ ਬੰਦਿਆ!... ਸਹੁਰੇ ਤੋਂ ਸ਼ਗਨ ਤਾਂ ਲੈਂਦਾ ਜਾਹ!.... ਆਹ ਚੱਕ ਇੱਕੀ ਸੌ ਦਾ ਇਕੱਤੀ ਸੌ....!"

ਸਿਸਤ ਬੰਨ੍ਹ ਕੇ ਛਾਤੀ ਵਿਚ ਮਾਰੀ ਗੋਲੀ ਬਾਪੂ ਨੂੰ ਉਮਰ ਕੈਦ ਦੀ ਸਜ਼ਾ ਬੋਲ ਗਈ ਸੀ। ਉਸ ਦੇ ਜੇਲ੍ਹ ਜਾਣ ਤੋਂ ਬਾਅਦ ਹਸਪਤਾਲ ਵਿਚੋਂ ਘਰ ਪਰਤੀ ਸਾਹਿਲ ਸਿੱਲ-ਪੱਥਰ ਹੋ ਗਈ ਸੀ। ਉਹ ਸਿਸਤ ਬੰਨ੍ਹੀਂ ਖਲਾਅ ਵੱਲ ਵੇਖਦੀ ਰਹਿੰਦੀ। ਜਦੋਂ ਕੋਈ ਬੁਲਾਉਂਦਾ। ਉਹ ਇਕ ਹੀ ਗੱਲ ਆਖਦੀ, "ਮੈਂ ਗਲਤ ਨਹੀਂ!... ਮੇਰੀ ਚੋਣ ਗਲਤ ਸੀ...!"

"ਰਿਸ਼ਤੇ ਦੀ ਸਹੀ ਚੋਣ ਮਾਂ-ਬਾਪ ਈ ਕਰਦੇ ਨੇ ਸਾਹਿਲ!... ਬਾਕੀ ਥੋਡੀ ਮਰਜ਼ੀ ਐ...!" ਚੰਗੇ ਖਾਨਦਾਨ ਤੇ ਧੁਰੋਂ ਲਿਖੇ ਸੰਜੋਗਾਂ ਵਿਚ ਯਕੀਨ ਰੱਖਣ ਵਾਲੇ ਮਾਂ-ਬਾਪ ਨੂੰ ਅਸੀਂ ਮਸਾਂ ਮਨਾਇਆ ਸੀ।

ਸਾਹਿਲ ਨੇ ਬਹੁਤ ਸਮਝਾਇਆ। ਪਰ ਉਹ ਮੁੰਡਾ ਨਹੀਂ ਸੀ ਮੰਨਿਆ। ਉਹਦੇ ਦਿਲ ਵਿਚ ਮੁਹੱਬਤ ਨਹੀਂ ਸ਼ੱਕ ਦਾ ਕੀੜਾ ਸੀ। ਖ਼ੁਦ ਨੂੰ ਮੁਹੱਬਤ ਕਰਨ ਵਾਲੀ ਸਾਹਿਲ ਨੂੰ ਫੋਟੋਆਂ ਖਿਚਵਾਉਣ ਦਾ ਬਹੁਤ ਸ਼ੌਂਕ ਸੀ। ਉਹ ਹਰ ਰੋਜ਼ ਮੋਬਾਇਲ ਦੀ ਡੀ.ਪੀ. ਵਿਚ ਆਪਣੀ ਫੋਟੋ ਬਦਲਦੀ। ਇਸ ਅਦਾ ਕਾਰਨ ਹੀ ਉਸਦਾ ਪ੍ਰੇਮੀ ਬਣਿਆ ਮੁੰਡਾ ਬਾਅਦ ਵਿਚ ਇਸ ਗੱਲ ਦੇ ਖਿਲਾਫ ਬੋਲਣ ਲੱਗਾ, "ਇਹ ਜਿਹੜਾ ਤੂੰ ਰੋਜ਼ ਨਵੇਂ-ਨਵੇਂ ਪੋਜ਼ ਬਦਲਕੇ ਲੋਕਾਂ ਨੂੰ ਦਿਖਾਉਨੀ ਐਂ!... ਬੰਦ ਕਰ ਇਹ!... ਨਹੀਂ ਤਾਂ ਮੈਂ....!"

ਅਧੂਰੀ ਛੱਡੀ ਗੱਲ ਨੂੰ ਪੂਰੀ ਕਰਨ ਲਈ ਉਹਨੇ ਸਾਹਿਲ ਨੂੰ ਚਿਹਰਾ ਦਿਖਾਉਣ ਜੋਗੀ ਨਹੀਂ ਸੀ ਛੱਡਿਆ।

"ਇਹ ਦੁਨੀਆਂ ਨਾ ਦਿਲ, ਨਾ ਦਿਮਾਗ, ਨਾ ਰੂਹ ਵੇਖਦੀ ਐ!... ਇਹ ਸਿਰਫ ਚਿਹਰਾ ਵੇਖਦੀ ਐ...!" ਸਾਹਿਲ ਦੀ ਰਵਨੀਤ ਨੂੰ ਆਖੀ ਗੱਲ ਮੇਰੇ ਕੰਨਾਂ ਦੇ ਆਰ-ਪਾਰ ਲੰਘ ਗਈ।

ਮੈਂ ਕੰਨਾਂ ਨੂੰ ਹੱਥ ਲਾਉਣ ਲੱਗਾ। ਕਿੰਨਾ ਵੱਡਾ ਪਾਪ ਹੋ ਜਾਣਾ ਸੀ। ਜਿਹੜਾ ਮੁੰਡਾ ਆਪਣੀ ਪ੍ਰੇਮਿਕਾ ਦੀਆਂ ਲੰਬੀਆਂ ਫੋਨ ਕਾਲਾਂ ਨਹੀਂ ਸੀ ਸੁਣ ਸਕਿਆ। ਉਸ ਨੂੰ ਬੇ-ਵਫਾ ਆਖ ਕੁੜੀ ਨੇ ਉਹਦੇ ਚਿਹਰੇ ਉਪਰ ਤੇਜ਼ਾਬ ਪਾ ਦਿੱਤਾ ਸੀ। ਘੋੜਿਆਂ ਵਾਲੇ ਗੁਰਦੁਆਰੇ ਉਹਦਾ ਚਿਹਰਾ ਵੇਖ ਸਾਹਿਲ ਨੇ ਆਪਣਾ ਚਿਹਰਾ ਵੇਖ ਲਿਆ ਸੀ। ਉਸ ਤੋਂ ਭੁੱਲ ਬਖਸ਼ਾ ਮੈਂ ਰਿਸ਼ਤਾ ਲੱਭਣ ਲਈ ਦਿਨ-ਰਾਤ ਇਕ ਕਰ ਦਿੱਤਾ। ਕਦੀ ਅਖ਼ਬਾਰ ਵਿਚ ਇਸ਼ਤਿਹਾਰ ਦਿੰਦਾ। ਕਦੀ ਲੋਕਾਂ ਦੇ ਇਸ਼ਤਿਹਾਰ ਪੜ੍ਹ ਫੋਨ ਕਰਦਾ। ਕਦੀ ਮੈਰਿਜ਼-ਬਿਊਰੋ ਜਾਂਦਾ। ਕਦੀ ਪੇਸ਼ਾਵਰ ਵਿਚੋਲਗਿਰੀ ਦੀ ਸ਼ਰਨ ਲੈਂਦਾ। ਮੈਂ ਪੰਤਾਲੀ ਥਾਵਾਂ ਤੋਂ ਕੋਰੀ ਨਾਂਹ ਸੁਣ ਚੁੱਕਾ ਸੀ। ਦਸ ਥਾਵਾਂ ਨੂੰ ਸਾਹਿਲ ਦੀ ਨਾਂਹ ਸੁਣਾ ਚੁੱਕਾ ਸੀ। ਮੈਨੂੰ ਇਕ 'ਹਾਂ' ਦੀ ਤਲਾਸ਼ ਸੀ।

"ਤੁਹਾਨੂੰ ਇਕ ਵਰ ਦੀ ਤਲਾਸ਼ ਐ!..ਮੈਂ ਸਹੀ ਕਿਹਾ ਨਾ....!" ਸਾਹਿਲ ਕੋਲੋਂ ਉੱਠ ਕੇ ਆਈ ਰਵਨੀਤ ਉਸ ਥਾਂ ਉਸ ਕੁਰਸੀ ਉਪਰ ਆ ਬੈਠੀ, ਜਿੱਥੇ ਮੈਨੂੰ ਵੇਖਣ ਆਇਆ ਹਰਮੀਤ ਬੈਠਾ ਸੀ।

ਉਸ ਨੇ ਮੈਨੂੰ ਬਹੁਤ ਸੌਖਾ ਲੱਭ ਲਿਆ ਸੀ। ਜਿਸ ਦਿਨ ਉਹ ਵੇਖਣ ਆਇਆ। ਮੈਂ ਕਾਲਜ ਤੋਂ ਪਰਤਿਆ ਸੀ। ਉਹ ਨੌਧਰਾਣੀ ਵਾਲੇ ਸੱਤੀ ਨਾਲ ਮਾਂ-ਬਾਪੂ ਕੋਲ ਬੈਠਾ ਸੀ। ਸੱਤੀ ਨਾਲ ਹੱਥ ਮਿਲਾ ਮੈਂ ਉਸ ਨਾਲ ਹੱਥ ਮਿਲਾਇਆ। ਉਹ ਮੈਨੂੰ ਜੱਫ਼ੀ ਪਾ ਕੇ ਮਿਲਿਆ। ਮੈਂ ਮਨ ਹੀ ਮਨ ਕਿਹਾ, "ਬਾਈ ਜੀ ਮੈਂ ਤੈਨੂੰ ਪਛਾਣਿਆ ਨਹੀਂ...!"

ਮੇਰੇ ਪੈਰਾਂ ਵੱਲ ਵੇਖਦਾ ਹੋਇਆ ਉਹ ਕੁਰਸੀ ਉਪਰ ਬੈਠ ਗਿਆ। ਮੈਂ ਚੋਰ ਅੱਖ ਨਾਲ ਵੇਖਿਆ। ਉਹ ਨੀਵੀਂ ਪਾਈਂ ਬੈਠਾ ਸੀ। ਜਦੋਂ ਮੈਂ ਨੀਵੀਂ ਪਾਈ। ਉਹ ਵੇਖਣ ਲੱਗ ਪਿਆ। ਸੰਗਦਾ-ਸੰਗਦਾ। ਚੁੱਪ-ਚਾਪ। ਉਹ ਮੇਰੇ ਨਾਲ ਅੱਖ-ਮਿਚੋਲੀ ਖੇਡ ਰਿਹਾ ਸੀ। ਮੁੰਡਾ ਕਿਵੇਂ ਵੇਖੀਂਦਾ ਨਾ ਉਸ ਨੂੰ ਪਤਾ ਸੀ ਨਾ ਮੈਨੂੰ।

"ਕਿਉਂ ਭਾਈ ਵੇਖ ਲਿਆ ਮੁੰਡਾ....!" ਮੈਨੂੰ ਸਿੱਧਰਾ ਆਖਣ ਵਾਲੀ ਮਾਂ ਦੀ ਗੱਲ ਸੁਣ ਇਕ ਵਾਰੀ ਤਾਂ ਨਾਂਹ ਕਰ ਦੇਣ ਦਾ ਖਿਆਲ ਆਇਆ।

ਮੈਂ ਤਾਂ ਅਜੇ ਪੜ੍ਹਨਾ ਸੀ। ਰੁਜ਼ਗਾਰ 'ਤੇ ਲੱਗਣਾ ਸੀ। ਅਜੇ ਤਾਂ ਹੱਸਣ-ਖੇਡਣ ਦੇ ਦਿਨ ਸਨ। ਮੈਂ ਉਸ ਨੂੰ ਦੱਸਣਾ ਚਾਹੁੰਦਾ ਸੀ। ਪਰ ਦੱਸ ਨਹੀਂ ਸਕਿਆ। ਜਾਣ ਲੱਗਿਆਂ ਉਹ ਮੇਰਾ ਹੱਥ ਫੜ ਕਹਿੰਦਾ, "ਮੈਂ ਤੈਨੂੰ ਪਛਾਣ ਲਿਆ!... ਕੋਈ ਨੀ ਆਪਾਂ ਅਜੇ ਰੋਕ ਕਰ ਲਵਾਂਗੇ!... ਵਿਆਹ ਜਦੋਂ ਮਰਜ਼ੀ ਕਰਵਾ ਲਈਂ...!"

ਮੇਰੇ ਦਿਲ ਦੀ ਗੱਲ ਆਖਣ ਵਾਲਾ ਉਸ ਦਿਨ ਉਹ ਮੈਨੂੰ ਆਪਣੇ ਵਰਗਾ ਲੱਗਿਆ ਸੀ।

ਰਵਨੀਤ ਨਾਲ ਰੋਕ ਤੋਂ ਲੈ ਕੇ ਵਿਆਹ ਤੱਕ ਚਾਰ ਸਾਲ ਲੰਬਾ ਵਕਫ਼ਾ ਰਿਹਾ। ਇਸ ਦੌਰਾਨ ਕਦੀ ਕੋਈ ਗਲਤੀ ਜਾਂ ਗਲਤ-ਫਹਿਮੀ ਨਹੀਂ ਵਾਪਰੀ। ਆਪਣੀਆਂ ਗੱਲਾਂ, ਮਿਲਣੀਆਂ ਤੇ ਮੁਹੱਬਤੀ ਸੁਭਾਅ ਕਾਰਨ ਉਹ ਮੇਰੀ ਰੂਹ ਵਿਚ ਵਸ ਗਿਆ ਸੀ। ਜਿਸ ਦਿਨ ਦਿਲ ਦਾ ਦੌਰਾ ਪੈਣ ਨਾਲ ਉਹਦੀ ਮੌਤ ਹੋਈ। ਮੇਰੀ ਰੂਹ ਵਿਚੋਂ ਕੁਝ ਉੱਡ ਗਿਆ ਸੀ।

"ਪੰਛੀ ਉੱਡ ਗਏ ਨੇ!...ਰਹਿ ਗਈ ਚੋਗ ਖਿਲਾਰੀ....!" ਹਰਮੀਤ ਦੀ ਮਨ-ਪਸੰਦ ਸਤਰ ਗੁਣ-ਗੁਣਾਉਂਦੀ ਹੋਈ ਰਵਨੀਤ ਕੁਰਸੀ ਨੂੰ ਹੱਥ ਲਾ ਬੋਲੀ, " ਇਹ ਕੁਰਸੀ ਨਹੀਂ ਜੱਜਮੈਂਟ ਸੀਟ ਐ!... ਉੱਠੋ ਜਨਾਬ ਇਸ ਉਪਰ ਬੈਠੋ!... ਇਸ ਕੁਰਸੀ 'ਤੇ ਬੈਠ ਕੇ ਰਿਸ਼ਤੇ ਪੱਕੇ ਕੀਤੇ ਜਾਂਦੇ ਨੇ...!"

ਜੱਜ ਵਾਂਗ ਫੈਸਲਾ ਸੁਣਾ ਉਹ ਬਹੁਤ ਹੀ ਦਿਲ-ਫਰੇਬ ਅਦਾ ਨਾਲ ਮੁਸਕਰਾਈ। ਉਸ ਦੀ ਮੁਸਕਰਾਹਟ ਵਿਚ ਕੋਈ ਜਾਦੂ ਸੀ। ਮੈਂ ਉੱਠ ਕੇ ਉਹਦੀ ਕੁਰਸੀ ਉਪਰ ਬੈਠ ਗਿਆ। ਉਹ ਮੇਰੀ ਕੁਰਸੀ 'ਤੇ ਬੈਠ ਗਈ। ਮੈਂ ਅਜੇ ਕੁਰਸੀਆਂ ਦੀ ਅਦਲਾ-ਬਦਲੀ ਬਾਰੇ ਹੀ ਸੋਚ ਰਿਹਾ ਸੀ। ਉਹ ਹੌਲੀ ਦੇਣੀ ਉੱਠੀ। ਹਵਾ ਵਿਚ ਪੈਰ ਰੱਖਦੀ ਰਸੋਈ ਵਿਚ ਗਈ। ਇਕ ਪਾਣੀ ਦਾ ਗਿਲਾਸ ਲਿਆ ਮੈਨੂੰ ਫੜਾ ਫਿਰ ਕੁਰਸੀ ਉਪਰ ਬੈਠ ਗਈ। ਮੈਂ ਪਾਣੀ ਵਿਚ ਤੈਰਦਾ ਰਹੱਸ ਬੁੱਝਣ ਲੱਗਾ। ਉਹ ਭੇਤ ਦੀ ਗੱਲ ਦੱਸਣ ਵਾਂਗ ਹੌਲੀ-ਹੌਲੀ ਬੋਲਣ ਲੱਗੀ, "ਵੇਖੋ ਹੁਣ ਤੁਹਾਡੇ ਹੱਥ ਵਿਚ ਪਾਣੀ ਐ!....ਤੁਸੀਂ ਰਿਸ਼ਤਾ ਲੱਭਣ ਵਾਲੀ ਕੁਰਸੀ 'ਤੇ ਬੈਠੇ ਹੋਂ!... ਮੈਂ ਕਹਿੰਨੀ ਆਂ ਜਿਹੋ-ਜਿਹਾ ਵੀ ਮੁੰਡਾ ਲੱਭਦੈ!... ਤੁਸੀਂ ਰਿਸ਼ਤਾ ਪੱਕਾ ਕਰਕੇ ਆਪਣੀ ਜ਼ਿੰਮੇਵਾਰੀ ਪੂਰੀ ਕਰੋ....!"

"ਨਹੀਂ...ਨਹੀਂ!.. ਸਾਹਿਲ ਪੜ੍ਹੀ ਲਿਖੀ ਐ!... ਉਹਦੀ ਵੀ ਕੋਈ ਪਸੰਦ ਐ!... ਆਪਾਂ ਨੂੰ ਉਹਦੀ ਪਸੰਦ ਨਾ-ਪਸੰਦ ਦਾ ਧਿਆਨ ਰੱਖਣਾ ਚਾਹੀਦਾ...!" ਮੈਨੂੰ ਰਵਨੀਤ ਦੀ ਪਹਿਲਾਂ ਮੰਨੀ ਸਲਾਹ ਦਾ ਅਪਰਾਧ-ਬੋਧ ਘੇਰਾ ਪਾਉਣ ਲੱਗਾ।



ਮੇਰੀ ਘੇਰਾਬੰਦੀ ਤੋੜਦੀ ਹੋਈ ਉਹ ਸਾਹਿਲ ਦੇ ਕਮਰੇ ਵੱਲ ਇਸ਼ਾਰਾ ਕਰ ਇਕ-ਇਕ ਸ਼ਬਦ ਉਪਰ ਜ਼ੋਰ ਦਿੰਦੀ ਹੋਈ ਬੋਲੀ, "ਕੁੜੀਆਂ ਦੀ ਪਸੰਦ ਨਾ-ਪਸੰਦ ਨੂੰ ਐਨਾ ਮਹੱਤਵ ਨਹੀਂ ਦੇਈਦਾ!... ਤੁਸੀਂ ਕੰਮ ਨਿਬੇੜੋ ਪਰ੍ਹੇ...!"

"ਨਹੀਂ ਮੈਂ ਕੁੜੀ ਨਾਲ ਧੱਕਾ ਨਹੀਂ ਕਰ ਸਕਦਾ...!" ਦੋ-ਟੁੱਕ ਗੱਲ ਆਖ ਮੈਂ ਸੁੱਕਦੇ ਬੁੱਲ੍ਹਾਂ ਉਪਰ ਜੀਭ ਫੇਰਨ ਲੱਗਾ।

ਗੁਲਾਬੀ ਬੁੱਲ੍ਹਾਂ ਉਪਰ ਜੀਭ ਫੇਰਦੀ ਹੋਈ ਰਵਨੀਤ ਮੇਰੀਆਂ ਅੱਖਾਂ ਵਿਚ ਵੇਖਣ ਲੱਗੀ, "ਨਾ ਧੱਕਾ ਕਿਉਂ ਨੀ ਕਰ ਸਕਦੇ!... ਹਰਮੀਤ ਨੇ ਵੀ ਤਾਂ ਧੱਕਾ ਕੀਤਾ ਸੀ....!"

"ਧੱਕਾ ਕੀਤਾ ਸੀ!... ਉਹ ਕਿਵੇਂ....!" ਅੱਖਾਂ ਝਪਕ ਪਾਣੀ ਦੇ ਗਿਲਾਸ ਵਾਂਗ ਮੇਰੀ ਜ਼ੁਬਾਨ ਲੜਖੜਾ ਗਈ।

ਪਰ ਰਵਨੀਤ ਨਹੀਂ ਲੜਖੜਾਈ। ਮੇਰਾ ਹੱਥ ਫੜ ਉਹ ਹੱਸਣ ਲੱਗ ਪਈ, "ਤੁਸੀਂ ਕਿਹੜਾ ਮੈਨੂੰ ਪਸੰਦ ਸੀ....!!"

ਉਸ ਦਾ ਤੇਜ਼ਾਬੀ ਹਾਸਾ ਸੁਣ ਮੇਰੀਆਂ ਅੱਖਾਂ ਵਿਚ ਹਰਮੀਤ ਦਾ ਸਿਵਾ ਬਲਣ ਲੱਗਾ।

"ਸਿਵੇ ਵਿਚ ਡੱਕਾ ਸਿੱਟਣਾ ਬਹੁਤ ਔਖਾ ਹੁੰਦਾ....!" ਮੇਰਾ ਹੱਥ ਛੱਡ ਉਹ ਹੇਠਾਂ ਡਿੱਗਿਆ ਡੱਕਾ ਚੁੱਕ ਫੜਾਉਣ ਲੱਗੀ।

ਮੈਂ ਡੱਕਾ ਤੋੜ ਕੇ ਮੂੰਹ ਵਿਚ ਪਾ ਪਾਣੀ ਦੀ ਘੁੱਟ ਭਰ ਲਈ।

**98156-59220**

---

**ਹਰਜੀਤ ਅਟਵਾਲ ਦਾ ਨਵਾਂ ਨਾਵਲ**

**ਹਾਦਸੇ**

ਰੁ : 150/-

**ਪ੍ਰਕਾਸ਼ਕ : ਸੰਗਮ ਪਬਲੀਕੇਸ਼ਨਜ਼, ਸਮਾਣਾ**

ਫੋਨ ਨੰ: 01764-501934, 98152-43917

---

**ਕੀ ਕਹੇ ਕਹਾਣੀ**

**ਗੁਰਬਚਨ ਸਿੰਘ ਭੁੱਲਰ**

**ਆਰਸੀ ਪਬਲਿਸ਼ਰਜ਼, ਦਿੱਲੀ**

# ਜਾਨਵਰ / ਅਨੇਮਨ ਸਿੰਘ

ਜੈਕੀ ਪਿਛਲੇ ਹਫ਼ਤੇ ਤੋਂ ਘਰ ਨਹੀਂ ਹੈ।

ਪਤਾ ਨਹੀਂ ਕਿੱਧਰ ਚਲਾ ਗਿਆ ਹੈ। ਉਦੋਂ ਤੋਂ ਹੀ ਲੱਭ ਰਹੀ ਹਾਂ, ਉਸਨੂੰ। ਪਾਗਲਾਂ ਵਾਂਗ। ਪਰ ਉਹ ਨਹੀਂ ਮਿਲਿਆ। ਹਰ ਗਲੀ, ਹਰ ਮੋੜ। ਸਾਰਾ ਬਾਜ਼ਾਰ। ਬੱਸ ਸਟਾਪ। ਪਾਰਕ। ਰੇਲਵੇ ਸਟੇਸ਼ਨ। ਉਹ ਕਿਹੜੀ ਜਗ੍ਹਾ ਨਹੀਂ ਜੋ ਮੈਂ ਛਾਣ ਨਾ ਮਾਰੀ ਹੋਵੇ, ਉਸ ਨੂੰ ਲੱਭਦਿਆਂ-ਲੱਭਦਿਆਂ। ਪਰ ਉਸ ਦਾ ਕੋਈ ਨਾਮੋ ਨਿਸ਼ਾਨ ਕਿਤੇ ਨਾ ਮਿਲਿਆ। ਲੱਗਦੈ ਜੈਕੀ ਨੂੰ ਕਿਸੇ ਨੇ ਆਪਣੇ ਘਰ ਬੰਨ ਲਿਆ ਹੋਣੈ। ਅੱਜ ਕੱਲ੍ਹ ਲੋਕ ਇਸ ਤਰ੍ਹਾਂ ਵੀ ਕਰਨ ਲੱਗ ਪਏ ਹਨ। ਪਰ ਮੈਨੂੰ ਲੱਗਦੈ ਜੈਕੀ ਇਸ ਤਰ੍ਹਾਂ ਕਿਸੇ ਪਰਾਏ ਮਾਲਕ ਦੀ ਕੈਦ 'ਚ ਬਹੁਤਾ ਚਿਰ ਨਹੀਂ ਰਹਿ ਸਕੇਗਾ। ਉਸ ਨੂੰ ਜਦੋਂ ਵੀ ਮੌਕਾ ਲੱਗਾ, ਝੱਟ ਕੈਦ 'ਚੋਂ ਨਿਕਲ ਮੇਰੇ ਕੋਲ ਆ ਜਾਵੇਗਾ। ਪਰ ਕਦੋਂ ?

ਹਫ਼ਤੇ ਤੋਂ ਤਾਂ ਉੱਪਰ ਹੋ ਗਿਆ ਹੈ। ਗਾਇਬ ਹੋਏ ਉਸਨੂੰ। ਹਫ਼ਤੇ ਤੋਂ ਹੀ ਮੇਰੀ ਹਾਲਤ ਇਸ ਤਰ੍ਹਾਂ ਦੀ ਹੋ ਗਈ ਹੈ। ਕਦੇ ਜਾਪਦਾ ਹੈ ਮੈਂ ਪਾਗਲ ਹੋ ਗਈ ਹਾਂ। ਮੇਰੇ ਅੰਦਰ ਅਜੀਬ ਜਿਹੇ ਖ਼ਿਆਲ ਘਰ ਕਰ ਗਏ ਹਨ। ਜੈਕੀ ਬਾਰੇ। ਕਿੰਨਾ ਜ਼ੋਰ ਲਾਉਂਦੀ ਹਾਂ, ਮਨ 'ਚੋਂ ਇਹ ਖ਼ਿਆਲ ਉੱਡ-ਪੁੱਡ ਜਾਣ ਪਰ ਇਹ ਉਸ ਤੋਂ ਵੀ ਵੱਧ ਹੋਰ ਮੇਰੇ ਦਿਮਾਗ਼ 'ਚ ਵੱਸਦੇ ਜਾ ਰਹੇ ਹਨ। ਪਿਛਲੇ ਇੱਕ ਮਹੀਨੇ ਤੋਂ ਮੇਰੇ ਮਨ 'ਤੇ ਜੈਕੀ ਹੀ ਸਵਾਰ ਹੈ। ਉੱਠਦੇ, ਬਹਿੰਦੇ, ਸੌਂਦੇ ਤੇ ਜਾਗਦੇ। ਕੇਵਲ ਜੈਕੀ.....ਜੈਕੀ.....ਜੈਕੀ ਹੀ ਬਸ ।.....ਕੇਵਲ ਜੈਕੀ!

ਇੰਨਾ ਪੜ੍ਹ-ਲਿਖ ਕੇ ਵੀ ਮਨ ਲੱਗਦੈ ਅਨਪੜ੍ਹਾਂ ਵਰਗਾ ਬਣਦਾ ਜਾ ਰਿਹਾ ਹੈ। ਇਸ ਤਰ੍ਹਾਂ ਦੇ ਖਿਆਲ ਮਨ 'ਚ ਆਉਣੇ, ਮੇਰੀ ਸਮਝ ਤੋਂ ਬਾਹਰ ਹੋ ਗਿਆ ਹੁਣ ਤਾਂ।

ਕਦੇ-ਕਦੇ ਦਿਮਾਗ਼ 'ਤੇ ਜ਼ਿਆਦਾ ਜ਼ੋਰ ਪਾਉਂਦੀ ਹਾਂ ਤਾਂ ਘਰ-ਪਰਿਵਾਰ ਦੇ ਸਾਰੇ ਜੀਆਂ ਦੇ ਚਿਹਰੇ ਇੱਕ- ਇੱਕ ਕਰ ਮੇਰੀਆਂ ਅੱਖਾਂ ਸਾਹਮਣੇ ਆ ਮੰਡਰਾਉਣ ਲੱਗਦੇ ਹਨ। ਕਦੇ ਲੱਗਦਾ ਹੈ ਉਹ ਖਿੜਖਿੜਾ ਕੇ ਹੱਸ ਰਹੇ ਹਨ। ਕਦੇ ਸਾਹਮਣੇ ਹਨੇਰਾ ਹੀ ਹਨੇਰਾ ਦਿਖਾਈ ਦੇਣ ਲੱਗਦਾ ਹੈ। ਫਿਰ ਲੱਗਦਾ ਹੈ ਇਹ ਸਾਰੇ ਚਿਹਰੇ ਰੋਣ ਲੱਗ ਪਏ ਹਨ। ਅੱਥਰੂ ਵਹਿ-ਵਹਿ ਕੇ ਸਾਰੇ ਪਾਸੇ ਪਾਣੀ ਹੀ ਪਾਣੀ ਫੈਲ ਗਿਆ ਹੈ। ਪਾਣੀ 'ਚ ਸਾਰੇ ਇਹ ਚਿਹਰੇ ਹੋਰ ਵੀ ਸਾਫ਼ ਚਮਕਦੇ ਦਿਖਾਈ ਦੇਣ ਲੱਗੇ ਹਨ। ਮੈਂ ਗਹੁ ਨਾਲ ਤੱਕਣ ਲੱਗਦੀ ਹਾਂ। ਹੈਂਅ, ਇਹ ਤਾਂ ਡੈਡੀ ਦਾ ਚਿਹਰਾ ਹੈ। ਤੇ ਉਹ ਮੰਮੀ ਦਾ। ਲਓ, ਉਹ ਦੇਖ ਲਓ, ਦਾਦੀ ਅੰਮਾ ਵੀ ਖੂੰਡੀ ਸਣੇ ਦਿਖਾਈ ਦੇਣ ਲੱਗ ਪਈ ਹੈ। ਉਹ ਆਪਣੀ ਖੂੰਡੀ ਨਾਲ ਕਿਸੇ ਨੂੰ ਭਜਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਦੇ ਹੀ ਅੱਗੇ-ਅੱਗੇ ਸੈਫੀ ਭੱਜ ਰਹੀ ਹੈ। ਤੇ ਉਸਦੇ ਮੂਹਰੇ-ਮੂਹਰੇ ਜੈਕੀ ਵੀ। ਚੱਲ ਸੋ ਚੱਲ। ਤੇ ਮੈਂ ਕਿਸੇ ਜਲਡਮਰੂ ਦੇ ਵਿਚ ਵਿਚਾਲੇ ਫੱਸੀ ਹੱਥ ਪੈਰ ਮਾਰਨ ਲੱਗ ਪਈ ਹਾਂ। ਪਰ ਨਿਕਲਣ ਦਾ ਕੋਈ ਰਾਹ ਨਜ਼ਰ ਨਹੀਂ ਆਉਂਦਾ। ਜੇ ਨਜ਼ਰ ਆਉਂਦਾ ਹੈ ਤਾਂ ਉਹ ਬੀਤੇ ਦੇ ਕੁਝ ਧੁੰਦਲੇ-ਧੁੰਦਲੇ ਦ੍ਰਿਸ਼ ਹਨ। ਜਿਨ੍ਹਾਂ ਵਿਚ ਮੈਂ ਹਾਂ ਜਾਂ.......ਮੇਰਾ ਪਰਿਵਾਰ ਹੈ........ਤੇ ਜਾਂ.....!

ਹੈਂਅ ਇਹ ਕੀ। ਜਾਨਵਰ ਮੇਰੇ ਸਾਹਮਣੇ ਟਪੂਸੀਆਂ ਲਾਉਂਦਾ, ਦੁੜੰਗੇ ਮਾਰਦਾ ਝੱਟ ਉਹ ਗਿਆ, ਉਹ ਗਿਆ। ਕਿਸੇ ਛਲੇਡੇ ਵਾਂਗ! ਮੇਰੀਆਂ ਅੱਖਾਂ ਸਾਹਮਣੇ ਭੰਬੂਤਾਰੇ ਨੱਚਣ ਲੱਗ ਪਏ। ਮੱਥਾ ਤਰੇਲੀਓ-ਤਰੇਲੀ। ਅੰਦਰ ਹੀ ਅੰਦਰ ਇੱਕ ਕੰਬਣੀ ਛਿੜਣ ਲੱਗ ਪਈ। ਤੇ ਫਿਰ ਸਾਰਾ ਜਿਸਮ ਸਿਹਰ ਉੱਠਿਆ। ਖ਼ੁਦ ਨੂੰ ਸੰਭਾਲਣ ਦਾ ਯਤਨ ਕਰ ਮੈਂ ਉਸ ਨੂੰ ਲੱਭਣ ਲੱਗਦੀ। ਮੇਰੀਆਂ



ਨਜ਼ਰਾਂ ਉਸ ਨੂੰ ਭਾਲਦੇ-ਭਾਲਦੇ ਥੱਕ ਜਾਂਦੀਆਂ। ਸਾਰਾ ਘਰ ਫਰੋਲ ਛੱਡਦੀ। ਕਦੇ ਇੱਧਰ ਤੇ ਕਦੇ ਉੱਧਰ। ਕਦੇ ਬੈੱਡ ਥੱਲੇ ਤੇ ਕਦੇ ਬਾਲਕੋਨੀ 'ਤੇ। ਕਦੇ ਛੱਤ ਉੱਪਰ ਤੇ ਕਦੇ ਬਾਹਰ ਗਲੀ ਦੇ ਉਸ ਮੋੜ ਤੱਕ। ਪਰ ਮੇਰੇ ਲੱਖ ਚਾਹੁਣ ਦੇ ਬਾਵਜੂਦ ਉਹ ਕਿੱਧਰੇ ਵਿਖਾਈ ਨਹੀਂ ਦਿੰਦਾ। ਪਾਣੀਓ-ਪਾਣੀ ਹੋਈ ਮੈਂ ਧੜੱਮ ਦੇਣੇ ਡਰਾਇੰਗ ਰੂਮ 'ਚ ਪਏ ਸੋਫ਼ੇ 'ਤੇ ਆ ਡਿੱਗਦੀ। ਬੇਹੋਸ਼ੀ ਦੇ ਆਲਮ 'ਚ। ਪਰ ਉਹਦਾ ਕੋਈ ਪਤਾ ਨਾ ਲੱਗਦਾ।

ਕਾਫ਼ੀ ਚਿਰ ਬਾਅਦ ਜਦੋਂ ਸੁਰਤ ਸੰਭਲਦੀ। ਆਪਣੇ-ਆਪ ਨੂੰ ਨਾਰਮਲ ਕਰਨ ਦੀ ਕੋਸ਼ਿਸ਼ ਕਰਦੀ। ਸੋਚਣ ਲੱਗਦੀ। ਉਹੋ ਧੁੰਦਲੇ-ਧੁੰਦਲੇ ਘਰ-ਪਰਿਵਾਰ ਦੇ ਜੀਆਂ ਦੇ ਚਿਹਰੇ ਫਿਰ ਮੇਰੇ ਸਾਹਮਣੇ ਆ ਮੰਡਰਾਉਣ ਲੱਗਦੇ। ਕਿੰਨਾ ਕੁਝ ਬੀਤਿਆ ਅੱਖਾਂ ਮੂਹਰੇ ਝੱਟ ਆ ਸਾਕਾਰ ਹੋ ਉੱਠਦਾ। ਫਿਰ ਮਨ ਇਸ ਸਭ ਕਾਸੇ ਨੂੰ ਝੱਟਕ ਕੇ ਪਰ੍ਹਾਂ ਕਰ ਦਿੰਦਾ ਤੇ ਜਿਹਨ 'ਚ ਇੱਕਦਮ ਉੱਛਲਦਾ। ਕਿਤੇ ਇਹ ਸਾਰਾ ਕੁਝ ਜੈਕੀ ਦੇ ਘਰ ਨਾ ਹੋਣ ਕਾਰਨ ਤਾਂ ਨਹੀਂ ਹੋ ਰਿਹਾ ?

"ਦੀਦੀ, ਤੁਸੀਂ ਚਿੰਤਾ ਨਾ ਕਰੋ। ਜੈਕੀ ਜ਼ਰੂਰ ਮਿਲ ਜਾਵੇਗਾ। ਮੈਂ ਵੀ ਆਪਣੇ ਕੰਮ ਕਾਰ ਵਾਲੀਆਂ ਸਹੇਲੀਆਂ ਨਾਲ ਗੱਲ ਕਰਾਂਗੀ, ਜੈਕੀ ਦੇ ਗੁੰਮ ਹੋਣ ਬਾਰੇ। ਸ਼ਾਇਦ ਕੁਝ ਪਤਾ ਲੱਗ ਜਾਏ।" ਆਸ਼ਾ ਮੇਰੇ ਕੋਲ ਆ ਕੇ ਬੋਲੀ ਸੀ।

ਮੈਂ ਤਾਂ ਕਿਤੇ ਹੋਰ ਹੀ ਗੁਆਚੀ ਹੋਈ ਸਾਂ। ਆਸ਼ਾ ਨੂੰ ਕੋਲ ਵੇਖ ਮੈਂ ਖ਼ੁਦ ਨੂੰ ਸੰਭਾਲਦੇ ਹੋਏ, ਉਸ ਨੂੰ ਚਾਹ ਬਣਾਉਣ ਲਈ ਕਿਹਾ ਹੈ। ਉਹ ਚਲੀ ਗਈ ਹੈ। ਪਿਛਲੇ ਇੱਕ ਮਹੀਨੇ ਤੋਂ ਮੈਨੂੰ ਆਸ਼ਾ ਦਾ ਚਿਹਰਾ ਵੀ ਸ਼ੱਕੀ-ਸ਼ੱਕੀ ਜਾਪਣ ਲੱਗਾ ਹੈ। ਇੰਝ ਲੱਗਦਾ ਹੈ ਜਿਵੇਂ ਉਹ ਮੇਰੇ ਵੱਲ ਕੁਝ ਜ਼ਿਆਦਾ ਹੀ ਤਵੱਕੋਂ ਦੇਣ ਲੱਗ ਪਈ ਹੈ। ਉਸ ਦਾ ਇੰਝ ਮੇਰੇ ਅੱਗੇ-ਪਿੱਛੇ ਰਹਿਣਾ। ਲੱਗਦੈ ਜਿਵੇਂ ਉਹ ਕੋਈ ਸੂਹ ਲੈਣ ਦੀ ਕੋਸ਼ਿਸ਼ ਕਰ ਰਹੀ ਹੋਵੇ। ਕਿੰਨੇ ਵਾਰ ਗੱਲਾਂ-ਗੱਲਾਂ 'ਚ ਮੈਂ ਉਸ ਦੇ ਮੂੰਹੋਂ ਕੁਝ ਖੁੱਲ੍ਹਵਾਉਣ ਦਾ ਯਤਨ ਵੀ ਕਰਨਾ ਚਾਹਿਆ ਸੀ ਪਰ ਉਹ ਗੱਲ ਨੂੰ ਹੋਰ ਪਾਸੇ ਬੜੀ ਚਲਾਕੀ ਨਾਲ ਲੈ ਜਾਂਦੀ ਹੈ। ਮੈਨੂੰ ਲੱਗਦੈ ਉਸ ਅੰਦਰ ਕੁਝ ਹੈ, ਜੋ ਚਿਹਰੇ 'ਤੇ ਨਹੀਂ ਲਿਆ ਰਹੀ।

ਮੈਂ ਆਸ਼ਾ ਬਾਰੇ ਸੋਚਣ ਲੱਗ ਪਈ ਹਾਂ। ਉਹ ਪਿਛਲੇ ਦਸ-ਬਾਰਾਂ ਸਾਲਾਂ ਤੋਂ ਸਾਡੇ ਘਰ ਕੰਮ ਕਰ ਰਹੀ ਹੈ। ਉਸ ਨੂੰ ਸਾਡੇ ਪਰਿਵਾਰ ਬਾਰੇ ਕਿੰਨਾ ਕੁਝ ਪਤਾ ਹੋਵੇਗਾ। ਮੈਂ ਕਦੇ ਉਸਦੇ ਚਿਹਰੇ 'ਤੇ ਸ਼ਿਕਨ ਨਹੀਂ ਦੇਖਿਆ। ਜੋ ਵੀ ਕੰਮ ਕਹਾਂ ਬਿਨਾਂ ਕਿਸੇ ਨਾਂਹ-ਨੁੱਕਰ ਤੋਂ ਝੱਟ ਬੜੀ ਹਾਜ਼ਰ ਜੁਆਬੀ 'ਚ ਕਰ ਦਿੰਦੀ ਹੈ।

ਮੈਨੂੰ ਅੱਜ ਵੀ ਯਾਦ ਹੈ ਜਦੋਂ ਉਸਦੀ ਮਾਸੀ ਉਸਨੂੰ ਸਾਡੇ ਘਰ ਦੇ ਕੰਮ ਕਰਨ ਲਈ ਛੱਡਣ ਆਈ ਸੀ। ਉਸ ਨੂੰ ਦੇਖ ਕੇ ਮੈਨੂੰ ਇੰਝ ਲੱਗਾ ਜਿਵੇਂ ਮੇਰੇ ਖੇਡਣ ਲਈ ਕੋਈ ਖਿਡੌਣਾ ਆ ਗਿਆ ਹੋਵੇ ਪਰ ਜਦੋਂ ਵੀ ਉਸ ਨਾਲ ਮੈਂ ਖੇਡਣ ਦਾ ਯਤਨ ਕਰਦੀ ਤਾਂ ਮੰਮੀ ਜਾਂ ਦਾਦੀ ਅੰਮਾ ਉਸ ਨੂੰ ਘਰ ਦੇ ਕੋਈ ਨਾ ਕੋਈ ਕੰਮ ਲਗਾ ਦਿੰਦੇ। ਮੈਂ ਆਪਣਾ ਬੈਗ ਲੈ ਸਕੂਲ 'ਚ ਜਾਂਦੀ ਸਾਂ ਜਦੋਂ ਆਸ਼ਾ ਦੇ ਕੋਮਲ ਹੱਥ ਪੱਥਰ ਬਣਨ ਦੀ ਕੋਸ਼ਿਸ਼ 'ਚ ਸਨ। ਹੌਲੀ-ਹੌਲੀ ਉਹ ਮੇਰੇ ਨਾਲ ਰਚ-ਮਿਚ ਗਈ। ਜਦੋਂ ਮੰਮੀ ਤੇ ਦਾਦੀ ਅੰਮਾ ਘਰ ਨਾ ਹੁੰਦੀਆਂ ਤਾਂ ਮੈਂ ਆਪਣੇ ਖਾਣ-ਪੀਣ ਦੀਆਂ ਚੀਜ਼ਾਂ ਤੱਕ ਵੀ ਉਸ ਨੂੰ ਦੇ ਦਿੰਦੀ।

ਫਿਰ ਪਤਾ ਲੱਗਾ ਕਿ ਆਸ਼ਾ ਆਪਣੀ ਮਾਂ ਨਾਲ ਆਪਣੀ ਮਾਸੀ ਕੋਲ ਰਹਿੰਦੀ ਹੈ। ਉਸਦੀ ਮਾਂ ਨੂੰ ਕੋਈ ਭਿਆਨਕ ਰੋਗ ਲੱਗ ਗਿਆ ਸੀ। ਤੇ ਉਸਦਾ ਪਿਉ ਉਨ੍ਹਾਂ ਨੂੰ ਕਾਫ਼ੀ ਸਮਾਂ ਪਹਿਲਾਂ ਛੱਡ ਕੇ ਕਿਸੇ ਹੋਰ ਔਰਤ ਨਾਲ ਰਹਿਣ ਲੱਗ ਗਿਆ ਸੀ। ਉਸਦੀ ਮਾਸੀ ਕਈ ਘਰਾਂ 'ਚ

ਝਾੜੂ ਪੋਚੇ ਸਫ਼ਾਈ ਆਦਿ ਦਾ ਕੰਮ ਕਰਦੀ ਸੀ। ਤੇ ਉਸੇ ਨੇ ਆਸ਼ਾ ਨੂੰ ਸਾਡੇ ਘਰ ਕੰਮ 'ਤੇ ਲਗਵਾ ਦਿੱਤਾ ਸੀ।

ਗੁਆਂਢ ਦੇ ਕਿਸ ਘਰ 'ਚ ਕਿਹੜਾ-ਕਿਹੜਾ ਜਾਨਵਰ ਜਾਂ ਪਰਿੰਦਾ ਪਾਲਿਆ ਹੋਇਆ ਹੈ, ਇਹ ਮੈਨੂੰ ਆਸ਼ਾ ਕੋਲੋਂ ਹੀ ਪਤਾ ਚੱਲਿਆ ਸੀ। ਉਸਨੇ ਹੀ ਮੈਨੂੰ ਦੱਸਿਆ ਸੀ ਕਿ ਫਲਾਣੇ ਘਰ 'ਚ ਫਲਾਣੀ ਨਸਲ ਦਾ ਕੁੱਤਾ। ਉਨ੍ਹਾਂ ਦੇ ਘਰ ਪਿਟ ਬੁਲ ਹੈ...ਤੇ ਉਨ੍ਹਾਂ ਦਾ ਬੇਟਾ ਜਰਮਨ ਸ਼ੈਫਰਡ ਦੀ ਥਾਂ ਹੋਰ ਕੋਈ ਨਸਲ ਦਾ ਕੁੱਤਾ ਲਿਆਉਣ ਦੀ ਜ਼ਿੱਦ ਕਰ ਰਿਹਾ ਹੈ.... ਮਿਸਿਜ਼ ਕਰਨੀ ਨੇ ਆਪਣੇ ਘਰ 'ਚ ਭਾਂਤ-ਭਾਂਤ ਦੀਆਂ ਚਿੜੀਆਂ ਵਾਲਾ ਪਿੰਜਰਾ ਲਿਆ ਕੇ ਰੱਖਿਆ ਹੋਇਆ ਏ ...ਵਗੈਰਾ..ਵਗੈਰਾ। ਉਸ ਦੀਆਂ ਗੱਲਾਂ ਸੁਣ ਕੇ ਮੈਂ ਲੋਕਾਂ ਬਾਰੇ ਸੋਚਣ ਲੱਗਦੀ। ਲੋਕ ਵੀ ਅੱਜ ਕੱਲ੍ਹ ਕਿੰਨੇ ਮਹਿੰਗੇ-ਮਹਿੰਗੇ ਜਾਨਵਰ ਪਾਲਣ ਦਾ ਸ਼ੌਂਕ ਰੱਖਣ ਲੱਗ ਪਏ ਹਨ। ਅਜਿਹਾ ਸੋਚਦਿਆਂ ਮੈਨੂੰ ਕਾਲਜ ਦੀ ਸਹੇਲੀ ਸਿਮਰਨ ਦੀ ਯਾਦ ਆਈ। ਜੋ ਉਸ ਦਿਨ ਆਪਣੇ ਬਰਥ ਡੇ ਪਾਰਟੀ ਮੌਕੇ ਚਾਈਂ-ਚਾਈਂ ਸਾਰੀਆਂ ਸਹੇਲੀਆਂ ਨੂੰ ਦੱਸ ਰਹੀ ਸੀ ਕਿ ਉਸ ਦੇ ਬ੍ਰਦਰ ਨੇ 'ਗਰੇਅ ਹਾਊਂਡ' ਅਮਰੀਕੀ ਨਸਲ ਦਾ ਪਿਟ ਬੁੱਲ ਦੋ ਲੱਖ 'ਚ ਖਰੀਦਿਆ ਏ, ਸ਼ਿਕਾਰ ਕਰਨ ਲਈ। ਮੈਨੂੰ ਸੁਣ ਕੇ ਹੈਰਾਨੀ ਹੋਈ ਸੀ। ਇੰਨਾ ਮਹਿੰਗਾ ਕੁੱਤਾ। ਇੰਨੀ ਕੀਮਤ 'ਚ ਤਾਂ ਜੈਜਦੀ ਦਾ ਨਵਾਂ ਮਾਡਲ ਮੋਟਰ ਸਾਈਕਲ ਆ ਸਕਦਾ ਸੀ। ਕਾਰਾਂ ਆਦਿ ਦੇ ਮਹਿੰਗੇ ਨੰਬਰ ਤਾਂ ਸੁਣਿਆ ਸੀ ਪਰ ਕੁੱਤੇ ਵੀ ਇੰਨੇ ਮਹਿੰਗੇ ਖਰੀਦਣੇ, ਇਹ ਮੇਰਾ ਲਈ ਕਿਸੇ ਅਚੰਭੇ ਵਾਂਗ ਹੀ ਸੀ।

ਲੋਕਾਂ ਨੇ ਵੀ ਕਿਵੇਂ ਦੇ ਅਲੱਗ-ਅਲੱਗ ਸ਼ੌਂਕ ਪੈਦਾ ਕਰ ਲਏ ਨੇ। ...ਇਨਸਾਨ ਅੰਦਰ ਬੇਗਾਨਗੀ ਹੀ ਇੰਨੀ ਘਰ ਕਰ ਗਈ ਹੈ....ਜਿਸ ਕਾਰਨ ਆਪਣੀ ਇਕੱਲਤਾ ਨੂੰ ਦੂਰ ਕਰਨ ਲਈ, ਉਹ ਰਿਸ਼ਤੇ ਨਾਤਿਆਂ ਦੀ ਬਜਾਇ ਜਾਨਵਰਾਂ 'ਚੋਂ ਸਕੂਨ ਲੱਭਣ ਲੱਗ ਪਿਆ ਹੈ।

ਕੀ ਡੈਡੀ ਅੰਦਰ ਵੀ ਕੋਈ ਇਕੱਲਤਾ ਸੀ ? ਜਾਂ ਕੋਈ ਬੇਗਾਨਗੀ ਘਰ ਕਰ ਗਈ ਸੀ ? ਹੈਂਅ, ਸਵਾਲ ਦੇ ਮਨ 'ਚ ਉੱਛਲਦੇ ਹੀ ਸਿਰ ਫਿਰ ਭਾਰੀ ਹੋਣ ਲੱਗ ਪਿਆ ਹੈ।

ਜਾਨਵਰ ਨੇ ਆਪਣੀ ਲੰਬੀ ਜੀਭ ਬਾਹਰ ਕੱਢ ਮੇਰੇ ਵੱਲ ਕੈੜੀਆਂ ਅੱਖਾਂ ਨਾਲ ਦੇਖਿਆ ਹੈ।.... ਜਿਵੇਂ ਵਿਸ਼ਾਲ ਐਨਾਕੌਂਡਾ ਮੇਰੇ ਪਿੱਛੇ ਪਿਆ ਹੋਵੇ।.... ਸਰ-ਸਰ-ਸਰ ਕਰਦਾ ਉਹ ਮੈਨੂੰ ਚਬਾ ਲੈਣ ਦੀ ਮਨਸ਼ਾ ਨਾਲ ਆਪਣੀ ਤੇਜ਼ ਚਾਲੇ ਰੀਂਘਦਾ ਹੋਇਆ ਮੇਰੇ ਵੱਲ ਵੱਧਣ ਲੱਗਾ ਹੈ। ਮੈਂ ਆਪਣੇ ਬਚਾਅ ਲਈ ਤੇਜ਼ੀ ਨਾਲ ਭੱਜਦੀ ਜਾ ਰਹੀ ਹਾਂ।.....ਫਿਰ ਉਹ ਜਿਵੇਂ ਹੋਰ ਵੀ ਵਿਸ਼ਾਲ ਰੂਪ ਧਾਰਨ ਕਰ ਮੈਨੂੰ ਆਪਣੇ ਪਲਸੇਟਿਆਂ 'ਚ ਕਾਬੂ ਕਰਨ ਦੇ ਯਤਨ ਕਰਨ ਲੱਗਾ। ਮੇਰੇ 'ਚ ਜਿਵੇਂ ਸ਼ਕਤੀ ਖ਼ਤਮ ਹੁੰਦੀ ਜਾ ਰਹੀ ਹੈ। ਆਪਣੀ ਬਚੀ-ਖੁਚੀ ਤਾਕਤ ਨੂੰ ਇਕੱਠਿਆਂ ਕਰਨ ਦੀ ਕੋਸ਼ਿਸ਼ ਹੀ ਕਰ ਰਹੀ ਸਾਂ ਕਿ ਪਤਾ ਨਹੀਂ ਮੇਰੇ ਹੱਥਾਂ 'ਚ ਕਿਵੇਂ ਰਿਵਾਲਵਰ ਆ ਗਿਆ। ਤੇ ਮੈਂ ਉਸ ਦਾ ਟਰਿੱਗਰ ਦਬਾ ਇੱਕ ਨਹੀਂ, ਬਲਕਿ ਪੂਰੀਆਂ ਛੇ ਦੀਆਂ ਛੇ ਗੋਲੀਆਂ ਉਸ ਦੇ ਵਧੇ ਹੋਏ ਫਨ ਤੇ ਵਰ੍ਹਾ ਦਿੱਤੀਆਂ। ਉਸ ਦੇ ਫਨ 'ਚੋਂ ਲਹੂ ਦੀਆਂ ਤਤੀਰੀਆਂ ਵੱਗਣ ਲੱਗ ਪਈਆਂ ਹਨ।.....ਤੇ ਫਿਰ ਜਿਵੇਂ ਉਸਦੀ ਮੇਰੇ ਦੁਆਲੇ ਕਸੀ ਜਕੜ ਵੀ ਢਿੱਲੀ ਪੈਣ ਲੱਗ ਪਈ। ਤੇ ਫਿਰ ਉਹ ਆਪਣੇ ਢੈਲੇ ਪੈਂਦੇ ਆਕਾਰ ਨਾਲ ਇੱਕਦਮ ਸਰਕਦਾ ਹੋਇਆ ਪਿਛਾਂਹ ਮੁੜਨ ਲੱਗਾ ਹੈ।...ਮੇਰੇ ਦੇਖਦੇ-ਦੇਖਦੇ ਉਹ ਝੱਟ ਸਾਹਮਣੇ ਕੰਧ ਤੇ ਟੰਗੀ ਐਲ. ਸੀ. ਡੀ. ਵਿਚ ਜਾ ਘੁੱਸ ਗਿਆ।

ਸੁੰਨ ਹੋਈ ਮੈਂ ਉਸ ਨੂੰ ਇਸ ਤਰ੍ਹਾਂ ਕਰਦੇ ਦੇਖਦੀ ਰਹਿ ਗਈ ਸਾਂ।

"ਦੀਦੀ ਜੀ, ਤੁਸੀਂ ਇਸ ਤਰ੍ਹਾਂ ਐਲ. ਸੀ. ਡੀ. ਵੱਲ ਬਿਟਰ-ਬਿਟਰ ਖੜ੍ਹੇ ਕਿਉਂ ਤੱਕੀ



ਜਾ ਰਹੇ ਹੋ ?" ਆਸ਼ਾ ਨੇ ਜਿਵੇਂ ਮੇਰੇ ਬੁੱਤ ਬਣੇ ਜਿਸਮ ਨੂੰ ਕਿਸੇ ਛੈਣੀ ਨਾਲ ਖੁਰਚ ਦਿੱਤਾ ਸੀ। ਉਹ ਚਾਹ ਦਾ ਕੱਪ ਹੱਥ 'ਚ ਫੜੀ ਸਾਹਮਣੇ ਖੜੀ ਹੈ।

ਮੈਂ ਇੱਧਰ-ਉੱਧਰ ਘਬਰਾ ਕੇ ਦੇਖਦੀ ਹਾਂ। ਮੇਰੇ ਹੱਥ ਵਿਚਲਾ ਰਿਵਾਲਵਰ ਪਤਾ ਨਹੀਂ ਕਿੱਧਰ ਅਲੋਪ ਹੋ ਗਿਆ ਹੈ। ਉਹੋ ਜਿਹਾ ਕੁਝ ਵੀ ਨਜ਼ਰ ਨਹੀਂ ਆ ਰਿਹਾ ਸੀ। ਸਾਹਮਣੇ ਐਲ. ਸੀ. ਡੀ. ਤੇ ਫਿਲਮ ਐਨਾਕੌਂਡਾ ਚੱਲ ਰਹੀ ਹੈ। ਸਮੁੰਦਰ ਦੇ ਪਾਣੀ 'ਚ ਇੱਕ ਕਿਸ਼ਤੀ 'ਚ ਬੈਠੇ ਕੁਝ ਜਣੇ ਆਪਣੀ ਜਾਨ ਨੂੰ ਮਗਰ ਪਏ ਵਿਸ਼ਾਲ ਐਨਾਕੌਂਡਾ ਤੋਂ ਬਚਾਉਣ ਲਈ ਯਤਨ ਜੁਟਾ ਰਹੇ ਹਨ। ਲੱਗਦੈ ਮੈਂ ਵੀ ਫਿਲਮ ਦੇਖਦੀ-ਦੇਖਦੀ ਇੰਨੀ ਇਸ 'ਚ ਖੁੱਭ ਗਈ ਕਿ ਆਪਣੇ ਮਗਰ ਅੰਨਾਕੌਂਡਾ ਲੱਗੇ ਹੋਣ ਦਾ ਅਹਿਸਾਸ ਹੋਣ ਲੱਗਾ ਸੀ।

ਡੈਡੀ ਦੀ ਯਾਦ ਆਉਣ ਤੇ ਅਚਾਨਕ ਪਤਾ ਨਹੀਂ ਕੀ ਹੋ ਜਾਂਦਾ ਹੈ ਮੈਨੂੰ। ਇਹ ਜੋ ਹੁਣੇ ਮੇਰੇ ਹੱਥਾਂ 'ਚ ਰਿਵਾਲਵਰ ਫੜਿਆ, ਜੋ ਮੈਂ ਮਹਿਸੂਸ ਕੀਤਾ ਸੀ, ਅਜਿਹਾ ਰਿਵਾਲਵਰ ਤਾਂ ਡੈਡੀ ਹੀ ਆਪਣੇ ਕੋਲ ਰੱਖਦੇ ਸਨ। ਸ਼ਾਇਦ ਉਨ੍ਹਾਂ ਦੇ ਗੋਲੀ ਮਾਰ ਲੈਣ ਦਾ ਸੀਨ ਮਨ ਦੇ ਕਿਸੇ ਖੂੰਝੇ ਪਿਆ ਅਚਾਨਕ ਆ ਸਾਕਾਰ ਹੋ ਗਿਆ ਸੀ। ਤਦ ਹੀ ਅਜਿਹਾ ਕੁਝ ਜਾਪਿਆ ਮੈਨੂੰ।

ਡੈਡੀ ਸ਼ਹਿਰ ਦੇ ਕੌਂਸਲਰ ਸਨ। ਉਨ੍ਹਾਂ ਦੀ ਇਲਾਕੇ 'ਚ ਪੂਰੀ ਮਾਨਤਾ ਸੀ। ਉਸ ਕਿਸੇ ਵੀ ਲੋੜਵੰਦ ਦੇ ਝੱਟ ਕੰਮ ਆ ਜਾਂਦੇ ਸਨ। ਮੁਹੱਲੇ 'ਚ ਸਾਫ਼ ਸਫ਼ਾਈ, ਤੇ ਵਿਕਾਸ ਕੰਮਾਂ 'ਚ ਉਨ੍ਹਾਂ ਮੋਹਰੀ ਹੋ ਕੇ ਰੋਲ ਨਿਭਾਇਆ ਸੀ। ਇਸੇ ਤਰ੍ਹਾਂ ਉਨ੍ਹਾਂ ਦੀ ਸਰਕਾਰੇ-ਦਰਬਾਰੇ ਵੀ ਉੱਪਰ ਤੱਕ ਪਹੁੰਚ ਸੀ। ਪ੍ਰਸ਼ਾਸਨ ਦੇ ਕਈ ਅਧਿਕਾਰਿਆਂ ਨਾਲ ਉਨ੍ਹਾਂ ਦਾ ਪੂਰਾ ਮੇਲ-ਜੋਲ ਸੀ। ਮੈਂ ਤਾਂ ਉਨ੍ਹਾਂ ਦੇ ਭੋਗ ਸਮੇਂ ਸ਼ਰਧਾਂਜਲੀ ਸਮਾਗਮ ਦੌਰਾਨ ਕਿਸੇ ਦੇ ਮੂੰਹੋਂ ਇਹ ਵੀ ਸੁਣਿਆ ਸੀ, ਡੈਡੀ ਜੀ ਬਾਰੇ ਕਿ ਉਨ੍ਹਾਂ ਨੂੰ ਕਾਫ਼ੀ ਕੌਂਸਲਰਾਂ ਦਾ ਬਹੁਮਤ ਹਾਸਲ ਹੋ ਚੁੱਕਾ ਸੀ। ਤੇ ਉਹ ਜਲਦ ਨਗਰ ਕੌਂਸਲ ਦੇ ਪ੍ਰਧਾਨ ਬਣਨ ਜਾ ਰਹੇ ਸਨ। ਪਰ ਅਚਾਨਕ ਉਨ੍ਹਾਂ ਵੱਲੋਂ ਇਸ ਤਰ੍ਹਾਂ ਦਾ ਕਦਮ ਉਠਾ ਲੈਣਾ, ਸਭ ਲਈ ਹੀ ਸਸ਼ੋਪੰਜ ਦਾ ਕਾਰਨ ਬਣ ਗਿਆ ਸੀ।

ਸਾਡੇ ਘਰ 'ਚ ਜਾਨਵਰਾਂ ਨਾਲ ਪਿਆਰ ਕਰਨ ਵਾਲੇ ਵੈਸੇ ਤਾਂ ਸਾਰੇ ਹੀ ਸਨ। ਪਰ ਡੈਡੀ ਨੂੰ ਜਾਨਵਰਾਂ ਨਾਲ ਬੜਾ ਮੋਹ ਸੀ। ਉਨ੍ਹਾਂ ਘਰ 'ਚ ਸੈਫੀ ਰੱਖੀ ਹੋਈ ਸੀ। ਪਹਿਲਾਂ ਮੰਮੀ, ਦਾਦੀ ਅੰਮਾ ਵੀ ਉਸ ਨੂੰ ਬਹੁਤ ਲਾਡ ਕਰਦੇ ਸਨ। ਸੈਫੀ ਵੀ ਸਾਰਿਆਂ ਨਾਲ ਬਹੁਤ ਪਿਆਰ ਕਰਦੀ ਸੀ। ਇੱਕ ਵਾਰ ਜਦੋਂ ਡੈਡੀ ਬਿਮਾਰ ਹੋ ਗਏ ਸਨ ਤਾਂ ਸੈਫੀ ਵੀ ਸਾਰਾ-ਸਾਰਾ ਦਿਨ ਉਨ੍ਹਾਂ ਦੇ ਨਾਲ-ਨਾਲ ਰਹਿੰਦੀ ਸੀ। ਡਾਕਟਰ ਉਨ੍ਹਾਂ ਨੂੰ ਇੰਜੈਕਸ਼ਨ ਵਗੈਰਾ ਲਾਉਣ ਆਉਂਦਾ ਤਾਂ ਉਹ ਭੌਂਕਣ ਲੱਗਦੀ। ਜਿੰਨਾ ਚਿਰ ਡਾਕਟਰ ਘਰ 'ਚੋਂ ਬਾਹਰ ਨਾ ਚਲਾ ਜਾਂਦਾ, ਉਹ ਉਨਾ ਚਿਰ ਭੌਂਕਦੀ ਰਹਿੰਦੀ।

ਜੇ ਕਦੇ ਅਸੀਂ ਇੱਕ-ਦੋ ਦਿਨਾਂ ਵਾਸਤੇ ਕਿਸੇ ਰਿਸ਼ਤੇਦਾਰੀ 'ਚ ਬਾਹਰ ਚਲੇ ਜਾਂਦੇ ਤਾਂ ਸੈਫੀ ਪਿੱਛੋਂ ਕੁਝ ਵੀ ਨਾ ਖਾਂਦੀ। ਵਾਪਸ ਪਰਤਦੇ ਤਾਂ ਉਹ ਅੱਗੇ-ਪਿੱਛੇ ਚੱਕਰ ਕੱਟਦੀ। ਪੈਰ ਚੁੰਮਦੀ, ਲਾਡ 'ਚ ਪੂਛ ਹਿਲਾਉਂਦੀ ਰਹਿੰਦੀ। ਤੇ ਫਿਰ ਮੋਹ 'ਚ ਤੱਕਦੀ ਕਿੰਨਾ ਚਿਰ 'ਚਊਂ-ਚਊਂ' ਕਰਦੀ ਰਹਿੰਦੀ ਜਿਵੇਂ ਸਾਡੇ ਨਾਲ ਗਿਲਾ ਕਰ ਰਹੀ ਹੋਵੇ ਕਿ ਅਸੀਂ ਉਸ ਨੂੰ ਇਕੱਲਿਆਂ ਕਿਉਂ ਛੱਡ ਕੇ ਚਲੇ ਗਏ ਸਾਂ।

"ਜਾਨਵਰਾਂ 'ਚ ਵੀ ਸਾਡੇ ਵਰਗਾ ਬਹੁਤ ਕੁਝ ਹੁੰਦਾ ਹੈ। ਉਹ ਵੀ ਇਕੱਲਤਾ ਫੀਲ ਕਰਦੇ ਹਨ। ਸੁੱਖ-ਦੁੱਖ ਦੀ ਉਨ੍ਹਾਂ ਨੂੰ ਵੀ ਸਾਡੇ ਨਾਲ ਰਹਿਣ ਕਾਰਨ ਸਮਝ ਆ ਜਾਂਦੀ ਹੈ। ਉਹ ਘਰ

'ਚ ਆਉਣ ਵਾਲੇ ਵਿਅਕਤੀ ਦੀ ਮਹਿਕ ਨੂੰ ਭਾਂਪ ਕੇ ਜਾਣ ਲੈਂਦੇ ਹਨ ਕਿ ਕੌਣ ਆਪਣਾ ਹੈ ਤੇ ਕੌਣ ਪਰਾਇਆ।" ਮੈਨੂੰ ਸਾਡੇ ਕਾਲਜ ਦੇ ਪ੍ਰੋ. ਕੁਲਕੁਰਨੀ ਦੀ ਯਾਦ ਆ ਜਾਂਦੀ, ਉਹ ਪਾਲਤੂ ਜਾਨਵਰਾਂ ਬਾਰੇ ਕਾਫ਼ੀ ਗੱਲਾਂ ਕਰਦੇ ਹੁੰਦੇ ਸਨ, ਆਪਣੇ ਲੈਕਚਰ 'ਚ।

ਡੈਡੀ ਦੀ ਮੌਤ ਤੋਂ ਬਾਅਦ ਸੈਫੀ ਵੀ ਇੱਕਦਮ ਬਿਮਾਰ ਪੈ ਗਈ। ਤੇ ਫਿਰ ਉਹ ਠੀਕ ਨਾ ਹੋਈ। ਡਾਕਟਰਾਂ ਦੀ ਵੀ ਕੋਈ ਸਮਝ ਨਾ ਆਇਆ ਕਿ ਉਸਨੂੰ ਕੀ ਹੋ ਗਿਆ ਸੀ। ਸੈਫੀ ਨੂੰ ਕਿੰਨਾ ਚਿਰ ਇਹ ਬੁਖਾਰ ਉਤਰਿਆ ਨਾ। ਤੇ ਆਖ਼ਰ ਇਹ ਬੁਖਾਰ ਹੀ ਉਸ ਦੀ ਮੌਤ ਦਾ ਕਾਰਨ ਬਣਿਆ।

ਸੈਫੀ ਸਾਡੇ ਸਾਰਿਆਂ 'ਚ ਰੱਚਮਿਚ ਹੀ ਇੰਨੀ ਗਈ ਸੀ ਕਿ ਉਸਦਾ ਮਰਨਾ ਸਾਡੇ ਲਈ ਬੜ੍ਹਾ ਦੁਖਦਾਈ ਸੀ। ਇਸ ਤੋਂ ਬਾਅਦ ਸਾਡੇ ਘਰ 'ਚ ਕਿਸੇ ਨੇ ਵੀ ਕੋਈ ਪਾਲਤੂ ਜੀਵ ਘਰ ਰੱਖਣ ਦਾ ਮਨ ਨਹੀਂ ਕੀਤਾ।

ਪਰ ਮੇਰਾ ਇਹ ਫੈਸਲਾ ਉਸ ਸਮੇਂ ਬਦਲ ਗਿਆ ਜਦੋਂ ਮੈਂ ਮੈਨੇਜਮੈਂਟ ਦਾ ਡਿਪਲੋਮਾ ਕਰਦਿਆਂ ਆਪਣੀ ਸਹੇਲੀ ਮਨਜੀਤ ਨਾਲ ਉਸਦੇ ਪਿੰਡ ਵਿਚਲੇ ਘਰ 'ਚ ਗਈ ਸਾਂ। ਉਸ ਦੇ ਡੈਡੀ ਕੈਪਟਨ ਸਨ, ਫੌਜ 'ਚ। ਕਾਰਗਿਲ ਦੀ ਲੜਾਈ ਦੌਰਾਨ ਦੁਸ਼ਮਣ ਨਾਲ ਲੋਹਾ ਲੈਂਦਿਆਂ ਉਨ੍ਹਾਂ ਦੀ ਇਕ ਲੱਤ ਨਕਾਰਾ ਹੋ ਗਈ ਸੀ, ਜਿਸ ਕਾਰਨ ਮੈਡੀਕਲ ਆਧਾਰ 'ਤੇ ਉਨ੍ਹਾਂ ਦੀ ਰਿਟਾਇਰਮੈਂਟ ਹੋ ਗਈ। ਤੇ ਉਹ ਪਿੰਡ ਆ ਕੇ ਖੇਤੀਬਾੜੀ ਕਰਨ ਲੱਗ ਪਏ। ਜ਼ਮੀਨ-ਜ਼ਾਇਦਾਦ ਕਾਫ਼ੀ ਸੀ, ਉਨ੍ਹਾਂ ਕੋਲ। ਉਨ੍ਹਾਂ ਦੇ ਪਿੰਡ ਪਹੁੰਚ ਕੇ ਜਦੋਂ ਮੈਂ ਉਨ੍ਹਾਂ ਦਾ ਖੁੱਲ੍ਹਾ-ਡੁੱਲ੍ਹਾ ਘਰ ਵੇਖਿਆ ਤਾਂ ਦੰਗ ਰਹਿ ਗਈ। ਇੰਨੇ ਵੱਡੇ ਘਰ ਦਾ ਅੱਧਾ ਹਿੱਸਾ ਭਾਂਤ-ਭਾਂਤ ਦੇ ਜਾਨਵਰਾਂ ਨਾਲ ਭਰਿਆ ਪਿਆ ਸੀ। ਘਰ 'ਚ ਮੱਝਾਂ, ਗਾਂਵਾਂ, ਬੱਕਰੀਆਂ, ਮੁਰਗੇ-ਮੁਰਗੀਆਂ, ਖ਼ਰਗੋਸ਼, ਕਬੂਤਰ ਤੇ ਕੁੱਤਿਆਂ ਦੀਆਂ ਅਨੇਕਾਂ ਨਸਲਾਂ ਦੇਖ ਮੈਨੂੰ ਸਭ ਕੁਝ ਅਦਭੁੱਤ ਜਾਪ ਰਿਹਾ ਸੀ। ਜਾਨਵਰਾਂ ਦੀ ਦੇਖ-ਭਾਲ ਲਈ ਉਨ੍ਹਾਂ ਕਿੰਨੇ ਨੌਕਰ ਰੱਖੇ ਹੋਏ ਸਨ।

ਮੈਂ ਆਪਣੀ ਸੁਰਤ 'ਚ ਪਹਿਲੀ ਵਾਰ ਇਸ ਤਰ੍ਹਾਂ ਦਾ ਘਰ ਦੇਖਿਆ ਸੀ। ਦੋ ਦਿਨ ਮਨਜੀਤ ਨਾਲ ਉਸਦੇ ਪਿੰਡ ਘਰ 'ਚ ਰਹੀ। ਅਸੀਂ ਖੇਤ-ਖਲਿਆਨ ਘੁੰਮ ਕੇ ਦੇਖੇ। ਜਾਨਵਰਾਂ ਨੂੰ ਇੰਨਾ ਨੇੜੇ ਹੋ ਕੇ ਸਮਝਣ ਦਾ ਯਤਨ ਕੀਤਾ। ਉਸਦੇ ਡੈਡੀ ਨੇ ਮੇਰੀ ਜਾਨਵਰਾਂ ਪ੍ਰਤੀ ਬਣੀ ਜਗਿਆਸਾ ਨੂੰ ਦੇਖ ਕੇ ਮੈਨੂੰ ਕਾਫ਼ੀ ਕੁਝ ਵਿਸਥਾਰ 'ਚ ਉਨ੍ਹਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੇ ਵਿਹਾਰ ਬਾਰੇ, ਉਨ੍ਹਾਂ ਦੇ ਖਾਣ ਪੀਣ ਬਾਰੇ। ਉਨ੍ਹਾਂ ਦੀ ਸਾਇਕੀ ਬਾਰੇ ਮੈਨੂੰ ਕਾਫ਼ੀ ਕੁਝ ਪਹਿਲੀ ਵਾਰ ਪਤਾ ਚਲਿਆ ਸੀ। ਸ਼ਾਇਦ ਇਸੇ ਕਾਰਨ ਹੀ ਇਸ ਤਰ੍ਹਾਂ ਦੀ ਚਹਿਲ-ਪਹਿਲ ਤੇ ਨਜ਼ਾਰਾਂ ਦੇਖ ਮੇਰੇ ਮਨ 'ਚ ਵੀ ਜਾਨਵਰਾਂ ਪ੍ਰਤੀ ਮੋਹ ਦੀ ਭਾਵਨਾ ਜਾਗ ਪਈ।

ਉੱਥੋਂ ਪਰਤਦੇ ਸਮੇਂ ਮਨਜੀਤ ਦੇ ਡੈਡੀ ਨੇ ਧਿੰਗੋਜ਼ੋਰੀ ਦੋ ਮਹੀਨੇ ਦਾ ਲੈਬਰੇ ਜੈਕੀ ਮੈਨੂੰ ਗਿਫ਼ਟ ਦੇ ਤੌਰ 'ਤੇ ਦੇ ਦਿੱਤਾ। ਮੈਨੂੰ ਯਾਦ ਹੈ ਜਦੋਂ ਮੈਂ ਤੇ ਮਨਜੀਤ ਉਸ ਨੂੰ ਕੁੱਛੜ ਚੁੱਕ ਬੱਸ 'ਚ ਬੈਠੇ ਸਾਂ। ਅਜੇ ਬੱਸ ਭਵਾਨੀਗੜ੍ਹ ਹੀ ਪਹੁੰਚੀ ਸੀ ਜਦੋਂ ਕੰਡਕਟਰ ਕੋਲ ਆ ਕਤੂਰੇ ਨੂੰ ਦੇਖ ਕੇ ਉਸ ਦੀਆਂ ਦੋ ਟਿਕਟਾਂ ਮੰਗਣ ਲੱਗਾ। ਉਸਦਾ ਵਿਹਾਰ ਕਾਫ਼ੀ ਰੁੱਖਾ ਤੇ ਭੱਦਾ ਸੀ। ਮੈਂ ਇਕ ਟਿਕਟ ਹੀ ਦੇਣ ਦੀ ਜ਼ਿੱਦ ਕੀਤੀ ਤਾਂ ਉਸ ਨੇ ਸੀਟੀ ਮਾਰ ਬੱਸ ਰੁਕਵਾ ਸਾਨੂੰ ਹੇਠਾਂ ਉਤਾਰ ਦਿੱਤਾ। ਮੈਂ ਬੱਸ ਦਾ ਨੰਬਰ ਨੋਟ ਕਰ ਲਿਆ। ਅਗਲੀ ਬੱਸ ਆਈ ਤਾਂ ਸਾਡੇ ਹੱਥ ਦਾ ਇਸ਼ਾਰਾ ਕਰਦਿਆਂ ਹੀ ਉਸ ਬੱਸ ਦਾ ਕੰਡਕਟਰ ਤਾਕੀ 'ਚ ਆ ਬੋਲਿਆ, "ਭੈਣ ਜੀ, ਇਸ ਪੱਪੀ ਦੀਆਂ ਦੋ ਟਿਕਟਾ ਲੱਗਣਗੀਆਂ, ਜੇ ਮਨਜ਼ੂਰ ਏ ਤਾਂ ਹੀ ਚੜ੍ਹਿਓ"।



ਭੈੜਾ ਤਾਂ ਬਹੁਤ ਲੱਗਾ ਉਸਦਾ ਵਿਹਾਰ। ਸ਼ਾਇਦ ਪਹਿਲਾਂ ਵਾਲੇ ਕੰਡਕਟਰ ਨੇ ਉਸ ਨੂੰ ਫੋਨ 'ਤੇ ਸਾਰੀ ਗੱਲ ਦੱਸ ਦਿੱਤੀ ਸੀ। ਅਣਮੰਨੇ ਜਿਹੇ ਮਨ ਨਾਲ ਚੜ੍ਹ ਗਈਆਂ ਸੀ ਪਰ ਸਾਰੇ ਰਸਤੇ ਮਨ ਕੰਡਕਟਰਾਂ ਦੇ ਵਿਹਾਰ ਬਾਰੇ ਸੋਚ-ਸੋਚ ਹੀ ਤੜਫਦਾ ਆਇਆ ਸੀ। ਮੇਰੀ ਤਾਂ ਸਲਾਹ ਸੀ ਕਿ ਉਨ੍ਹਾਂ ਦੀ ਸ਼ਿਕਾਇਤ ਕੀਤੀ ਜਾਵੇ ਪਰ ਮਨਜੀਤ ਨੇ ਇਸ ਤਰ੍ਹਾਂ ਦੇ ਰੱਫੜ 'ਚ ਨਾ ਪੈਣ ਦੀ ਸਲਾਹ ਦੇ ਕੇ ਮੈਨੂੰ ਇਸ ਤਰ੍ਹਾਂ ਕਰਨੋ ਰੋਕ ਲਿਆ ਸੀ।

ਜੈਕੀ ਦੇ ਘਰ ਆਉਣ ਨਾਲ ਮੈਂ ਸਾਰਾ ਦਿਨ ਉਸੇ ਨਾਲ ਪਰਚੀ ਰਹਿੰਦੀ ਸਾਂ। ਜੈਕੀ ਦੇ ਖਾਣ ਪੀਣ ਅਤੇ ਉਸ ਦੀ ਖੁਰਾਕ ਦਾ ਖ਼ਿਆਲ ਰੱਖਦੀ। ਉਸ ਨੂੰ ਪਾਰਕ 'ਚ ਘੁਮਾਉਣ ਲਈ ਸੰਗਲੀ ਫੜ ਲੈ ਜਾਂਦੀ। ਉਹ ਜਿਵੇਂ-ਜਿਵੇਂ ਵੱਡਾ ਹੁੰਦਾ ਗਿਆ ਮੇਰੇ ਨਾਲ ਮੋਹ ਹੋਰ ਵੱਧਣ ਲੱਗਾ। ਮੈਨੂੰ ਲੱਗਾ ਜਿਵੇਂ ਉਹ ਘਰ 'ਚ ਨਾ ਹੋਵੇ ਤਾਂ ਸਾਡੇ ਘਰ 'ਚ ਸਾਰਾ ਦਿਨ ਗਮਗੀਨ ਮਾਹੌਲ ਹੀ ਛਾਇਆ ਰਹੇ। ਘਰ 'ਚ ਕਿੰਨੇ ਕੁ ਜੀਅ ਸਾਂ ਅਸੀਂ। ਮੈਂ ਤੇ ਦਾਦੀ ਅੰਮਾ । ਤੇ ਜਾਂ ਫਿਰ ਆਸ਼ਾ।

ਦਾਦੀ ਅੰਮਾ ਦੇ ਬਿਮਾਰ ਹੋਣ ਕਾਰਨ ਸਾਰਾ ਦਿਨ ਤਾਂ ਉਨ੍ਹਾਂ ਕੋਲ ਵੀ ਨਹੀਂ ਸੀ ਬੈਠਿਆ ਜਾ ਸਕਦਾ। ਜੇ ਬਿੰਦ ਝੱਟ ਬੈਠਣ ਦੀ ਕੋਸ਼ਿਸ਼ ਵੀ ਕਰਦੀ ਤਾਂ ਉਨ੍ਹਾਂ ਦਾ ਵਿਹਾਰ ਹੋਰ ਤਰ੍ਹਾਂ ਦਾ ਹੋ ਜਾਂਦਾ। ਕਦੇ ਜੈਕੀ ਨੂੰ ਵੇਖ ਹੋਰ ਹੀ ਤਰ੍ਹਾਂ ਦਾ ਵਿਹਾਰ ਕਰਨ ਲੱਗਦੇ। ਮੈਂ ਉਨ੍ਹਾਂ ਦੇ ਕਮਰੇ 'ਚ ਜਾਣਾ ਘੱਟ ਹੀ ਕਰ ਦਿੱਤਾ। ਪਤਾ ਨਹੀਂ ਕਿਉਂ ਡਰ ਜਿਹਾ ਪੈਦਾ ਹੋਣ ਲੱਗ ਪਿਆ ਸੀ ਮੇਰੇ ਅੰਦਰ। ਕਦੇ ਲੱਗਦਾ ਅੰਮਾ ਜੀ ਦਾ ਸੁਭਾਅ ਜਾਨਵਰਾਂ ਵਰਗਾ ਬਣਦਾ ਜਾ ਰਿਹਾ ਹੈ। ਮੈਨੂੰ ਉਨ੍ਹਾਂ ਦੇ ਚਿਹਰੇ ਤੋਂ ਭੈਅ ਆਉਣ ਲੱਗਾ। ਮੈਂ ਆਸ਼ਾ ਨੂੰ ਹੀ ਉਨ੍ਹਾਂ ਕੋਲ ਜ਼ਿਆਦਾ ਭੇਜਦੀ। ਬੀਜੀ ਆਸ਼ਾ ਨਾਲ ਸਹਿਜ ਰਹਿੰਦੇ ਸਨ। ਉਸਦਾ ਕਹਿਣਾ ਬੱਚਿਆਂ ਵਾਂਗ ਮੰਨਦੇ ਸਨ। ਪਰ ਮੈਨੂੰ ਦੇਖਦੇ ਹੀ ਜਿਵੇਂ ਉਨ੍ਹਾਂ ਦੇ ਜਿਸਮ 'ਚ ਕੰਪਨ ਪੈਦਾ ਹੋ ਜਾਂਦਾ। ਜਿਵੇਂ ਅਧਰੰਗ ਦੇ ਮਰੀਜ਼ ਕਰਦੇ ਨੇ।

ਮੈਨੂੰ ਡਾਕਟਰ ਦੀਆਂ ਅੰਮਾ ਜੀ ਬਾਰੇ ਦਿੱਤੀਆਂ ਸਲਾਹਾਂ ਯਾਦ ਆਉਂਦੀਆਂ ਤਾਂ ਉਨ੍ਹਾਂ ਦੇ ਮੇਰੇ ਪ੍ਰਤੀ ਵਿਹਾਰ ਨੂੰ ਭੁੱਲ-ਭੁਲਾ ਜਾਂਦੀ।

ਮੈਨੂੰ ਅੱਜ ਵੀ ਯਾਦ ਹੈ ਜਦੋਂ ਮੈਂ ਸ਼ਿਮਲੇ ਮੈਨੇਜਮੈਂਟ ਦੇ ਕੋਰਸ 'ਚ ਦਾਖ਼ਲਾ ਲੈਣ ਉਪਰੰਤ ਪਹਿਲੀ ਵਾਰ ਸਮਰ ਦੀਆਂ ਛੁੱਟੀਆਂ ਬਿਤਾਉਣ ਘਰ ਆਈ ਸਾਂ। ਘਰ ਆ ਕੇ ਪਤਾ ਲੱਗਾ ਕਿ ਦਾਦੀ ਅੰਮਾ ਤਾਂ ਬੈੱਡ ਤੇ ਬਿਮਾਰ ਪਏ ਸਨ। ਉਹ ਸਵੇਰੇ ਸੰਦੇਹਾਂ ਗੁਰਦੁਆਰੇ ਉੱਠ ਕੇ ਮੱਥਾ ਟੇਕਣ ਰੋਜ਼ਾਨਾ ਜਾਂਦੇ ਸਨ। ਡੈਡੀ ਨੇ ਹੀ ਮੈਨੂੰ ਦੱਸਿਆ ਕਿ ਉਨ੍ਹਾਂ ਨੂੰ ਕਿਸੇ ਅਵਾਰਾ ਕੁੱਤੇ ਨੇ ਵੱਢ ਲਿਆ ਪਰ ਮੈਨੂੰ ਉਨ੍ਹਾਂ ਦੇ ਵਿਹਾਰ ਤੋਂ ਇਸ ਤਰ੍ਹਾਂ ਘੱਟ ਹੀ ਲੱਗਾ ਸੀ। ਡੈਡੀ ਕਿਹੜਾ ਝੂਠ ਬੋਲ ਰਹੇ ਸਨ ? ਦਾਦੀ ਅੰਮਾ ਡੈਡੀ ਦੇ ਨੇੜੇ ਆਉਣ 'ਤੇ ਹੀ ਭੜਕ ਪੈਂਦੇ। ਉਨ੍ਹਾਂ ਨੂੰ ਕਮਰੇ 'ਚ ਨਾ ਆਉਣ ਦਿੰਦੇ। ਲੱਗ ਜਾਂਦੇ ਹੋਰ ਹੀ ਤਰ੍ਹਾਂ ਦਾ ਵਿਹਾਰ ਕਰਨ। ਮੈਨੂੰ ਦੋਵਾਂ ਦੀ ਚਿੰਤਾ ਰਹਿੰਦੀ।

ਦਾਦੀ ਦੇ ਬਿਮਾਰ ਹੋਣ ਦੀ ਚਿੰਤਾ ਕਾਰਨ ਮੇਰਾ ਵੀ ਪੜ੍ਹਾਈ 'ਚ ਘੱਟ ਮਨ ਲੱਗਦਾ। ਆਖ਼ਰ ਛੁੱਟੀਆਂ ਤੋਂ ਬਾਅਦ ਸ਼ਿਮਲੇ ਆ ਗਈ ਤਾਂ ਫੋਨ 'ਤੇ ਹੀ ਗੱਲ ਹੁੰਦੀ ਰਹਿੰਦੀ। ਡੈਡੀ ਕੋਲੋਂ ਜਾਂ ਆਸ਼ਾ ਕੋਲੋਂ ਹੀ ਦਾਦੀ ਦੀ ਸਿਹਤ ਬਾਰੇ ਪਤਾ ਚੱਲਦਾ। ਇੱਕ ਦਿਨ ਆਸ਼ਾ ਨੇ ਹੀ ਦੱਸਿਆ ਕਿ ਡੈਡੀ ਨੇ ਦਾਦੀ ਦੇ ਵਿਹਾਰ ਤੋਂ ਤੰਗ ਆ ਉਨ੍ਹਾਂ ਨੂੰ ਇੱਕ ਕਮਰੇ 'ਚ ਬੰਦ ਕਰ ਦਿੱਤਾ ਹੈ। ਸਵੇਰ-ਸ਼ਾਮ ਆਸ਼ਾ ਹੀ ਉਨ੍ਹਾਂ ਦੀ ਦੇਖਭਾਲ ਕਰਦੀ ਹੈ। ਤੇ ਰੋਟੀ ਪਾਣੀ ਦੇ ਜਾਂਦੀ ਹੈ।

ਮੈਨੂੰ ਇਹ ਸੁਣ ਡੈਡੀ 'ਤੇ ਗੁੱਸਾ ਵੀ ਆਇਆ ਪਰ ਮੈਂ ਕਈ ਵਾਰ ਦਾਦੀ ਦਾ ਡੈਡੀ ਪ੍ਰਤੀ ਹਿੰਸਕ ਵਿਹਾਰ ਦੇਖਿਆ ਸੀ। ਉਨ੍ਹਾਂ ਦੇ ਨਹੁੰਆਂ ਦੇ ਨਿਸ਼ਾਨ ਕਈ ਵਾਰ ਮੈਂ ਆਪ ਉਕਰੇ

ਡੈਡੀ ਦੇ ਚਿਹਰੇ ਅਤੇ ਬਾਂਹਾਂ 'ਤੇ ਦੇਖੇ ਸਨ। ਕਮਰੇ 'ਚ ਬੰਦ ਦਾਦੀ ਅੰਮਾ ਅੱਗੇ ਨਾਲੋਂ ਕੁਝ ਸੁਖਾਵੇਂ ਲੱਗਣ ਲੱਗ ਪਏ ਸਨ। ਹੁਣ ਉਹ ਕੋਈ ਬੁਰਾ ਵਿਹਾਰ ਨਹੀਂ ਕਰਦੇ। ਚੁੱਪ-ਚਾਪ ਰਹਿੰਦੇ। ਕੁਝ ਮਿਲਦਾ ਤਾਂ ਲੈ ਲੈਂਦੇ ਆਪ ਕੁਝ ਨਾ ਮੰਗਦੇ। ਸ਼ਾਂਤ ਰਹਿਣ ਲੱਗੇ। ਦਰਵੇਸ਼ਾਂ ਦੀ ਤਰ੍ਹਾਂ......।

'ਦਰਵੇਸ਼'..ਇਹ ਸ਼ਬਦ ਤਾਂ ਅਕਸਰ ਮੰਮੀ ਹੀ ਕਿਹਾ ਕਰਦੇ ਸਨ। ਮੰਮੀ ਦਾ ਚਿਹਰਾ ਮੇਰੇ ਸਾਹਮਣੇ ਆ ਗਿਆ ਹੈ। ਜਦੋਂ ਮੈਂ ਬਚਪਨ 'ਚ ਗਲੀ 'ਚ ਫਿਰ ਰਹੇ ਕਿਸੇ ਕੁੱਤੇ ਨੂੰ ਸੋਟੀ ਨਾਲ ਮਾਰਨ ਲੱਗਦੀ ਤਾਂ ਉਹ ਦੇਖ ਕੇ ਮੈਨੂੰ ਇਸ ਤਰ੍ਹਾਂ ਕਰਨ ਤੋਂ ਹਟਾਉਂਦੇ ਹੋਏ ਕਹਿੰਦੇ- "ਨਾ-ਨਾ, ਮੇਰਾ ਪੁੱਤ। ਕੁੱਤੇ ਨੂੰ ਨਹੀਂ ਮਾਰੀਦਾ, ਇਹ ਤਾਂ ਦਰਵੇਸ਼ ਹੁੰਦੇ ਨੇ।"

ਮੰਮੀ ਕਿੰਨਾ ਮੋਹ ਜਤਾਉਂਦੇ ਸਨ ਜੀਵਾਂ 'ਤੇ। ਉਨ੍ਹਾਂ ਘਰ ਦੇ ਬਾਹਰ ਦਰਵਾਜ਼ੇ ਕੋਲ ਜਾਨਵਰਾਂ-ਪੰਛੀਆਂ ਦੇ ਪਾਣੀ ਪੀਣ ਲਈ ਨਿੱਕਾ ਜਿਹਾ 'ਕੁੰਡ' ਬਣਾਇਆ ਹੋਇਆ ਸੀ। ਕਿੰਨੇ ਪਰਿੰਦੇ ਉਸ 'ਚੋਂ ਪਾਣੀ ਪੀ ਕੇ ਜਾਂਦੇ ਸਨ, ਰੋਜ਼ਾਨਾ। ਪਰ ਇਹ ਸਾਰਾ ਪੁੰਨ ਦਾ ਕੰਮ ਵੀ ਉਨ੍ਹਾਂ ਨੂੰ ਰਾਸ ਨਹੀਂ ਆਇਆ ਸੀ। ਉਸ ਦਿਨ ਕੱਪੜੇ ਧੋ ਰਹੇ ਸਨ ਵਾਸ਼ਿੰਗ ਮਸ਼ੀਨ ਚੱਲ ਰਹੀ ਸੀ। ਪਤਾ ਨਹੀਂ ਕਿਵੇਂ ਮਸ਼ੀਨ 'ਚ ਕਰੰਟ ਆ ਗਿਆ ਸੀ ? ਮੈਂ ਤਾਂ ਸਕੂਲ ਗਈ ਹੋਈ ਸੀ ਤੇ ਦਾਦੀ ਅੰਮਾ ਕਿਸੇ ਦੇ ਘਰ ਭੋਗ 'ਤੇ ਗਏ ਹੋਏ ਸਨ। ਡੈਡੀ ਹੀ ਘਰ 'ਚ ਸਨ ਇਕੱਲੇ। ਤੇ ਉਹ ਵੀ ਆਪਣੇ ਕਮਰੇ 'ਚ ਸਨ ਉਦੋਂ। ਜਦੋਂ ਕੁਝ ਚਿਰ ਬਾਅਦ ਉਨ੍ਹਾਂ ਦੇਖਿਆ ਤਾਂ ਮੰਮੀ ਵਾਸ਼ਿੰਗ ਮਸ਼ੀਨ ਦੇ ਨਾਲ ਡਿੱਗੇ ਪਏ ਸਨ। ਮੁਰਦਾ ਹਾਲਤ 'ਚ।

ਦਾਦੀ ਅੰਮਾ ਦੇ ਕਮਰੇ 'ਚੋਂ ਆਏ ਖੜਾਕ ਨਾਲ ਮੇਰੀ ਸੁਰਤੀ ਟੁੱਟ ਗਈ ਹੈ। ਅੱਖਾਂ ਦੇ ਕੋਇਆਂ 'ਚੋਂ ਨਿਕਲ ਆਏ ਅੱਥਰੂਆਂ ਨੂੰ ਪੂੰਝ ਮੈਂ ਆਸ਼ਾ ਨੂੰ ਆਸੇ-ਪਾਸੇ ਦੇਖਦੀ ਹਾਂ। ਲੱਗਦਾ ਹੈ ਉਹ ਘਰ ਨਹੀਂ ਹੈ। ਕਾਹਲੀ ਨਾਲ ਮੈਂ ਅੰਮਾ ਜੀ ਦੇ ਕਮਰੇ 'ਚ ਜਾ ਦੇਖਿਆ ਹੈ। ਉਹ ਬੈੱਡ ਦੇ ਇੱਕ ਪਾਸੇ ਹੇਠਾਂ ਵੱਲ ਮੂਧੇ ਪਏ ਹੋਏ ਨੇ। ਫ਼ਰਸ਼ 'ਤੇ ਡਿੱਗੀ ਖੂੰਡੀ ਨੂੰ ਚੁੱਕਣ ਦਾ ਯਤਨ ਕਰ ਰਹੇ। ਮੈਂ ਫ਼ਰਸ਼ 'ਤੇ ਡਿੱਗੀ ਖੂੰਡੀ ਚੁੱਕ ਕੇ ਉਨ੍ਹਾਂ ਦੇ ਹੱਥ 'ਚ ਫੜ੍ਹਾ, ਦੂਜਾ ਹੱਥ ਫੜ ਬਾਥਰੂਮ ਵੱਲ ਲੈ ਆਈ ਹਾਂ। ਪਿਸ਼ਾਬ ਕਰਨ ਤੋਂ ਬਾਅਦ ਉਨ੍ਹਾਂ ਨੂੰ ਵਾਪਸ ਬੈੱਡ ਤੇ ਆ ਲਿਟਾ ਦਿੱਤਾ ਹੈ। ਮੁੜਨ ਹੀ ਲੱਗੀ ਸਾਂ ਕਿ ਉਹ ਮੇਰੀ ਬਾਂਹ ਫੜ ਖਿਚਣ ਲੱਗ ਪਏ ਹਨ। ਉਨ੍ਹਾਂ ਦੇ ਬੁੱਲ੍ਹ ਮੈਨੂੰ ਕੁਝ ਕਹਿਣ ਦਾ ਯਤਨ ਕਰਦੇ ਫੜਕ ਰਹੇ ਸਨ ਪਰ ਜੀਭ ਸਾਥ ਨਹੀਂ ਸੀ ਦੇ ਰਹੀ। ਪਤਾ ਨਹੀਂ ਇਨ੍ਹਾਂ ਨੂੰ ਕੀ ਹੋ ਗਿਆ ਹੈ। ਡੈਡੀ ਦੀ ਮੌਤ ਤੋਂ ਕੁਝ ਸਮੇਂ ਬਾਅਦ ਇਨ੍ਹਾਂ ਦੀ ਜ਼ੁਬਾਨ ਨੇ ਗਤੀ ਕਰਨੀ ਛੱਡ ਦਿੱਤੀ। ਸਪੀਚ ਥੈਰੇਪੀ ਵੀ ਕਿੰਨਾ ਸਮਾਂ ਕਰਵਾਈ। ਘਰ ਲਿਆ ਕੇ ਸੰਖ ਵੀ ਦਿੱਤਾ ਵਜਾਉਣ ਲਈ ਪਰ ਪੱਲੇ ਨਿਰਾਸ਼ਾ ਹੀ ਪਈ। ਇਨ੍ਹਾਂ ਨੂੰ ਕੋਈ ਫ਼ਰਕ ਨਹੀਂ ਸੀ ਪੈ ਰਿਹਾ। ਹੁਣ ਪਏ ਜ਼ਿਆਦਾ ਸਮਾਂ ਬੈੱਡ 'ਤੇ ਹੀ ਰਹਿੰਦੇ ਹਨ ਜਦੋਂ ਵੀ ਕਮਰੇ ਦੇ ਕੋਲੋਂ ਲੰਘਦੀ ਹਾਂ ਤਾਂ ਹੱਥਾਂ ਦੇ ਇਸ਼ਾਰਿਆਂ ਨਾਲ ਕੁਝ ਕਹਿੰਦੇ ਰਹਿੰਦੇ ਹਨ ਪਰ ਸਮਝ ਕੁਝ ਨਹੀਂ ਪੈਂਦਾ।

ਇੱਕ ਵਾਰ ਇੰਝ ਹੀ ਇਨ੍ਹਾਂ ਕੋਲ ਗਈ ਸਾਂ ਤਾਂ ਇਹ ਇਕ ਅਖ਼ਬਾਰ ਹੱਥ 'ਚ ਫੜ੍ਹ ਇਸ਼ਾਰੇ ਨਾਲ ਮੈਨੂੰ ਛਪੀਆਂ ਤਸਵੀਰਾਂ ਦਿਖਾਉਣ ਲੱਗੇ। ਮੈਂ ਨਜ਼ਰ ਮਾਰ ਕੇ ਵੇਖਿਆ ਕਿਸੇ ਇੰਗਲਿਸ਼ ਰਾਈਟਰ ਦਾ ਆਰਟੀਕਲ ਛਪਿਆ ਸੀ। ਪਾਲਤੂ ਜਾਨਵਰਾਂ ਬਾਰੇ। ਜਾਨਵਰਾਂ ਦੀਆਂ ਤਸਵੀਰਾਂ ਵੀ ਛਪੀਆਂ ਸਨ। ਮੈਨੂੰ ਲੱਗਾ ਦਾਦੀ ਅੰਮਾ ਇਸ਼ਾਰਿਆਂ ਨਾਲ ਜੈਕੀ ਬਾਰੇ ਹੀ ਕੋਈ ਗੱਲ ਮੈਨੂੰ ਕਹਿਣਾ ਚਾਹੁੰਦੇ ਹਨ। ਬਥੇਰੀ ਕੋਸ਼ਿਸ਼ ਕੀਤੀ ਜਦੋਂ ਕੁਝ ਸਮਝ ਨਾ ਪਿਆ ਤਾਂ ਮੈਂ ਉਨ੍ਹਾਂ ਨੂੰ ਬੈੱਡ 'ਤੇ ਪਾ ਕੇ ਕਮਰੇ 'ਚੋਂ ਬਾਹਰ ਨਿਕਲ ਆਈ ਸੀ।

ਦਾਦੀ ਅੰਮਾ ਨੂੰ ਪਤਾ ਨਹੀਂ ਕੀ ਖਿੱਝ ਸੀ। ਉਹ ਜੈਕੀ ਨੂੰ ਆਪਣੇ ਕਮਰੇ 'ਚ ਘੁੱਸਣ ਨਹੀਂ ਦਿੰਦੇ ਸਨ। ਕਈ ਵਾਰ ਜੇ ਉਸ ਦੀ ਸੰਗਲੀ ਖੁੱਲ੍ਹੀ ਰਹਿ ਜਾਂਦੀ ਤਾਂ ਉਹ ਸਬੱਬੀਂ ਇਨ੍ਹਾਂ ਦੇ ਕਮਰੇ 'ਚ ਜਾ ਵੜਦਾ ਤਾਂ ਅੰਮਾ ਜੀ ਉਸ ਨੂੰ ਖੂੰਡੀਆਂ ਮਾਰ-ਮਾਰ ਭਜਾ ਦਿੰਦੇ। ਉਹ 'ਚਊਂ-ਚਊਂ' ਕਰਦਾ ਮੇਰੀਆਂ ਲੱਤਾਂ ਨੂੰ ਆ



ਚਿੰਬੜਦਾ। ਜਿਵੇਂ ਉਨ੍ਹਾਂ ਦੀ ਸ਼ਿਕਾਇਤ ਕਰ ਰਿਹਾ ਹੋਵੇ। ਕਿੰਨਾ ਸਿਆਣਾ ਤੇ ਸਮਝਦਾਰ ਸੀ ਜੈਕੀ। ਮੈਨੂੰ ਦਾਦੀ ਅੰਮਾ 'ਤੇ ਕਰੋਧ ਆ ਜਾਂਦਾ। ਭਲਾ ਕੋਈ ਇਸ ਤਰ੍ਹਾਂ ਦਾ ਵੀ ਵਿਹਾਰ ਕਰਦਾ ਜਾਨਵਰਾਂ ਨਾਲ।

ਜਦੋਂ ਮੈਂ ਇਸ ਤਰ੍ਹਾਂ ਦਾਦੀ ਅੰਮਾ ਬਾਰੇ ਸੋਚਦੀ ਤਾਂ ਲੱਗਦਾ ਜਿਵੇਂ ਉਹ ਮੇਰੇ ਬਿਨਾਂ ਇਕੱਲਤਾ ਮਹਿਸੂਸ ਕਰਨ ਲੱਗ ਪਏ ਹੋਣ। ਪਹਿਲਾਂ ਉਹ ਇਸ ਤਰ੍ਹਾਂ ਨਹੀਂ ਕਰਦੇ ਸਨ। ਮੈਨੂੰ ਬਚਪਨ ਯਾਦ ਆਉਂਦਾ, ਜਦੋਂ ਉਹ ਮੈਨੂੰ ਗੋਦ 'ਚ ਬੈਠਾ ਕਿੰਨੀਆਂ ਸੋਹਣੀਆਂ ਕਹਾਣੀਆਂ ਸੁਣਾਉਂਦੇ ਸਨ। ਪਰੀਆਂ, ਜਾਦੂਗਰਾਂ, ਰਾਜ ਕੁਮਾਰ ਤੇ ਰਾਜਕੁਮਾਰੀਆਂ ਦੀਆਂ ਕਿੰਨੀਆਂ ਕਹਾਣੀਆਂ ਅੱਜ ਵੀ ਮੇਰੇ ਜਿਹਨ 'ਚ ਉੱਕਰੀਆਂ ਹੋਈਆਂ ਹਨ। ਉਹ ਮੈਨੂੰ ਆਪਣੇ ਵਿਆਹ ਬਾਰੇ ਕਈ ਗੱਲਾਂ ਸੁਣਾਉਂਦੇ ਹੁੰਦੇ ਸਨ। ਇੱਕ ਵਾਰ ਉਨ੍ਹਾਂ ਮੈਨੂੰ ਦਾਦਾ ਜੀ ਨਾਲ ਹੋਏ ਆਪਣੇ ਰਿਸ਼ਤੇ ਦਾ ਕਿੱਸਾ ਵੀ ਸੁਣਾਇਆ ਸੀ, ਮੇਰੇ ਦਾਦੇ ਸ਼ੇਰ ਜੰਗ ਸਿੰਘ ਬਾਰੇ। ਉਨ੍ਹਾਂ ਹੀ ਦੱਸਿਆ ਸੀ ਕਿ ਜਦੋਂ ਉਨ੍ਹਾਂ ਦੀ ਭੂਆ ਜੀ ਨੇ ਇਹ ਰਿਸ਼ਤਾ ਕਰਵਾਇਆ ਸੀ। ਉਹ ਉਦੋਂ ਕਿੰਨੇ ਚਾਅ ਨਾਲ ਮੈਨੂੰ ਆਪਣੇ ਵਿਆਹ ਬਾਰੇ ਦੱਸ ਰਹੀ ਸੀ। ਕਹਿੰਦੇ ਸਨ -ਮੈਨੂੰ ਆਪਣੇ ਹੋਣ ਵਾਲੇ ਪਤੀ ਦਾ ਨਾਮ 'ਸ਼ੇਰ ਜੰਗ ਸਿੰਘ' ਸੁਣ ਕੇ ਹੀ ਉਦਾਸੀ ਚੜ੍ਹ ਗਈ ਸੀ ਤੇ ਫਿਰ ਇਸੇ ਉਦਾਸੀ 'ਚ ਪਤਾ ਨਹੀਂ ਕਿਵੇਂ ਸਿਰ ਚਕਰਾਉਣ ਲੱਗਾ। ਤੇ ਮੈਂ ਹੇਠਾਂ ਬੇਹੋਸ਼ ਹੋ ਡਿੱਗ ਗਈ। ਭੂਆ ਜੀ ਨੇ ਜਦੋਂ ਠੰਡੇ ਪਾਣੀ ਨਾਲ ਮੇਰੇ ਮੂੰਹ 'ਤੇ ਛਿੱਟੇ ਮਾਰੇ ਤਾਂ ਜਾ ਕੇ ਕਿਤੇ ਹੋਸ਼ ਆਈ ਸੀ। ਬਥੇਰਾ ਕਿਹਾ ਭੂਆ ਜੀ ਨੇ ਪਰ ਮੈਨੂੰ ਪਤੀ ਦਾ ਨਾਂਅ ਪਸੰਦ ਨਹੀਂ ਸੀ। ਉਦੋਂ ਸੋਚਦੀ ਸਾਂ ਕਿ ਜਿਸ ਦਾ ਨਾਂਅ ਹੀ ਇੰਨਾ ਖੂੰਖਾਰ ਹੈ, ਉਹ ਆਪ ਕਿਸ ਤਰ੍ਹਾਂ ਦਾਂ ਇਨਸਾਨ ਹੋਵੇਗਾ।

"ਨੀਂ ਪੰਮੀਏ, ਜਿਸ ਤਰ੍ਹਾਂ ਤੂੰ ਸੋਚਦੀ ਏਂ..........ਉਸ ਤਰ੍ਹਾਂ ਦਾ ਨਹੀਂ ਹੈ ਉਹ।......ਨਿੱਤਨੇਮੀ ਬੰਦੈ.....ਸਵੇਰ ਸ਼ਾਮ ਪਾਠ ਕਰਦਾ ਤੇ ਮੱਥਾ ਟੇਕ ਕੇ ਆਉਂਦਾ.........ਉਹਦਾ ਨਾਂਅ ਮਾਂ ਨੇ ਹੀ ਰੱਖਿਆ ਹੈ।......ਨਾਲੇ ਸ਼ੇਰ ਤਾਂ ਹਰ ਬੰਦੇ ਦੇ ਨਾਂਅ ਨਾਲ ਹੀ ਲੱਗਿਆ ਹੁੰਦੈ.....'ਸਿੰਘ'। ਤੇ ਫਿਰ 'ਸਿੰਘ' ਤੇ 'ਸ਼ੇਰ' 'ਚ ਕੀ ਫ਼ਰਕ ਹੋਇਆ।" ਭੂਆ ਜੀ ਨੇ ਉਦੋਂ ਮੇਰੀ ਇਕ ਨਹੀਂ ਮੰਨੀ ਸੀ।

ਪਤਾ ਨਹੀਂ ਮਨ 'ਤੇ ਇਹੋ ਜਿਹਾ ਕਿਹੜਾ ਅਸਰ ਸੀ ਕਿ ਉਦੋਂ ਮੈਨੂੰ ਇਹੋ ਜਾਪਿਆ ਜਿਵੇਂ ਮੇਰਾ ਵਿਆਹ ਕਿਸੇ ਆਦਮੀ ਨਾਲ ਨਹੀਂ ਬਲਕਿ ਕਿਸੇ ਜਾਨਵਰ ਨਾਲ ਹੋ ਰਿਹਾ ਹੋਵੇ। ਜਿੰਨਾ ਚਿਰ ਮੇਰਾ ਵਿਆਹ ਨਾ ਹੋਇਆ ਸਾਰਾ ਸਮਾਂ ਉਹੋ ਡਰ ਮੇਰੇ ਮਨ 'ਤੇ ਭਾਰੀ ਹੁੰਦਾ ਰਹਿੰਦਾ। ਤੇ ਸੁਪਨਿਆਂ 'ਚ ਕਈ ਕਲਪਿਤ ਡਰਾਉਣੇ ਦ੍ਰਿਸ਼ ਕਿਸੇ ਆਉਣ ਵਾਲੇ ਅਣਕਿਆਸੇ ਡਰ ਦਾ ਪ੍ਰਭਾਵ ਪਾਉਂਦੇ ਰਹੇ।

ਫਿਰ ਵਿਆਹ ਦੇ ਦੂਜੇ ਦਿਨ ਹੀ ਮੇਰਾ ਉਨ੍ਹਾਂ ਦੇ ਨਾਂਅ ਪ੍ਰਤੀ ਬਣਿਆ ਇਹ ਡਰ ਕਪੂਰ ਵਾਂਗ ਉੱਡ-ਪੁੱਡ ਗਿਆ ਸੀ। ਪਹਿਲੇ ਮਹੀਨੇ 'ਚ ਹੀ ਮੇਰੀ ਉਨ੍ਹਾਂ ਪ੍ਰਤੀ ਬਣੀ ਧਾਰਨਾ ਗ਼ਲਤ ਸਾਬਿਤ ਹੋ ਗਈ ਸੀ। ਤੇ ਫਿਰ ਸਾਰਾ ਜੀਵਨ ਮੈਂ ਉਨ੍ਹਾਂ ਦੇ ਸਪੁਰਦ ਕਰ ਦਿੱਤਾ ਸੀ। ਇਹ ਗੱਲ ਵੱਖਰੀ ਸੀ ਕਿ ਇਕ-ਦੋ ਸਾਲਾਂ 'ਚ ਇਸ ਤਰ੍ਹਾਂ ਦੀ ਮੇਰੇ ਮਨ 'ਚ ਬਣੀ ਉਨ੍ਹਾਂ ਦੀ ਸ਼ਖ਼ਸੀਅਤ ਤੀਲੇ-ਤੀਲੇ ਹੋ ਬਿਖਰ ਗਈ ਸੀ ਪਰ ਉਸ ਸਮੇਂ ਮੇਰੀ ਗੋਦ 'ਚ ਤੇਰਾ ਪਿਓ ਸੀ। ਤੇ ਮੈਂ ਬਹੁਤਾ ਇਨ੍ਹਾਂ ਬਾਰੇ ਘੱਟ ਉਸਦੇ ਭਵਿੱਖ ਨੂੰ ਲੈ ਕੇ ਹੀ ਸਮਝੌਤਾ ਕਰ ਲਿਆ ਸੀ। ਇਹ ਕੀ ਕਰਦੇ ਹਨ, ਜਾਂ ਕੀ ਨਹੀਂ ਕਰਦੇ। ਕਿੱਥੇ ਜਾਂਦੇ ਹਨ, ਕਿੱਥੋਂ ਆਉਂਦੇ ਹਨ। ਮੈਂ ਬਹੁਤਾ ਮਨ 'ਤੇ ਨਾ ਲਾਉਂਦੀ ਸੀ।

ਪਰ ਹੁਣ ਉਹੋ ਦਾਦੀ ਅੰਮਾ ਨੇ ਕਿਸ ਤਰ੍ਹਾਂ ਦੀ ਹਾਲਤ ਬਣਾ ਲਈ ਹੈ ਆਪਣੀ। ਸ਼ਾਇਦ ਉਨ੍ਹਾਂ ਦੇ ਅੰਦਰ ਦਾਦਾ ਜੀ ਬਾਰੇ ਹੀ ਬਣਿਆ ਕੋਈ ਬਿੰਬ ਫਿਰ ਦਿਮਾਗ਼ 'ਚ ਘੁੱਸ ਕੇ ਸਤਾਉਣ ਲੱਗ ਪਿਆ ਹੋਵੇ। ਇਸੇ ਲਈ ਤਾਂ ਉਹ ਇਸ ਤਰ੍ਹਾਂ ਦਾ ਵਿਹਾਰ ਕਰਨ ਲੱਗੇ ਹਨ। ਮੈਂ ਆਪਣੇ ਅੰਦਾਜੇ ਲਾਉਂਦੀ ਰਹਿੰਦੀ ਸਾਂ। ਕਦੇ ਲੱਗਦਾ ਸੀ ਕਿ ਉਹ ਡੈਡੀ ਦੀ ਅਚਾਨਕ ਹੋਈ ਮੌਤ ਕਾਰਨ ਸਦਮੇ 'ਚ ਆ ਇਸ ਤਰ੍ਹਾਂ ਦਾ ਵਿਹਾਰ ਕਰਨ ਲੱਗੇ ਹਨ। ਪਰ ਡੈਡੀ ਦੇ ਮਰਨ ਦੀ ਗੱਲ ਸੁਣ

ਕੇ ਤਾਂ ਉਨ੍ਹਾਂ ਦੇ ਚਿਹਰੇ 'ਤੇ ਕੋਈ ਸ਼ਿਕਨ ਤੱਕ ਵੀ ਨਹੀਂ ਸੀ ਦਿਖਾਈ ਦਿੱਤਾ ਬਲਕਿ ਉਨ੍ਹਾਂ ਦੇ ਚਿਹਰੇ 'ਤੇ ਛਾਇਆ ਨੂਰ ਮੈਨੂੰ ਕਿੰਨੇ ਦਿਨ ਅੱਖੜਦਾ ਰਿਹਾ ਸੀ। ਮੇਰੀਆਂ ਅੱਖਾਂ ਅੱਗੇ ਡੈਡੀ ਦਾ ਚਿਹਰਾ ਆ ਘੁੰਮਣ ਲੱਗਾ ਹੈ। ਡੈਡੀ ਦੀ ਮੌਤ ਦੇ ਕਲਪਿਤ ਕਿੰਨੇ ਸੀਨ ਅੱਖਾਂ ਮੂਹਰੇ ਆ ਗਏ ਹਨ।

ਹੈਂਅ, ਇਹ ਕੀ ?.....ਡੈਡੀ ਦੇ ਸਿਰ 'ਤੇ ਸਿੰਙ ਕਿਵੇਂ ਉੱਭਰ ਆਏ। ਉਹ ਤੇਜ਼-ਤੇਜ਼ ਕਿਉਂ ਦੌੜ ਰਹੇ ਹਨ। ਕੋਈ ਦਿਓ ਕੱਦ ਜਾਨਵਰ ਦਾ ਪਰਛਾਵਾਂ ਲੱਗਦਾ ਹੈ ਉਨ੍ਹਾਂ ਦਾ ਪਿੱਛਾ ਕਰ ਰਿਹਾ ਹੈ.....ਉਹ ਮੇਰੇ ਵੱਲ ਵੇਖਦੇ ਵੇਖਦੇ ਜਿਵੇਂ ਤਰਲੇ ਕੱਢਣ ਲੱਗ ਪਏ ਹੋਣ......ਬਚਾਓ.....ਬਚਾਓ......ਮੈਨੂੰ ਬਚਾਓ.....ਪਲੀਜ ਬਚਾਓ....। ਉਨ੍ਹਾਂ ਦਾ ਸਾਰਾ ਬਦਨ ਲੰਮੇ-ਲੰਮੇ ਵਾਲਾਂ ਨਾਲ ਭਰ ਗਿਆ ਹੈ ਜਿਵੇਂ ਕੋਈ ਰਿੱਛ ਭੱਜਿਆ ਜਾ ਰਿਹਾ ਹੋਵੇ। ਉਹ ਅੱਗੇ ਲੰਘੇ ਤਾਂ ਮੈਂ ਦੇਖਿਆ ਉਨ੍ਹਾਂ ਦੀ ਪਿੱਠ ਤੇ ਲੰਬੀ ਪੂਛ ਵੀ ਨਾਲੋ-ਨਾਲ ਲਟਕਦੀ ਜਾ ਰਹੀ ਹੈ। ਤੇ ਉਹ ਬਚਾਓ.....ਬਚਾਓ......ਕਰਦੇ ਦੌੜੇ ਜਾ ਰਹੇ ਹਨ। ਦੌੜੇ ਜਾ ਰਹੇ ਹਨ। ਮੈਂ ਚੁੱਪ ਚਾਪ ਉਨ੍ਹਾਂ ਨੂੰ ਇੰਜ ਸ਼ੋਰ ਮਚਾਉਂਦੇ, ਦੌੜਦੇ ਦੇਖਦੀ ਹੀ ਜਾ ਰਹੀ ਹਾਂ ਸੁੰਨ-ਸੁੰਨ। ਮੇਰਾ ਸਰੀਰ ਜਿਵੇਂ ਕੋਈ ਹਰਕਤ ਹੀ ਨਹੀਂ ਸੀ ਕਰ ਰਿਹਾ।

ਡੈਡੀ ਦੇ ਖ਼ੁਦਕੁਸ਼ੀ ਕਰਨ ਤੋਂ ਹਫ਼ਤਾ ਪਹਿਲਾਂ ਸੈਫੀ ਕਾਫ਼ੀ ਰੋਣ ਲੱਗ ਪਈ ਸੀ। ਗੁਆਂਢੀਆਂ ਨੇ ਕਿੰਨੇ ਵਾਰ ਆ ਉਸ ਦੀ ਸ਼ਿਕਾਇਤ ਕੀਤੀ ਸੀ ਕਿ ਅਸੀਂ ਸੈਫੀ ਨੂੰ ਇਸ ਤਰ੍ਹਾਂ ਰੋਣੋ ਹਟਾਈਏ। ਇਹ ਰੋਂਦੀ ਬਹੁਤ ਦੁਖਦਾਈ ਲੱਗਦੀ ਹੈ। ਕੁੱਤੇ ਦਾ ਰੋਣਾ ਅਸ਼ੁੱਭ ਹੁੰਦਾ ਹੈ........ਆਪਣੇ ਮੁਹੱਲੇ 'ਚ ਕੋਈ ਨਵੀਂ ਬਿਪਤਾ ਆਉਣ ਵਾਲੀ ਹੈ।........ਵਗ਼ੈਰਾ......ਵਗ਼ੈਰਾ...

ਪਤਾ ਨਹੀਂ ਇਹ ਸੱਚ ਸੀ ਜਾਂ ਫਿਰ ਐਵੇਂ ਲੋਕਾਂ ਦਾ ਬਣਾਇਆ ਕੋਈ ਵਹਿਮ ਪਰ ਸਾਡੇ ਲਈ ਇਹ ਜ਼ਰੂਰ ਸੱਚ ਹੀ ਬਣ ਕੇ ਆਇਆ ਸੀ।

ਡੈਡੀ ਉਦੋਂ ਆਪਣੇ ਕਮਰੇ 'ਚ ਹੀ ਸਨ। ਜਦੋਂ ਚਾਣਚੱਕ ਗੋਲੀ ਚੱਲਣ ਦੀ ਆਵਾਜ਼ ਸੁਣੀ ਸੀ। ਮੈਨੂੰ ਤਾਂ ਬਾਅਦ 'ਚ ਪਤਾ ਚੱਲਿਆ ਸੀ ਕਿ ਡੈਡੀ ਨੇ ਆਪਣੇ ਲਾਇਸੰਸੀ ਰਿਵਾਲਵਰ ਨੂੰ ਪੁੜਪੁੜੀ 'ਤੇ ਰੱਖ ਕੇ ਟਰਿੱਗਰ ਨੱਪ ਦਿੱਤਾ ਸੀ। ਮੈਂ ਤਾਂ ਅਨਾਥ ਹੋ ਕੇ ਹੀ ਰਹਿ ਗਈ ਸਾਂ। ਪੁਲਿਸ ਨੇ ਧਾਰਾ 374 ਦੀ ਕਾਰਵਾਈ ਕਰ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਸਾਡੇ ਹਵਾਲੇ ਕਰ ਦਿੱਤਾ ਸੀ। ਸਸਕਾਰ ਮੌਕੇ ਸਾਰਾ ਸ਼ਹਿਰ ਹੀ ਜਿਵੇਂ ਉਮੜ ਪਿਆ ਹੋਵੇ ਸਾਡੇ ਸੋਗ 'ਚ ਸ਼ਾਮਿਲ ਹੋਣ ਲਈ।

ਇੱਕ ਦਿਨ ਆਸ਼ਾ ਦੱਸ ਰਹੀ ਸੀ ਕਿ ਡੈਡੀ ਨੂੰ ਮਰਨ ਤੋਂ ਪਹਿਲਾਂ ਕੋਈ ਅਜਨਬੀ ਵਿਅਕਤੀ ਮਿਲਣ ਲਈ ਆਇਆ ਸੀ। ਉਹ ਕਿੰਨਾ ਚਿਰ ਡੈਡੀ ਦੇ ਕਮਰੇ 'ਚ ਉਨ੍ਹਾਂ ਨਾਲ ਗੱਲਾਂ ਕਰਦਾ ਰਿਹਾ। ਮੈਂ ਜਦੋਂ ਉਨ੍ਹਾਂ ਲਈ ਚਾਹ ਲੈ ਕੇ ਗਈ ਤਾਂ ਉਹ ਮੋਬਾਈਲ 'ਤੇ ਕੋਈ ਮੂਵੀ ਦੇਖ ਰਹੇ ਸਨ। ਪਰ ਮੈਨੂੰ ਦੇਖ ਉਨ੍ਹਾਂ ਘਬਰਾ ਕੇ ਮੋਬਾਈਲ ਆਫ਼ ਕਰ ਮੇਜ਼ 'ਤੇ ਰੱਖ ਦਿੱਤਾ ਸੀ। ਪਰ ਹੁਣ ਕੀ ਹੋ ਸਕਦਾ ਸੀ। ਦੂਰ ਦੇ ਰਿਸ਼ਤੇਦਾਰ ਇਕੱਠੇ ਹੋ ਧਰਵਾਸੇ ਦਿੰਦੇ ਹੋਏ ਰੱਬ ਦਾ ਭਾਣਾ ਮੰਨਣ ਦੀ ਤਾਕੀਦ ਕਰ ਚਲੇ ਜਾਂਦੇ। ਮੈਂ ਇਕੱਲੀ ਰੱਬ ਨਾਲ ਗਿਲੇ ਕਰਦੀ ਰਹਿੰਦੀ। ਪਹਿਲਾਂ ਉਸ ਨੇ ਮੇਰੀ ਮਾਂ ਨੂੰ ਮੇਰੇ ਕੋਲੋਂ ਖੋਹ ਲਿਆ ਸੀ। ਤੇ ਹੁਣ ਡੈਡੀ ਨੂੰ....। ਸਾਰੀ ਰਾਤ ਰੋ-ਰੋ ਕੇ ਲੰਘਦੀ। ਡੈਡੀ ਨੇ ਇਸ ਤਰ੍ਹਾਂ ਕਿਉਂ ਕੀਤਾ। ਮੈਂ ਦਿਨ-ਰਾਤ ਇਹੋ ਸੋਚ-ਸੋਚ ਤਣਾਅ 'ਚ ਰਹਿੰਦੀ ਸਾਂ।

ਪਰ ਦਾਦੀ ਅੰਮਾ ਲਈ ਤਾਂ ਜਿਵੇਂ ਕੁਝ ਹੋਇਆ ਹੀ ਨਾ ਹੋਵੇ, ਇੱਕ ਬਰਾਬਰ ਸੀ। ਉਹ ਡੈਡੀ ਦੇ ਮਰਨ ਤੋਂ ਬਾਅਦ ਖ਼ੁਸ਼-ਖ਼ੁਸ਼ ਰਹਿਣ ਲੱਗੇ। ਕਮਲਿਆਂ ਵਾਂਗ ਨੱਚਣ ਲੱਗਦੇ। ਕਦੇ ਕਮਰੇ 'ਚ ਮੈਂ ਅਚਾਨਕ ਚਲੀ ਜਾਂਦੀ ਤਾਂ ਉਹ ਕਿੱਕਲੀ ਪਾਉਣ ਵਾਲੀਆਂ ਕੁੜੀਆਂ ਵਾਂਗ ਘੁੰਮ-ਘੁੰਮ



ਨੱਚ ਰਹੇ ਹੁੰਦੇ। ਮੈਨੂੰ ਉਨ੍ਹਾਂ ਦਾ ਅਚਾਨਕ ਬਦਲਿਆ ਵਿਹਾਰ ਦੇਖ ਅਚੰਭਾ ਲੱਗਿਆ। ਜਦੋਂ ਮੈਂ ਜੈਕੀ ਨੂੰ ਲੈ ਕੇ ਪਹਿਲੀ ਵਾਰ ਘਰ ਆਈ ਸਾਂ ਤਾਂ ਇਨ੍ਹਾਂ ਦਾ ਵਿਹਾਰ ਮੇਰੇ ਪ੍ਰਤੀ ਵੀ ਬਦਲ ਜਿਹਾ ਗਿਆ ਸੀ।

"ਦੀਦੀ ਆਪਣਾ ਜੈਕੀ।"......ਆਸ਼ਾ ਦੇ ਬੋਲਾਂ ਨੇ ਜਿਵੇਂ ਮੈਨੂੰ ਧੂਹ ਕੇ ਸੋਚਾਂ ਦੇ ਸਮੁੰਦਰ 'ਚੋਂ ਬਾਹਰ ਕੱਢ ਲਿਆ ਹੈ। ਦੇਖਦੀ ਹਾਂ ਜੈਕੀ ਉਸ ਨਾਲ ਹਠਖੇਲੀਆਂ ਕਰ ਰਿਹਾ ਹੈ। ਮੈਨੂੰ ਦੇਖਦੇ ਸਾਰ ਉਹ ਲੱਤਾਂ ਨੂੰ ਆ ਚਿੰਬੜਿਆ ਹੈ। ਛਾਲਾਂ ਮਾਰ ਉਹ ਉੱਪਰ ਹੇਠਾਂ 'ਚਊਂ-ਚਊਂ' ਕਰਦਾ ਇੱਧਰ-ਉੱਧਰ ਗੇੜੇ ਮਾਰਦਾ ਹੈ। ਮੈਂ ਆਸ਼ਾ ਨੂੰ ਉਸਦੇ ਲਈ ਦੁੱਧ ਤੇ ਬਿਸਕੁੱਟ ਲਿਆਉਣ ਲਈ ਆਖਦੀ ਹਾਂ। ਉਹ ਰਸੋਈ 'ਚ ਚਲੀ ਗਈ ਹੈ। ਜੈਕੀ ਕਿਸੇ ਵਿੱਛੜੇ ਪ੍ਰੇਮੀ ਵਾਂਗ ਵਾਰ-ਵਾਰ ਆ ਕੇ ਮੈਨੂੰ ਚੁੰਮਦਾ ਹੈ। ਕਦੇ ਕੱਪੜਿਆਂ ਨੂੰ। ਕਦੇ ਮੇਰੇ ਹੱਥਾਂ ਨੂੰ। ਉਸ ਦੀ 'ਚਉਂ ਚਉਂ' ਇੰਝ ਲੱਗਦੀ ਹੈ ਜਿਵੇਂ ਉਹ ਮੇਰੇ ਨਾਲ ਗਿਲੇ ਸ਼ਿਕਵੇ ਕਰ ਰਿਹਾ ਹੋਵੇ।

ਮੈਨੂੰ ਸਾਡਾ ਪ੍ਰੋ ਕੁਲਕਰਨੀ ਯਾਦ ਆਉਂਦਾ ਹੈ। ਜੋ ਅਕਸਰ ਪੀਰੀਅਡ 'ਚ ਕਈ ਵਾਰ ਇਹ ਕਹਿੰਦਾ ਰਹਿੰਦਾ ਸੀ- "ਜਾਨਵਰਾਂ 'ਚ ਵੀ ਸਾਡੇ ਵਾਂਗ ਹਾਵ-ਭਾਵ ਹੁੰਦੇ ਹਨ ਜੋ ਸਾਡੇ ਪ੍ਰਤੀ ਉਵੇਂ ਦੇ ਹੀ ਬਣ ਜਾਂਦੇ ਹਨ, ਜਿਸ ਤਰ੍ਹਾਂ ਦਾ ਅਸੀਂ ਉਨ੍ਹਾਂ ਨਾਲ ਵਿਹਾਰ ਕਰੀਏ।......ਅਸੀਂ ਉਨ੍ਹਾਂ ਨਾਲ ਪਿਆਰ ਦਾ ਵਿਹਾਰ ਕਰਾਂਗੇ ਤਾਂ ਉਹ ਵੀ ਸਾਡੇ ਨਾਲੋਂ ਦੁੱਗਣਾ ਪਿਆਰ ਪ੍ਰਗਟਾਉਂਦੇ ਹਨ। ਅਸੀ ਉਨ੍ਹਾਂ ਨਾਲ ਰੁੱਖਾ ਵਿਹਾਰ ਕਰਾਂਗੇ ਤਾਂ ਉਨ੍ਹਾਂ ਦਾ ਵਿਹਾਰ ਵੀ ਸਾਡੇ ਪ੍ਰਤੀ ਕੁਸੈਲਾ ਹੋ ਜਾਂਦਾ ਹੈ। " ਉਨ੍ਹਾਂ ਹੀ ਇਹ ਦੱਸਿਆ ਸੀ ਕਿ ਇਨਸਾਨ ਦੀ ਉਮਰ ਦੇ ਸੱਤ ਸਾਲ ਤੇ ਕੁੱਤੇ ਦੀ ਉਮਰ ਦਾ ਇੱਕ ਸਾਲ ਬਰਾਬਰ ਹੁੰਦਾ ਹੈ।

ਮੈਂ ਕਮਰੇ 'ਚ ਆ ਜੈਕੀ ਨੂੰ ਲਾਡ ਕਰਨ ਲੱਗ ਪਈ ਹਾਂ। ਪਤਾ ਨਹੀਂ ਮੈਨੂੰ ਉਸ ਨਾਲ ਇੰਨਾ ਪਿਆਰ ਕਿਉਂ ਆਉਣ ਲੱਗ ਪਿਆ ਹੈ। ਸ਼ਾਇਦ ਉਹ ਇੰਨੇ ਦਿਨ ਮੇਰੇ ਤੋਂ ਦੂਰ ਰਿਹਾ ਹੈ, ਇਸ ਲਈ। ਉਹ ਸਾਹੋ-ਸਾਹ ਹੋਇਆ ਜਿਵੇਂ ਮੇਰੇ ਨਾਲ ਰੋਸ ਪ੍ਰਗਟਾ ਰਿਹਾ ਹੋਵੇ। ਇੰਨੇ ਦਿਨ ਪਤਾ ਨਹੀਂ ਕਿੱਥੇ ਰਿਹਾ ਹੋਵੇਗਾ। ਸੋਚਦੀ ਹੋਈ ਉਸ ਨੂੰ ਪੁਚਕਾਰਨ ਲੱਗ ਪਈ ਹਾਂ। ਉਹ ਮੇਰੇ ਬੈੱਡ 'ਤੇ ਬੈਠੀ ਦੇ ਕੋਲ ਆ ਮੇਰੇ ਉੱਤੇ ਲਿਪਟਨ ਲੱਗਾ ਹੈ। ਮੈਂ ਦੇਖਦੀ ਹਾਂ ਜੈਕੀ ਗਰਮੀ ਬਹੁਤ ਮਹਿਸੂਸ ਕਰ ਰਿਹਾ ਹੈ। ਉਸ ਦੀ ਜੀਭ ਵਾਰ-ਵਾਰ ਬਾਹਰ ਲਪਕ ਕੇ ਲਾਰਾਂ ਸੁੱਟ ਰਹੀ ਹੈ।

"ਜੈਕੀ,......ਜੈਕੀ।" ਮੈਂ ਉਸ ਨੂੰ ਪੁਚਕਾਰਨ ਲੱਗ ਪਈ ਸਾਂ।

"ਆਪਣੇ ਸਾਥੀ ਕੋਲ ਜਾਣ ਦੀ ਇੱਛਾ ਪ੍ਰਬਲ ਰੂਪ ਧਾਰਨ ਕਰ ਜਾਂਦੀ ਹੈ। ਇਸ ਸਮੇਂ ਇਹ ਗਰਮੀ ਬਹੁਤ ਜ਼ਿਆਦਾ ਫੀਲ ਕਰਦੇ ਹਨ। ਵਾਰ-ਵਾਰ ਜੀਭ ਬਾਹਰ ਨਿਕਲ ਆਉਂਦੀ ਹੈ ਤੇ ਮੂੰਹ 'ਚੋਂ ਲਾਰਾ ਨਿਕਲਣ ਲੱਗਦੀਆਂ ਹਨ। ਐਕਸਾਈਟਮੈਂਟ ਦੇ ਸਮੇਂ ਇਨ੍ਹਾਂ 'ਚ ਇਸ ਤਰ੍ਹਾਂ ਦੀ ਤਬਦੀਲੀ ਆਉਣੀ ਸੁਭਾਵਿਕ ਹੈ। ਇਹ ਅਲੱਗ ਤਰ੍ਹਾਂ ਦਾ ਵਿਹਾਰ ਕਰਨ ਲੱਗ ਪੈਂਦੇ ਹਨ।" ਪ੍ਰੋ ਕੁਲਕੁਰਨੀ ਦੇ ਬੋਲ ਫਿਰ ਸਾਹਮਣੇ ਆ ਗੂੰਜਣ ਲੱਗ ਪਏ ਹਨ।

"ਦੀਦੀ..।" ਆਸ਼ਾ ਨੇ ਚਾਣਚੱਕ ਕਮਰੇ 'ਚ ਆ ਕਿਹਾ ਹੈ। ਉਸਦੇ ਹੱਥਾਂ 'ਚ ਜੈਕੀ ਲਈ ਦੁੱਧ ਤੇ ਬਿਸਕੁਟ ਹੈ, ਕੋਲ ਪਏ ਟੇਬਲ 'ਤੇ ਰੱਖ ਉਹ ਮੇਰੇ ਬੈਡ ਕੋਲ ਆ ਖੜ੍ਹ ਗਈ ਹੈ। ਮੈਨੂੰ ਲੱਗਦੈ ਜਿਵੇਂ ਉਸ ਅੰਦਰ ਕੋਈ ਮੇਰੇ ਪ੍ਰਤੀ ਕਸ਼ਮਕਸ਼ ਚੱਲ ਰਹੀ ਹੋਵੇ। ਤੇ ਉਹ ਇਸ ਨੂੰ ਬਾਹਰ ਕੱਢਣ ਦਾ ਯਤਨ ਕਰ ਰਹੀ ਹੋਵੇ। ਮੈਨੂੰ ਇਹ ਸੋਚ ਉਸ 'ਤੇ ਗੁੱਸਾ ਵੀ ਆਇਆ ਹੈ। ਮੇਰੇ ਚਿਹਰੇ 'ਤੇ ਆਈ ਨਾਰਾਜ਼ਗੀ ਨੂੰ ਸ਼ਾਇਦ ਭਾਂਪ ਲਿਆ ਹੈ ਉਸਨੇ। ਉਹ ਬਿਨਾਂ ਕੁਝ ਬੋਲੇ ਮੁੜ ਗਈ ਹੈ।

ਮੈਂ ਜੈਕੀ ਨੂੰ ਬੈੱਡ 'ਤੇ ਆਪਣੇ ਨਾਲ ਬੈਠਾ ਕੇ ਦੁੱਧ ਤੇ ਬਿਸਕੁਟ ਖਵਾਉਣ ਲੱਗ ਪਈ ਹਾਂ। ਪਤਾ ਨਹੀਂ ਇਕ-ਦੋ ਮਹੀਨੇ ਤੋਂ ਮੇਰਾ ਉਸ ਪ੍ਰਤੀ ਇਹ ਵਿਹਾਰ ਕਿਵੇਂ ਬਣ ਗਿਆ ਹੈ।

ਕਦਮਾਂ ਦੀ ਪੈੜ-ਚਾਲ ਨੇ ਮੈਨੂੰ ਭਟਕਣ 'ਚੋਂ ਕੱਢ ਦਿੱਤਾ ਸੀ। ਦੇਖਦੀ ਹਾਂ, ਆਸ਼ਾ ਦੁਬਾਰਾ ਮੁੜ ਆਈ ਹੈ।

"ਦੀਦੀ, ਦੀਦੀ!" ਉਹ ਬੋਲਦੇ ਬੋਲਦੇ ਰੁਕ ਗਈ ਹੈ।

"ਹਾਂ, ਦੱਸ?" ਪਤਾ ਨਹੀਂ ਕਿਵੇਂ ਰੁੱਖੇਪਣ 'ਚ ਕਿਹਾ ਗਿਆ ਹੈ ਉਸਨੂੰ।

"ਦੀਦੀ, ਇੱਕ ਗੱਲ ਕਿੰਨੇ ਚਿਰ ਦੀ ਮੇਰੇ ਪੇਟ ਅੰਦਰ ਖਲਬਲੀ ਮਚਾ ਰਹੀ ਹੈ। ਮੈਨੂੰ ਸਮਝ ਨਹੀਂ ਆਉਂਦੀ ਤੁਹਾਡੇ ਨਾਲ ਸਾਂਝੀ ਕਰਾਂ ਜਾਂ.....!" ਇੱਕ ਵਾਰ ਤਾਂ ਮੈਂ ਘਬਰਾ ਗਈ ਸਾਂ ਜਿਵੇਂ ਆਸ਼ਾ ਕੋਈ ਮੇਰੇ ਬਾਰੇ ਹੀ ਗੱਲ ਕਰਨ ਦੀ ਕੋਸ਼ਿਸ਼ ਕਰ ਰਹੀ ਹੋਵੇ। ਇਸ ਉਧੇੜ-ਬੁਣ 'ਚੋਂ ਨਿਕਲ਼ ਕਿ ਮੈਂ ਉਸ ਵੱਲ ਦੇਖਿਆ ਉਸ ਦੇ ਅੰਦਰ ਕੋਈ ਬੋਝ ਸੀ, ਜੋ ਗਲੇ 'ਚੋ ਬਾਹਰ ਆਉਣ ਲਈ ਉਤਾਵਲਾ ਹੋ ਰਿਹਾ ਸੀ ਪਰ ਲਬਾਂ 'ਤੇ ਆ ਰੁਕ ਗਿਆ।

"ਹਾਂ, ਹਾਂ! .....ਕਰ, ਕੀ ਗੱਲ ਹੈ,.... ਖੁੱਲ੍ਹ ਕੇ ਕਰ।" ਮੈਂ ਆਪਣੇ-ਆਪ ਨੂੰ ਸੰਭਾਲ ਕਾਫ਼ੀ ਸਹਿਜ ਕਰ ਲਿਆ ਸੀ।

"ਕੋਈ ਵੀ ਗੱਲ ਆਪਣੇ ਅੰਦਰ ਨਹੀਂ ਰੱਖੀਦੀ, ਤੂੰ ਤਾਂ ਮੇਰੀ ਛੋਟੀ ਭੈਣ ਏਂ।" ਮੈਂ ਉਸ ਨੂੰ ਢਾਰਸ ਦਿੰਦਿਆਂ ਕਿਹਾ ਸੀ।

"ਦੀਦੀ, ਮੇਰੇ ਮਨ 'ਤੇ ਕਿੰਨੇ ਚਿਰ ਦਾ ਬੋਝ ਪਿਆ ਹੋਇਐ। ਤੁਸੀਂ ਮੇਰੇ ਨਾਲ ਕਿੰਨਾ ਮੋਹ ਜਿਤਾਉਂਦੇ ਹੋ। ਮੈਨੂੰ ਲੱਗਦਾ ਏ ਤੁਹਾਡੇ ਨਾਲ ਇਹ ਬੋਝ ਸਾਂਝਾ ਕਰ ਲੈਣਾ ਚਾਹੀਦੈ।" ਉਹ ਬੋਲਦੇ ਬੋਲਦੇ ਉਦਾਸ ਹੋ ਗਈ ਸੀ।

"ਹਾਂ, ਹਾਂ। ਕਰ, ਮੈਂ ਤਾਂ ਤੈਨੂੰ ਕਦੇ ਬਿਗਾਨਾ ਸਮਝਿਆ ਹੀ ਨਹੀਂ।" ਮੈਂ ਅਜੇ ਵੀ ਦੁਬਿਧਾ 'ਚ ਸਾਂ।

"ਦੀਦੀ , ਡੈਡੀ ਹੁਰਾਂ ਨੂੰ ਮੈਂ ਨਾ, ਕਿੰਨੇ ਵਾਰ.......।" ਉਹ ਬੋਲਦੇ-ਬੋਲਦੇ ਰੁਕ ਗਈ। ਤੇ ਫਿਰ ਗਲਾ ਸਾਫ਼ ਕਰ ਬੋਲੀ, " ਮੈਂ ਲਾਬੀ ਦੀ ਸਫ਼ਾਈ ਕਰ ਰਹੀ ਹੁੰਦੀ ਤਦ ਆਪਣੀ ਸ਼ੈਫ਼ੀ ਦੀ 'ਚਉਂ-ਚਉਂ' ਮੇਰੇ ਕੰਨਾਂ 'ਚ ਪੈਂਦੀ। ਕਈ ਵਾਰ ਤਾਂ ਮੈਂ ਗੌਲਦੀ ਨਾ। ਉਸ ਦੇ ਚੀਕਣ ਦੀ ਆਵਾਜ਼ ਜਦੋਂ ਕਾਫ਼ੀ ਹੋਰ ਤੇਜ਼ ਹੋ ਜਾਂਦੀ ਤਾਂ ਮੈਨੂੰ ਲੱਗਦਾ ਕਿ ਇਹ ਆਵਾਜ਼ ਡੈਡੀ ਦੇ ਕਮਰੇ 'ਚੋਂ ਹੀ ਆ ਰਹੀ ਹੈ। ਆਪਣੀ ਸ਼ੰਕਾ ਮਿਟਾਉਣ ਲਈ ਜਦੋਂ ਮੈਂ ਇੱਕ ਵਾਰ ਖਿੜਕੀ 'ਚੋਂ ਨੀਝ ਲਾ ਕੇ ਪ੍ਰਤੱਖ ਦੇਖਿਆ, ਡੈਡੀ ਹੁਰੀਂ ਸ਼ੈਫੀ ਨਾਲ ਜਾਨਵਰਾਂ ਵਾਲੇ ਕੰਮ ਕਰ ਰਹੇ ਸਨ। ਦੀਦੀ ਮੈਨੂੰ ਲੱਗਦੈ ਮੰਮੀ ਤੇ ਦਾਦੀ ਅੰਮਾ ਨੂੰ ਵੀ ਉਨ੍ਹਾਂ ਦੇ ਇਸ ਤਰ੍ਹਾਂ ਦੇ ਵਿਹਾਰ ਬਾਰੇ ਪਤਾ ਲੱਗ ਗਿਆ ਸੀ। ਤਦੇ ਉਨ੍ਹਾਂ ਦਾ ਡੈਡੀ ਪ੍ਰਤੀ ਵਿਹਾਰ ਅਚਾਨਕ ਬਦਲ ਗਿਆ ਸੀ।"

ਆਸ਼ਾ ਲਗਾਤਾਰ ਬੋਲੀ ਜਾ ਰਹੀ ਸੀ। ਪਰ ਮੈਂ ਤਾਂ ਹੋਰ ਈ ਚੱਕਰਵਿਊਆਂ 'ਚ ਗੁਆਚਦੀ ਜਾ ਰਹੀ ਸਾਂ। ਘਰ ਪਰਿਵਾਰ ਦੇ ਸਾਰੇ ਜੀਆਂ ਦੇ ਧੁੰਦਲੇ-ਧੁੰਦਲੇ ਦਿਖਾਈ ਦਿੰਦੇ ਚਿਹਰੇ ਹੁਣ ਸਾਫ਼ ਦਿਖਾਈ ਦੇਣ ਲੱਗ ਪਏ ਹਨ।

ਪਤਾ ਨਹੀਂ ਗੁੱਸੇ 'ਚ ਜਾਂ ਵੈਸੇ ਹੀ ਮੇਰੀ ਲੱਤ ਮੇਰੇ ਨਾਲ ਖੜਮਸਤੀਆਂ ਕਰ ਰਹੇ ਜੈਕੀ ਦੇ ਵੱਜੀ ਹੈ। ਤੇ ਉਹ 'ਚਊਂ-ਚਊਂ' ਕਰਦਾ ਬਾਹਰ ਵੱਲ ਦੌੜ ਗਿਆ ਹੈ।

**ਮੋਬਾ. 98720-92101.**



# ਅਕਾਸ਼ ਦੀ ਪਿੱਠ ਨਹੀਂ ਹੁੰਦੀ/ ਪਰਮਜੀਤ ਢੀਂਗਰਾ

ਲਾਲ ਸਿੰਘ ਦਿਲਬਰ ਨੇ ਅਖੀਰ ਫੈਸਲਾ ਕਰ ਲਿਆ ਸੀ ਕਿ ਉਹ ਹਰ ਮੁਜਾਰੇ ਨੂੰ ਪੰਜ ਪੰਜ ਕਿਲੇ ਬੈਅ ਕਰ ਦਏਗਾ। ਉਹਨੂੰ ਪਤਾ ਸੀ ਕਿ ਜੇ ਸਰਕਾਰ ਇਹ ਜ਼ਮੀਨ ਲੈ ਗਈ ਤਾਂ ਅਖੀਰ ਉਹਨੇ ਕਾਸ਼ਤਕਾਰਾਂ ਵਿਚ ਵੰਡ ਦੇਣੀ ਏ। ਕਾਨੂੰਨ ਵੀ ਵਾਹੀਕਾਰਾਂ ਨਾਲ ਖੜ੍ਹਾ ਸੀ। ਉਨ੍ਹਾਂ ਨੂੰ ਤਾਂ ਜ਼ਮੀਨਾਂ ਵਾਹੁੰਦਿਆਂ ਤੀਜੀ ਪੀੜ੍ਹੀ ਢੁਕਣ ਵਾਲੀ ਸੀ। ਜੇ ਉਹ ਫਾਲਤੂ ਜ਼ਮੀਨ ਕਿਸੇ ਕਟਰੂ ਸਿੰਘ, ਕਿਲਾ ਸਿੰਘ, ਨਲਕੇ ਸਿੰਘ ਦੇ ਨਾਂ ਲਾ ਕੇ ਬਚਾ ਵੀ ਲਵੇ ਤਾਂ ਵੀ ਇਹ ਚਲਾਕੀ ਬਹੁਤੀ ਦੇਰ ਨਹੀਂ ਸੀ ਚਲਣੀ। ਉਤੋਂ ਉਸਨੂੰ ਆਸ ਸੀ ਕਿ ਸ਼ਾਇਦ ਇਲਾਕੇ ਵਿਚ ਬਣੀ ਉਹਦੀ ਭੱਲ ਕਰਕੇ ਹਾਕਮ ਜਮਾਤ ਉਹਨੂੰ ਇਸ ਵਾਰ ਟਿਕਟ ਦੇ ਦੇਵੇ। ਜ਼ਮੀਨ ਵੰਡਣ ਤੋਂ ਪਹਿਲਾਂ ਹੀ ਉਹਦੇ ਬੰਦਿਆਂ ਨੇ ਉਹਦੀ ਵਾਹ ਵਾਹ ਸ਼ੁਰੂ ਕਰਵਾ ਦਿੱਤੀ ਸੀ। ਉਹਨੂੰ ਲੱਗ ਰਿਹਾ ਸੀ ਕਿ ਵੰਡਣ ਤੋਂ ਬਾਅਦ ਉਹ ਕਾਫੀ ਵੋਟਾਂ ਬਟੋਰ ਸਕਦਾ ਹੈ।

ਉਂਝ ਸਾਰਾ ਪਿੰਡ ਉਹਦੀ ਇਸ ਫਰਾਖ ਦਿਲੀ 'ਤੇ ਹੈਰਾਨ ਸੀ। ਹਰ ਇਕ ਦੀ ਜ਼ਬਾਨ 'ਤੇ ਇਕੋ ਗੱਲ ਸੀ ਕਿ ਲਾਲ ਸਿੰਘ ਤਾਂ ਪੂਰਾ ਚਿੱਚੜ ਹੈ। ਪੰਜ ਕਿਲੇ ਤਾਂ ਕੀ ਉਹ ਇੱਕ ਇੰਚ ਜ਼ਮੀਨ ਵੀ ਕਿਸੇ ਦੇ ਨਾਂ ਬੈਅ ਨਹੀਂ ਕਰੇਗਾ। ਇਹ ਉਹਦਾ ਨਿਰਾ ਚੋਣ ਡਰਾਮਾ ਏ ਜਾਂ ਵਿਚਲੀ ਕੋਈ ਹੋਰ ਗੱਲ ਏ ਜਿਸ ਤੋਂ ਓਹਲਾ ਰੱਖਿਆ ਜਾ ਰਿਹਾ ਏ।

ਨੰਬਰਦਾਰਾਂ ਦੇ ਸੁੱਚੇ ਨੇ ਤਾਂ ਟੋਕਾ ਲਾਉਂਦਿਆਂ ਕਹਿਤਾ ਸੀ-

- ਲਾਲ ਸਿੰਘ ਕਿਧਰ ਦਾ ਧਰਮ ਪੁੱਤਰ ਐ। ਸਾਰੀ ਉਮਰ ਏਨ੍ਹੇ ਮੁਜਾਰਿਆਂ ਦਾ ਚੰਮ ਦੇੜ੍ਹਿਐ। ਦਸ ਖਾਂ ਭਲਾ ਅਮੀਰ ਸੂੰਹ ਤੋਂ ਵਧ ਕਿਹੜਾ ਸਾਊ ਹੋਊ। ਪਰ ਏਨ੍ਹੇ ਉਦ੍ਹੇ ਟੱਬਰ ਦੀ ਜੇੜ੍ਹੀ ਦੁਰਗਤ ਕੀਤੀ ਏ ਉਦ੍ਹੀਆਂ ਪੁਸ਼ਤਾਂ ਸੁਣ ਸੁਣ ਕੇ ਕੰਬਣਗੀਆਂ।
- ਆਹੋ ਭਾਊ ਮੈਨੂੰ ਪਤੈ। ਇਹ ਸਭ ਕੈਨ੍ਹ ਦੀਆਂ ਗੱਲਾਂ ਨੇ। ਕੇੜ੍ਹਾ ਨੀ ਜਾਣਦਾ ਲਾਲ ਸੂੰਹ ਨੇ ਵੱਡੇ ਰੌਲਿਆਂ 'ਚ ਓਧਰ ਮਰਗਿਆਂ ਦੇ ਨਾਂ ਝੂਠੇ ਕਲੇਮ ਭਰ ਭਰ ਕੇ ਇਹ ਜ਼ਮੀਨ ਜੈਦਾਤ ਜੋੜੀ ਏ। ਏਹਨੂੰ ਪਤੈ ਕਨੂੰਨ ਨੇ ਬਖਸ਼ਣਾ ਨੀ। ਹੁਣ ਇਹ ਧਰਮ ਪੁੱਤਰ ਬਣਿਆ ਜ਼ਮੀਨਾਂ ਵੰਡ ਰਿਹੈ।
- ਸਾਰੀ ਉਮਰ ਤਾਂ ਮੁਜਾਰੇ ਹੱਡ ਤੋੜ ਤੋੜ ਏਦ੍ਹੀਆਂ ਹਵੇਲੀਆਂ ਭਰਦੇ ਰਹੇ। ਉਲਟਾ ਏਹਨੇ ਸਾਰਿਆਂ ਨੂੰ ਕਰਜ਼ਾਈ ਕੀਤਾ ਹੋਇਐ।
- ਇਹਦੀ ਇਹ ਦੂਰ੍ਹੀ ਚਾਲ ਏ ਬਣਾਂ ਵਾਲੇ ਬੀਰੇ ਨੇ ਹੌਕਾ ਭਰਿਆ। ਇਸ ਜ਼ਾਲਮ ਨੇ ਕਿਸੇ ਨੂੰ ਨ੍ਹੀ ਬਖਸ਼ਿਆ। ਪਤਾ ਨ੍ਹੀ ਓਧਰ ਦੀਆਂ ਜ਼ਮੀਨਾਂ ਦੇ ਬੈਨਾਮੇ ਕਿਵੇਂ 'ਕੱਠੇ ਕਰ ਲਿਆਇਐ ਤੇ ਏਧਰ ਝੂਠੇ ਕਲੇਮ ਕਰੀ ਗਿਐ। ਹਰ ਵਾਰ ਘੋੜਾ ਫਿਰਨ ਵਾਂਗ ਜ਼ਮੀਨਾਂ ਦੇ ਇੰਤਕਾਲ ਇਹਦੇ ਨਾਂ ਚੜ੍ਹਦੇ ਗਏ ਸਾਲੇ ਢੂਚਰ ਦੇ।
- ਤੈਨੂੰ ਨ੍ਹੀ ਪਤਾ ਏਦ੍ਹਾ ਦਾਦਾ ਸ਼ਾਹੂਕਾਰਾ ਕਰਦਾ ਸੀ ਤੇ ਉਨ੍ਹੇ ਸਾਰੇ 'ਲਾਕੇ ਦੇ ਗਰੀਬ ਮੁਸਲਮਾਨ ਮੁਜਾਰੇ ਕਰਜ਼ਾਈ ਕਰਕੇ ਆਪਣੇ ਚੁੰਗਲ 'ਚ ਫਾਹੇ ਹੋਏ ਸਨ। ਉਨ੍ਹਾਂ ਦੀਆਂ ਮਾੜੀਆਂ ਮੋਟੀਆਂ ਜ਼ਮੀਨਾਂ ਦੇ ਕਾਗਜ਼ ਗਹਿਣੇ ਰੱਖ ਕੇ ਆਪਣੇ ਨਾਂ ਲਿਖਾਏ ਹੋਏ ਸਨ। ਬਸ ਉਨ੍ਹਾਂ ਦੀ ਖੱਟੀ ਇਹ ਖ੍ਹਾ ਗਿਆ।
- ਇਹ ਤਾਂ ਮੈਨੂੰ ਵੀ ਪਤੈ 'ਕੇਰਾਂ ਬਾਪੂ ਜੀ ਨੇ ਦਸਿਆ ਸੀ ਕਿ ਫਰੋਜ਼ਪੁਰ, ਪੱਟੀ, ਕਸੂਰ

ਦਆਲੇ ਪਿੰਡਾਂ ਵਿਚ ਏਦ੍ਹਾ ਵਾਹਵਾ ਫੇਰਾ ਤੋਰਾ ਸੀ। ਏਨ੍ਹੇ ਤਾਂ ਕੈਂਦ੍ਹੇ ਪਿੰਡਾਂ ਦੇ ਚੌਧਰੀ ਗੰਢੇ ਹੋਏ ਸਨ ਹਰ ਘਰ ਦੀ ਸੂਹ ਰੱਖਦਾ ਸੀ। ਲੋੜ ਥੋੜ੍ਹ ਦੇ ਬਹਾਨੇ ਗਰੀਬਾਂ ਨੂੰ ਕੁੱਤੇ ਵਾਂਗ ਸੰਗਲੀ ਪਾ ਲੈਂਦਾ ਸੀ।

– ਕੋਈ ਨੀ ਪੁੱਤ ਏਥੇ ਈ ਧਰੀਆਂ ਨੇ ਜ਼ਮੀਨਾਂ - ਜਿਨ੍ਹਾਂ ਨੇ ਹੱਲ ਵਾਹੇ ਆਪੇ ਖੋ ਲੈਣਗੇ।' ਬੀਰਾ ਪੂਰੇ ਰੋਹ ਵਿਚ ਸੀ।

ਲਾਲ ਸਿੰਘ ਦਿਲਬਰ ਚੜ੍ਹਦੀ ਜਵਾਨੀ ਵਿਚ ਘੋੜੀ 'ਤੇ ਚੜ੍ਹ ਕੇ ਇਲਾਕੇ 'ਚ ਗੇੜਾ ਲਾਂਦਾ ਸੀ। ਕਦੇ ਕਦੇ ਉਹ ਬੀੜਾਂ ਵਿਚ ਸ਼ਿਕਾਰ ਕਰਨ ਚਲਾ ਜਾਂਦਾ ਤੇ ਕਈ ਕਈ ਸ਼ਿਕਾਰ ਇਕੋ ਵਾਰ ਕਰ ਲਿਆਂਦਾ। ਫਿਰੋਜ਼ਪੁਰ ਦੇ ਹੇਠਾਂ ਵਗਦੇ ਦਰਿਆ ਸਤਲੁਜ ਦੇ ਕੰਢੇ ਸਰਕੜੇ ਵਿਚ ਪਈਆਂ ਭੱਠੀਆਂ 'ਚੋਂ ਪੂਰੀ ਤਿੜ ਨਾਲ ਕੱਢੀ ਦੇਸੀ ਲ੍ਹਾਨ ਦਾ ਉਹਨੂੰ ਚਸਕਾ ਸੀ। ਉਹਦਾ ਖਾਸ ਬੰਦਾ ਠਾਕੁਰ ਸੀ। ਉਹ ਅਜਿਹੀ ਭੱਠੀ ਪਾਂਦਾ ਕਿ ਕਲਾਲਾਂ ਵਾਂਗ ਮਸਾਲੇ 'ਚੋਂ ਜੀਰ ਕੇ ਕੱਢੀ ਪਹਿਲੇ ਤੋੜ ਦੀ ਨੂੰ ਹੋਰ ਜੀਰ ਕੇ ਆਤਸ਼ ਬਣਾ ਦੇਂਦਾ। ਜੇੜ੍ਹਾ ਉਹਦੀ ਇਹ ਆਤਸ਼ ਚੱਖ ਲੈਂਦਾ ਸਾਰੀ ਦੀਨ ਦੁਨੀਆ ਭੁੱਲ ਜਾਂਦਾ।

ਉਦੋਂ ਇਨ੍ਹਾਂ ਪਿੰਡਾਂ ਨੂੰ ਨਾ ਸੜਕਾਂ ਜਾਂਦੀਆਂ ਸਨ, ਨਾ ਲਾਰੀਆਂ। ਕੱਚੇ ਪਹੇ ਵਗਦੇ ਸਨ ਜਿਨ੍ਹਾਂ 'ਤੇ ਮੀਂਹ ਦੀ ਘਾਟ ਕਰਕੇ ਸਦਾ ਧੂੜ ਉਡਦੀ ਰਹਿੰਦੀ। ਵਾ-ਵਰੋਲੇ ਉਠਦੇ ਤੇ ਖੇਤਾਂ 'ਚ ਜਾ ਕੇ ਬਹਿ ਜਾਂਦੇ। ਬਹੁਤੀ ਖੇਤੀ ਬਰਾਨੀ ਸੀ। ਅਰਾਈਂ ਸਬਜ਼ੀਆਂ ਬੀਜਦੇ, ਵਲਾਂ ਟਿਬਿਆਂ 'ਤੇ ਚੜ੍ਹਾ ਕੇ ਮਾੜੀਆਂ ਮੋਟੀਆਂ ਕਣੀਆਂ ਦੀ ਉਡੀਕ ਕਰਦੇ।

ਵੱਡੇ ਰੌਲਿਆਂ ਵੇਲੇ ਉਹਨੂੰ ਪੂਰਾ ਪੱਕ ਸੀ ਕਿ ਫਿਰੋਜ਼ਪੁਰ ਪਾਕਿਸਤਾਨ 'ਚ ਜਾਏਗਾ। ਇਹ ਅਫਵਾਹ ਜ਼ੋਰਾਂ 'ਤੇ ਸੀ ਕਿ ਜਿਥੇ ਮੁਸਲੱਕੀ ਅਬਾਦੀ ਜ਼ਿਆਦਾ ਹੈ ਉਹ ਪਿੰਡ ਲਹਿੰਦੇ ਵਲ ਜਾਣਗੇ। ਇਕ ਵਾਰ ਤਾਂ ਦਿਲਬਰ ਡਰ ਗਿਆ ਕਿ ਜੇ ਇਹ ਪਿੰਡ ਓਧਰ ਚਲੇ ਗਏ ਤਾਂ ਉਹਦਾ ਸਾਰਾ ਕਾਰੋਬਾਰ ਠੱਪ ਹੋ ਜਾਏਗਾ। ਇਨ੍ਹਾਂ ਪਿੰਡਾਂ ਵਿਚ ਉਹਦੀ ਠਾਹਰ ਸੀ।

ਜਦੋਂ ਉਹ ਇਨ੍ਹਾਂ ਪਿੰਡਾਂ ਵਿਚ ਜਾਂਦਾ ਇਲਾਕੇ ਦੇ ਚੌਧਰੀ ਹਾਜ਼ਰੀ ਭਰਨ ਲਈ ਉਹਦੇ ਦਰਬਾਰ ਵਿਚ ਹਾਜ਼ਰ ਹੋ ਜਾਂਦੇ। ਉਹ ਉਹਦਾ ਟਿਕਾਣਾ ਇਕ ਸਾਫ ਸੁਥਰੀ ਬੈਠਕ ਵਿਚ ਕਰਦੇ। ਮੰਜੇ 'ਤੇ ਕੋਰੀ ਚਾਦਰ ਵਿਛਾ ਕੇ ਗੋ ਤਕੀਏ ਰੱਖ ਉਹਦਾ ਡੇਰਾ ਲਵਾਇਆ ਜਾਂਦਾ। ਭਾਵੇਂ ਉਹ ਸਿੱਖ ਸੀ ਪਰ ਇਥੇ ਆ ਕੇ ਉਹਨੂੰ ਹੁੱਕੇ ਦੀ ਤਲਬ ਹੋਣ ਲਗ ਜਾਂਦੀ। ਮੁਸਲੱਕਿਆਂ ਵਿਚ ਰਹਿ ਕੇ ਹੀ ਉਹਨੂੰ ਇਹ ਆਦਤ ਪਈ ਸੀ ਤੇ ਇਹਨੂੰ ਉਹ ਆਪਣੀ ਸ਼ਾਨ ਸਮਝਣ ਲਗ ਪਿਆ ਸੀ। ਚੌਧਰੀਆਂ ਨੇ ਪਹਿਲਾਂ ਹੀ ਭਾਰੇ ਪਿੱਤਲ ਦੇ ਥੱਲੇ ਵਾਲਾ ਹੁੱਕਾ ਗਰਮ ਕਰਕੇ ਬੈਠਕ ਦੀ ਨੁੱਕਰ ਵਿਚ ਰੱਖਿਆ ਹੁੰਦਾ।

ਜੇ ਉਹ ਆਉਂਦਿਆਂ ਹੀ ਘੋੜੀ ਫੇਰਨ ਲਗ ਪਏ ਤਾਂ ਚੌਧਰੀ ਅੰਦਾਜ਼ਾ ਲਾ ਲੈਂਦੇ ਸਨ ਕਿ ਸਰਦਾਰ ਦਿਲਬਰ ਮੌਜ ਮਸਤੀ ਦੇ ਮੂਡ 'ਚ ਹੈ। ਉਹ ਅੱਲ੍ਹਾ ਬਖਸ਼ ਨੂੰ ਸਿਰਫ ਏਨਾ ਹੀ ਕਹਿੰਦਾ ਸੀ–

– ਸੁਣਾ ਚੌਧਰੀ ਫੇਰ ਕਾਟੋ ਖੇਡੇਗੀ ਫੁਲਾਂ 'ਤੇ...
– ਹਜ਼ੂਰ ਕਾਟੋ ਨੇ ਕੀ ਖੇਡਣੈ। ਇਸ ਵਾਰ ਤਾਂ ਸੋਕਾ ਪਿਐ। ਫਸਲ ਬਾੜ੍ਹੀ ਹੈ ਨੀ ਉਤੋਂ ਰੌਲੇ ਨੇ। ਹਵਾ ਵਿਚ ਤਾਂ ਲਹੂ ਦਾ ਮੁਸ਼ਕ ਐ। ਸਾਰੇ ਡਰੇ ਬੈਠੇ ਨੇ।
– ਕੋਈ ਨੀ ਇਹ ਰੌਲੇ ਏਧਰ ਨੀ ਪੈਂਦੇ। ਮੈਂ ਹਾਂ ਨਾ ਧਾਡ੍ਹੀ ਵਾ ਵਲ ਕੋਈ ਨੀ ਵੇਂਦ੍ਹਾ।



– ਉਹ ਤਾਂ ਠੀਕ ਐ ਪਰ... ਸਾਰੇ ਡਰੇ ਹੋਏ ਨੇ ... ਜਾਨ ਮੁੱਠੀ 'ਚ ਐ...
– ਫਿਰ ਤਾਂ ਰਾਤ ਨੂੰ ਚਿਲਮ ਨੀ ਸੁਲਘਦੀ...
– ਨਹੀਂ ਹਜ਼ੂਰ ਹੋਜੇਗਾ ਕੋਈ ਪ੍ਰਬੰਧ। ਚਿੰਤਾ ਨਾ ਕਰੋ। ਤਿੱਤਰ ਬਟੇਰ ਬਥੇਰੇ ਨੇ। ਹੁੱਕਾ ਗਰਮ ਕੀਤੈ। ਪਹਿਲੇ ਤੋੜ ਦੀ ਤੱਤੀ ਅੱਗ ਵੀ ਐ ਨਿਰੀ ਸੁਲਫੇ ਦੀ ਲਾਟ, ਜਲ ਪਾਣੀ ਛਕੋ....
– ਮੈਂ ਤਾਂ ਜੈਨਬ ਵਾਲੀ ਚਿਲਮ ਦੀ ਗੱਲ ਕਰ ਰਿਹਾਂ...
– ਹਜ਼ੂਰ ਉਹਨੂੰ ਭੁੱਲ ਜਾਓ। ਉਹ ਤਾਂ ਅੱਜ ਕੱਲ੍ਹ ਅੱਗ ਦੀ ਨਾਲ੍ਹ ਐ...
– ਫੇਰ ਕੀ ਹੋਇਆ ਚੌਧਰੀ ਅਸਾਂ ਕਿਹੜੇ ਚੁਲ੍ਹੇ ਬਾਲਣੇ ਨੇ
– ਸਰਦਾਰ ਜੀ ਕੀ ਕਰੀਏ, ਅੰਗਰੇਜ਼ੀ ਰਾਜ ਦੀਆਂ ਬਰਕਤਾਂ ਲੋਕਾਂ ਦੇ ਸਿਰਾਂ ਨੂੰ ਚੜ੍ਹ ਗਈਆਂ ਨੇ। ਉਤੋਂ ਪੱਕ ਐ ਬਈ ਸਾਨੂੰ ਸਾਡਾ ਨਵਾਂ ਮੁਲਕ ਮਿਲ ਜੂ। ਅੱਜ ਕੱਲ੍ਹ ਕਿਸੇ ਨੂੰ ਕਿਸੇ 'ਤੇ 'ਤਬਾਰ ਨਹੀਂ ਰਿਹਾ।

ਦਿਲਬਰ ਦੇ ਚੇਹਰੇ 'ਤੇ ਲਾਲੀ ਦਾ ਰੰਗ ਗੂੜ੍ਹਾ ਹੋ ਗਿਆ। ਮੱਥੇ ਦੀਆਂ ਨਾੜਾਂ ਫੁਲ ਗਈਆਂ। ਅੱਖਾਂ ਵਿਚੋਂ ਅੰਗਾਰੇ ਉਡਣ ਲੱਗੇ। ਅੱਗੇ ਤਾਂ ਇਹੋ ਜਿਹੀ ਕੋਈ ਗੱਲ ਨਹੀਂ ਸੀ ਵਾਪਰੀ। ਇਹ ਨਵਾਂ ਈ ਚੰਨ ਚੜ੍ਹ ਰਿਹੈ।

– ਏਨੀ ਜੁਰਅਤ ਉਸ ਦੋ ਟਕੇ ਦੀ ਕਮੀਣੀ ਦੀ। ਮੈਂ ਤਾਂ ਚਿਲਮ 'ਚ ਬਾਲ ਕੇ ਰਾਖ ਕਰ ਦੂੰ। ਸਮਝਦੀ ਕੀ ਐ ਉਹ ਨਾਢੂ ਖਾਣੀ।
– ਲੋਕਾਂ ਦੀ ਮੱਤ ਮਾਰੀ ਗਈ ਏ, ਲੀਗੀਆਂ ਨੇ ਸਿਆਪਾ ਖੜ੍ਹਾ ਕਰ ਦਿੱਤੈ। ਭਲਾ ਦਸੋ ਖਾਂ ਤੁਹਾਡੇ ਬਿਨਾਂ ਸਾਡਾ ਕੌਣ ਐ। ਲੋੜ ਥੋੜ੍ਹ ਵੇਲੇ ਜੇ ਬੰਦੇ ਦੀ ਗਰਜ ਪੂਰੀ ਨਾ ਹੋਵੇ ਤਾਂ ਫਿਰ ਟੋਬੇ ਵਿਚ ਈ ਡੁਬ ਮਰੇ। ਰਹੀ ਗੱਲ ਔਰਤ ਜਾਤ ਦੀ ਬਥੇਰਾ ਕਿਹਾ ਉਹਨੂੰ ਕਿ ਉਹ ਤਾਂ ਹਰ ਮਹੀਨੇ ਪਾਕ ਹੋ ਜਾਂਦੀ ਏ ਪਰ ਉਹ ਤਾਂ ਅੱਗੋਂ ਲੀਗੀਆਂ ਕੋਲ ਜਾਣ ਦੀ ਧਮਕੀ ਦੇਂਦੀ ਏ।
– ਇਨ੍ਹਾਂ ਦੀ ਮਾਂ ਦੀ ਕੰਜਰ ਲੀਗੀਆਂ ਦੀ ਇਨ੍ਹਾਂ ਨੂੰ ਦਿਲਬਰ ਦੇ ਹੱਥ ਨੀ ਲੱਗੇ ਅਜੇ।
– ਉਂਜ ਸ਼ਕੀਲਾ ਦਾ ਪ੍ਰਬੰਧ ਕਰਤੈ ਪਰ....
– ਪਰ ਕੀ ?
– ਹਜ਼ੂਰ ਉਹਦਾ ਜਿਸਮ ਜ਼ਿਆਦਾ ਨਾ ਤੋੜਿਓ। ਬੜੀ ਮੁਸ਼ਕਲ ਨਾਲ ਮੰਨੀ ਏ– ਕੋਈ ਗਾਣਾ ਗੂਣਾ ਸੁਣ ਲਿਓ ਚਿਤ ਰਾਜੀ ਹੋ ਜੂ... ਅੱਗੇ ਧਾਡ੍ਹੀ ਮਰਜ਼ੀ.....

ਸਵੇਰ ਹੁੰਦਿਆਂ ਦਿਲਬਰ ਨੇ ਤਿਆਰੀ ਕਰ ਲਈ ਪਰ ਉਹਦੇ ਚੇਹਰੇ ਤੋਂ ਨਰਾਜ਼ਗੀ ਟਪਕ ਰਹੀ ਸੀ। ਉਹਨੇ ਜਾਣ ਤੋਂ ਪਹਿਲਾਂ ਬੈਠਕ ਵਿਚ ਕੁਝ ਚੌਧਰੀਆਂ ਨੂੰ ਬੁਲਾ ਕੇ ਪੱਕ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਜੇ ਇਹ ਇਲਾਕਾ ਲਹਿੰਦੇ ਵਲ ਚਲਾ ਗਿਆ ਤਾਂ ਉਹ ਕੀ ਕਰਨਗੇ -

– ਕਰਨਾ ਕੀ ਐ ਸਰਦਾਰਾ ਕਰੂ ਤਾਂ ਮੁਹੰਮਦ ਅਲੀ....
– ਪਰ ਤੁਸੀਂ ਕੀ ਕਰੋਗੇ, ਤੁਹਾਡੀਆਂ ਜ਼ਮੀਨਾਂ...
– ਹਜ਼ੂਰ ਜ਼ਮੀਨਾਂ ਤੁਹਾਡੇ ਕਰਜੇ 'ਚ ਨੇ, ਅਸੀਂ ਤੁਹਾਡੇ ਗੁਲਾਮਾਂ ਵਰਗੇ ਆਂ। ਏਨਾ ਜ਼ਰੂਰ ਐ ਕਿ ਅਸੀਂ ਨਵੇਂ ਮੁਲਕ ਦੇ ਹਿਸੇ ਆ ਗੇ ਤਾਂ ਲੀਗੀ ਕਹਿੰਦੇ ਨੇ ਸਾਰੇ ਕਰਜਿਆਂ 'ਤੇ ਲੀਕ ਫਿਰ ਜੂ

– ਨਾ ਐ ਕਿਵੇਂ ਲੀਕ ਫਿਰਜੂ। ਇਹ ਭਾਈਏ ਦਾ ਮਾਲ ਐ। ਪੱਕੇ ਕਾਗਤਾਂ 'ਤੇ 'ਗੂਠੇ ਲਗੇ ਹੋਏ ਨੇ। ਦਸੋ ਸਾਡੇ ਵਡੇਰਿਆਂ ਨੇ ਕਦ ਧ੍ਰਾਡੀ ਸਾਰ ਨੀ ਲਈ ਧ੍ਰਾਡੀ ਹਰ ਗਰਜ਼ ਪੂਰੀ ਕੀਤੀ ਭਾਵੇਂ ਜ਼ਮੀਨ ਦੇ ਪੱਲੇ ਕੁਝ ਸੀ ਤੇ ਭਾਵੇਂ ਨ੍ਹੀ....

– ਪਰ ਹੁਣ ਸਮੇਂ ਬਦਲ ਗਏ ਨੇ ਸਰਦਾਰ ਜੀ। ਜੇ ਅਸੀਂ ਓਧਰ ਚਲੇ ਗਏ ਫਿਰ ਤਾਂ ਇਹ ਜ਼ਮੀਨਾਂ ਵੀ ਗਈਆਂ ਤੇ ਕਰਜੇ ਵੀ...

– ਕੋਈ ਨ੍ਹੀ ਲਗਦੀ ਵਾਹ ਮੈਂ ਨ੍ਹੀ ਜਾਣ ਦੇਂਦਾ।' ਸਰਦਾਰ ਭੈਅ ਖਾ ਗਿਆ ਸੀ। ਉਹਨੇ ਜਾਂਦੇ ਜਾਂਦੇ ਅੱਲ੍ਹਾ ਬਖਸ਼ ਨੂੰ ਉਲਾਂਬਾ ਦੇਂਦਿਆਂ ਕਿਹਾ ਸੀ ਕਿ ਰਾਤ ਨੂੰ ਚੰਗੀ ਚਿਲਮ ਭੇਜੀ ਏ। ਸਾਲੀ ਏਨੀ ਗਰਮ ਨਾਸਾਂ 'ਚੋਂ ਧੂੰਆਂ ਕੱਢਤਾ। ਮੇਰੀ ਗਲ ਅਜੇ ਤਕ ਲਾਲ ਐ...

– ਕੀ ਕਰੀਏ ਸਰਦਾਰਾ ਅੱਜ ਕੱਲ੍ਹ ਹਰ ਕੋਈ ਲੀਗ ਦਾ ਚੋਬਦਾਰ ਬਣਿਆ ਬੈਠੈ। ਮੈਂ ਤਾਂ ਪਹਿਲਾਂ ਹੀ ਕਿਹਾ ਸੀ ਜਿਸਮ ਨੂੰ ਹੱਥ ਨਾ ਲਾਇਓ, ਉਹ ਅੱਗ ਸਿਰਫ ਸੇਕਣ ਲਈ ਐ ਠਾਰਨ ਲਈ ਨਹੀਂ

– ਪਰ ਉਹਨੇ ਤਾਂ ਠਾਕੁਰ ਦੀ ਪੰਜਰਤਨੀ ਦਾ ਸਾਰਾ ਸਰੂਰ ਵੀ ਲਾਹਤਾ। ਸਾਰੀ ਰਾਤ ਮੈਂ ਇਕ ਵਾਰ ਵੀ ਗੁੜ ਗੁੜ ਨੀ ਕੀਤੀ। ਜੇ ਮੇਰੇ ਕੋਲ ਬੰਦੂਕ ਹੁੰਦੀ ਤਾਂ ਦੇਖਦਾ ਸਾਲੀ ਕਿਵੇਂ ਨਖਰੇ ਕਰਦੀ ਐ ਜੇ ਓਥੇ ਈ ਨਾ ਫੂੰਡ ਦੇਂਦਾ...
ਉਹਦੀਆਂ ਅੱਖਾਂ 'ਚ ਚਿੰਗਾਰੀਆਂ ਉਡਣ ਤੇ ਬੁਝਣ ਲੱਗੀਆਂ।

– ਕੋਈ ਨਾ ਅੱਗੇ ਤੋਂ ਧਿਆਨ ਰਖੀਂ ਜੇ ਕੋਈ ਚੂੰ ਫੜਿਕ ਕਰੇ ਤਾਂ ਮੈਨੂੰ ਪਹਿਲਾਂ ਈ ਦਸ ਦੇਈਂ...

ਜੈਨਬ ਦਿਲਬਰ ਦੇ ਦਿਲ ਵਿਚ ਆਲ੍ਹਣਾ ਪਾਈ ਬੈਠੀ ਸੀ ਪਰ ਉਹਦੇ ਵਿਚ ਖ਼ੁਦ ਕਦੇ ਨਹੀਂ ਸੀ ਆਈ। ਪਿਛਲੀ ਵਾਰ ਵੀ ਉਹਨੇ ਬਥੇਰੀ ਕੋਸ਼ਿਸ਼ ਕੀਤੀ ਸੀ। ਤਿੱਖੀ ਮੁਸ਼ਕ ਤੇ ਅੱਗ ਦੀ ਤਾਰ ਵਰਗੀ ਲ੍ਹਾਨ ਦੇ ਉਹਨੇ ਤਿੰਨ ਹਾੜੇ ਪੀਣ ਤੋਂ ਬਾਅਦ ਚੌਥਾ ਪਾਇਆ ਸੀ ਤੇ ਹੁਕੇ ਦੀ ਨਲੀ ਉਂਗਲਾਂ 'ਚ ਫਸਾ ਕੇ ਲੰਬਾ ਕਸ਼ ਖਿਚਦਿਆਂ ਉਹਨੇ ਹੁਸੈਨੇ ਨੂੰ ਕਹਿਤਾ ਸੀ ਜਿਵੇਂ ਮਰਜੀ ਰਾਜੀ ਹੋ ਜੈਨਬ ਉਹਦੀ ਹੈ। ਇਕ ਵਾਰ ਤਾਂ ਹੁਸੈਨਾ ਤ੍ਰਬਕ ਗਿਆ ਸੀ ਪਰ ਉਹਨੇ ਅੱਖਾਂ ਵਿਚਲੀ ਉਦਾਸੀ ਨੂੰ ਛੰਡਦਿਆਂ ਕਹਿ ਦਿੱਤਾ ਸੀ–

– ਸਰਦਾਰਾ ਦਿਨ ਮਾੜੇ ਆ ਗਏ ਈ ਕੋਈ ਬਚਾ ਹੁੰਦੈ ਤਾਂ ਕਰ ਲੈ। ਇਹ ਤਾਂ ਪੱਕ ਈ ਐ ਕਿ ਅਸੀਂ ਸਾਰੇ ਹੁਣ ਲਹਿੰਦੇ ਪੰਜਾਬ ਵਿਚ ਜਾਵਾਂਗੇ ਤੇ ਭੁੱਲ ਜਾ ਜੈਨਬ ਨੂੰ। ਲੀਗੀਆਂ ਤਾਂ ਤੈਨੂੰ ਸਣੇ ਘੋੜੀ ਕੋਹ ਦੇਣੈ। ਜੇ ਸੁੰਨਤ ਕਰਾ ਲਵੇਂ ਤਾਂ ਕੁਝ ਹੋ ਸਕਦੈ।'

ਉਹਦੀ ਗੁਸਤਾਖ ਤੇ ਖਰਵੀਂ ਬੋਲ ਬਾਣੀ ਸੁਣ ਕੇ ਸਰਦਾਰ ਦੇ ਦਿਲ ਵਿਚ ਇਕ ਵਾਰੀ ਤਾਂ ਆਈ ਕਿ ਇਸਨੂੰ ਦਸ ਦਿਆਂ ਕਿ ਲਾਲ ਸਿੰਘ ਦਿਲਬਰ ਜਿਸ ਚੀਜ਼ ਲਈ ਦਿਲ ਧਾਰ ਲਵੇ ਫੇਰ ਤਾਂ ਖ਼ੁਦਾ ਵੀ ਉਸ ਤੋਂ ਖੋਹ ਨਹੀਂ ਸਕਦਾ।' ਪਰ ਮਾੜੇ ਸਮੇਂ ਦੇ ਵਾਰੇ ਪਹਿਰੇ। ਉਹਨੇ ਗੱਲ ਬਦਲ ਲਈ–

– ਕੁਝ ਨੀ ਹੁੰਦਾ ਚੌਧਰੀ। ਟਿਵਾਣੇ ਕੇ ਆਪਣੇ ਆੜੀ ਐ ਤੇ ਕਿਹੜਾ ਲੀਗੀ ਉਨ੍ਹਾਂ ਤੋਂ ਬਾਹਰੈ, ਟਿਵਾਣੇ ਤੇ ਸਾਡੇ ਜੱਦੀ ਇਲਾਕੇ 'ਚ ਵਿਥ ਈ ਕਿੰਨੀ ਕੁ ਐ। ਨਾਲੇ ਉਹ ਆਪਣੇ ਜਿਗਰੀ ਐ। ਮੇਰਾ ਦਾਦਾ ਕੁੰਦਨ ਸਿੰਘ ਤੇ ਟਿਵਾਣੇ ਦਾ ਵੱਡਾ ਚੰਗੇ ਬੇਲੀ



ਰਹੇ ਨੇ। ਸਾਡਾ ਸ਼ਾਹੂਕਾਰਾ ਮਿਠੇ ਟਿਵਾਣੇ ਤੱਕ ਚਲਦਾ ਸੀ। ਖ਼ੁਸ਼ਾਬ ਤੇ ਸੂਨ ਵੈਲੀ 'ਚ ਅੱਜ ਵੀ ਸਾਡੀਆਂ ਬਥੇਰੀਆਂ ਸਾਮੀਆਂ ਨੇ।'

ਉਹਨੂੰ ਯਾਦ ਆਇਆ ਉਹਦੇ ਦਾਦੇ ਨੇ ਸਾਰੇ ਇਲਾਕੇ 'ਚ ਸ਼ਾਹੂਕਾਰੀ ਸਿੱਕਾ ਜਮਾਇਆ ਹੋਇਆ ਸੀ ਪਰ ਦੋ ਵਿਆਹਾਂ ਤੋਂ ਬਾਅਦ ਵੀ ਜਦੋਂ ਔਲਾਦ ਨਾ ਹੋਈ ਤਾਂ ਉਹ ਨਿੰਮੋਝੂਣਾ ਤੇ ਉਦਾਸ ਰਹਿਣ ਲੱਗਾ। ਖ਼ੁਸ਼ਾਬ ਦੇ ਪੀਰ ਵਲੀ ਨੇ ਹੀ ਉਹਨੂੰ ਦੁਆ ਦਿੱਤੀ ਸੀ ਕਿ ਤੇਰੇ ਘਰ ਔਲਾਦ ਤਾਂ ਹੋਏਗੀ ਪਰ ਪਿਛਲੇ ਪਹਿਰ। ਅਖੀਰ ਉਹਨੇ ਚੁਪ ਚਾਪ ਇਕ ਮੁਸਲਿਮ ਮੁਜਾਰੇ ਦੀ ਧੀ ਨਾਲ ਨਿਕਾਹ ਪੜ੍ਹਾ ਲਿਆ। ਕਈ ਤਾਂ ਇਹ ਵੀ ਕਹਿੰਦੇ ਸਨ ਕਿ ਕੁੰਦਨ ਸਿੰਘ ਨੇ ਬਕਾਇਦਾ ਸੁੰਨਤ ਕਰਾ ਕੇ ਕਲਮਾ ਪੜ੍ਹ ਲਿਆ ਸੀ। ਏਸੇ ਕਰਕੇ ਹੁਣ ਉਹ ਇਲਾਕੇ ਵਿਚ ਕੁੰਦਨ ਸ਼ਾਹ ਵਜਦਾ ਸੀ। ਉਹਦੀ ਦਾਦੀ ਦੇ ਔਲਾਦ ਵੀ ਹੋ ਗਈ ਪਰ ਉਹਨੇ ਸਾਰੀ ਉਮਰ ਕੁੰਦਨ ਸ਼ਾਹ ਦੀ ਹਵੇਲੀ 'ਚੋਂ ਮੁੜ ਪੈਰ ਬਾਹਰ ਨਹੀਂ ਕੱਢਿਆ। ਚਾਚੜਿਆਂ ਦੇ ਹਮੀਦੇ ਨੇ ਕੁਝ ਰੌਲਾ ਗੌਲਾ ਪਾਇਆ ਸੀ ਪਰ ਸਾਰੇ ਜਾਣਦੇ ਸਨ ਕਿ ਕੁੰਦਨ ਸ਼ਾਹ ਪਹੁੰਚ ਵਾਲਾ ਬੰਦੈ। ਉਹਦੇ ਤਾਏ ਦੇ ਦੋ ਮੁੰਡੇ ਫੌਜ ਵਿਚ ਵੱਡੇ ਅਫਸਰ ਬਣ ਗਏ ਸਨ ਤੇ ਅੰਗਰੇਜ਼ ਦੀ ਫੌਜ ਤੋਂ ਤਾਂ ਖ਼ੁਦਾ ਵੀ ਡਰਦਾ ਸੀ।

ਕੱਲ੍ਹ ਉਹਨੂੰ ਅਚਾਨਕ ਬੰਤੀ ਬੋੜੇ ਦੇ ਖੂਹ ਕੋਲ ਅਹਿਮਦ ਦਾ ਨੂਰਾ ਟੱਕਰ ਗਿਆ। ਕਹਿਣ ਲੱਗਾ ਚਾਚਾ ਹੁਣ ਹਿੰਦੋਸਤਾਨ ਭੱਜ ਜਾ। ਏਥੇ ਤੈਨੂੰ ਹੁਣ ਕਿਸੇ ਨੀ ਪਛਾਣਨਾ। ਜੇ ਓਧਰ ਜਾ ਕੇ ਸ਼ਾਹੂਕਾਰਾ ਜੰਮ ਗਿਆ ਤਾਂ ਦਸ ਦੇਈਂ ਅਸੀਂ ਵੀ ਸਤਵੰਤ ਦੇ ਬਹਾਨੇ ਗੇੜਾ ਗੂੜਾ ਮਾਰਜਾਂਗੇ। ਧੀ ਦਾ ਨਾਂ ਸੁਣਦਿਆਂ ਉਹਨੂੰ ਜਿਵੇਂ ਅੱਗ ਲਗ ਗਈ। ਨੂਰੇ ਕਮੀਣ ਦੀ ਏਨੀ ਜੁਰਅਤ। ਉਹਨੂੰ ਇਹ ਨਹੀਂ ਸੀ ਪਤਾ ਕਿ ਜਿਹੋ ਜਿਹੀਆਂ ਅਫਵਾਹਾਂ ਉਡ ਰਹੀਆਂ ਹਨ ਉਨ੍ਹਾਂ ਵਿਚ ਕੁਝ ਵੀ ਹੋ ਸਕਦੈ। ਏਸੇ ਕਰਕੇ ਉਹਨੇ ਬੱਚਿਆਂ ਤੇ ਵਹੁਟੀ ਨੂੰ ਫਗਵਾੜੇ ਆਪਣੀ ਭੂਆ ਦੇ ਪੁੱਤ ਕੋਲ ਭੇਜ ਦਿੱਤਾ ਸੀ ਜੋ ਹਮੀਰੇ ਫੈਕਟਰੀ ਵਿਚ ਲੱਗਾ ਹੋਇਆ ਸੀ।

ਕਾਲੀ ਚੜ੍ਹੀ ਹਨੇਰੀ ਨੇ ਸਮਿਆਂ ਦੀ ਵਾਗ ਫੜ ਲਈ ਸੀ। ਹਨੇਰੇ ਸਮੇਂ ਤੂਫਾਨਾਂ ਵਾਂਗ ਚੜ੍ਹ ਚੜ੍ਹ ਕੇ ਡਰਾ ਰਹੇ ਸਨ। ਸਦੀਆਂ ਦੀਆਂ ਸਾਂਝਾਂ ਕੱਚ ਦੀਆਂ ਵੰਗਾਂ ਵਾਂਗ ਟੋਟੇ ਟੋਟੇ ਹੋ ਗਈਆਂ ਸਨ ਪਰ ਦਿਲਬਰ ਦੇ ਅੰਦਰ ਬੈਠੀ ਜੈਨਬ ਨੇ ਉਹਦਾ ਜੀਣਾ ਹਰਾਮ ਕਰ ਦਿੱਤਾ ਸੀ। ਉਹਦੇ ਅੰਦਰ ਬਲਦੀ ਅੱਗ ਉਹਨੂੰ ਲੂਹਣ ਲਈ ਤਿਆਰ ਸੀ। ਪਰ ਜਦੋਂ ਉਹ ਖਿੜਕੀ ਤੋਂ ਬਾਹਰ ਪਸਰੇ ਹਨੇਰੇ ਦੇਖਦਾ ਤਾਂ ਜਿਵੇਂ ਬਰਫ ਵਾਂਗ ਜੰਮ ਜਾਂਦਾ। ਕਦੇ ਉਹਦਾ ਦਿਲ ਕਰਦਾ ਕਿ ਜੈਨਬ ਨੂੰ ਘੋੜੀ 'ਤੇ ਬਿਠਾ ਕੇ ਅੱਡੀ ਲਾ ਲਏ ਪਰ ਉਹਨੂੰ ਪਤਾ ਸੀ ਕਿ ਲੀਗੀਆਂ ਨੇ ਉਹਨੂੰ ਕੁਚਲ ਦੇਣੈ।

ਇਸ ਵਾਰ ਜਦੋਂ ਉਹ ਖ਼ੁਸ਼ਾਬ ਗਿਆ ਤਾਂ ਉਹਨੇ ਮੁਹੰਮਦੂ ਨੂੰ ਘੋੜੀ ਨੂੰ ਖਰਖਰਾ ਕਰਨ ਲਈ ਕਿਹਾ ਪਰ ਉਹਨੇ ਕੋਰਾ ਜੁਆਬ ਦੇਂਦਿਆਂ ਕਹਿ ਦਿੱਤਾ ਕਿ - ਸ਼ਾਹ ਜੀ ਮੈਥੋਂ ਖਰਖਰਾ ਨੀ ਲਗਦਾ। ਮੈਂ ਤਾਂ ਨਾਲ ਦੇ ਪਿੰਡ ਲੁੱਟ ਮਾਰ ਕਰਨ ਚਲਿਆਂ। ਹੱਥ ਲਗ ਗੀ ਤਾਂ ਆਉਂਦਾ ਕੋਈ ਕੱਚ ਦੇ ਗਲਾਸ ਵਰਗੀ ਬਾਹਮਣੀ ਜਾਂ ਸਿਖਣੀ ਲੈ ਕੇ ਆਊਂ।' ਦਿਲਬਰ ਨੂੰ ਲਗਿਆ ਜਿਵੇਂ ਉਹਨੇ ਖੜ੍ਹੇ ਖੜ੍ਹੇ ਨੇ ਉਹਦੀ ਘੋੜੀ ਦੇ ਚਾਰੇ ਖੁਰ ਵੱਢ ਦਿਤੇ ਹੋਣ।

ਅਹਿਮਦ ਨੇ ਉਹਨੂੰ ਨੇਕ ਸਲਾਹ ਦੇਂਦਿਆਂ ਕਿਹਾ ਸੀ– ਸਰਦਾਰਾ ਹੁਣ ਏਧਰ ਗੇੜੇ ਨਾ ਮਾਰਿਆ ਕਰ। ਪੁੱਠੀ 'ਵਾ ਵਗਣ ਲੱਗੀ ਏ। ਕਿਸੇ ਦਾ ਕੋਈ 'ਤਬਾਰ ਨਹੀਂ ਰਿਹਾ। ਹਰ ਰੋਜ਼ ਵੱਢਾ ਟੁੱਕੀ ਹੋ ਰਹੀ ਏ। ਲੋਕ ਕਾਫਲੇ ਬੰਨ੍ਹ ਕੇ ਤੁਰੇ ਜਾ ਰਹੇ ਨੇ।'

ਪਰ ਉਹਦੇ 'ਤੇ ਕੋਈ ਅਸਰ ਨਾ ਹੋਇਆ। ਉਹਨੂੰ ਲਗਦਾ ਸੀ ਸੂਨ ਵੈਲੀ ਦਾ ਚੱਪਾ

ਚੱਪਾ ਉਹਦੇ ਪੈਰਾਂ ਦੀ ਪਛਾਣ ਐ। ਏਧਰ ਦੇ ਹਰ ਬਸ਼ਿੰਦੇ ਨੂੰ ਪਤੈ ਜਿਹੜਾ ਦਿਲਬਰ ਵੱਲ ਉਂਗਲ ਕਰੇਗਾ ਉਹਦਾ ਹੱਥ ਵੱਢਿਆ ਜਾਏਗਾ। ਪਰ ਉਹ ਹੋਣੀ ਦੀ ਅੱਖ ਨਹੀਂ ਸੀ ਪਛਾਣ ਸਕਿਆ। ਆਪਣੀ ਤਕੜੀ ਪਿੱਠ ਦਾ ਮਾਣ ਕਰਕੇ ਹੀ ਉਹ ਇਲਾਕੇ ਵਿਚ ਧੂੜਾਂ ਪੱਟੀ ਫਿਰਦਾ ਸੀ ਪਰ ਇਹ ਨਹੀਂ ਸੀ ਜਾਣਦਾ ਕਿ ਅਕਾਸ਼ ਦੀ ਕਦੇ ਪਿੱਠ ਨਹੀਂ ਹੁੰਦੀ।

ਸਿਕੰਦਰ ਬਖਤ ਨਾਲ ਉਹਦੀ ਕੰਧ ਸਾਂਝੀ ਸੀ ਪਰ ਜਿਨ੍ਹਾਂ ਨੇ ਉਹਦੀ ਹਵੇਲੀ ਨੂੰ ਅੱਗ ਲਾਈ ਸੀ ਉਨ੍ਹਾਂ ਨੂੰ ਉਹ ਜਾਣਦਾ ਤੱਕ ਨਹੀਂ ਸੀ। ਸਿਕੰਦਰ ਦੀ ਛੱਤ ’ਤੇ ਖੜਾ ਉਹ ਆਪਣੀ ਜਲਦੀ ਲੰਕਾ ਨੂੰ ਦੇਖ ਰਿਹਾ ਸੀ। ਅਖੀਰ ਸਿਕੰਦਰ ਹੀ ਉਹਨੂੰ ਲੁਕਾ ਛਿਪਾ ਕੇ ਕਸੂਰ ਦੇ ਰਸਤੇ ਪੱਟੀ ਵੱਲ ਛੱਡ ਗਿਆ ਸੀ।

ਉਹਦੀ ਅੱਖ ’ਚੋਂ ਜ਼ਿੰਦਗੀ ’ਚ ਪਹਿਲੀ ਵਾਰੀ ਹੰਝੂ ਡਿਗਿਆ ਸੀ। ਸਿਕੰਦਰ ਨੇ ਮੁੜਦਿਆਂ ਹੌਂਸਲਾ ਦਿਤਾ ਸੀ–

– ਕੋਈ ਨੀ ਲਾਲ ਸਿੰਹਾਂ ਜੇ ਅੱਲ੍ਹਾ ਨੇ ਖੈਰ ਕੀਤੀ ਤਾਂ ਤੂੰ ਫਿਰ ਸਾਡੇ ਗੁਆਂਢ ਆ ਵਸੇਂਗਾ। ਸ਼ਾਇਦ ਰੌਲਿਆਂ ਦੀ ਰੁਕ ਰੁਕਾਈ ਤੋਂ ਬਾਅਦ ਅਮਨ ਅਮਾਨ ਹੋ ਜਾਏ, ਘਬਰਾ ਨਾ ਤੇਰੀ ਹਵੇਲੀ ਵਲ ਕੋਈ ਨੀ ਵੇਂਹਦਾ। ਚੰਗਾ ਰੱਬ ਰਾਖਾ।

ਲਾਲ ਸਿੰਘ ਨੂੰ ਲਗ ਰਿਹਾ ਸੀ ਇਹ ਤਾਂ ਝੂਠੇ ਦਿਲਾਸੇ ਨੇ ਜਿਹੜੀ ਲੀਕ ਇਕ ਵਾਰ ਇਤਿਹਾਸ ’ਤੇ ਖਿਚੀ ਜਾਵੇ ਉਹਨੂੰ ਮੇਟਿਆ ਨਹੀਂ ਜਾ ਸਕਦਾ। ਇਤਿਹਾਸ ਤਾਂ ਲੀਕਾਂ ਨਾਲ ਭਰਿਆ ਪਿਆ ਹੈ। ਇਹ ਲੀਕਾਂ ਹੌਲੀ ਹੌਲੀ ਸਰਹੱਦਾਂ ਬਣ ਜਾਂਦੀਆਂ ਨੇ ਤੇ ਸਰਹੱਦਾਂ ਪਾਰ ਕਰਨੀਆਂ ਦਿਲ ਜਿਗਰੇ ਵਾਲੇ ਦਾ ਕੰਮ ਹੁੰਦੈ।

ਉਹ ਆਉਂਦਾ ਹੋਇਆ ਕਾਗਜ਼ਾਂ ਦਾ ਇਕ ਟਰੰਕ ਤੇ ਕੁਝ ਗਹਿਣੇ ਹੀ ਲਿਆ ਸਕਿਆ ਸੀ। ਜ਼ਿੰਦਗੀ ਨੂੰ ਪੈਰਾਂ ’ਤੇ ਖੜੀ ਕਰਨਾ ਉਹਦੇ ਖੱਬੇ ਹੱਥ ਦੀ ਖੇਡ ਸੀ। ਜਦੋਂ ਉਹਨੂੰ ਇਹ ਪੱਕ ਹੋ ਗਿਆ ਕਿ ਫਿਰੋਜ਼ਪੁਰ ਹਿੰਦੋਸਤਾਨ ’ਚ ਰਹਿ ਗਿਐ ਤਾਂ ਇਕ ਤਰ੍ਹਾਂ ਨਾਲ ਉਹਨੂੰ ਜਿਵੇਂ ਸਾਹ ਆ ਗਿਆ ਸੀ। ਏਧਰ ਦੇ ਮੁਜਾਰਿਆਂ ਦੀਆਂ ਬਹੁਤੀਆਂ ਜ਼ਮੀਨਾਂ ਦੇ ਕਾਗਜ਼ ਉਹਦੇ ਕੋਲ ਸਨ ਤੇ ਉਹਨੇ ਵੰਡ ਦੇ ਇਸ ਚੀਕ ਚਿਹਾੜੇ ਤੇ ਵੱਢਾ ਟੁੱਕੀ ਵਿਚ ਪਹਿਲਾ ਕੰਮ ਜ਼ਮੀਨਾਂ ਸਾਂਭਣ ਦਾ ਕੀਤਾ। ਇਨ੍ਹਾਂ ਜ਼ਮੀਨਾਂ ਸਿਰ ਉਹ ਏਧਰ ਆ ਕੇ ਪਾਤਸ਼ਾਹ ਬਣ ਗਿਆ ਸੀ। ਸਮਾਂ ਤੇਜ਼ੀ ਨਾਲ ਕਈ ਕੁਝ ਪਿਛੇ ਛੱਡ ਕੇ ਅੱਗੇ ਆ ਗਿਆ ਸੀ। ਉਡਦੀ ਉਡਦੀ ਖ਼ਬਰ ਉਹਨੂੰ ਮਿਲੀ ਸੀ ਕਿ ਜੈਨਬ ਤੀਜੇ ਬੱਚੇ ਨੂੰ ਜਨਮ ਦੇਣ ’ਤੇ ਫੌਤ ਹੋ ਗਈ ਸੀ। ਪਰ ਉਹਨੂੰ ਯਕੀਨ ਨਹੀਂ ਸੀ ਆਇਆ। ਉਹਨੂੰ ਛੱਡ ਕੇ ਆਇਆਂ ਭਾਵੇਂ ਵਰ੍ਹੇ ਬੀਤ ਗਏ ਸਨ ਪਰ ਉਹਦੇ ਸੁਪਨਿਆਂ ਵਿਚ ਉਹ ਸਰ੍ਹੋਂ ਦੇ ਖੇਤਾਂ ਵਿਚ ਫੁੱਲਾਂ ’ਤੇ ਉਡਦੀ ਨਵੀਂ ਨਕੋਰ ਤਿਤਲੀ ਵਰਗੀ ਸੀ। ਪਹਿਲੀ ਵਾਰ ਉਹ ਉਹਨੂੰ ਮਿਲੀ ਵੀ ਖੇਤਾਂ ਦੀ ਵੱਟ ’ਤੇ ਹੀ ਸੀ। ਜਦੋਂ ਦਿਲਬਰ ਨੇ ਉਹਦੇ ਅੱਗੇ ਦਿਲ ਦੀ ਗੱਲ ਕੀਤੀ ਤਾਂ ਉਹਨੇ ਕਿਹਾ ਸੀ–

– ਸਰਦਾਰਾਂ ਲਾਉਣੀਆਂ ਸੌਖੀਆਂ ਨੇ ਤੋੜ ਨਿਭਾਉਣ ਲਈ ਜਿਗਰੇ ਦੀ ਲੋੜ ਹੁੰਦੀ ਏ। ਉਹਨੇ ਅੱਗੋਂ ਸ਼ੇਰ ਬਣਦਿਆਂ ਕਿਹਾ ਸੀ–

– ਜੇ ਅੱਲ੍ਹਾ ਪਾਕ ਨੇ ਨਿਆਂ ਕੀਤਾ ਸਤ ਜਨਮ ਤੇਰੀ ਮੇਰੀ ਬਰਾਬਰ ਤੁਲੇਗੀ। ਮੈਂ ਜਿਸ ਚੀਜ਼ ਦੀ ਜ਼ਿੰਦਗੀ ’ਚ ਇੱਛਾ ਕੀਤੀ ਏ ਕੋਈ ਤਾਕਤ ਉਹਨੂੰ ਰੋਕ ਨਹੀਂ ਸਕੀ।

– ਇਹ ਗੱਲਾਂ ਸਿਰਫ਼ ਤੇਰੀ ਜਵਾਨੀ ਦੇ ਤੱਤੇ ਠੰਡੇ ਲਹੂ ਦੇ ਉਬਾਲ ਨੇ ਕਿਤੇ ਤੇਰੇ ਨਾਲ



ਵੀ ਮਿਰਜ਼ੇ ਵਾਲੀ ਨਾ ਹੋਵੇ।

– ਮਿਰਜ਼ਾ ਤਾਂ ਮੂਰਖ ਸੀ ਯਕੀਨ ਕਰ ਮੈਂ ਨੀ ਸੌਂਦਾ। ਘੋੜੀ ਨੂੰ ਜੇ ਅੱਡੀ ਲਾ ਦਿੱਤੀ ਅਕਾਸ਼ਾਂ ਨੂੰ ਚੀਰ ਦਏਗੀ।

– ਪਰ ਅਕਾਸ਼ ਦਾ ਅੱਗਾ ਪਿਛਾ ਨਹੀਂ ਹੁੰਦਾ ਧਿਆਨ ਰੱਖੀਂ...

ਰੌਲਿਆਂ ਨੇ ਹੋਣੀ ਦਾ ਮਾਣ ਤੋੜ ਦਿੱਤਾ ਸੀ। ਨਵੇਂ ਮੁਲਕ ਦੀਆਂ ਕਨਸੋਆਂ ਨੇ ਲੱਗੀਆਂ ਦੇ ਔਸਾਨ ਮਾਰ ਦਿੱਤੇ ਸਨ। ਹਰ ਕੋਈ ਬੇ–ਯਕੀਨੀ ਵਿਚ ਦਿਨ ਕੱਟ ਰਿਹਾ ਸੀ। ਲਾਲ ਸਿੰਘ ਨੇ ਏਧਰ ਆ ਕੇ ਜ਼ਿੰਦਗੀ ਨੂੰ ਮੁੜ ਪਾਤਸ਼ਾਹੀ ਬਣਾ ਲਿਆ ਸੀ ਪਰ ਉਹਨੂੰ ਹਮੇਸ਼ਾਂ ਲਗਦਾ ਜਿਵੇਂ ਜ਼ਿੰਦਗੀ ਇਕ ਖੋਲ ਬਣ ਕੇ ਰਹਿ ਗਈ ਹੋਵੇ ਤੇ ਰੂਹ ਸਰਹੱਦੋਂ ਪਾਰ ਉਡਾਰੀ ਮਾਰ ਗਈ ਹੋਵੇ।

ਉਹਦੇ ਬੱਚੇ ਕੁਝ ਦੇਸ਼ ਦੇ ਕੁਝ ਵਿਦੇਸ਼ ਵਿਚ ਵਾਸ ਕਰ ਗਏ ਸਨ। ਪਤਨੀ ਕਈ ਵਰ੍ਹੇ ਪਹਿਲਾਂ ਵਿਛੋੜਾ ਦੇ ਗਈ ਸੀ। ਜਿਹੜੀ ਜ਼ਿੰਦਗੀ ਦੇ ਚੱਕਰ ਵਿਚ ਉਹ ਧੂੜਾਂ ਪੱਟਦਾ ਰਿਹਾ ਸੀ ਉਹ ਧੂੜਾਂ ਹੁਣ ਜੰਮ ਚੁਕੀਆਂ ਸਨ। ਇਲਾਕੇ ਵਿਚ ਭਾਵੇਂ ਅਜੇ ਵੀ ਉਹਦਾ ਸਿੱਕਾ ਚਲਦਾ ਸੀ ਪਰ ਆਪ ਉਹ ਢਲ ਗਿਆ ਸੀ। ਦੇਹ ਜਿਹੜੀ ਕਦੇ ਗਗਨਚੁੰਬੀ ਸੀ ਹੁਣ ਖਾਕ ਹੋਣ ਵੱਲ ਤੁਰ ਪਈ ਸੀ। ਉਹਦੀ ਇਕੋ ਇਕ ਲਾਲਸਾ ਸੀ ਕਿ ਜੇ ਉਹ ਸਰਕਾਰੇ ਦਰਬਾਰੇ ਪੈਰ ਰੱਖ ਲਵੇ ਤਾਂ ਸ਼ਾਇਦ ਮਰਨ ਤੋਂ ਬਾਅਦ ਵੀ ਉਹ ਜਿਉਂਦਾ ਰਹਿ ਸਕੇ। ਪਰ ਕਦੇ ਕਦੇ ਉਹ ਸੋਚਦਾ ਕਿ ਜੇ ਉਹ ਓਧਰ ਹੀ ਰਹੀ ਜਾਂਦਾ। ਦਾਦੇ ਦੇ ਨਕਸ਼ੇ ਕਦਮਾਂ ’ਤੇ ਚਲਦਾ ਪਰ ਉਹਦੀ ਦਾਦੀ ਵਾਂਗ ਜੇ ਜੈਨਬ ਵੀ ਘਰੋਂ ਬਾਹਰ ਪੈਰ ਨਾ ਕਢਦੀ ਤਾਂ ? ਉਹ ਡਰ ਜਾਂਦਾ।

ਸਰ੍ਹੋਂ ਪੂਰੀ ਤਰ੍ਹਾਂ ਖਿੜੀ ਹੋਈ ਸੀ। ਉਹ ਵੱਟੋ ਵੱਟ ਤੁਰਦਾ ਨਹਿਰ ਦੇ ਕੰਢੇ ਤੱਕ ਜਾ ਪਹੁੰਚਿਆ। ਨਹਿਰ ਦੇ ਕੰਢੇ ਖਲੋ ਕੇ ਉਹਨੇ ਪਾਣੀ ਵਿਚ ਝਾਤੀ ਮਾਰੀ ਤਾਂ ਉਹਨੂੰ ਲੱਗਿਆ ਜਿਵੇਂ ਇਹ ਪਾਣੀ ਓਧਰਲੇ ਦਰਿਆਵਾਂ ਦਾ ਹੋਵੇ ਪਰ ਇਹ ਤਾਂ ਪੁੱਠੇ ਪਾਸੇ ਵਗ ਰਿਹੈ। ਉਹਨੂੰ ਜੇਹਲਮ ਯਾਦ ਆਇਆ। ਉਹ ਅਕਸਰ ਜੇਹਲਮ ਦੇ ਕੰਢੇ ਕੰਢੇ ਤੁਰਦਾ ਵਗਦੇ ਪਾਣੀ ਦਾ ਅਨੰਦ ਮਾਣਦਾ। ਸੂਨ ਵੈਲੀ ਵਿਚ ਉਹਦਾ ਜੀਅ ਸਭ ਤੋਂ ਵਧ ਲਗਦਾ ਪਰ ਜਦੋਂ ਲਾਲਸਾ ਸਿਰ ਚੁਕ ਖਲੋਂਦੀ ਤਾਂ ਉਹ ਸਤਲੁਜ ਦੇ ਪਿੰਡਾਂ ਵਲ ਤੁਰ ਪੈਂਦਾ।

ਏਥੇ ਖੜਾ ਹੀ ਉਹ ਸੋਚ ਰਿਹਾ ਸੀ ਨਾ ਉਹਦੀ ਪਿਠ ਪੂਰਬ ਵੱਲ ਹੈ ਨਾ ਪੱਛਮ ਵੱਲ। ਸਿਰਫ਼ ਹਵਾ ਵਗਦੀ ਹੈ ਜੋ ਕਦੇ ਸਰਹੱਦ ਵੱਲ ਚਲੀ ਜਾਂਦੀ ਹੈ ਤੇ ਕਦੇ ਵਾਪਸ ਆ ਜਾਂਦੀ ਹੈ। ਉਹ ਚਾਹੁੰਦਾ ਸੀ ਉਹ ਹਵਾ ਬਣ ਜਾਵੇ। ਜੈਨਬ ਹਵਾ ਹੀ ਤਾਂ ਬਣ ਗਈ ਸੀ। ਖਵਰੇ ਹੁਣ ਸਰ੍ਹੋਂ ਦੇ ਫੁਲਾਂ ’ਤੇ ਉਡਦੀ ਤਿੱਤਲੀ ਦਾ ਰੂਪ ਧਾਰ ਗਈ ਹੋਵੇ। ਸਰ੍ਹੋਂ ਦੇ ਫੁਲਾਂ ’ਤੇ ਅਨੇਕਾਂ ਤਿੱਤਲੀਆਂ ਧੁੱਪ ਵਿਚ ਉਡਦੀਆਂ ਲਿਸ਼ਕ ਰਹੀਆਂ ਸਨ। ਉਹਨੂੰ ਇਕ ਕਥਾ ਯਾਦ ਆ ਗਈ। ਜਦੋਂ ਬੁੱਧ ਦੇ ਚੇਲਿਆਂ ਨੇ ਪੁੱਛਿਆ ਕਿ ਜਦੋਂ ਉਹ ਇਸ ਸੰਸਾਰ ਤੋਂ ਵਿਦਾ ਹੋ ਜਾਣਗੇ ਤਾਂ ਉਹ ਪਿਛੋਂ ਕੀ ਕਰਨਗੇ। ਉਨ੍ਹਾਂ ਕਿਹਾ ਮੈਂ ਤੁਹਾਡੇ ਨਾਲ ਹੋਵਾਂਗਾ। ਗਿਆਨ ਦਾ ਦੀਵਾ ਸਦਾ ਜਗਦਾ ਰਹੇਗਾ ਉਹਦੀ ਲੋਅ ਵਿਚ ਜ਼ਿੰਦਗੀ ਤੇ ਆਤਮਾ ਹੋਵੇਗੀ। ਪਛਾਣਨਾ ਤੁਸਾਂ ਹੈ। ਤੇ ਲਾਲ ਸਿੰਘ ਨੂੰ ਲੱਗਿਆ ਜੈਨਬ ਜਿਵੇਂ ਉਹਦੇ ਨਾਲ ਹੋਵੇ। ਉਹ ਤਾਂ ਸਦਾ ਉਹਦੇ ਨਾਲ ਸੀ ਪਰ ਉਹ ਉਹਨੂੰ ਦੇਖ ਹੀ ਨਹੀਂ ਸਕਿਆ। ਖਿੜ ਖਿੜ ਹੱਸਦੀਆਂ, ਚੇਹਰਿਆਂ ’ਤੇ ਮੁਸਕਾਨਾਂ ਨਾਲ ਇਕ ਦੂਜੇ ਨੂੰ ਮਖੌਲ ਕਰਦੀਆਂ ਕੁਝ ਕੁੜੀਆਂ ਸਰ੍ਹੋਂ ਦੇ ਖੇਤਾਂ ਵਿਚੋਂ ਘਾਹ ਬੂਟ ਪੁੱਟ ਰਹੀਆਂ ਸਨ। ਉਨ੍ਹਾਂ ਦੇ ਛਣਕਦੇ

ਹਾਸੇ ਵਿਚੋਂ ਲਾਲ ਸਿੰਘ ਨੂੰ ਜੈਨਬ ਦੇ ਹਾਸੇ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਛਣਕਦੇ ਹਾਸੇ ਵਿਚ ਹੀ ਉਹਨੇ ਜਦੋਂ ਜੈਨਬ ਨੂੰ ਕਿਹਾ ਸੀ–

– ਤੇਰੇ ਹਾਸੇ ਵਿਚ ਅਜੀਬ ਨਸ਼ਾ ਹੈ
– ਹਾਸੇ ਵਿਚ ਨਹੀਂ ਔਰਤ ਵਿਚ ਨਸ਼ਾ ਹੁੰਦੈ। ਖੂਬਸੂਰਤ ਔਰਤ ਦੇਖ ਕੇ ਤੇਰੀਆਂ ਅੱਖਾਂ ਨਸ਼ਈ ਹੋ ਜਾਂਦੀਆਂ ਨੇ। ਤੇਰੀ ਇੱਛਾ ਬੇਕਾਬੂ ਹੋ ਜਾਂਦੀ ਏ।
– ਤੂੰ ਮੇਰੀ ਬੇਕਾਬੂ ਇੱਛਾ 'ਤੇ ਕਾਠੀ ਕਿਉਂ ਨਹੀਂ ਪਾ ਲੈਂਦੀ, ਅੱਡੀ ਮਾਰ ਕੇ ਭਜਾ ਕਿਉਂ ਨਹੀਂ ਲੈਂਦੀ
– ਸਰਦਾਰਾ ਤੈਨੂੰ ਪਤੈ ਮੈਂ ਕਾਠੀ ਨਹੀਂ ਪਾ ਸਕਦੀ। ਤੈਨੂੰ ਮੇਰੇ ਕਬੀਲੇ ਦਾ ਪਤਾ ਨੀ। ਜੇ ਉਹਨੂੰ ਪਤਾ ਲਗ ਗਿਆ ਤਾਂ ਆਪਣੀ ਖੈਰ ਨਹੀਂ।
– ਕੋਈ ਨੀ ਮੈਂ ਮਰਨ ਲਈ ਤਿਆਰ ਆਂ
– ਪਰ ਮੈਂ ਨਹੀਂ। ਦਿਨ ਵੇਲੇ ਸੁਪਨੇ ਵੇਖਣੇ ਛੱਡ ਦੇਹ....

ਉਹਨੂੰ ਲੱਗਿਆ ਹਵਾ ਫਿਰ ਦਗਾ ਦੇ ਗਈ ਹੋਵੇ ਜਾਂ ਸ਼ਾਇਦ ਇਹ ਉਹਦੇ ਅੰਦਰ ਦਾ ਕੋਈ ਵਹਿਮ ਹੋਵੇ। ਜੈਨਬ ਨੇ ਤਾਂ ਕਦੇ ਅੱਖ ਭਰ ਕੇ ਵੀ ਉਹਨੂੰ ਨਹੀਂ ਸੀ ਦੇਖਿਆ ਫਿਰ ਉਹ ਉਹਦੇ ਏਨਾ ਨੇੜੇ ਕਿਵੇਂ ਚਲਾ ਗਿਆ। ਉਹਨੇ ਕਿਤੋਂ ਸੁਣਿਆ ਸੀ ਕਿ ਬਹੁਤ ਸੁੰਦਰ ਔਰਤਾਂ ਕਦੇ ਸੁਪਨੇ ਨਹੀਂ ਦੇਖਦੀਆਂ ਸਗੋਂ ਉਹ ਤਾਂ ਖ਼ੁਦ ਹੀ ਸੁਪਨਾ ਹੁੰਦੀਆਂ ਨੇ। ਸਿਆਸਤ ਦੀ ਚਾਲ ਨੇ ਹੀ ਅਜਿਹਾ ਮੋਹਰਾ ਚਲਿਆ ਸੀ ਕਿ ਜੈਨਬ ਲੀਗ ਦੀ ਬਰੂਦੀ ਸੁਰੰਗ ਬਣ ਗਈ ਸੀ ਤੇ ਉਹ ਇਸ ਬਰੂਦੀ ਸੁਰੰਗ ਨੂੰ ਪਾਰ ਨਹੀਂ ਸੀ ਕਰ ਸਕਿਆ। ਇਕ ਵੀਰਾਨ ਰੇਗਿਸਤਾਨ ਲੈ ਕੇ ਉਹ ਪੂਰਬ ਵੱਲ ਆ ਗਿਆ ਸੀ।

ਸੂਰਜ ਦੇ ਅਸਤਨ ਦਾ ਵੇਲਾ ਹੋ ਗਿਆ ਸੀ। ਲਾਲ ਸਿੰਘ ਦਿਲਬਰ ਨੇ ਦੇਖਿਆ ਅਕਾਸ਼ 'ਤੇ ਉਡਦੇ ਪੰਛੀ ਰੈਣ ਬਸੇਰਿਆਂ ਵੱਲ ਪਰਤ ਰਹੇ ਸਨ। ਖੇਤਾਂ ਵਿਚ ਛਾਵਾਂ ਲੰਬੀਆਂ ਹੋ ਰਹੀਆਂ ਸਨ। ਕਮਾਦਾਂ ਅੰਦਰਲਾ ਹਨੇਰਾ ਗੂੜ੍ਹਾ ਹੋ ਰਿਹਾ ਸੀ। ਵਗਦੀ ਨਹਿਰ ਵਿਚ ਸੂਰਜ ਦੀ ਅੰਤਿਮ ਛਾਂ ਡਿਗ ਰਹੀ ਸੀ। ਉਹਨੂੰ ਕੱਲ੍ਹ ਦਾ ਇੰਤਜ਼ਾਰ ਸੀ ਜਦੋਂ ਉਹ ਰੁਖ ਬਦਲੇਗਾ। ਉਹਦੀ ਪਿੱਠ ਇਕਦਮ ਕੁਬੀ ਹੋ ਗਈ ਸੀ ਇਹ ਉਹਨੇ ਅੱਜ ਹੀ ਮਹਿਸੂਸ ਕੀਤਾ। ਵੱਟੋ ਵੱਟ ਤੁਰਦਾ ਉਹ ਆਪਣੇ ਲੰਬੇ ਹੋ ਰਹੇ ਪਰਛਾਵੇਂ ਨੂੰ ਦੇਖ ਰਿਹਾ ਸੀ। ਉਹਦੀ ਕੁਬੀ ਪਿੱਠ ਪਰਛਾਵੇਂ 'ਚੋਂ ਗਾਇਬ ਸੀ।

**94173-58120**


## ਲਾਈਫ ਲਾਈਨ

**ਭਾਰਤੀ ਭਾਸ਼ਾਵਾਂ ਦੀਆਂ ਕਹਾਣੀਆਂ**

**ਸੰਪਾਦਕ : ਜਿੰਦਰ**

ਰੁ : 200/-

**ਪ੍ਰਕਾਸ਼ਕ : ਸੰਗਮ ਪਬਲੀਕੇਸ਼ਨਜ਼, ਸਮਾਣਾ**

ਫੋਨ ਨੰ: 01764-501934, 98152-43917




# ਤੀਜੀ ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ-2019

**ਜਸਪਾਲ ਮਾਨਖੇੜਾ**

ਹੁਣ.....ਜਦੋਂ ਮੈਂ ਇਸ ਸਾਲ ਦੋ ਹਜ਼ਾਰ ਉਨੀ ਦੀ ਕਹਾਣੀ ਗੋਸ਼ਟੀ ਬਾਰੇ 'ਸ਼ਬਦ' ਤ੍ਰੈਮਾਸਿਕ ਲਈ ਸੰਪਾਦਕੀ ਵਰਗੇ ਦੋ ਸ਼ਬਦ ਲਿਖ ਰਿਹਾ ਹਾਂ ਤਾਂ ਮਨ ਇਕ 'ਰੱਜ' ਨਾਲ ਭਰਿਆ ਹੋਇਆ ਹੈ । ਨੌਂ ਅਤੇ ਦਸ ਮਾਰਚ ਨੂੰ ਤੀਜੀ ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ ਹੋ ਗਈ ਹੈ । ਦੋ ਦਿਨ ਕਹਾਣੀਕਾਰਾਂ, ਆਲੋਚਕਾਂ, ਪਾਠਕਾਂ-ਸਰੋਤਿਆਂ ਦਾ ਛੋਟਾ ਜਿਹਾ ਜੋੜ ਮੇਲਾ ਲੱਗਿਆ ਰਿਹਾ ਹੈ । ਕੇਸਰ ਵਾਲਾ ਪਿੰਡ ਦੇ ਰਮਣੀਕ ਅਤੇ ਕੁਦਰਤੀ ਆਲੇ ਦੁਆਲੇ ਵਾਲੇ ਹਰਬੰਸ ਬਰਾੜ ਦੇ ਖੁੱਲ੍ਹੇ ਡੁੱਲ੍ਹੇ ਘਰ ਵਿਚ ਲੇਖਕ ਮਿੱਤਰ ਆਪਣੀਆਂ ਕਹਾਣੀਆਂ ਸੁਣਾ ਕੇ, ਪੱਖੀ-ਵਿਪੱਖੀ ਆਲੋਚਨਾ ਸੁਣ ਸੁਣਾ ਕੇ ਘਰਾਂ ਨੂੰ ਮੁੜ ਗਏ ਹਨ । ਮਿਲਣ-ਗਿਲਣ ਨਾਲ ਦੋਸਤੀਆਂ ਦੀ ਗੰਢ ਹੋਰ ਪੀਡੀ ਹੋ ਗਈ ਹੈ । ਦੋ ਦਿਨ ਅਤੇ ਇਕ ਰਾਤ ਇਕੱਠੇ ਰਹਿਣ ਨਾਲ ਹੋਰ ਲਿਖਣ, ਹੋਰ ਚੰਗਾ ਲਿਖਣ ਦੀ ਚੇਸ਼ਟਾ ਤੇ ਚਾਹਨਾ ਹੋਰ ਵਧ ਗਈ ਹੈ । ਹੋਰ ਚੰਗਾ ਕਰਨ ਦੀ ਊਰਜਾ ਦਾ ਸੰਚਾਰ ਵੀ ਵੱਧ ਤੇਜ਼ ਗਤੀ ਨਾਲ ਹੋਣ ਲੱਗਾ ਹੈ ।

ਗੋਸ਼ਟੀ ਸੰਯੋਜਕ ਹੋਸਟ ਹਰਬੰਸ ਸਿੰਘ ਬਰਾੜ ਨੇ ਲੇਖਕਾਂ ਨੂੰ ਜੀ ਆਇਆ ਆਖਦਿਆਂ ਕਿਹਾ ਸੀ, "....ਬੱਚੇ ਬਾਹਰ ਚਲੇ ਜਾਣ ਬਾਅਦ, ਖੇਤੀ ਤੇ ਸਿਆਸਤ ਛੱਡ ਦੇਣ ਬਾਅਦ ਮੇਰੇ ਮਨ ਅਤੇ ਘਰ ਅੰਦਰ ਇਕ ਖਿਲਾਅ ਪੈਦਾ ਹੋ ਗਿਆ ਸੀ । ਇਸੇ ਖਿਲਾਅ ਨੂੰ ਭਰਨ ਲਈ ਅਤੇ ਆਪਣੇ ਸਾਹਿਤਕ ਫਰਜ਼ ਦੀ ਪੂਰਤੀ ਲਈ ਅਸੀਂ ਇਸ ਕਹਾਣੀ ਗੋਸ਼ਟੀ ਦਾ ਆਯੋਜਿਨ ਕੀਤਾ ਹੈ....।"

ਮੈਂ ਸੋਚਦਾ ਹਾਂ ਕਿ ਸਿਰਫ਼ ਇਕ ਇਹੀ ਕਾਰਨ ਹੈ ਕਿ ਅਸੀਂ ਇਸ ਕਹਾਣੀ ਗੋਸ਼ਟੀ ਦਾ ਆਯੋਜਿਨ ਕਰਨ ਲੱਗੇ ਹਾਂ ।

ਮੇਰੇ ਅੰਦਰੋਂ ਜਵਾਬ ਉਠਦਾ ਹੈ...., 'ਨਹੀਂ.....ਸਿਰਫ਼ ਇਹੀ ਕਾਰਨ ਨਹੀਂ । ਕਾਰਨ ਹੋਰ ਵੀ ਹਨ, ਇਸ ਤੋਂ ਵੀ ਵੱਡੇ......।'

ਅੱਜ ਅਸੀਂ, ਸਾਡਾ ਪੰਜਾਬ, ਸਾਡਾ ਦੇਸ ਬਦਲਾਅ ਦੀ ਅਜਿਹੀ ਸਥਿਤੀ 'ਚ ਹੈ, ਜਿਸਨੇ ਲੋਕਾਂ ਦਾ ਜੀਣਾਂ ਹੋਰ ਮੁਹਾਲ ਕਰ ਦਿੱਤਾ ਹੈ । ਆਮ ਬੰਦੇ ਨੂੰ ਭਾਵੇਂ ਮੁਸ਼ਕਲਾਂ, ਸਮੱਸਿਆਵਾਂ ਤੇ ਲੋੜਾਂ-ਥੋੜਾਂ ਹਰ ਦੌਰ ਵਿਚ ਹੀ ਰਹੀਆਂ ਹਨ ਪ੍ਰੰਤੂ ਇਸ ਉਤਰ-ਆਧੁਨਿਕਤਾ ਦੇ ਸਮਿਆਂ 'ਚ ਇਨ੍ਹਾਂ ਦੁਸ਼ਵਾਰੀਆਂ ਵਿਚ ਅਥਾਹ ਵਾਧਾ ਹੋਇਆ ਹੈ । ਉਦਾਰੀਕਰਨ, ਸੰਸਾਰੀਕਰਨ, ਨਿੱਜੀਕਰਨ ਦੀਆਂ ਕਾਰਪੋਰੇਟ-ਪੱਖੀ ਸਰਕਾਰੀ ਨੀਤੀਆਂ ਅਤੇ ਕਾਨੂੰਨਾਂ-ਯੋਜਨਾਵਾਂ ਨੇ ਕਿਰਤੀ ਲੋਕਾਂ ਦੀ ਲੁੱਟ ਹੋਰ ਵੱਧ ਅਤੇ ਤੇਜ਼ ਕਰ ਦਿੱਤੀ ਹੈ । ਦਰਮਿਆਨੇ ਤੇ ਹੇਠਲੇ ਮੱਧ ਵਰਗ ਸਮੇਤ ਗ਼ਰੀਬ ਲੋਕਾਂ ਦਾ ਜਿਉਣਾ ਹੋਰ ਦੁੱਭਰ ਹੋ ਗਿਆ ਹੈ । ਹਾਲਾਤ ਦੀ ਸਿਤਮ ਜਰੀਫੀ ਇਹ ਹੈ ਕਿ ਹਾਕਮ ਜਮਾਤਾਂ ਅਤੇ ਹਕੂਮਤਾਂ ਨੂੰ ਸਿਰਫ਼ ਆਪਣਾ ਰਾਜ ਪੱਕਾ ਕਰਨ ਅਤੇ ਆਪਣੇ ਬੈਂਕ ਲਾਕਰ ਭਰਨ ਦੀ ਪਈ ਹੈ । ਦੇਸ ਵਾਸੀਆਂ ਦੀ ਨਿਤ ਦਿਨ ਨਿਘਰਦੀ ਆਰਥਿਕ ਦਸ਼ਾ ਤੇ ਹੋਰ ਜੀਵਨ ਲੋੜਾਂ ਦੀ ਪੂਰਤੀ ਸਰਕਾਰ ਦਾ ਏਜੰਡਾ ਨਹੀਂ । ਲੋਕ-ਪੱਖੀ ਕਾਰਜ ਕਰਨ ਦੀ ਥਾਂ ਸਰਕਾਰ ਪੂੰਜੀਪਤੀਆਂ ਦੀ ਪੂੰਜੀ ਵਿਚ ਬੇਥਾਹ ਵਾਧਾ ਕਰਨ ਵਿਚ ਮੱਦਦਗਾਰ ਹੋ ਰਹੀ ਹੈ । ਰਾਜ ਕਰਦੀ ਧਿਰ ਫਿਰਕੂ ਅਤੇ ਫਾਸਿਸ਼ਟ ਨੀਤੀਆਂ 'ਤੇ ਚੱਲ ਕੇ ਸਮੂਹ ਕਿਰਤੀਆਂ ਸਮੇਤ ਘੱਟ ਗਿਣਤੀਆਂ, ਦਲਿਤਾਂ ਅਤੇ

ਔਰਤਾਂ ਪ੍ਰਤੀ ਹੋਰ ਖ਼ੂੰਖਾਰ ਤੇ ਜਾਬਰ ਤਰੀਕੇ ਨਾਲ ਵਿਵਹਾਰ ਕਰ ਰਹੀ ਹੈ ।ਅੰਧ ਰਾਸ਼ਟਰਵਾਦ ਦੇ ਨਾਮ ਹੇਠ ਬਹੁ ਗਿਣਤੀ ਹਿੰਦੂ ਸਾਵਨਵਾਦ ਫੈਲਾ ਰਹੀ ਹੈ ।

ਅੱਜ ਦੇ ਦੌਰ ਦੀ ਵੱਡੀ ਲੋੜ ਲੋਕ ਲਹਿਰਾਂ ਦੀ, ਅਣਹੋਂਦ ਹੈ ।ਲੋਕਾਂ ਦੀਆਂ ਪਾਰਟੀਆਂ ਹੋਣ ਦਾ ਦਮ ਭਰਨ ਵਾਲੀਆਂ ਕਮਿਊਨਿਸ਼ਟ ਪਾਰਟੀਆਂ ਦਮੋਂ ਨਿਕਲ ਕੇ ਸਾਹ ਸੱਤ ਹੀਣ ਹੋ ਗਈਆਂ ਹਨ ।ਲੋਕ ਆਪਣੀ ਵਰਗ ਤੇ ਕਿੱਤਾ ਮੁੱਖੀ ਜਥੇਬੰਦੀਆਂ ਨਾਲ ਜੁੜ ਕੇ ਸੰਘਰਸ਼ ਦੇ ਰਾਹ ਪੈਣ ਦੀ ਥਾਂ ਨਿੱਜ-ਪ੍ਰਸਤੀ ਵੱਲ ਰੁਚਿਤ ਹਨ ।ਕਾਰਪੋਰੇਟਾਂ ਦੇ ਸਪੋਕਸਮੈਨ ਮੀਡੀਏ ਦੇ ਸਾਰੇ ਸੰਚਾਰ ਸਾਧਨਾਂ ਨੇ ਆਵਾਮ ਦੇ ਸਾਹਮਣੇ ਰੋਲ ਮਾਡਲ, ਗੋਲ ਤੇ ਨਿਸ਼ਾਨੇ ਹੋਰ ਹੀ ਮਿੱਥ ਦਿੱਤੇ ਹਨ। ਪਹਿਲੀ ਗੱਲ ਤਾਂ ਆਮ ਆਦਮੀ ਆਪਣੀ ਰੋਜੀ ਰੋਟੀ ਦੇ ਚੱਕਰਾਂ ਵਿਚੋਂ ਹੀ ਨਹੀਂ ਨਿਕਲਦਾ, ਘਰ ਪਰਿਵਾਰ ਦੀਆਂ ਘੁੰਮਣ ਘੇਰੀਆਂ ਵਿਚ ਹੀ ਫਸਿਆ ਰਹਿੰਦਾ ਹੈ ।ਜੋ ਥੋੜ੍ਹਾ ਬਹੁਤਾ ਰੋਜੀ-ਰੋਟੀ, ਘਰ-ਪਰਿਵਾਰ ਤੋਂ ਸੁਰਖ਼ਰੂ ਹੋ ਕੇ ਕੁੱਝ ਕਰਨ ਜੋਗਰੇ ਹੁੰਦੇ ਹਨ, ਉਹ ਵੀ ਹੋਰ ਹੀ 'ਚੱਕਰਾਂ' ਵਿਚ ਫਸ ਜਾਂਦੇ ਹਨ ਤੇ ਆਪਣੀ ਤਾਕਤ ਲੋਕ-ਮੁੱਕਤੀ ਦੇ ਲੇਖੇ ਨਹੀਂ ਲਾਉਂਦੇ ।

ਅਜਿਹੇ ਹਾਲਤ ਵਿਚ ਸਾਹਿਤ ਲੋਕਾਂ ਨੂੰ ਸ਼ੀਸ਼ਾ ਵਿਖਾ ਸਕਦਾ ਹੈ ।ਰਾਹ ਵਿਖਾ ਸਕਦੈ ਤੇ ਲੋਕਾਂ ਦੀ ਅਗਵਾਈ ਤੇ ਭਲੇ ਲਈ ਪ੍ਰੇਰ ਸਕਦਾ ਹੈ ।ਜਦ ਅਸੀਂ ਦੁਨੀਆਂ ਦੀਆਂ ਲੋਕ ਲਹਿਰਾਂ ਤੇ ਲੋਕ ਸੰਘਰਸ਼ਾਂ 'ਤੇ ਨਜ਼ਰ ਮਾਰਦੇ ਹਾਂ ਤਾਂ ਇਤਿਹਾਸ ਵਿਚ ਸਾਨੂੰ ਅਜਿਹੇ ਪ੍ਰਮਾਣ ਮਿਲਦੇ ਹਨ ਜਿਥੇ ਸਾਹਿਤ ਤੇ ਸਾਹਿਤਕਾਰਾਂ ਨੇ ਯੁੱਗ ਪਲਟਾਊ ਕਾਰਜ ਕੀਤੇ ਹਨ ।ਯੂਰਪ ਦੇ ਸਨਅਤੀ ਇਨਕਲਾਬਾਂ, ਰੂਸ, ਚੀਨ ਤੇ ਹੋਰ ਦੇਸ਼ਾਂ ਦੇ ਲੋਕ ਇਨਕਲਾਬਾਂ ਵਿਚ ਪੁਸਤਕਾਂ ਤੇ ਲੇਖਕਾਂ ਦਾ ਵੱਡਮੁੱਲਾ ਰੋਲ ਰਿਹਾ ਹੈ ।

ਇਸੇ ਕਾਰਜ ਤੇ ਲੇਖਕਾਂ ਦੇ ਲੋਕ ਪੱਖੀ ਰੋਲ ਦੀ ਮਹੱਤਤਾ ਨੂੰ ਮੱਦੇਨਜ਼ਰ ਰੱਖਦੇ ਹੋਏ ਅਸੀਂ ਇਹ ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ ਦਾ ਆਯੋਜਿਨ ਸ਼ੁਰੂ ਕੀਤਾ ਹੈ ।ਇਸ ਗੋਸ਼ਟੀ ਵਿੱਚ ਪੜ੍ਹੀਆਂ ਗਈਆਂ ਕਹਾਣੀਆਂ ਦਾ ਮੂਲ ਪਾਠ ਅਤੇ ਇਨ੍ਹਾਂ ਕਹਾਣੀਆਂ 'ਤੇ ਹੋਈ ਵਿਚਾਰ ਚਰਚਾ 'ਸ਼ਬਦ' ਦੇ ਪਾਠਕਾਂ ਦੇ ਸਨਮੁੱਖ ਕਰਕੇ ਅਸੀਂ ਆਪਣਾ ਫਰਜ਼ ਅਦਾ ਕਰ ਰਹੇ ਹਾਂ ।

## ਖਾਲਿਦ ਹੁਸੈਨ-ਖ਼ੂਹ ਤੇ ਖਾਈ

**ਰਵਿੰਦਰ ਸਿੰਘ ਸੰਧੂ:** ਮੈਂ ਇਸ ਕਹਾਣੀ ਦੇ ਅਧਿਐਨ ਨੂੰ ਉਥੋਂ ਹੀ ਸ਼ੁਰੂ ਕਰਾਂਗਾ ਜਿੱਥੋਂ ਖਾਲਿਦ ਸਾਹਿਬ ਨੇ ਕਹਾਣੀ ਸ਼ੁਰੂ ਕੀਤੀ ਹੈ ।

"ਬਲ ਤੇ ਬਲਵਾਨ ਲਿੱਸੇ ਬੰਦਿਆਂ ਦਾ ਹੀ ਸ਼ਿਕਾਰ ਕਰਦੇ ਨੇ ਤੇ ਸਮਾਜ ਨੂੰ ਆਪਣੀ ਚਾਬਕ ਨਾਲ ਚਲਾਂਦੇ
ਨੇ ।ਗ਼ਰੀਬ ਤੇ ਮਸਕੀਨ ਲੋਕਾਈ ਨੂੰ ਛੱਮ ਚਾੜਦੇ ਨੇ ।ਬੇਚਾਰੇ ਲਿੱਸੇ ਤੇ ਮਾੜੇ, ਘਰਾਂ ਅੰਦਰ ਲੁਕ ਕੇ ਫੱਕੜ ਤੋਲ ਦੇ ਰਹਿੰਦੇ ਨੇ ਤੇ ਸ਼ਬਦਾਂ ਦਾ ਪਿੰਡਾਂ ਜ਼ਖ਼ਮੀ ਕਰਕੇ ਆਪਣਾ ਮਨ ਹੌਲਾ ਕਰਦੇ ਨੇ । ਉਹ ਹੋਰ ਕਰ ਵੀ ਸਕਦੇ ਨੇ ।"

ਕਹਾਣੀ ਦੇ ਸ਼ੁਰੂ ਵਿਚ ਆਏ ਇਹ ਕੁਝ ਵਾਕ ਕਹਾਣੀਕਾਰ ਦੀ ਉਸ ਸਥਿਤੀ ਦੀ ਪਛਾਣ ਕਰਵਾਉਂਦੇ ਹਨ ।ਜਿਥੋਂ ਖੜ ਕੇ ਕਹਾਣੀਕਾਰ ਇਕ ਕਥਾ ਦੀ ਸਿਰਜਣਾ ਕਰ ਰਿਹਾ ਹੈ । ਦੂਸਰੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਕਹਾਣੀ ਵਿਚ ਪੇਸ਼ ਹੋਣ ਵਾਲੇ ਘਟਨਾਵੀਂ ਬਿਰਤਾਂਤ ਦੀ ਪੂਰਵ-ਸੂਚਨਾ ਵੀ ਦਿੰਦੇ ਹਨ ਤੇ ਉਸ ਦੀ ਦਿਸ਼ਾ ਨੂੰ ਪੂਰਵ-ਨਿਰਧਾਰਿਤ



ਵੀ ਕਰਦੇ ਹਨ ।ਕਿਉਂਕਿ ਅਜੇ ਕਥਾ ਵਿਚ ਕੋਈ ਘਟਨਾ ਨਹੀਂ ਵਾਪਰੀ, ਕੋਈ ਪਾਤਰ ਨਹੀਂ ਆਇਆ, ਪਰ ਕਹਾਣੀ ਦੇ ਵਾਤਾਵਰਣ ਦੀ ਸਿਰਜਣਾ ਕਹਾਣੀਕਾਰ ਨੇ ਸ਼ੁਰੂ ਕਰ ਦਿੱਤੀ ਹੈ ਤੇ ਇਹ ਹੀ ਵਾਤਾਵਰਣ ਕਹਾਣੀ ਦੇ ਸਮੁੱਚੇ ਬਿਰਤਾਂਤਕ ਪੈਟਰਨ ਦੇ ਆਰ ਪਾਰ ਫੈਲਿਆ ਹੋਇਆ ਹੈ। ਕਹਾਣੀਕਾਰ ਅਗਾਂਹ ਲਿਖਦਾ ਹੈ ਕਿ

"ਹਾਕਮ ਦੇ ਹੁਕਮ ਅਨੁਸਾਰ ਲੋਕੀ ਸਿਰਾਂ ਤੇ ਪੈਰ ਨਹੀਂ ਰੱਖ ਸਕਦੇ ਸਗੋਂ ਗਲ ਵਿੱਚ ਸਾਫ਼ਾ ਤੇ ਮੂੰਹ ਵਿਚ ਘਾਹ ਦਾ ਤੀਲਾ ਰੱਖਦੇ ਹਨ ।ਆਜ਼ਾਦੀ ਵਿਚ ਗੁਲਾਮੀ ਦੀ ਇਹ ਰਸਮ ਅੱਜ ਵੀ ਚੱਲਦੀ ਹੈ ਤੇ ਖੌਰੇ ਕਦੋਂ ਤੀਕਰ ਚੱਲਦੀ ਰਹੇਗੀ ।"

ਕਹਾਣੀਕਾਰ ਦੇ ਉਪਰੋਕਤ ਵਾਕਾਂ ਦੇ ਜੇਕਰ ਵਿਚਾਰਧਾਰਕ ਪੈਟਰਨ ਨੂੰ ਦੇਖੀਏ ਤਾਂ ਬਹੁਤ ਸਾਰੇ ਸ਼ੰਕੇ ਨਵਿਰਤ ਹੁੰਦੇ ਹਨ ਤੇ ਪਾਠਕ ਕਥਾ ਦੇ ਸੰਰਚਨਾਤਮਕ ਸੰਗਠਨ ਦੀ ਦਿਸ਼ਾ ਤੇ ਚਾਲ ਨੂੰ ਸਮਝ ਸਕਦਾ ਹੈ ।ਕਥਾ ਵਿਚ ਆਜ਼ਾਦੀ ਤੇ ਗੁਲਾਮੀ ਦੇ ਦੋ ਵਿਰੋਧੀ ਵਿਚਾਰਧਾਰਕ ਤੇ ਸੰਕਲਪਾਤਮਕ ਜੁੱਟਾਂ ਦੀ ਨਿਸ਼ਾਨਦੇਹੀ ਕਹਾਣੀ ਦੇ ਪਹਿਲੇ ਪੈਰ੍ਹੇ ਵਿਚ ਹੋ ਜਾਂਦੀ ਹੈ ।ਬਲ ਤੇ ਬਲਹੀਨ, ਬਲਵਾਨ ਤੇ ਲਿੱਸੇ ਜਾਂ ਮਾੜੇ ਨੇਕ ਤੇ ਬਦ ਆਦਿ ਹੋਰ ਵੀ ਕਈ ਵਿਰੋਧੀ ਸੰਕਲਪਜੁਟ ਹਨ ਜੋ ਕਥਾ ਦੇ ਆਰ ਪਾਰ ਫੈਲੇ ਹਨ ਤੇ ਕਹਾਣੀ ਇਨ੍ਹਾਂ ਜੁੱਟਾਂ ਦੇ ਟਕਰਾਵਾਂ ਵਿਚੋਂ ਹੀ ਵਿਸਥਾਰ ਗ੍ਰਹਿਣ ਕਰਦੀ ਹੈ ।ਇਹ ਇਕ ਲਕੀਰੀ ਬਿਰਤਾਂਤ ਵਾਲੀ ਕਹਾਣੀ ਹੈ ਜੋ ਬਹੁਤੀਆਂ ਜਟਿਲਾਤਾਵਾਂ ਜਾਂ ਗੁੰਝਲਾਂ ਵਾਲਾ ਬਿਰਤਾਂਤਕ ਪੈਟਰਨ ਨਹੀਂ ਉਸਾਰਦੀ ਸਗੋਂ ਇਹ ਕਹਾਣੀ ਅਜਿਹਾ ਕਥਾ ਮਾਡਲ ਉਸਾਰਦੀ ਹੈ ਜਿਹੜਾ ਸਹਿਜ ਦਿਸਦੇ ਯਥਾਰਥ ਅੰਦਰਲੇ ਜਟਿਲ ਤੇ ਗੰਭੀਰ ਅਰਥਾਂ ਨੂੰ ਉਘਾੜਦਾ ਹੈ ।ਇਹ ਕਹਾਣੀਕਾਰ ਦਾ ਬੇਬਾਕ ਸਿਰਜਣਾਤਮਕ ਅਮਲ ਹੈ ਕਿ ਉਹ ਬੇਬਾਕੀ ਨਾਲ ਗੰਭੀਰ ਮਸਲਿਆਂ ਨੂੰ ਕੀਲ ਲੈਣ ਵਾਲੀ ਸ਼ੈਲੀ ਵਿਚ ਪੇਸ਼ ਕਰਦਾ ਹੈ ।ਕਹਾਣੀ ਵਿਚਲੀ ਭਾਵਨਾਤਮਿਕ ਤੇ ਵਿਚਾਰਕ ਉਤੇਜਨਾ ਉਸ ਦੀ ਰਚਨਾ ਦਾ ਮੀਰੀ ਗੁਣ ਹੈ ।ਉਸ ਦੀ ਇਹ ਕਹਾਣੀ ਸਮਾਜ ਦੇ ਸਮੂਹਿਕ ਯਥਾਰਥ ਨੂੰ ਪੇਸ਼ ਕਰਦੀ ਹੋਈ ਅਸਾਧਾਰਨ ਤੇ ਅਸਹਿਜ ਸਮਾਜਕ ਯਥਾਰਥ ਨੂੰ ਸਹਿਜ ਤੇ ਵਿਚਾਰ ਉਤੇਜਕ ਬਣਾਕੇ ਪੇਸ਼ ਕਰਦੀ ਹੈ ।ਉਸ ਦੇ ਬਹੁਤ ਸਾਰੇ ਵਾਕ ਤੇ ਪਾਤਰਾਂ ਦੀ ਮਾਨਵੀ ਜੀਵਨ ਜੀਣ ਦੀ ਚਾਹਨਾ ਇਸ ਕਹਾਣੀ ਦੇ ਕਾਲਾਂਤਰ ਵਿਚ ਮਹੱਤਵ ਨੂੰ ਸਥਾਪਿਤ ਕਰਦੇ ਹਨ ।ਇਹ ਕਹਾਣੀ ਕਿਸੇ ਵੀ ਪ੍ਰਕਾਰ ਦੇ ਘਟਨਾਵੀਂ ਘੜਮੱਸ ਤੋਂ ਰਹਿਤ ਹੈ, ਹੌਲੀ ਫੁੱਲ ਕਹਾਣੀ ਹੈ, ਕਿਸੇ ਵਾਧੂ ਭਾਰ ਤੋਂ ਮੁਕਤ ਹੈ ਪਰ ਆਪਣੇ ਵਿਸ਼ੇ, ਬੇਬਾਕ ਪੇਸ਼ਕਾਰੀ ਤੇ ਬਿਰਤਾਂਤ ਦੀ ਸੰਰਚਨਾਤਮਕ ਜੁਗਤ ਦੇ ਪੱਖ ਤੋਂ ਚਿਰਸਥਾਈ ਪ੍ਰਭਾਵ ਸਿਰਜਣ ਦੀ ਸਮਰੱਥਾ ਰੱਖਦੀ ਹੈ ।ਕਹਾਣੀ ਯਥਾਰਥਵਾਦੀ ਸ਼ੈਲੀ ਵਿਚ ਲਿਖੀ ਗਈ ਹੈ ।ਪਰ ਕਈ ਥਾਂ ਕਹਾਣੀਕਾਰ ਰੋਮਾਂਸਵਾਦੀ ਤੜਕਾ ਵੀ ਲਗਾਉਂਦਾ ਹੈ ।ਜਿਵੇਂ ਸਲਾਮ ਪੰਡਿਤ ਦੇ ਕੈਂਪ ਵਿਚੋਂ ਭੱਜਣ ਤੋਂ ਬਾਅਦ ਜੈਨਬ ਦਾ ਮਿਲਣਾ, ਜੈਨਬ ਦੇ ਬਾਪ ਦੁਆਰਾ ਰਸੂਖ ਅਤੇ ਪੈਸੇ ਦੀ ਬਾਰਸ਼ ਨਾਲ ਸਲਾਮ ਪੰਡਿਤ ਦੀ ਖਲਾਸੀ ਕਰਵਾਉਣੀ ਵਰਗੇ ਘਟਨਾ ਕ੍ਰਮ ਕਹਾਣੀ ਬਿਰਤਾਂਤ ਦੀ ਯਥਾਰਥਿਕਤਾ ਨੂੰ ਖੰਡਿਤ ਕਰਦੇ ਹਨ ।ਬੇਸ਼ੱਕ ਇਹ ਕਥਾ ਸਿਰਜਣ ਜਾਂ ਕਥਾਕਾਰ ਦੇ ਆਪਣੇ ਇੱਛਿਤ ਯਥਾਰਥ ਦੀ ਅਭਿਵਿਅਕਤੀ ਦੀ ਯੋਜਨਾਬੰਦੀ ਦਾ ਹਿੱਸਾ ਹੋਣਗੇ ਜਾਂ ਅਜਿਹੇ ਘਟਨਾਕ੍ਰਮ ਅਪਵਾਦ ਵੀ ਹੋ ਸਕਦੇ ਹਨ ਪਰ ਸਮੂਹਿਕ ਅਨੁਭਵ ਜਾਂ ਯਥਾਰਥ ਨਹੀਂ ਹੋ ਸਕਦਾ ।ਕਹਾਣੀ ਦੇ ਬਿਰਤਾਂਤ ਯਥਾਰਥ ਵਿਚ ਇਹ ਘਟਨਾਕ੍ਰਮ ਦਾ ਰੰਗ ਬੈਂਗਣੀ ਉੱਘੜਦਾ ਹੈ ।ਕਥਾ ਦੀ ਚਾਲ ਨੂੰ ਝਟਕਾ ਲਗਦਾ ਹੈ । ਸਹਿਜਤਾ ਭੰਗ ਹੁੰਦੀ ਹੈ ।

ਕਸ਼ਮੀਰ ਮਸਲੇ ਦੇ ਸੰਬੰਧ ਵਿਚ ਦੋਵੇਂ ਮੁਲਕਾਂ ਦੀ ਸਥਿਤੀ ਤੇ ਵਿਹਾਰ ਨੂੰ ਤੁਲਨਾਤਮਕ ਰੂਪ ਵਿਚ ਸਮਝਣ ਲਈ ਪਾਠਕ ਲਈ ਜ਼ਮੀਨ ਤਿਆਰ ਕਰਨਾ ਵੀ ਕਹਾਣੀ ਦਾ ਵਿਸ਼ੇਸ਼ ਮਹੱਤਵ ਹੈ ।ਦੋਵੇਂ ਪਾਸੇ ਸਾਧਾਰਨ ਲੋਕਾਂ ਦੇ ਜੀਵਨ ਦੇ ਦੁੱਖ, ਸੰਕਟ ਤੇ ਸਮਾਜਿਕ ਸਥਿਤੀ ਦੇ ਨਾਲ-ਨਾਲ ਰਾਜਨੀਤਿਕ ਤੇ ਤਾਕਤਵਰ ਧਿਰਾਂ ਦੇ ਵਿਹਾਰ ਨੂੰ ਵੀ ਵਾਸਤਵਿਕ ਰੂਪ ਵਿਚ ਪੇਸ਼ ਕੀਤਾ ਹੈ । ਕੈਪਾਂ ਅੰਦਰ ਪੜ੍ਹਾਏ ਲਿਖਾਏ ਜਾਂਦੇ ਸ਼ਬਦਾਂ ਬਾਰੇ ਵੀ ਬੇਬਾਕ ਜਾਣਕਾਰੀ ਦਿੱਤੀ ਗਈ ਹੈ ।

ਕਹਾਣੀ ਦੀ ਭਾਸ਼ਾ ਬਹੁਤ ਖ਼ੂਬਸੂਰਤ ਹੈ ।ਕਥਾ ਆਪਣੇ ਸਮਕਾਲੀ ਪ੍ਰਸਥਿਤੀ ਮੂਲਕ ਯਥਾਰਥ ਦੇ ਪੇਸ਼ਕਾਰੀ ਤੋਂ ਪਾਰ ਜਾਣ ਦੇ ਸਮਰੱਥ ਬਣਦੀ ਹੈ ।ਕਹਾਣੀਕਾਰ ਦੀ ਮੁਹਾਵਰੇ ਦਾਰ ਭਾਸ਼ਾ ਉਸ ਦੇ ਜੀਵਨ ਦਰਸ਼ਨ ਜੀਵਨ ਢੰਗ ਅਤੇ ਲੋਕਧਾਰਈ ਅਨੁਭਵ, ਸੂਝ ਅਤੇ ਗਿਆਨ ਦਾ ਸਾਰ ਤੱਤ ਹੈ ।ਇਸ ਲਈ ਹੀ ਕਹਾਣੀ ਕਸ਼ਮੀਰ ਦੀ ਸਮੱਸਿਆ ਦੀ ਕਹਾਣੀ ਨਾ ਰਹਿ ਕੇ ਮਾਨਵ ਦੇ ਜੀਵਨ ਵਿਚ ਜੀਣ ਦੀ ਚਾਹਨਾ ਦੇ ਸਮਵਿੱਥ ਬਲਵਾਨ ਤੇ ਲਿੱਸੇ ਬੰਦਿਆਂ ਦੇ ਮੁੱਢ ਤੋਂ ਚਲੇ ਆ ਰਹੇ ਤੇ ਚਲਦੇ ਰਹਿਣ ਵਾਲੇ ਟਕਰਾ ਦੀ ਕਹਾਣੀ ਬਣ ਜਾਂਦੀ ਹੈ ।

**ਸੁਖਪਾਲ ਸਿੰਘ ਥਿੰਦ**: ਇਸ ਕਹਾਣੀ ਦੇ ਦੋ ਪੱਖ ਹਨ ਜਿਨ੍ਹਾਂ ਨੇ ਮੈਨੂੰ ਮੋਹਿਐ । ਇਕ ਹੈ ਲੇਖਕ ਦੀ ਵਿਚਾਰਧਾਰਕ ਪੁਜੀਸ਼ਨ, ਲੇਖਕ ਖੜ੍ਹਾ ਕਿਥੇ ਹੈ ।ਲੇਖਕ ਇਸ ਕਹਾਣੀ 'ਚ ਧਰਮ, ਜਾਤ, ਖਿੱਤੇ ਸਭ ਕੁੱਝ ਨੂੰ ਉਲੰਘ ਕੇ ਮਨੁੱਖ ਨਾਲ ਖੜ੍ਹਾ ਹੈ ।ਕਸ਼ਮੀਰ ਸਮੱਸਿਆ ਕਰਕੇ ਦੋਵੇਂ ਪਾਸੇ ਜੋ ਇਨਸਾਨੀਅਤ ਦਰੜੀ ਜਾ ਰਹੀ ਹੈ, ਕਹਾਣੀ ਵਿਚ ਉਸ ਦਾ ਦਰਦ ਹੈ ।ਲੇਖਕ ਉਸ ਪੁਜੀਸ਼ਨ ਤੇ ਖੜ੍ਹਾ ਹੈ ਕਿ ਮਨੁੱਖਤਾ ਨਹੀਂ ਦਰੜੀ ਜਾਣੀ ਚਾਹੀਦੀ ।ਪਰ ਦਰੜੀ ਜਾ ਰਹੀ ਹੈ । ਲੇਖਕ ਉਨ੍ਹਾਂ ਤਾਕਤਾਂ ਨੂੰ ਤੀਰ ਦੀ ਨੋਕ 'ਤੇ ਰੱਖ ਰਿਹਾ ਹੈ ਜੋ ਮਨੁੱਖਤਾ ਨੂੰ ਦਰੜਦੀਆਂ ਹਨ । ਲੇਖਕ ਦੀ ਵਿਚਾਰਧਾਰਕ ਪੁਜੀਸ਼ਨ ਪੁੱਖਤਾ ਲਗਦੀ ਹੈ ।ਪ੍ਰਤੀਕਾਂ ਜਾਂ ਬਿੰਬਾਂ ਵਿਚ ਕੀਤੀ ਗਈ ਗੱਲ ਬਾਕਮਾਲ ਹੈ ।ਪੰਜਾਬੀ ਰਹਿਤਲ 'ਚ ਭਿੱਜ ਕੇ ਆਏ ਸ਼ਬਦ ਦਿਲ ਨੂੰ ਠਾਰਨ ਵਾਲੇ ਹਨ । ਸਮੁੱਚੀ ਕਹਾਣੀ ਜਿਵੇਂ ਕਰਾਫਟ ਦੇ ਪੱਖ ਤੋਂ ਉਸਰਦੀ ਹੈ ਉਸ ਵਿਚ ਲੇਖਕ ਵਾਰ-ਵਾਰ ਆਪ ਆ ਕੇ ਬੋਲ ਰਿਹੈ ਸਥਿਤੀਆਂ ਨੂੰ ਨਹੀਂ ਬੋਲਣ ਦਿੰਦਾ ।ਸਾਧਾਰਨ ਪਾਤਰ ਕਾਵਿਕ ਭਾਸ਼ਾ 'ਚ ਗੱਲ ਕਰਦੇ ਯਥਾਰਥਕ ਨਹੀਂ ਲੱਗਦੇ ।ਜਿਵੇਂ ਜੈਨਬ ਕਰਦੀ ਹੈ ।ਲੇਖਕ ਦੇ ਪਾਤਰ ਇਕਸਾਰ ਲੱਗਦੇ ਹਨ ।ਲੇਖਕ ਦੀ ਵਿਚਾਰਧਾਰਾ ਪਾਤਰਾਂ 'ਤੇ ਹਾਵੀ ਹੋ ਰਹੀ ਹੈ ।ਖੂਹ ਤੇ ਖਾਈ 'ਚ ਡਿੱਗ ਰਹੇ ਬੰਦਿਆਂ ਦੀ ਹੂਕ ਹੋਰ ਖ਼ੂਬਸੂਰਤੀ ਨਾਲ ਉਭਰ ਸਕਦੀ ਸੀ ।

**ਡਾ. ਲਾਭ ਸਿੰਘ ਖੀਵਾ**: ਦੋਸਤੋ ਇਸ ਕਹਾਣੀ ਦੀ ਕਰਾਫਟਮੈਨਸ਼ਿਪ ਤੇ ਬਿਰਤਾਂਤਕ ਸਗੰਠਨ ਬਾਰੇ ਡਾ.ਸੰਧੂ ਤੇ ਡਾ. ਥਿੰਦ ਨੇ ਕਾਫੀ ਗੱਲਾਂ ਕੀਤੀਆਂ ਹਨ । ਇਸ ਕਹਾਣੀ ਦਾ ਬਿਰਤਾਂਤਕ ਸੰਗਠਨ ਇਸ ਪੱਖੋਂ ਤਾਂ ਗੱਲ ਠੀਕ ਹੈ ਕਿ ਪੰਜਾਬ ਦੇ ਲੇਖਕਾਂ ਨਾਲ ਇਸ ਕਹਾਣੀ ਨਾਲ ਤੁਲਨਾ ਕਰਦੇ ਹਾਂ ਤਾਂ ਇਸ ਕਹਾਣੀ ਦੀ ਬਿਰਤਾਂਤਕ ਤੌਰ ਛੜੱਪੇ ਮਾਰਦੀ ਹੈ, ਇਹ ਕਹਾਣੀ ਸਹਿਜ ਰੂਪ 'ਚ ਨਹੀਂ ਤੁਰਦੀ ।ਪਰ ਮੇਰੇ ਲਈ ਇਹ ਕਹਾਣੀ ਪਾਠ ਇਸ ਗੱਲੋਂ ਮਹੱਤਤਾ ਰੱਖਦਾ ਹੈ ਕਿ ਜੋ ਪੰਜਾਬੋਂ ਬਾਹਰ ਦਾ ਲੋਕੇਲ ਲੈ ਕੇ ਪੰਜਾਬੀ ਕਹਾਣੀ ਲਿਖੀ ਜਾ ਰਹੀ ਹੈ ਤਾਂ ਫਿਰ ਇਸ ਰੂਪ 'ਚ ਇਸ ਕਹਾਣੀ ਦਾ ਮਹੱਤਵ ਵੱਧ ਬਣਦਾ ਹੈ ।ਮੈਨੂੰ ਇਸ ਪੱਖੋਂ ਚੰਗਾ ਲਗਿਆ ਕਿ ਕਾਸ਼ ਪੰਜਾਬ 'ਕੱਠਾ ਹੁੰਦਾ ਤਾਂ ਸਾਡੀ ਸਮੁੱਚੀ ਪੰਜਾਬੀ ਕਹਾਣੀ ਹੋਰ ਵੀ ਅਮੀਰ ਬਣਨੀ ਸੀ ।ਸਾਡੇ ਪੰਜਾਬ ਵਿਚ ਜਿਨ੍ਹਾਂ ਹਿੰਦੂ ਕਹਾਣੀਕਾਰਾਂ ਨੇ ਕਹਾਣੀਆਂ ਲਿਖੀਆਂ ਹਨ ਖਾਸ ਕਰ ਪ੍ਰੇਮ ਪ੍ਰਕਾਸ਼, ਉਨ੍ਹਾਂ ਵਿਚ ਹਿੰਦੂ ਇਥੋਸ ਮਿਲਦਾ ਹੈ । ਸਾਡਾ ਪੰਜਾਬੀਆਂ ਦਾ ਜੋ ਇਸਲਾਮੀ ਇਥੌਸ ਹੈ ਉਹ ਇਸ



ਕਹਾਣੀ ਵਿਚ ਮਿਲਦਾ ਹੈ ਤੇ ਕਹਾਣੀ ਦੀ ਮਹੱਤਤਾ ਬਣਦੀ ਹੈ ।ਇਸ ਕਹਾਣੀ ਦੀ ਇਸ ਪੱਖੋਂ ਵੀ ਸਟੱਡੀ ਕਰਨ ਦੀ ਲੋੜ ਹੈ ਕਿ ਅੱਤਵਾਦ ਪੰਜਾਬ ਨੇ ਝੱਲਿਆ ਕਸ਼ਮੀਰ ਵੀ ਝੱਲ ਰਿਹਾ ਹੈ, ਜਿਸ ਤਰ੍ਹਾਂ ਦਾ ਸਰਕਾਰੀ ਅੱਤਵਾਦ ਵੀ ਸੀ, ਅੱਤਵਾਦ ਦੀ ਆਪਣੀ ਦਹਿਸ਼ਤ ਵੀ ਸੀ ਇਸ ਤਰ੍ਹਾਂ ਦੀ ਖੂਹ ਤੇ ਖਾਈ ਦੇ ਰੂਪ ਵਿਚ ਉਭਰਦੀ ਹੈ ।ਜੋ ਇਸ ਤਰ੍ਹਾਂ ਦੀ ਦੋ ਧਾਰੀ ਕਸ਼ਮੀਰ ਵਿਚ ਆਈ ਹੈ, ਪੰਜਾਬ ਵਿਚ ਵੀ ਆਈ ।ਪੰਜਾਬ ਵਿਚ ਉਹ ਦੋ ਧਾਰੀ ਦਹਿਸ਼ਤ ਕਾਬੂ ਹੋ ਗਈ, ਕਸ਼ਮੀਰ ਵਿਚੋਂ ਕਿਉਂ ਨਹੀਂ ਕਾਬੂ ਹੋ ਰਹੀ ।ਇਸ ਕਹਾਣੀ ਵਿਚੋਂ ਸਾਨੂੰ ਕੁੱਝ ਅੰਤਰ ਦ੍ਰਿਸ਼ਟੀਆਂ ਲੱਭਣਗੀਆਂ । ਇਸ ਪੱਖੋਂ ਮਹੱਤਵਪੂਰਨ ਕਹਾਣੀ ਲੱਗੀ ਹੈ ।ਕਹਾਣੀ ਦੇ ਸੰਗਠਨ ਦੀਆਂ ਕੁੱਝ ਖਾਮੀਆਂ ਨੂੰ ਛੱਡ ਕੇ ਪੰਜਾਬ ਤੋਂ ਬਾਹਰਲੇ ਲੋਕੇਲ ਦੀਆਂ ਕਹਾਣੀਆਂ ਪੰਜਾਬੀ 'ਚ ਆਉਣ ਨਾਲ ਪੰਜਾਬੀ ਕਹਾਣੀ ਹੋਰ ਵੀ ਅਮੀਰ ਬਣੇਗੀ ।

**ਜਸ ਮੰਡ**: ਮੈਂ ਖਾਲਿਦ ਸਾਹਿਬ ਦੀ ਜੁਬਾਨਦਾਨੀ ਤੋਂ ਬਹੁਤ ਪ੍ਰਭਾਵਿਤ ਹਾਂ ।ਪਿਛਲੀਆਂ ਕਹਾਣੀਆਂ ਬਾਰੇ ਵਾਰ-ਵਾਰ ਇਹ ਗੱਲ ਆ ਰਹੀ ਸੀ ਲੇਖਕ ਨੂੰ ਦ੍ਰਿਸ਼ਟੀ ਦੀ ਕਲੈਅਰਟੀ ਹੈ ਨਹੀਂ ਸੀ ਇਸੇ ਕਰਕੇ ਕਹਾਣੀ ਵਿਚ ਦ੍ਰਿਸ਼ਟੀ ਦੀ ਅਣਹੋਂਦ ਰਹੀ ਹੈ ।ਪਰ ਇਸ ਕਹਾਣੀ 'ਚ ਲੇਖਕ ਜਿਹੜੇ ਪਾਸੇ ਖੜ੍ਹਾ ਹੈ ਉਹ ਪੁਜੀਸ਼ਨ ਕਹਾਣੀ ਵਿਚ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ । ਇਸ ਕਹਾਣੀ ਵਿਚ ਫੌਜ ਦੇ ਅੱਤਵਾਦ ਦੀ ਗੱਲ ਹੋ ਰਹੀ ਹੈ ।ਐਂਡ ਬਹੁਤ ਵਧੀਆ ਹੈ ਕਿ ਮੁਖਬਰ ਸਹੀ ਹੋ ਗਏ ਹੋਰ ਅਸੀਂ ਗ਼ਲਤ ਹੋਗੇ ।ਖਾਲਿਦ ਦੀ ਇਹ ਬੇਬਾਕੀ ਕਮਾਲ ਹੈ ।ਸਾਫ ਤੌਰ 'ਤੇ ਆਰਮਡ ਫੋਰਸ ਨੂੰ ਦੋਸ਼ੀ ਦਿਖਾਇਐ ।ਜੋ ਗੱਲ ਥਿੰਦ ਨੇ ਕੀਤੀ ਹੈ ਕਿ ਸਿਰਫ ਇਸ ਕਹਾਣੀ ਵਿਚ ਹੀ ਨਹੀਂ ਪੰਜਾਬੀ ਕਹਾਣੀ ਤੇ ਨਾਵਲ ਵਿਚ ਵੀ ਪਾਤਰ ਲੇਖਕ ਦੀ ਬੋਲੀ ਬੋਲਦੇ ਹਨ ।ਇਨ੍ਹਾਂ ਦੀ ਬੋਲੀ ਕਾਵਿਕ ਹੈ ਪਰ ਸਾਧਾਰਨ ਔਰਤ ਜੈਨਬ ਵਰਗੀ ਤਾਂ ਉਸ ਬਾਰੇ ਸੁਚੇਤ ਹੋਣ ਦੀ ਲੋੜ ਹੈ । ਮੈਂ ਸਵਰਾਜਬੀਰ ਦੇ ਸਾਰੇ ਨਾਟਕ ਪੜ੍ਹੇ ਤਾਂ ਮੈਨੂੰ ਲੱਗਿਆਂ ਕਿ ਸਾਰੇ ਨਾਟਕਾਂ ਦੇ ਪਾਤਰ ਸਵਰਾਜਬੀਰ ਦੀ ਹੀ ਬੋਲੀ ਬੋਲੀ ਜਾਂਦੇ ਹਨ ।ਪਰ ਸਾਡੇ ਕੁੱਝ ਲੇਖਕ ਇਸ ਗੱਲ ਦਾ ਧਿਆਨ ਵੀ ਰੱਖਦੇ ਹਨ । ਅੰਗਰੇਜ਼ੀ ਦੇ ਨਾਵਲਾਂ ਵਿਚ ਇਸ ਗੱਲ ਦਾ ਬਹੁਤ ਧਿਆਨ ਰੱਖਦੇ ਹਨ ।

**ਹਰਬੰਸ ਬਰਾੜ**: ਜਾਂ ਤਾਂ ਮੈਂ ਪੂਰੇ ਦਾ ਪੂਰਾ ਗ਼ਲਤ ਹਾਂ ਜਾਂ ਸਾਰੇ ਟਿੱਪਣੀਕਾਰਾਂ ਨੇ ਗੱਲ ਨਹੀਂ ਫੜੀ ।ਇਹ ਜੋ ਖੂਹ ਤੇ ਖਾਈ ਕਹਾਣੀ ਹੈ ਇਹ ਥੀਮ ਨਹੀਂ ਕਿ ਬੰਦਾ ਸਰਕਾਰੀ ਤੇ ਅੱਤਵਾਦੀਆਂ ਦੇ ਜ਼ਬਰ ਵਿਚ ਪਿੱਸਦਾ ਹੈ ਬਲਕਿ ਇਹ ਕਹਾਣੀ ਇਸ ਗੱਲ ਨੂੰ ਪੇਸ਼ ਕਰਦੀ ਹੈ ਕਿ ਹਿੰਦਸਤਾਨ ਦੀ ਸਰਕਾਰ ਦਾ ਹੀ ਜਬਰ ਨਹੀਂ ਬਲਕਿ ਪਾਕਿਸਤਾਨ ਦਾ ਜਬਰ ਵੀ ਹੈ ।ਜੋ ਇਧਰਲੇ ਪਾਸੇ ਫੌਜ ਦਾ ਜਬਰ ਝਲਦਾ ਬੰਦਾ ਉਧਰ ਜਾ ਕੇ ਅਮਨ ਚੈਨ ਦੀ ਜ਼ਿੰਦਗੀ ਜਿਉਣਾ ਚਾਹੁੰਦਾ ਹੈ ਤਾਂ ਉਧਰ ਵੀ ਉਹ ਜੁਲਮ ਦਾ ਨਿਸ਼ਾਨਾ ਬਣਦਾ ਹੈ ।ਇਹ ਗੱਲ ਵੀ ਫੜਨੀ ਚਾਹੀਦੀ ਸੀ ।

**ਭੁਪਿੰਦਰ ਮਾਨ**: ਇਸ ਕਹਾਣੀ ਵਿਚ ਖਾਲਿਦ ਸਾਹਿਬ ਦਾ ਪ੍ਰਸ਼ਾਸਕੀ ਤਜਰਬਾ ਵੀ ਕੰਮ ਕਰਦਾ ਹੈ ।ਕਹਾਣੀ ਦੀ ਭਾਸ਼ਾ ਤੇ ਸ਼ੈਲੀ ਬਹੁਤ ਵਧੀਆ ਹੈ ।ਕਹਾਣੀ ਸੰਚਾਰ ਕਰਦੀ ਹੈ । ਲੇਖਕ ਆਪਣਾ ਸੁਨੇਹਾ ਦੇਣ 'ਚ ਕਾਮਯਾਬ ਹੈ ।ਪਰ ਕਈ ਥਾਈਂ ਸਥਿਤੀਆਂ ਵਿਚ ਮੌਕਾ ਮੇਲ ਹੈ ।ਜੈਨਬ ਦਾ ਸਲਾਮ ਪੰਡਿਤ ਨੂੰ ਮਿਲਣਾ ।ਆਮ ਪਾਤਰ ਤੇ ਫਿਲਾਸਫੀ ਵੀ ਭਾਰੀ ਪੈਂਦੀ ਹੈ ।

**ਗੁਰਬਿੰਦਰ**: ਕਹਾਣੀ ਖ਼ੂਬਸੂਰਤ ਹੈ । ਕਹਾਣੀਕਾਰ ਆਪਣੀ ਗੱਲ ਕਹਿਣ ਵਿਚ ਸਫਲ ਹੈ ।ਪਰ ਜਿਹੜਾ ਪਾਤਰ ਖਾੜਕੂਆਂ ਨਾਲ ਰਲ ਜਾਂਦਾ ਹੈ ।ਕੈਂਪ ਚੋਂ ਭੱਜ ਕੇ ਸਹਿਜ ਜਿਹੀ ਜ਼ਿੰਦਗੀ ਸ਼ੁਰੂ ਕਰ ਲੈਂਦਾ ਹੈ ।ਉਹ ਸਹਿਜ ਨਹੀਂ ਲੱਗਦਾ ।

**ਜਸਪਾਲ ਮਾਨਖੇੜਾ:** ਕਹਾਣੀ ਬਾਰੇ ਕਾਫੀ ਗੱਲਾਂ ਹੋ ਗਈਆਂ । ਕਹਾਣੀ ਖ਼ੂਬਸੂਰਤ ਤਾਂ ਹੈ ਹੀ ਆਪਣਾ ਸੁਨੇਹਾ ਦੇਣ ਵਿਚ ਵੀ ਕਾਮਯਾਬ ਹੁੰਦੀ ਹੈ । ਖਾਸ ਤੌਰ ਤੇ ਸਰਕਾਰ ਦਾ ਜ਼ਬਰ ਅਤੇ ਅੱਤਵਾਦੀਆਂ ਦਾ ਟਰੇਨਿੰਗ ਦੌਰਾਨ ਰੋਲ ਲੇਖਕ ਨੇ ਕਲਾਤਮਕ ਤਰੀਕੇ ਨਾਲ ਨਿਸ਼ਾਨੇ 'ਤੇ ਲਿਆ ਕੇ ਕੰਡੈਮ ਕਰ ਦਿੱਤੇ ਹਨ । ਬਿਨਾਂ ਲੈਕਚਰ ਦੇ ਪਾਠਕ ਸਹਿਜ ਰੂਪ ਵਿਚ ਗ੍ਰਹਿਣ ਕਰ ਲੈਂਦਾ ਹੈ ਕਿ ਕਸ਼ਮੀਰ ਦਾ ਅਵਾਮ ਬਿਨ੍ਹਾਂ ਕਸੂਰ ਤੋਂ ਹੀ ਦੋਵੇਂ ਪਾਸੇ ਦੀਆਂ ਸਰਕਾਰ ਤੇ ਫੌਜ ਦਾ ਜਬਰ ਜੁਲਮ ਸਹਿ ਰਿਹਾ ਹੈ । ਪਾਠਕ ਕਹਾਣੀ ਦੇ ਮਾਧਿਅਮ ਰਾਹੀਂ ਜਾਣ ਜਾਂਦਾ ਹੈ ਕਿ ਜੇ ਦੋਵੇ ਪਾਸੇ ਦੀਆਂ ਸਰਕਾਰਾਂ ਗ਼ਲਤ ਹਨ ਤਾਂ ਦਰੁਸਤ ਅੱਤਵਾਦੀ ਜਾਂ ਮੁਜਾਹਦੀਨ ਵੀ ਨਹੀਂ । ਕਸ਼ਮੀਰ ਵਿਚ ਘਾਣ ਮਨੁੱਖਤਾ ਦਾ ਹੋ ਰਿਹਾ ਹੈ । ਜਿੱਥੇ ਕਹਾਣੀ ਵਿਸ਼ੇ ਦੇ ਪੱਖ ਤੋਂ ਉਤਮ ਹੋ ਉਥੇ ਰੂਪਕ ਪੱਖ ਤੋਂ ਕਹਾਣੀ ਵਿਚ ਖਾਮੀਆਂ ਵੀ ਹਨ । ਭਾਸ਼ਾ, ਪਾਤਰਾਂ ਦੇ ਮੂੰਹ ਵਿਚ ਲੇਖਕ ਦੇ ਸ਼ਬਦ ਤੇ ਮੌਕਾ ਮੇਲ ਦੇ ਨਾਲ ਕਹਾਣੀ ਸਮੇਂ ਦਾ ਅੰਤਰਾਲ ਵੀ ਬਹੁਤ ਲੰਬਾ ਹੈ । ਸਲਾਮ ਪੰਡਿਤ ਨੌਜਵਾਨ ਅਵਸਥਾ ਵਿਚ ਫੌਜ ਦੇ ਜੁਲਮ ਦਾ ਸਤਾਇਆ ਘਰੋਂ ਭੱਜ ਕੇ ਪਾਕਿਸਤਾਨ ਦੇ ਟਰੇਨਿੰਗ ਸੈਂਟਰ ਵਿਚ ਜਾਂਦਾ ਹੈ । ਕਹਾਣੀ ਦੇ ਅੰਤ ਵਿਚ ਜਦੋਂ ਉਹ ਫੜਿਆ ਜਾਂਦਾ ਹੈ। ਦੋ ਬੱਚਿਆਂ ਦਾ ਬਾਪ ਪਕਰੋੜ ਆਦਮੀ ਬਣ ਗਿਆ ਹੁੰਦਾ ਹੈ । ਕਹਾਣੀ ਸਿਧੀ ਚੱਲਦੀ ਹੈ ਕਿਤੇ ਫਲੈਸ ਬੈਂਕ ਨਹੀਂ ਜਿਸ ਕਾਰਨ ਕਾਲ ਬਹੁਤ ਲੰਬਾ ਹੈ । ਇਹ ਸੀਮਤ ਘਾਟਾਂ ਰਹਿਣ ਦੇ ਬਾਵਜੂਦ ਵੀ ਕਹਾਣੀ ਆਪਣੇ ਉਦੇਸ਼ ਵਿਚ ਸਫਲ ਹੈ ।

**ਪਰਮਜੀਤ ਮਾਨ:** ਕਹਾਣੀ ਵਧੀਆ ਹੈ ਪਰ ਕੁੱਝ ਬੇਲੋੜਾ ਵਿਸਥਾਰ ਹੈ। ਖਾਸ ਤੌਰ ਤੇ ਸਟਾਰਟਿੰਗ ਦੇ ਦੋ ਤਿੰਨ ਪਹਿਰੇ ਅਗਲੀਆਂ ਗੱਲਾਂ ਦੀ ਵਿਆਖਿਆ ਹੀ ਕਰਦੇ ਹਨ ।

**ਡਾ.ਸ਼ਿੰਦਰਪਾਲ:** ਮੈਂ ਖਾਲਿਦ ਸਾਹਿਬ ਦੀ ਸਿਰਫ ਇਸ ਕਹਾਣੀ ਦੀ ਹੀ ਨਹੀਂ ਸਗੋਂ ਉਨ੍ਹਾਂ ਵੱਲੋਂ ਲਿਖੇ ਸਮੁੱਚੇ ਸਾਹਿਤ ਦੀ ਗੱਲ ਕਰਾਂਗਾ । ਪਿਛਲੇ ਦਿਨਾਂ ਵਿਚ ਮੈਂ ਉਨ੍ਹਾਂ ਦੀਆਂ ਸਾਰੀਆਂ ਲਿਖਤਾਂ ਦਾ ਵਿਸ਼ੇਸ਼ ਅਧਿਐਨ ਕੀਤਾ ਹੈ । ਉਨ੍ਹਾਂ ਦੁਆਰਾ ਲਿਖਿਆ ਗਿਆ ਸਾਹਿਤ ਕਲਾ ਅਤੇ ਵਿਸ਼ੇ ਦੇ ਪੱਖ ਤੋਂ ਉਚਤਮ ਕਲਾ ਕ੍ਰਿਤਾਂ ਹਨ । ਉਨ੍ਹਾਂ ਕੋਲ ਗੱਲ ਕਹਿਣ ਦਾ ਆਪਣਾ ਅੰਦਾਜ ਹੈ । ਉਨ੍ਹਾਂ ਦਾ ਅੰਦਾਜੇ ਬਿਆਨ ਖ਼ੂਬਸੂਰਤ ਦੇ ਨਾਲ ਲੋਕ ਪੱਖੀ ਦ੍ਰਿਸ਼ਟੀ ਤੋਂ ਵੀ ਖਰਾ ਉਤਰਦਾ ਹੈ । ਉਨ੍ਹਾਂ ਹਮੇਸ਼ਾ ਲੋਕ ਪੱਖੀ ਪੈਂਤੜੇ ਤੇ ਖੜ ਕੇ ਸਿਰਜਣਾ ਕੀਤੀ ਹੈ । ਉਨ੍ਹਾਂ ਦੀਆਂ ਕਹਾਣੀਆਂ ਦੇ ਪਾਤਰ ਦੱਬੇ ਕੁੱਚਲੇ ਕਿਰਤੀ ਲੋਕ ਹੁੰਦੇ ਹਨ । ਕਸ਼ਮੀਰ ਬਾਰੇ ਲਿਖੀਆਂ ਗਈਆਂ ਰਚਨਾਵਾਂ ਵਿਚ ਉਨ੍ਹਾਂ ਦੇ ਪਾਤਰ ਦੋ ਪਾਸੀ ਜ਼ਬਰ ਦਾ ਸ਼ਿਕਾਰ ਹੁੰਦੇ ਹਨ । ਲੇਖਕ ਕਸ਼ਮੀਰ ਦੇ ਲੋਕਾਂ ਦੀ ਤ੍ਰਾਸਦੀ ਸਿਰਜਕੇ ਹਮੇਸ਼ਾ ਮਾਨਵ ਪੱਖੀ ਦ੍ਰਿਸ਼ਟੀ ਪੇਸ਼ ਕਰਦਾ ਹੈ । ਇਸ ਕਹਾਣੀ ਵਿਚ ਦੋਵੇਂ ਪਾਸੇ ਦੀ ਫੌਜ ਦੇ ਜਬਰ ਦਾ ਸ਼ਿਕਾਰ ਮੁੱਖ ਪਾਤਰ ਮਾਨਵਤਾ ਦਾ ਪੱਲਾ ਨਹੀਂ ਛੱਡਦਾ । ਆਵਾਮ ਭਾਵੇਂ ਇਧਰਲਾ ਹੋਵੇ ਭਾਵੇਂ ਉਧਰਲਾ ਹਮੇਸ਼ਾ ਸਰਕਾਰਾਂ ਤੇ ਅੱਤਵਾਦੀਆਂ ਦੇ ਜੁਲਮਾਂ ਦਾ ਸ਼ਿਕਾਰ ਹੁੰਦਾ ਹੈ । ਸਰਕਾਰਾਂ ਦੀਆਂ ਲੋਕ-ਮਾਰੂ ਨੀਤੀਆਂ ਨੇ ਜੰਨਤ ਦਾ ਰੂਪ ਕਸ਼ਮੀਰ ਦੋਜਖ ਬਣਾ ਰੱਖਿਆ ਹੈ ਜਿਸ ਨੂੰ ਆਪਣੀਆਂ ਰਚਨਾਵਾਂ ਵਿਚ ਖਾਲਿਦ ਹੁਸੈਨ ਨੇ ਬਹੁਤ ਹੀ ਕਲਾਮਈ ਤਰੀਕੇ ਨਾਲ ਬਾਖ਼ੂਬੀ ਸਿਰਜਿਆ ਹੈ ।

## ਜਸਵੀਰ ਰਾਣਾ-ਛੋਟੀ ਜਿਹੀ ਬੇਵਫਾਈ

**ਜਸਪਾਲਜੀਤ:** ਰਾਣਾ ਦੀ ਇਸ ਕਹਾਣੀ ਨੂੰ ਮੈਂ ਇੱਕ ਪਾਠਕ ਵਜੋਂ ਇਸ ਅੰਦਰ



ਪ੍ਰਸਤੁਤ ਯਥਾਰਥ ਅਤੇ ਪਲਾਂਟ ਪੈਟਰਨ ਦੇ ਅਧਾਰ ਤੇ ਸਮਝਣ ਦਾ ਯਤਨ ਕੀਤਾ ਹੈ । ਇਸ ਕਹਾਣੀ ਵਿਚ ਗਲੋਬਲਾਈਜ਼ੇਸ਼ਨ, ਉਪਭੋਗਤਾਵਾਦੀ ਦੌਰ ਵਿਚ ਸਮਾਜਿਕ ਸਭਿਆਚਾਰਕ ਦੇ ਵਿਘਟਨ ਅਤੇ ਦਵੰਧ ਨੂੰ ਪੇਸ਼ ਕੀਤਾ ਹੈ । ਇਸ ਅਧਾਰ ਤੇ ਇਸ ਕਹਾਣੀ ਵਿਚ ਪ੍ਰਸਤੁਤ ਹੋ ਰਹੇ ਰਿਸ਼ਤਿਆਂ ਦੇ ਦੋ ਪੈਟਰਨ ਬਣਦੇ ਹਨ । ਇੱਕ ਉਹ ਰਿਸ਼ਤੇ ਜੋ ਉਪਭੋਗਤਾਵਾਦੀ ਪ੍ਰਵਿਰਤੀ ਦੇ ਧਾਰਨੀ ਹਨ ਅਤੇ ਇੱਕ ਉਹ ਜੋ ਤਰਕੀ ਦਾਇਰਿਆਂ ਪੈਟਰਨਾਂ ਦੁਆਰਾ ਸਿਰਜੇ ਗਏ ਹਨ । ਇਸ ਕਹਾਣੀ ਦੇ ਸੁਰੂ ਤੋਂ ਅੰਤ ਤੱਕ ਮੈਂ ਪਾਤਰ ਮਾਨਸਿਕ ਤਣਾਓ ਭੋਗਦਾ ਹੈ ਅਤੇ ਇਸ ਤਣਾਉ ਵਿਚੋਂ ਹੀ ਉਹ ਬਾਹਰੀ ਯਥਾਰਥ ਨਾਲ ਨਜਿਠਣ ਦੀ ਲਗਾਤਾਰ ਵਿਉਤਬੰਦੀ ਕਰਦਾ ਰਹਿੰਦਾ ਹੈ । ਇਥੇ ਇੱਕ ਰਿਸ਼ਤਾ ਸਾਹਿਲ ਅਤੇ ਉਸ ਦੀ ਸਵੈ-ਪਸੰਦ ਤੇ ਉਸਰਿਆ ਹੈ । ਇਹ ਰਿਸ਼ਤਾ ਗਲੋਬਲੀ/ ਉਪਭੋਗੀ ਰਿਸ਼ਤਿਆਂ ਦੀ ਪ੍ਰਤੀਨਿਧਤਾ ਕਰਦਾ ਹੈ । ਉਪਭੋਗਵਾਦੀ ਦੌਰ ਵੀ ਸਾਡੇ ਸਮਾਜਿਕ-ਸਭਿਆਚਾਰਕ ਰਿਸ਼ਤੇ ਕਿਸੇ ਪਰਪੱਕਤਾ ਅਤੇ ਸਦੀਵਤਾ ਦੇ ਧਾਰਨੀ ਨਹੀਂ ਰਹੇ । ਇਹ ਬਜ਼ਾਰੂ ਕੀਮਤਾਂ ਵਾਂਗ ਪਲ-ਪਲ ਬਦਲਦੇ ਰਹਿੰਦੇ ਹਨ । ਇਹ ਰਿਸ਼ਤੇ ਉਪਭੋਗਤਾ ਵਿਚੋਂ ਨਿੱਤ ਨਵੇਂ ਰਿਸ਼ਤੇ ਲੱਭਣ ਦੇ ਆਹਰ ਵਿਚ ਰਹਿੰਦੇ ਹਨ । ਸਾਹਿਲ ਦਾ ਪ੍ਰੇਮੀ ਜੋ ਉਸ ਦਾ ਹੋਣ ਵਾਲਾ ਪਤੀ ਵੀ ਹੈ ਆਪ ਆਪਣੇ ਨਿਰਧਾਰਤ ਰਿਸ਼ਤੇ ਤੋਂ ਬਾਹਰੀ ਸੰਬੰਧਾਂ ਵਿਚ ਜੁੜਿਆ ਹੋਇਆ ਹੈ । ਪ੍ਰੰਤੂ ਸਮਾਜਿਕ-ਸਾਂਸਕ੍ਰਿਤਿਕ ਧਰਾਤਲ ਤੇ ਉਹ ਜਿਸ ਕੁੜੀ ਨੂੰ ਪਤਨੀ ਦੇ ਰੂਪ ਵਿਚ ਸਵੀਕਾਰਨਾ ਚਾਹੁੰਦਾ ਹੈ ਉਹ ਉਸ ਤੋਂ ਪਿਤਰਕੀ ਪ੍ਰਤੀਬੱਧਤਾ ਦੀ ਮੰਗ ਕਰਦਾ ਹੈ । ਸਾਹਿਲ ਇੱਕ ਉੱਚ ਵਿੱਦਿਆ ਪ੍ਰਾਪਤ ਲੜਕੀ ਹੈ । ਉਹ ਆਪਣੇ ਵਿਅਕਤੀਤਵ ਅਤੇ ਪਛਾਣ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ । ਜਦੋਂ ਉਹ ਸ਼ੋਸ਼ਲ ਮੀਡੀਏ ਤੇ ਵਾਰ-ਵਾਰ ਆਪਣਾ ਸਟੇਟਸ ਅਪਲੋਡ ਕਰਦੀ ਹੈ ਤਾਂ ਉਸ ਦੇ ਮੰਗੇਤਰ ਅੰਦਰ ਮਰਦਾਵੀ ਹਓ/ਹੈਜਮਨੀ ਇਹ ਸਵੀਕਾਰ ਨਹੀਂ ਕਰਦੀ । ਉਹ ਉਸ ਨੂੰ ਵਰਜਦਾ ਹੈ:

ਸਾਹਿਲ ਦਾ ਭਰਾ ਪਿਤਰਕੀ ਘੇਰਿਆਂ ਵਿਚ ਵਿਚਰਦਾ ਆਪਣੇ ਸਮਾਜਿਕ ਫ਼ਰਜਾਂ ਦੀ ਪੂਰਤੀ ਲਈ ਸਾਹਿਲ ਦੇ ਰਿਸ਼ਤੇ ਦੀ ਬੜੀ ਕੋਸ਼ਿਸ਼ ਕਰਦਾ ਹੈ ਪ੍ਰੰਤੂ ਸਰੀਰਕ ਊਣਤਾ ਅਤੇ ਸਾਹਿਲ ਦੇ ਆਪਣੇ ਵਿਚਾਰਾਂ ਕਾਰਨ ਕਿਸੇ ਸਿੱਟੇ ਤੇ ਨਹੀਂ ਪਹੁੰਚਦਾ । ਕਹਾਣੀ ਦੇ ਅੰਤ ਤੇ ਰਵਨੀਤ ਦੀਆਂ ਇਹ ਟਿੱਪਣੀਆਂ ਸਮਾਜਿਕ ਰਿਸ਼ਤਿਆਂ ਤੇ ਪਿਤਰਕੀ ਪੈਟਰਨਾਂ ਦੀ ਪਕੜ ਦਾ ਪ੍ਰਤੀਕ ਬਣਦੀਆਂ ਹਨ । ਇਸ ਤਰ੍ਹਾਂ ਇਹ ਕਹਾਣੀ ਉਪਭੋਗਤਾਵਾਦੀ ਦੌਰ ਵਿਚ ਸਮਾਜਿਕ ਰਿਸ਼ਤਿਆਂ ਦੇ ਵਿਘਟਨ ਅਤੇ ਪਿਤਰਕੀ ਰਿਸ਼ਤਿਆਂ ਦਾ ਸਮਮਰਤਾ ਦੇ ਤੁਲਨਾਤਮਿਕ ਸਮੀਕਰਨਾਂ ਰਾਹੀਂ ਪਿਤਰਕੀ ਰਿਸ਼ਤਿਆਂ ਦੀ ਪ੍ਰੋੜਤਾ ਕਰਦੀ ਪ੍ਰਤੀਤ ਹੁੰਦੀ ਹੈ । ਇੱਥੇ ਇਨ੍ਹਾਂ ਪਹਿਲੂਆਂ ਤੋਂ ਇਲਾਵਾ ਕੁਝ ਹੋਰ ਵੀ ਤੱਥ ਹਨ ਜੋ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ ।

ਕਹਾਣੀਕਾਰ ਨੇ ਜਿਸ ਘਟਨਾ ਤੇ ਇਹ ਕਹਾਣੀ ਦੀ ਉਸਾਰੀ ਕੀਤੀ ਉਹ ਬਹੁਤੀ ਸੰਭਾਵਿਕ ਨਹੀਂ ਜਾਪਦੀ । ਆਪਣੀ ਮੰਗੇਤਰ ਦੇ ਸਟੇਟਸ ਅਪਲੋੜ ਕਰਨ ਨਾਲ ਹੀ ਉਸ ਦੇ ਚਰਿਤਰ ਦੇ ਸ਼ੱਕ ਕਰਨਾ ਅਤੇ ਇਸ ਦੇ ਸਿੱਟੇ ਵਜੋਂ ਉਸ ਤੇ ਤੇਜ਼ਾਬ ਪਾ ਦੇਣਾ ਮਨੁੱਖ ਦਾ ਉਪਭੋਗੀ ਬਿਰਤੀ ਦਾ ਪਤਾ ਚੱਲਦੀ ਹੈ ਪ੍ਰੰਤੂ ਘਟਨਾ ਵਿਚ ਸੁਭਾਵਿਕਤਾ ਪੈਦਾ ਨਹੀਂ ਕਰਦੀ ।

ਕਹਾਣੀਕਾਰ ਸਾਹਿਲ ਦੇ ਦੁਖਾਂਤ ਨੂੰ ਕੇਂਦਰ ਵਿਚ ਰੱਖਣ ਦੀ ਕੋਸ਼ਿਸ਼ ਕਰਦਾ ਹੈ ਪ੍ਰੰਤੂ ਉਸ ਦੇ ਦੁਖਾਂਤ ਨਾਲ ਜੁੜੇ ਪਹਿਲੂਆਂ ਨੂੰ ਉਹ ਵਿਸਥਾਰਦਾ ਨਹੀਂ ਸਗੋਂ ਬਹੁਤ ਥੋੜ੍ਹੇ ਸ਼ਬਦਾਂ ਵਿਚ ਸਮੇਟ ਦਿੰਦਾ ਹੈ । ਕਹਾਣੀ ਦੇ ਵਾਰਤਲਾਪ ਤੋਂ ਲੱਗਦਾ ਹੈ ਕਿ ਸਾਹਿਲ ਆਰਥਿਕ ਤੌਰ ਤੇ ਆਤਮ

ਨਿਰਭਰ ਹੈ ਪ੍ਰੰਤੂ ਕਹਾਣੀਕਾਰ ਇਹ ਨਹੀਂ ਦੱਸਦਾ ਕਿ ਜੇਕਰ ਆਰਥਿਕ ਤੌਰ ਤੇ ਨਿਰਭਰ ਹੈ ਤਾਂ ਕਿਸ ਕਿੱਤੇ ਨਾਲ ਜੁੜੀ ਹੋਈ ਹੈ ।ਪਾਠਕ ਦੀ ਸਾਹਿਲ ਬਾਰੇ ਹੋਰ ਜਾਨਣ ਦੀ ਰੁੱਚੀ ਬਣੀ ਰਹਿੰਦੀ ਹੈ ਪ੍ਰੰਤੂ ਕਹਾਣੀਕਾਰ ਆਪਣੇ ਬਿਰਤਾਂਤ ਦੀ ਸਿਰਜਨਾ ਮੈਂ ਪਾਤਰ ਦੁਆਲੇ ਹੀ ਸੀਮਤ ਕਰ ਦਿੰਦਾ ਹੈ ।

ਕਹਾਣੀ ਵਿਚ ਇਹ ਵੀ ਰਹੱਸ ਬਣਿਆ ਰਹਿੰਦਾ ਹੈ ਕਿ ਕਹਾਣੀ ਵਿਚਲਾ ਦੁਖਾਂਤ ਤੇ ਤਣਾਉ ਸਾਹਿਲ ਨਾਲ ਜੁੜੀਆਂ ਘਟਨਾਵਾਂ ਨਾਲ ਬਿਆਨ ਹੈ ਕਿ ਮੈਂ ਪਾਤਰ ਅਤੇ ਰਵਨੀਤ ਨਾਲ ਜੁੜੇ ਉਸ ਨਾ ਪਸੰਦ ਅਧਾਰਿਤ ਰਿਸ਼ਤੇ ਨਾਲ ਹਨ ।ਰਵਨੀਤ ਦੀ ਆਪਣੇ ਰਿਸ਼ਤੇ ਅਤੇ ਭੂਮਿਕਾ ਪ੍ਰਤੀ ਚੇਤੰਨਤਾ ਵੀ ਇਹ ਤੱਥ ਨਹੀਂ ਉਭਾਰਦੀ ਕਿ ਰਵਨੀਤ ਕਿਸੇ ਤਰ੍ਹਾਂ ਮਾਨਸਿਕ ਤੌਰ ਤੇ ਦੁੱਖੀ ਹੈ ।ਇਸ ਦੇ ਉਲਟ ਉਸ ਦੇ ਵਾਰਤਾਲਾਪ ਪਿਤਰਕੀ ਰਿਸ਼ਤਿਆਂ ਦੀ ਸਮਗਰਤਾ ਦੀ ਪ੍ਰੌੜਤਾ ਕਰਦੇ ਪ੍ਰਤੀਤ ਹੁੰਦੇ ਹਨ ।ਜਿਸ ਦੇ ਸਿੱਟੇ ਵਜੋਂ ਪਾਠਕ ਕਹਾਣੀਕਾਰ ਦੀ ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਨੂੰ ਸਮਝਣ ਤੋਂ ਅਸਮਰਥ ਹੋ ਜਾਂਦਾ ਹੈ ।

ਜਸਵੀਰ ਰਾਣਾ ਕੋਲ ਆਪਣੀ ਨਿਵੇਕਲੀ ਬਿਰਤਾਂਤ ਸਿਰਜਣ ਦੀ ਕਲਾ ਹੈ ।ਇਸ ਕਰਕੇ ਉਹ ਕਿਤੇ ਬਿਰਤਾਂਤ ਨੂੰ ਬੋਝਲ ਨਹੀਂ ਬਣਨ ਦਿੰਦਾ ਪ੍ਰੰਤੂ ਕੁਝ ਸਵਾਲ ਫਿਰ ਵੀ ਪਾਠਕ ਦੀ ਚੇਤਨਾ ਅੰਦਰ ਲਗਾਤਾਰ ਲਟਕਦੇ ਰਹਿੰਦੇ ਹਨ ਜਿਵੇਂ:ਹਰਮੀਤ ਦੀ ਮੌਤ ਦਾ ਕਹਾਣੀ ਦੇ ਪਲਾਟ ਨਾਲ ਕੀ ਸੰਬੰਧ ਹੈ ।ਕੀ ਸਾਹਿਲ ਜੋ ਵੱਡੇ ਦੁਖਾਂਤ ਵਿੱਚ ਲੰਘ ਚੁੱਕੀ ਹੈ: ਇੰਨੀ ਸਹਿਜ ਜ਼ਿੰਦਗੀ ਜਿਉਂ ਸਕਦੀ ਹੈ ? ਕੀ ਸਾਰੇ ਰਿਸ਼ਤੇ ਹੀ ਤੇਜ਼ਾਬੀ ਹੋ ਗਏ ਹਨ ? ਕੀ ਪਿਤਾ-ਪੁਰਖੀ ਦੁਆਰਾ ਸਿਰਜੇ ਰਿਸ਼ਤੇ ਪੂੰਜੀਵਾਦੀ ਉਪਭੋਗੀ ਰਿਸ਼ਤਿਆਂ ਤੋਂ ਮਜ਼ਬੂਤ ਹਨ ।

ਮੈਂ ਪਾਤਰ ਦੇ ਸਾਹਮਣੇ ਕੀ ਸਾਹਿਲ ਦਾ ਦੁਖਾਂਤ ਵੱਡਾ ਹੈ ਜਾਂ ਰਵਨੀਤ ਦੀ ਦੱਸੀ ਘਟਨਾ ਦਾ ਤਣਾਉ ਹੈ ? ਇਹ ਅਜਿਹੇ ਪ੍ਰਸ਼ਨ ਹਨ ਜਿਨ੍ਹਾਂ ਦਾ ਕਹਾਣੀ ਦੇ ਅੰਤ ਹੋਣ ਤੇ ਵੀ ਪਾਠਕ ਨੂੰ ਜਵਾਬ ਨਹੀਂ ਮਿਲਦਾ ।ਅੰਤ ਕਹਾਣੀ ਜਿਸ ਦੁਖਾਂਤ ਪਹਿਲੂ ਨਾਲ ਸ਼ੁਰੂ ਹੁੰਦੀ ਹੈ ।ਉਸ ਤੇ ਕੇਂਦਰਿਤ ਨਾ ਰਹਿ ਕੇ ਆਪਣਾ ਅੰਤ ਪ੍ਰਾਪਤ ਕਰ ਲੈਂਦੀ ਹੈ ।ਇਥੇ ਕਹਾਣੀਕਾਰ ਦੀ ਕਈ ਵਾਰ ਪਾਠਕ ਨੂੰ ਦ੍ਰਿਸ਼ਟੀ ਵੀ ਸਪੱਸ਼ਟ ਨਹੀਂ ਹੁੰਦੀ ।

**ਖੁਸ਼ਵੰਤ ਬਰਗਾੜੀ:** ਮੈਂ ਰਾਣੇ ਦੀਆਂ ਕਹਾਣੀਆਂ ਦਾ ਦੀਵਾਨਾ ਹਾਂ ।ਰਾਣਾ ਜਿਵੇਂ ਮਨੁੱਖੀ ਰਿਸ਼ਤਿਆਂ ਨੂੰ ਫੜਦਾ ਹੈ, ਮੈਨੂੰ ਚੰਗਾ ਲੱਗਦੈ ।ਇਸ ਕਹਾਣੀ ਵਿਚ ਵੀ ਉਸਨੇ ਮਨੁੱਖੀ ਰਿਸ਼ਤਿਆਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਹੈ । ਕਹਾਣੀ ਤੇ ਥੋੜ੍ਹਾ ਜਿਹਾ ਮਾਸ ਘੱਟ ਹੈ ।ਚੀਜ਼ਾਂ ਤੇਜ਼ੀ ਨਾਲ ਵਾਪਰਦੀਆਂ ਹਨ ।ਕਹਾਣੀਕਾਰ ਕਹਾਣੀ ਨੂੰ ਛੇਤੀ ਖ਼ਤਮ ਕਰਨਾ ਚਾਹੁੰਦੈ ।ਪਾਠਕਾਂ ਜਾਂ ਸੋਰਤੇ ਨੂੰ ਐਂ ਲਗਦੈ ਕਿ ਸਾਹਿਲ ਕਿਹੜੀਆਂ ਪ੍ਰਸਥਿਤੀਆਂ ਵਿਚ ਗੁਜ਼ਰ ਰਹੀ ਹੈ ।ਉਸਦੇ ਨਾਲ ਵਿਵਹਾਰ ਕਿਵੇਂ ਹੋ ਰਿਹੈ ।ਮੈਂ ਪਾਤਰ ਦਾ ਹਰਮੀਤ ਨਾਲੋਂ ਰਿਸ਼ਤਾ ਟੁੱਟ ਨਹੀਂ ਰਿਹਾ ।ਉਹ ਰਿਸ਼ਤਾ ਉਸਰ ਕਿਵੇਂ ਰਿਹੈ ।ਮੈਨੂੰ ਇਹ ਪੱਖ ਕਹਾਣੀ ਚੋਂ ਗੈਰ ਹਾਜ਼ਰ ਨਜ਼ਰ ਆਉਂਦੈ ।ਰਵਨੀਤ ਦੀ 'ਮੈਨੂੰ ਤੂੰ ਕਿਹੜਾ ਪਸੰਦ ਸੀ' ਦੀ ਸੋਚ ਕਿਨ੍ਹਾਂ ਸਥਿਤੀਆਂ 'ਚੋਂ ਨਿਕਲਦੀ ਹੈ ।ਐਦਾਂ ਦੀਆਂ ਛੋਟੀਆਂ-ਛੋਟੀਆਂ ਚੀਜ਼ਾਂ ਦੀ ਗੈਰਹਾਜ਼ਰੀ ਮੈਨੂੰ ਰੜਕਦੀ ।ਰਾਣੇ ਦੀਆਂ ਹੋਰ ਕਹਾਣੀਆਂ ਦੀ ਪੇਸ਼ਕਾਰੀ ਏਦੂੰ ਬੇਹਤਰੀਨ ਸੀ ।

**ਸੁਖਜਿੰਦਰ ਸਿੰਘ:** ਜਸਵੀਰ ਦੀ ਕਹਾਣੀ 'ਚ ਔਰਤ ਦਾ ਬਿੰਬ ਤ੍ਰਾਸਦੀ ਰੂਪ ਵਿਚ ਇਕ ਪ੍ਰਵਾਹ ਦੀ ਤਰ੍ਹਾਂ ਚੱਲ ਰਿਹੈ ।ਤੇਜ਼ਾਬ ਪੈ ਗਿਆ-ਨਾਰਮਲ ਗੱਲ ।ਘਟਨਾ ਵਾਪਰ ਗਈ ਹੋ



ਗਿਆ, ਸਮਾਜ ਉਹਦੇ 'ਚ ਸਮਾਜ ਨੂੰ ਸੇਧ ਕੀ ਦੇਣੀ ਹੈ ? ਕੀ ਉਹ ਨਾਰੀਵਾਦੀ ਚੇਤਨਾ ਦੇ ਰੂਪ ਚ ਸਾਡੇ ਸਾਹਮਣੇ ਉੱਭਰ ਕੇ ਆਉਂਦੀ ਹੈ ।ਸਾਹਿਲ ਪੜ੍ਹੀ ਲਿਖੀ ਹੈ, ਜੌਬ ਕਰ ਰਹੀ ਹੈ ।ਪਰ ਕੀ ਉਹ ਤ੍ਰਾਸਦੀ ਚੋਂ ਉੱਪਰ ਉਠਕੇ ਆ ਰਹੀ ਹੈ । ਕੀ ਉਹ ਲੜ ਰਹੀ ਹੈ ? ਇਹੋ ਜਿਹਾ ਕੋਈ ਵੀ ਪੱਖ ਕਹਾਣੀ ਵਿਚ ਮੈਨੂੰ ਨਜ਼ਰ ਨਹੀਂ ਆਇਆ ।ਜੋ ਹੋਣਾ ਚਾਹੀਦਾ ਸੀ ।ਉਹ ਲੜ ਨਹੀਂ ਰਹੀ ਬਲਕਿ ਪਿਤਰਕੀ ਰਿਸ਼ਤਿਆਂ ਨਾਤਿਆਂ ਦੇ ਅੰਤਰਗਤ ਹੈ ।ਅਤਿਆਚਾਰ ਦਾ ਸ਼ਿਕਾਰ ਹੋ ਕੇ ਵੀ ਲੜਦੀ ਨਹੀਂ ।

**ਹਰਦੀਪ ਸਿੰਘ:** ਮੈਨੂੰ ਵੀ ਲਗਦੈ ਜੋ ਤਣਾਓ ਸਿਰਜਿਐ ਉਸ ਵਿਚ ਊਣਤਾਈਆਂ ਰਹਿ ਗਈਆਂ, ਟੱਕਰ ਜਲਦੀ ਖ਼ਤਮ ਹੋ ਜਾਂਦੀ ਹੈ ।ਰਾਣਾ ਜੀ ਨੂੰ ਮੈਂ ਇਕ ਦੋ ਸਵਾਲ ਹੀ ਪੁੱਛਣਾ ਚਾਹੁੰਦਾ ਹਾਂ ।ਰਵਨੀਤ ਫਿਕਰ ਵਿਚ ਹੋਰ ਵੀ ਸੋਹਣੀ ਲੱਗਦੀ ਹੈ, ਇਹ ਜਿਹੜੀ ਮਰਦਾਵੀਂ ਸੋਚ ਹੈ- ਇਸ ਵਿਚ ਲੇਖਕ ਕੀ ਦਰਸਾ ਰਿਹਾ ਹੈ ।ਪਾਤਰ ਦੇ ਨਾਂ ਦੇ ਮਹਿਣੇ ਹੁੰਦੇ ਹਨ ਪਰ ਸਾਹਿਲ ਦਾ ਨਾਂ ਪ੍ਰਭਾਸ਼ਿਤ ਨਹੀਂ ਹੁੰਦਾ ।

**ਗੁਰਦੇਵ ਖੋਖਰ:** ਕਹਾਣੀਕਾਰ ਨੇ ਗਿਵਨ ਸਿਚੂਏਸ਼ਨ ਵਿਚ ਰਿਸ਼ਤਿਆਂ ਦਾ ਜਟਿਲਤਾ ਨੂੰ ਜਸਟੀਫਾਈ ਕੀਤੈ, ਇਹ ਜਸਟੀਫੀਕੇਸ਼ਨ ਉਸ ਸਥਿਤੀ 'ਚ ਹੈ ।ਕਹਾਣੀ 'ਚ ਬਿਆਨ ਹੈ । ਬਿਰਤਾਂਤ ਚੋਂ ਪਿਛੋਕੜ ਗਾਇਬ ਹੈ ।ਜੇ ਉਹ ਕੁੜੀ ਪੜ੍ਹ ਲਿਖ ਕੇ ਆਪਣੇ ਪੈਰਾਂ ਸਿਰ ਵੀ ਹੈ ਤਾਂ ਉਹ ਅਜੇ ਵੀ ਆਪਣੀ ਹੋਣੀ ਦਾ ਫੈਸਲਾ ਨਹੀਂ ਕਰ ਸਕਦੀ ।ਲੇਖਕ ਦੀ ਇਹ ਗੱਲ ਸਥਾਪਤ ਹੋਈ ਹੈ ਕਿ ਸਾਡੇ ਅਰਧ-ਜਗੀਰੂ ਸਮਾਜ 'ਚ ਉਹ ਗੱਲ ਪਈ ਹੈ ਪਿਤਰਕੀ ਸਤ੍ਹਾ 'ਚ ਵਿਆਹ ਸ਼ਾਦੀਆਂ ਦੀ ਸਾਰਥਕਤਾ ਉਨ੍ਹਾਂ ਮੁੱਲਾਂ 'ਚ ਪਈ ਹੈ ਜੋ ਸਥਿਤੀ ਅਨੁਸਾਰ ਸਾਡੇ 'ਚ ਘਰ ਕਰ ਗਏ ।ਅਸੀਂ ਉਨ੍ਹਾਂ ਤੋਂ ਅੱਗੇ ਨਹੀਂ ਜਾ ਸਕਦੇ ।ਸਾਡੀ ਮਾਨਸਿਕਤਾ ਹੈ ਕਿ ਜੇ ਕੋਈ ਲੜਕੀ ਪਿਆਰ, ਪਿਆਰ ਵਿਆਹ ਬਾਰੇ ਸੋਚੇ ਤਾਂ ਸਾਡਾ ਘਰ ਬਾਰ ਪਰਿਵਾਰ ਪ੍ਰਵਾਨ ਕਰਨ ਦੀ ਸਥਿਤੀ ਵਿਚ ਅਜੇ ਨਹੀਂ । ਇਹੀ ਕਾਰਨ ਹੈ ਕਿ ਰਵਨੀਤ ਦੇ ਇਕੋ ਵਾਕ ਨੂੰ 'ਮੈਨੂੰ ਕਿਹੜਾ ਤੂੰ ਪਸੰਦ ਸੀ' ਨਾਲ ਹੀ ਕਹਾਣੀਕਾਰ ਅੰਤ ਕਰ ਦਿੰਦਾ ਹੈ ।ਉਹ ਕਾਰਨ ਹੈ ਕਿ ਜਗੀਰੂ ਸੰਸਕਾਰ ਵਿਚ ਉਹ ਐਡਜਸਟਮੈਂਟ ਨਹੀਂ ਕਰ ਪਾਉਂਦੀ ।

**ਅਗਾਜਵੀਰ:** ਮੈਂ ਜਸਵੀਰ ਰਾਣਾ ਦਾ ਪਾਠਕ ਹਾਂ ।ਰਾਣਾ ਦੀ ਇਹ ਖੂਬਸੂਰਤੀ ਹੈ ਕਿ ਇਹ ਨਵੇਂ ਵਿਸ਼ਿਆਂ 'ਤੇ ਕਲਮ ਚਲਾਉਂਦਾ ਹੈ ।ਇਸ ਕਹਾਣੀ ਵਿਚ ਤੇਜ਼ਾਬ ਦਾ ਸ਼ਿਕਾਰ ਕੁੜੀ ਦੀ ਗੱਲ ਕੀਤੀ ਹੈ ।ਮੈਨੂੰ ਇਸ ਕਹਾਣੀ ਵਿਚ ਕੁੱਝ ਗੱਲਾਂ ਰੜਦੀਆਂ ਵੀ ਹਨ ।ਲੜਕੀ ਦੇ ਡੀ ਪੀ ਬਦਲਣ ਕਾਰਨ ਪ੍ਰੇਮੀ ਵੱਲੋਂ ਮਾਰ ਦੇਣਾ ਖੜਕਦੀ ਹੈ ।ਦੋ ਪਲਾਂਟ ਹਨ ਸਾਹਿਲ ਤੇ ਰਵਨੀਤ ਦਾ ਰਵਨੀਤ ਹੱਸਣ ਵਿਚ ਗਹਿਰ ਗੰਭੀਰ ਕਰ ਜਾਂਦੀ ਹੈ ।'ਥੋੜਾ ਤਾਂ ਚਿਹਰਾ ਵੀ ਵਰ ਦੀ ਲੋੜ ਵਰਗਾ ਹੋ ਗਿਆ'.....ਵਾਕ ਵੀ ਰੜਕਿਆ ।ਕੁੜੀ ਦੇ ਕਿੱਤੇ ਬਾਰੇ ਪਤਾ ਨਹੀਂ ਲੱਗਿਆ । ਰਾਣਾ, ਪਾਤਰ ਖਾਸ ਕਰ ਮਾਂ ਪਾਤਰ 'ਚ ਜਾਨ ਪਾ ਦਿੰਦਾ ਹੈ ।ਖੂਬਸੂਰਤ ਕਹਾਣੀ ਦਾ ਸਵਾਗਤ ਹੈ।

**ਰਵਿੰਦਰ ਸਿੰਘ ਸੰਧੂ:** ਮੈਨੂੰ ਤਾਂ ਐਂ ਲੱਗਦਾ ਹੈ ਕਿ ਇਹ ਰਵਨੀਤ ਤੇ ਮੈਂ ਪਾਤਰ ਦੀ ਕਹਾਣੀ ਹੈ, ਸਾਹਿਲ ਦੀ ਕਹਾਣੀ ਨਹੀਂ ਹੈ ।ਅੰਤ ਤੇ ਰਵਨੀਤ ਦਾ ਵਾਕ ਪਿਤਰਕੀ ਸਤ੍ਹਾਂ ਨੂੰ ਸਥਾਪਤ ਕਰਦਾ ਹੈ ।ਸਾਹਿਲ ਤਾਂ ਆਪਣੇ ਨਾਂ ਦੀ ਤਰ੍ਹਾਂ ਸਾਹਿਲ ਤੇ ਖੜ੍ਹੀ ਹੈ ।ਅਰਧ ਜਗੀਰੂ ਸਮਾਜ ਦੇ ਕਿਨਾਰੇ ਤੇ ਖੜੀ ਹੈ ।ਉਸ ਦੇ ਇਕ ਪਾਸੇ ਪਿਤਰਕੀ ਸਤ੍ਹਾ ਹੈ ਤੇ ਦੂਸਰੇ ਪਾਸੇ ਉਸ ਦਾ ਸਿਰਜਿਆ ਹੋਇਆ ਸਮਾਜ ਹੈ ।ਜਿਸ ਪਾਸੇ ਉਹ ਅਜੇ ਗਈ ਨ੍ਹੀਂ ਜਾਣਾ ਚਾਹੁੰਦੀ ਸੀ ।ਆਪਣੇ

ਨਾਂ ਦੀ ਤਰ੍ਹਾਂ ਉਹ ਤਾਂ ਸਾਨੂੰ ਉਸੇ ਸਥਿਤੀ ਵਿਚ ਖੜ੍ਹੀ ਵਿਖਾਈ ਦਿੰਦੀ ਹੈ ।ਰਨਵੀਤ ਦੀਆਂ ਨਨਾਣ ਲਈ ਰਿਸ਼ਤਾ ਲੱਭਣ ਦੀਆਂ ਸਾਰੀਆਂ ਗਤੀਵਿਧੀਆਂ, ਉਹ ਅੰਤ ਦੇ ਵਾਕ ਨਾਲ ਜਸਟੀਫਾਈ ਹੋ ਜਾਂਦੀਆਂ ਹਨ ।ਉਸ ਦਾ ਇਕ ਵਾਕ ਹੀ ਕਿੰਨੇ ਹੋਰ ਰਿਸ਼ਤਿਆਂ ਦੀ ਸਥਿਤੀ ਸਾਡੇ ਸਾਹਮਣੇ ਕਲੀਅਰ ਕਰਦਾ ਹੈ ।ਸਿਰਲੇਖ ਵੀ ਉਥੇ ਜਾ ਕੇ ਜਸਟੀਫਾਈ ਹੁੰਦੇ ।ਡੀ ਪੀ ਕਾਰਨ ਰਿਸ਼ਤਿਆਂ ਦੇ ਟੁੱਟਣ ਦੀਆਂ ਘਟਨਾਵਾਂ ਸਾਡੇ ਸਮਾਜ ਵਿਚ ਆਮ ਵਾਪਰਨ ਵਾਲੀਆਂ ਗੱਲਾਂ ਹਨ। ਇਸੇ ਕਾਰਨ ਹੀ ਸਾਹਿਲ ਸਾਨੂੰ ਕਿਨਾਰੇ ਤੇ ਖੜ੍ਹੀ ਵਿਖਾਈ ਦਿੰਦੀ ਹੈ ।ਇਹ ਕਹਾਣੀ ਹੋਰ ਵਿਸਥਾਰ ਮੰਗਦੀ ਹੈ ।ਕੁੱਝ ਗੱਲਾਂ ਹੋਰ ਕਲੀਅਰ ਕਰਨ ਦੀ ਲੋੜ ਹੈ ।ਕਹਾਣੀ ਵਿਚ ਸਾਹਿਲ ਦਾ ਵਿਆਹ ਇਕ ਵੱਡੀ ਸਮੱਸਿਆ ਬਣਕੇ ਉਭਰਦਾ ਹੈ ।ਸਮੱਸਿਆ ਤਾਂ ਇਸ ਤੋਂ ਵੀ ਵੱਡੀ ਪਈ ਐ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਜਿਨ੍ਹਾਂ ਲੜਕੀਆਂ ਨਾਲ ਵਾਪਰਦੀਆਂ ਹਨ, ਉਹ ਮਾਨਸਿਕ ਪੱਧਰ 'ਤੇ ਕਿਵੇਂ ਵਿਹਾਰ ਕਰਦੀਆਂ ਹਨ, ਆਪਣੀ ਅਗਲੀ ਜ਼ਿੰਦਗੀ ਵਿਚ.....ਉਹ ਗੱਲ ਗੈਰਹਾਜ਼ਰ ਰਹੀ ਹੈ ।ਸਾਰੀ ਕਹਾਣੀ ਇਸੇ ਗੱਲ ਨੂੰ ਬਿਆਨਦੀ ਹੈ ਕਿ ਸਾਹਿਲ ਦਾ ਵਿਆਹ ਹੋ ਜੇ ।ਕੀ ਵਿਆਹ ਸਾਰੀ ਸਮੱਸਿਆ ਦਾ ਹੱਲ ਹੈ ।ਕੀ ਸਾਹਿਲ ਦਾ ਵਿਆਹ ਹੋਣ ਨਾਲ ਉਮਰ ਠੀਕ ਲੰਘ ਜਾਣੀ ਹੈ ।ਉਸ ਦੇ ਸੁਪਨੇ ਗਾਇਬ ਹਨ ।ਲੜਕੀ ਦੀ ਮਨੋਸਥਿਤੀ ਗੈਰਹਾਜ਼ਰ ਰਹਿ ਗਈ ।

ਇਥੇ ਇਕ ਗੱਲ ਹੋਈ ਹੈ ਕਿ ਕਹਾਣੀ ਖ਼ੂਬਸੂਰਤ ਹੈ ਪਰ ਜਟਿਲ ਹੈ ।ਮੈਨੂੰ ਲਗਿਆ ਕਿ ਕੀ ਕਹਾਣੀ ਦੀ ਖ਼ੂਬਸੂਰਤੀ ਜਟਿਲ ਹੋਣ 'ਚ ਹੈ ਜਾਂ ਜਟਿਲ ਨਾ ਹੋਣ 'ਚ ਹੈ ।ਜਿਥੋਂ ਤੱਕ ਮੈਨੂੰ ਲੱਗਦੈ ਕਿ ਕਹਾਣੀ ਦੀ ਖ਼ੂਬਸੂਰਤੀ ਉਸ ਦੇ ਸੰਚਾਰ 'ਚ ਹੈ ।ਜੇ ਜਟਿਲ ਕਹਾਣੀ ਆਪਣਾ ਸੰਚਾਰ ਸਹੀ ਅਰਥਾਂ ਵਿਚ ਕਰ ਰਹੀ ਹੈ ਤਾਂ ਠੀਕ ਹੈ ।ਜੇ ਲਕੀਰੀ ਬਿਰਤਾਂਤ ਵਾਲੀ ਕਹਾਣੀ ਸੰਚਾਰ ਸਹੀ ਨਹੀਂ ਕਰਦੀ ਤਾਂ ਉਹ ਠੀਕ ਨਹੀਂ ।

**ਜਸ ਮੰਡ:** ਲਿਖਣ ਦਾ ਕੁੱਝ ਮੰਤਵ ਹੁੰਦੈ ।ਕੁੱਝ ਤੁਹਾਡੇ ਅੰਦਰ ਹੁੰਦੈ ਜੋ ਤੁਸੀਂ ਬਾਹਰ ਕੱਢਣਾ ਚਾਹੁੰਦੇ ਹੋ ।ਜੇ ਇਸ ਗੱਲ ਨੂੰ ਕਹਾਣੀ ਤੇ ਲਾਗੂ ਕੀਤਾ ਜਾਵੇ ਕਿ ਜਸਵੀਰ ਰਾਣਾ ਦਾ ਕਹਾਣੀ ਦਾ ਮੰਤਵ ਕੀ ਹੈ ਤਾਂ ਰਾਣਾ ਮੈਨੂੰ ਇਸ ਕਹਾਣੀ ਵਿਚ ਦਿਸ ਨਹੀਂ ਰਿਹਾ ।ਇਸ ਕਹਾਣੀ ਦਾ ਸੰਚਾਰ ਇਹ ਹੋਇਐ ਕਿ ਕਹਾਣੀਕਾਰ ਪਿਤਰਕੀ ਰਿਸ਼ਤਿਆਂ ਨੂੰ ਜਸਟੀਫਾਈ ਕਰ ਰਿਹੈ ।ਅਖ਼ੀਰਲਾ ਵਾਕ ਇਹ ਸਪੱਸ਼ਟ ਕਰਦੈ ਕੀ ਰਵਨੀਤ ਪਾਤਰ ਨੇ ਕਿਸੇ ਵੇਲੇ ਪਿਤਰਕੀ ਰਿਸ਼ਤਿਆਂ ਦੀ ਰਾਖੀ ਕੀਤੀ ਪਰ ਹੁਣ ਉਸ ਦੇ ਨਾਲ ਨਹੀਂ ਖੜ੍ਹੇ ।ਇਥੇ ਸੰਚਾਰ ਦੀ ਸਮੱਸਿਆ ਹੈ ।ਮੈਨੂੰ ਨਹੀਂ ਲੱਗਦਾ ਕਿ ਇਹ ਜਟਿਲ ਕਹਾਣੀ ਹੈ ਜਾਂ ਜਟਿਲ ਰਿਸ਼ਤਿਆਂ ਦੀ ਕਹਾਣੀ ਹੈ ।ਪਿਛਲੇ ਸਮੇਂ ਵਿਚ ਮੈਂ ਪੰਜਾਬੀ ਕਹਾਣੀ ਵਿਚ ਉਲਟ ਵਰਤਾਰਾ ਵੇਖਿਐ ਕਿ ਲੰਮੀਆਂ ਕਹਾਣੀਆਂ ਲਿਖੀਆਂ ਜਾਣ ਲੱਗੀਆਂ, 30-35 ਸਫਿਆਂ ਦੀਆਂ ਕਹਾਣੀਆਂ ਲਿਖੀਆਂ ਗਈਆਂ। ਪਰ ਇਸ ਕਹਾਣੀ ਵਿਚ ਹੋਰ ਥੋੜ੍ਹਾ ਮੈਟਰ ਪਾਇਆ ਜਾ ਸਕਦਾ ਸੀ, ਪਰ ਮੁੱਖ ਗੱਲ ਇਹ ਹੈ ਕਿ ਕੋਈ ਵੀ ਕਿਰਤ ਹੋਵੇ ਉਸ ਵਿਚ ਲੇਖਕ ਦਾ ਅੱਲਗ ਦ੍ਰਿਸ਼ਟੀਕੋਣ ਕੀ ਹੈ ।ਜਿਨ੍ਹਾਂ ਚਿਰ ਦ੍ਰਿਸ਼ਟੀਕੋਣ ਉਭਰ ਕੇ ਸਾਹਮਣੇ ਨਹੀਂ ਆਉਂਦਾ ਉਨ੍ਹਾਂ ਚਿਰ ਗੱਲ ਨਹੀਂ ਬਣਦੀ ।

**ਹਰਬੰਸ ਬਰਾੜ:** ਮੈਨੂੰ ਜਸਵੀਰ ਰਾਣਾ ਦਾ ਸੰਦੇਸ ਪਸੰਦ ਹੈ ।ਪਰ ਇਕ ਗੱਲ ਵਾਰ-ਵਾਰ ਰੜਕਦੀ ਰਹਿੰਦੀ ਹੈ ਕਿ ਸਿਰਜਕ ਜ਼ਿੰਦਗੀ ਦੀ ਤੋਰ ਨੂੰ ਸਮਝ ਕੇ ਉਸ 'ਚੋਂ ਅਰਥ ਕੱਢੇ । ਜ਼ਿੰਦਗੀ ਦੀ ਤੋਰ ਨੂੰ ਆਪਣੀ ਮਰਜੀ ਨਾਲ ਨਹੀਂ ਬਣਾਉਣਾ ਚਾਹੀਦਾ ।ਇਸ ਕਹਾਣੀ ਵਿਚ ਲਾਸ਼ ਕੋਲ ਬੈਠ ਕੇ ਰੋਟੀ ਖਾਧੀ ਜਾ ਰਹੀ ਹੈ ।ਇਹ ਜ਼ਿੰਦਗੀ ਦਾ ਸੱਚ ਨਹੀਂ ।ਪਰ ਇਸ ਸਮੇਂ ਰਵਨੀਤ ਦਾ



ਰਵਈਆ ਹੱਸਣਾ ਆਦਿ ਦਰੁਸਤ ਨਹੀਂ ।ਇਹ ਵਾਪਰਦਾ ਨਹੀਂ ।ਲੇਖਕ ਦੀ ਪ੍ਰਤਿਭਾ ਦੀ ਕਮੀ ਹੈ ਕਿ ਸਹਿਜ ਮਤੇ ਵਿਚ ਘਟਨਾ ਕਰਮ ਨਹੀਂ ਵਾਪਰਦਾ ।

**ਜਸਪਾਲ ਮਾਨਖੇੜਾ:** ਜਸਬੀਰ ਰਾਣਾ ਦੀ ਕਹਾਣੀ 'ਥੋੜ੍ਹੀ ਜਿਹੀ ਬੇਵਫਾਈ' ਆਪਣੇ ਨਾਮ ਵਾਂਗ ਪਾਠਕਾਂ ਨਾਲ ਉਹ ਵਫਾ ਨਹੀਂ ਪਾਲਦੀ ਜੋ ਉਸਦੀਆਂ ਹੋਰ ਕਹਾਣੀਆਂ ਪਾਲਦੀਆਂ ਹਨ ।ਕਲਾ ਅਤੇ ਵਿਸ਼ੇ ਦੇ ਪੱਖਾਂ ਤੋਂ ਕਹਾਣੀ 'ਚ ਕਾਫੀ ਘਾਟਾਂ ਹਨ, ਜੋ ਉਪਰਲੀ ਵਿਚਾਰ ਚਰਚਾ ਵਿਚ ਉਭਰ ਕੇ ਸਾਹਮਣੇ ਆਈਆਂ ਹਨ ।ਰਾਣੇ ਵਰਗੇ ਪ੍ਰੋੜ ਸਿਰਜਕ ਤੋਂ ਚੰਗੀ ਕਹਾਣੀ ਦੀ ਆਸ ਸੀ ।

## ਅਨੇਮਨ ਸਿੰਘ-ਜਾਨਵਰ

**ਗੁਰਬਿੰਦਰ ਸਿੰਘ:** ਅਨੇਮਨ ਸਿੰਘ ਦੀ ਕਹਾਣੀ 'ਜਾਨਵਰ' ਦਾ ਸਿਰਲੇਖ ਭਾਵੇਂ ਜਾਨਵਰਾਂ ਵੱਲ ਸੰਕੇਤ ਕਰਦਾ ਹੈ ਪ੍ਰੰਤੂ ਕਹਾਣੀ ਮੁੱਖ ਰੂਪ ਵਿੱਚ ਮਨੁੱਖੀ ਜੀਵਨ ਨਾਲ ਹੀ ਸੰਬੰਧਿਤ ਹੈ ।ਇਹ ਕਹਾਣੀ ਉੱਪਰਲੀ ਮੱਧ ਸ਼੍ਰੇਣੀ ਦੀਆਂ ਮਾਨਸਿਕ ਤੰਦਾਂ ਉਧੇੜਦੀ ਹੈ । ਕਹਾਣੀ ਦਾ ਵਿਸ਼ਾ ਕਾਮ ਕਾਰਨ ਪੈਦਾ ਹੋਏ ਵਿਕਾਰਾਂ ਦਾ ਮਨੋਵਿਗਿਆਨਕ ਚਿਤਰਨ ਹੈ ।ਕਾਮ ਸਮੁੱਚੇ ਜੀਵ-ਜਗਤ ਦੀਆਂ ਮੁੱਢਲੀਆਂ ਜ਼ਰੂਰਤਾਂ ਵਿੱਚੋਂ ਇੱਕ ਹੈ ।ਫਰਾਈਡ ਤਾਂ ਸਮੁੱਚੀਆਂ ਸਮੱਸਿਆਵਾਂ ਦੀ ਜੜ ਹੀ ਕਾਮ ਵਿੱਚੋਂ ਤਲਾਸ਼ਦਾ ਹੈ ।ਇਸ ਪ੍ਰਵਿਰਤੀ ਨਾਲ ਜੁੜੀਆਂ ਹੋਈਆਂ ਬਹੁਤ ਸਾਰੀਆਂ ਕਹਾਣੀਆਂ ਮਿਲਦੀਆਂ ਹਨ ਪ੍ਰੰਤੂ 'ਜਾਨਵਰ' ਕਹਾਣੀ ਦਾ ਪ੍ਰਸੰਗ ਵੱਖਰੀ ਕਿਸਮ ਦਾ ਹੈ ।ਇਹ ਕਹਾਣੀ ਮਨੁੱਖ ਦੁਆਰਾ ਜਾਨਵਰ ਨਾਲ ਕਾਮੁਕ ਸੰਬੰਧਾਂ ਦਾ ਉਲੇਖ ਕਰਦੀ ਹੈ । ਵਿਆਹ-ਬਾਹਰੇ ਸੰਬੰਧ, ਨੇੜਲੇ ਰਿਸ਼ਤਿਆਂ ਵਿੱਚ ਸੰਬੰਧ ਜਾਂ ਫਿਰ ਮੈਟਰੋ ਸ਼ਹਿਰਾਂ ਵਿਚ ਸੈਕਸ ਡੌਲਜ਼ ਨਾਲ ਕਾਮੁਕ ਸੰਬੰਧਾਂ ਬਾਰੇ ਤਾਂ ਸੁਣਿਆ ਜਾਂਦਾ ਹੈ ਪ੍ਰੰਤੂ ਜਾਨਵਰਾਂ ਨਾਲ ਕਾਮੁਕ ਸੰਬੰਧਾਂ ਬਾਰੇ ਬਹੁਤ ਘੱਟ ਕਨਸੋਆਂ ਪ੍ਰਾਪਤ ਹੁੰਦੀਆਂ ਹਨ ।ਅਜਿਹੇ ਸੰਬੰਧ ਮਾਨਸਿਕ ਵਿਕਾਰ ਜਾਂ ਤ੍ਰਿਪਤ ਕਾਮ ਇੱਛਾਵਾਂ ਦੀ ਅਪੂਰਤੀ ਕਾਰਨ ਹੀ ਉਪਜਦੇ ਹਨ ।ਇਸ ਕਹਾਣੀ ਵਿੱਚ ਭਾਵੇਂ ਕਹਾਣੀਕਾਰ ਨੇ ਇਨ੍ਹਾਂ ਸੰਬੰਧਾਂ ਨੂੰ ਕਲਾਤਮਕ ਤਰੀਕੇ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਪ੍ਰੰਤੂ ਇਸ ਦੇ ਪਿਛੋਕੜ ਵਿੱਚ ਸਿਵਾਏ ਨੈਤਿਕ ਉੱਚਤਾ ਦੇ ਬਿਨ੍ਹਾਂ ਹੋਰ ਕੋਈ ਠੋਸ ਆਧਾਰ ਦ੍ਰਿਸ਼ਟੀਗੋਚਰ ਨਹੀਂ ਹੁੰਦਾ ।ਕੌਂਸਲਰ ਦੀ ਆਰਥਿਕ ਸਥਿਤੀ ਵੀ ਚੰਗੀ ਹੈ, ਉਸ ਦੀ ਪਤਨੀ ਦੀ ਮੌਤ ਵੀ ਬਾਅਦ ਵਿੱਚ ਹੁੰਦੀ ਹੈ, ਉਸ ਦੀ ਘਰੇਲੂ ਜ਼ਿੰਦਗੀ ਬਾਰੇ ਵੀ ਕੋਈ ਉਲੇਖ ਨਹੀਂ ਕੀਤਾ ਗਿਆ ਅਤੇ ਨਾ ਹੀ ਕੋਈ ਹੋਰ ਪੱਖ ਉਸ ਦੇ ਇਸ ਵਿਵਹਾਰ ਵੱਲ ਇਸ਼ਾਰਾ ਮਾਤਰ ਕਰਦਾ ਹੈ ਭਾਵ ਲੇਖਕ ਨੇ ਕੌਂਸਲਰ ਦੇ ਜੀਵਨ ਬਾਰੇ ਬਹੁਤ ਸੀਮਤ ਜਿਹਾ ਹੀ ਚਿਤਰਨ ਕੀਤਾ ਹੈ ।ਕਹਾਣੀ ਵਿਚ ਇਹੋ ਸਿੱਧ ਹੁੰਦਾ ਹੈ ਕਿ ਕੌਂਸਲਰ ਨੈਤਿਕ ਕਦਰਾਂ ਕੀਮਤਾਂ ਦੇ ਨਾਲ-ਨਾਲ ਆਪਣੀ ਪਤਨੀ ਦੇ ਹੁੰਦੇ ਹੋਏ ਪਾਲਤੂ ਕੁੱਤੀ 'ਸ਼ੈਫ਼ੀ' ਨਾਲ ਕਾਮੁਕ ਸੰਬੰਧ ਸਥਾਪਤ ਕਰਦਾ ਹੈ ਅਤੇ ਜਦੋਂ ਇਹ ਗੱਲ ਕਿਸੇ ਦੂਜੇ ਨੂੰ ਪਤਾ ਲਗਦੀ ਹੈ ਤਾਂ ਉਸ ਦੀ ਹਸਤੀ ਦਾ ਆਭਾ-ਮੰਡਲ ਟੁੱਟ ਜਾਂਦਾ ਹੈ ਅਤੇ ਉਹ ਖ਼ੁਦਕੁਸ਼ੀ ਕਰ ਲੈਂਦਾ ਹੈ ।ਸੋ ਕਿਹਾ ਜਾ ਸਕਦਾ ਹੈ ਕਿ ਜਾਨਵਰ ਨਾਲ ਕਾਮੁਕ ਸੰਬੰਧ ਸਥਾਪਤ ਕਰਨ ਦੇ ਪਿਛੋਕੜ ਵਿੱਚ ਅਧਾਰ ਜਾਂ ਤਰਕ ਸਥਾਪਤ ਕਰਨ ਵਿਚ ਲੇਖਕ ਬਹੁਤਾ ਸਫ਼ਲ ਨਹੀਂ ਹੋਇਆ ।

ਕਹਾਣੀ ਦੀ ਦੂਸਰੀ ਪਰਤ ਕੌਂਸਲਰ ਦੀ ਲੜਕੀ ਨਾਲ ਜੁੜੀ ਹੋਈ ਹੈ ।ਕਹਾਣੀ ਦੇ ਅੰਤ ਵਿਚ ਸਤਿਹੀ ਪੱਧਰ 'ਤੇ ਕੌਂਸਲਰ ਦੇ 'ਸ਼ੈਫ਼ੀ' (ਕੁੱਤੀ) ਨਾਲ ਕਾਮੁਕ ਸੰਬੰਧਾਂ ਦਾ ਭੇਤ ਖੁੱਲਦਾ

ਦ੍ਰਿਸ਼ਟੀਗੋਚਰ ਹੁੰਦਾ ਹੈ ਪ੍ਰੰਤੂ ਗਹਿਨ ਪੱਧਰ 'ਤੇ ਕੌਂਸਲਰ ਦੀ ਲੜਕੀ ਦੇ ਵੀ 'ਜੈਕੀ' (ਕੁੱਤੇ) ਨਾਲ ਕਾਮੁਕ ਸੰਬੰਧਾਂ ਦਾ ਚਿਨ੍ਹਕੀ ਵਿਸ਼ਫੋਟ ਹੁੰਦਾ ਹੈ ।ਉਸ ਦਾ ਡਰ, ਸੁਪਨੇ, ਤਣਾਓ ਆਦਿ ਉਸ ਦੇ ਪਿਉ ਕਾਰਨ ਨਹੀਂ ਸਗੋਂ ਉਸ ਦਾ ਖੁਦ ਦੇ ਅੰਦਰ ਦਾ ਡਰ ਹੈ ।ਉਸ ਦਾ 'ਜੈਕੀ' ਦੇ ਲੱਤ ਮਾਰਨਾ ਸਾਧਾਰਨ ਨਾ ਹੋ ਕੇ ਉਸਦੀ ਪ੍ਰਤੀ ਗਿਲਾਨੀ ਦੇ ਨਾਲ-ਨਾਲ ਭੇਤ ਖੁੱਲ੍ਹਣ ਦੇ ਡਰੋਂ ਉਸ ਨੂੰ ਆਪਣੇ ਤੋਂ ਦੂਰ ਕਰਨਾ ਵੀ ਹੈ ।ਉਸ ਦੇ ਪਿਉ ਵਾਂਗ ਉਸ ਦੇ ਜਾਨਵਰ ਨਾਲ ਕਾਮੁਕ ਸੰਬੰਧ ਸਥਾਪਤ ਕਰਨ ਦਾ ਵੀ ਕੋਈ ਠੋਸ ਕਾਰਨ ਕਹਾਣੀ 'ਚੋਂ ਦ੍ਰਿਸ਼ਟੀਗੋਚਰ ਨਹੀਂ ਹੁੰਦਾ ਸਿਵਾਏ ਉਸ ਦੀ ਵਕਤੀ ਇਕੱਲਤਾ ਜਾਂ ਗਲੈਮਰ ਦੇ ।ਇਹ ਕੋਈ ਵੰਸ਼ਗਤ ਸਮੱਸਿਆ ਵੀ ਨਹੀਂ ਹੈ ।ਇਨ੍ਹਾਂ ਪੱਖਾਂ ਦੇ ਸਮਾਨਾਂਤਰ ਜੇਕਰ ਲੋਕ-ਕਹਾਣੀ ਨੂੰ ਦੇਖਿਆ ਜਾਵੇ ਤਾਂ ਮਨੁੱਖ ਅਤੇ ਜਾਨਵਰ ਦੇ ਕਾਮੁਕ ਸੰਬੰਧਾਂ ਦਾ ਬਹੁਤ ਥਾਂਈਂ ਕਲਾਮਈ ਪ੍ਰਤੀਕਾਤਮਕ ਚਿਤਰਨ ਮਿਲਦਾ ਹੈ ਜਿਸ ਦਾ ਆਧਾਰ/ਤਰਕ ਵੀ ਸਹਿਜੇ ਸਮਝ ਆਉਂਦਾ ਹੈ।

ਕਹਾਣੀ ਵਿੱਚ ਤਕਨੀਕੀ ਪੱਖ ਤੋਂ ਕੁੱਝ ਊਣਤਾਈਆਂ ਸਾਹਮਣੇ ਆਉਂਦੀਆਂ ਹਨ । ਕਹਾਣੀ ਦੀ ਬਿਰਤਾਂਤਕ ਸੰਰਚਨਾ ਗੁੰਦਵੀਂ ਨਹੀਂ ।ਜੈਕੀ ਦਾ ਅਚਾਨਕ ਗੁੰਮ ਹੋਣਾ ਅਤੇ ਅਚਾਨਕ ਹੀ ਪ੍ਰਗਟ ਹੋ ਜਾਣਾ ਸੁਭਾਵਕ ਨਹੀਂ ਲੱਗਦਾ ।ਕਹਾਣੀ ਦੇ ਤੀਸਰੇ ਪੈਰ੍ਹੇ ਵਿਚ 'ਮੈਂ' ਪਾਤਰ ਨੂੰ ਆਪਣੇ ਪਰਿਵਾਰ ਦੇ ਜੀਅ ਦਿਮਾਗ ਵਿੱਚ ਘੁੰਮਦੇ ਦਿਖਾਈ ਦਿੰਦੇ ਹਨ ।ਅੱਗੇ 'ਹੈਂਅ' ਸ਼ਬਦ ਤੋਂ ਬਾਅਦ ਕੱਲੇ-ਕੱਲੇ ਮੈਂਬਰ ਦੀ ਪਹਿਚਾਨ ਕਰਵਾਈ ਜਾਂਦੀ ਹੈ ਜੋ ਦਰੁਸਤ ਨਹੀਂ ਜਾਪਦੀ ਕਿਉਂਕਿ ਇਹ ਦੁਹਰਾਅਮੂਲਕ ਵਿਆਖਿਆ ਹੀ ਹੈ ।

ਕਹਾਣੀ ਦੇ ਪਾਤਰ ਸਥਿਤੀ ਜਾਂ ਡਾਇਲਾਗ ਚੋਂ ਨਹੀਂ ਉਭਰਦੇ ਸਗੋਂ ਕਹਾਣੀਕਾਰ ਦੇ ਅਨੁਸਾਰੀ ਜਾਪਦੇ ਹਨ ।ਉਦਾਹਰਨ ਦੇ ਤੌਰ 'ਤੇ 'ਪ੍ਰੋ ਕੁਲਕਰਨੀ' ਦੇ ਮੂੰਹੋਂ ਜਾਨਵਰਾਂ ਦੀਆਂ ਪ੍ਰਵਿਰਤੀਆਂ ਬਾਰੇ ਤਾਂ ਕਾਫ਼ੀ ਮਹੱਤਵਪੂਰਨ ਗੱਲਾਂ ਕਹਾਈਆਂ ਗਈਆਂ ਹਨ ਪ੍ਰੰਤੂ ਉਸ ਦੀ ਮੁਹਾਰਤ ਜਾਂ ਪਿਛੋਕੜ ਬਾਰੇ ਕੁੱਝ ਨਹੀਂ ਦੱਸਿਆ ਗਿਆ ।ਦੂਸਰੇ ਪਾਸੇ ਆਸ਼ਾ, ਦਾਦੀ ਆਦਿ ਬਾਰੇ ਜ਼ਰੂਰਤ ਤੋਂ ਜ਼ਿਆਦਾ ਦੱਸਿਆ ਗਿਆ ਹੈ ।ਕਹਾਣੀ ਵਿੱਚ 'ਸ਼ੇਰ ਜੰਗ ਸਿੰਘ ਵਾਲਾ' ਪ੍ਰਸੰਗ ਵੀ ਅਧੂਰਾ ਰਹਿ ਜਾਂਦਾ ਹੈ ।ਆਖਰ ਦੋ ਸਾਲ ਬਾਅਦ ਅਜਿਹਾ ਕੀ ਹੋ ਜਾਂਦਾ ਹੈ ਕਿ ਦਾਦੀ ਦੇ ਮਨ ਵਿਚ ਉਸ ਦੀ ਸ਼ਖ਼ਸੀਅਤ ਤੀਲੇ-ਤੀਲੇ ਹੋ ਜਾਂਦੀ ਹੈ ।ਕਹਾਣੀ ਵਿਚ ਵਿਸ਼ੇ ਮੁਤਾਬਕ ਵਾਤਾਵਰਨ ਵੀ ਢੁੱਕਵਾਂ ਨਹੀਂ ਜਾਪਦਾ ।ਕੌਂਸਲਰ ਦਾ ਘਰ ਵਿਚ ਸਹਿਜੇ ਹੀ 'ਸ਼ੈਫ਼ੀ' ਨਾਲ ਸੰਬੰਧ ਸਥਾਪਤ ਕਰਨਾ ਦੂਸਰੇ ਪਾਸੇ ਭੇਤ ਖੁੱਲ੍ਹਣ ਤੇ ਆਤਮ-ਹੱਤਿਆ ਕਰਨਾ ਅੰਤਰ-ਵਿਰੋਧੀ ਜਾਪਦਾ ਹੈ ।

ਇਸ ਕਹਾਣੀ ਵਿੱਚ ਭਾਵੇਂ ਤਕਨੀਕੀ ਪੱਧਰ 'ਤੇ ਕੁੱਝ ਊਣਤਾਈਆਂ ਸਾਹਮਣੇ ਆਈਆਂ ਹਨ, ਪ੍ਰੰਤੂ ਇਸ ਕਹਾਣੀ ਦਾ ਵਿਸ਼ਾ ਵੱਖਰੀ ਕਿਸਮ ਦਾ ਹੈ ।

**ਜਸਪਾਲ ਮਾਨਖੇੜਾ**: ਜਿਹੜੀਆਂ ਗੱਲਾਂ ਗੁਰਬਿੰਦਰ ਨੇ ਕੀਤੀਆਂ ਹਨ ਮੈਂ ਉਨ੍ਹਾਂ ਨਾਲ ਸਹਿਮਤ ਹੁੰਦਾ ਹੋਇਆ ਇਸ ਕਹਾਣੀ ਬਾਰੇ ਗੱਲ ਕਰਨੀ ਚਾਹੁੰਦਾ ਹਾਂ ।ਲੇਖਕ ਕਹਾਣੀ ਰਾਹੀਂ ਸਮਾਜ ਜਾਂ ਲੋਕਾਂ ਨੂੰ ਦੇਣਾ ਕੀ ਚਾਹੁੰਦਾ ਹੈ ? ਇਸ ਕਹਾਣੀ ਰਾਹੀਂ ਅਨੇਮਨ ਉੱਚ ਮੱਧ ਵਰਗ ਦੇ ਮਨੋ ਵਿਕਾਰ ਜਾਂ ਗੈਰ ਇਖਲਾਕੀ ਗੱਲਾਂ ਪਰੋਸ ਕੇ ਕੋਈ ਵਧੀਆ ਮੈਸਿਜ ਨਹੀਂ ਦੇ ਰਿਹਾ । ਸਮਾਜ ਦਾ ਗੰਦ ਵਿਖਾ ਕੇ ਲੋਕਾਂ ਨੂੰ ਉਸ ਬਾਰੇ ਸੁਚੇਤ ਤਾਂ ਕੀਤਾ ਜਾ ਸਕਦਾ ਹੈ ਪਰ ਕਹਾਣੀ ਚੋਂ ਦ੍ਰਿਸ਼ਟੀਕੋਣ ਗਾਇਬ ਲੱਗਦਾ ਹੈ ।ਪੰਜਾਬੀ ਕਹਾਣੀ 'ਚ ਵਰਜਿਤ ਰਿਸ਼ਤਿਆਂ ਜਾਂ ਗੈਰ ਰਵਾਇਤੀ ਵਿਸ਼ਿਆਂ 'ਤੇ ਕਹਾਣੀਆਂ ਲਿਖੀਆਂ ਜਾ ਰਹੀਆਂ ਹਨ ਜਦੋਂ ਕਿ ਉਸ ਮੌਕੇ ਹੋਰ ਵੱਡੀਆਂ ਸਮੱਸਿਆਵਾਂ



ਸਾਡੇ ਸਮਾਜ ਸਾਹਮਣੇ ਮੂੰਹ ਅੱਡੀਂ ਖੜ੍ਹੀਆਂ ਹਨ ।ਆਰਥਿਕ, ਰਾਜਨੀਤਿਕ ਤੇ ਕਾਰਪੋਰੇਟਾਂ ਦੀ ਲੁੱਟ ਦੀਆਂ ਵੱਡੀਆਂ ਸਮੱਸਿਆਵਾਂ ਪਈਆਂ ਹਨ ।ਜੇਕਰ ਲੋਕ ਮਸਲਿਆਂ ਨੂੰ ਅਧਾਰ ਬਣਾ ਕੇ ਰਚਨਾ ਕਰੀਏ ਤਾਂ ਮੈਨੂੰ ਲੱਗਦਾ ਹੈ ਕਿ ਉਹ ਵੱਧ ਸਾਰਥਕ ਹੋਊ ।ਕਲਾ ਪੱਖੋਂ ਕਹਾਣੀ ਵਧੀਆ ਹੈ।ਸਾਰੀ ਕਹਾਣੀ 'ਚ ਜਗਿਆਸਾ ਬਣੀ ਰਹਿੰਦੀ ਹੈ ।ਐਂਡ 'ਚ ਆ ਕੇ ਜੋ ਵਿਸਫੋਟ ਹੁੰਦਾ ਹੈ ਉਹ ਕਹਾਣੀ ਨੂੰ ਸ਼ਕਤੀਸ਼ਾਲੀ ਬਣਾਉਂਦੇ ।ਪਰ ਮੇਰਾ ਇਸ ਕਹਾਣੀ ਤੇ ਇਤਰਾਜ ਦ੍ਰਿਸ਼ਟੀ ਕੋਣ ਹੀ ਪੱਧਰ 'ਤੇ ਹੈ ਜਾਂ ਸਾਹਿਤ ਦੇ ਮੰਤਵ ਤੇ ਰੋਲ ਦੇ ਪੱਧਰ 'ਤੇ ਹੈ ।

**ਰਵਿੰਦਰ ਸੰਧੂ**: ਮੈਨੂੰ ਕਹਾਣੀ ਸੁਣਦਿਆਂ ਲੱਗਿਆ ਕਿ ਇਸ ਦੌਰ ਵਿਚ ਕਈ ਕੁੱਝ ਬਦਲ ਰਿਹੈ, ਇਸ ਸੰਦਰਭ ਵਿਚ ਕਹਾਣੀ ਨੂੰ ਵੇਖਿਆ ਜਾਣਾ ਚਾਹੀਦੈ ।ਇਸ ਦੌਰ ਦੀ ਖੰਡਿਤ ਮਾਨਸਿਕਤਾ ਤੇ ਅਨੈਤਿਕ ਵਿਹਾਰ ਦੀ ਗੱਲ ਕੀਤੀ ਹੈ ।ਇਹ ਕਦੇ ਸਹਿਜ ਲੱਗਣ ਲੱਗ ਜਾਂਦੈ ਕਦੇ ਗੈਰ ਕੁਦਰਤੀ...।ਕੁੜੀ ਕਦੇ ਐਨਾਕੌਂਡਾਂ ਨੂੰ ਗੋਲੀ ਮਾਰਦੀ ਫਿਰਦੀ ਹੈ, ਐਨਾਕੌਂਡਾਂ ਐਲ.ਸੀ.ਡੀ. 'ਚ ਵੜ ਗਿਆ ਕਦੇ ਉਹ ਠੀਕ ਵੀ ਲੱਗਣ ਲੱਗ ਜਾਂਦੀ ਹੈ ।ਇਹਦੇ ਪਿਛੇ ਕਾਰਨ ਸਪੱਸ਼ਟ ਨਹੀਂ ਹੁੰਦਾ ।ਕੁੜੀ ਦੀ ਜੈਕੀ ਨਾਲ ਸੰਬੰਧਾਂ ਦੀ ਗੱਲ ਝਲਕਦੀ ਹੈ ।ਅਨੇਮਨ ਇਹ ਵਾਕ-ਅੰਸ਼ ਬਹੁਤ ਵਰਤਦੈ, 'ਉਹ ਹੋਰ ਹੀ ਤਰ੍ਹਾਂ ਦਾ ਵਿਵਹਾਰ ਕਰਨ ਲੱਗਿਆ'......ਮੈਨੂੰ ਐਂ ਲੱਗਿਆ ਕਿ 'ਇਹ ਹੋਰ ਹੀ ਤਰ੍ਹਾਂ ਦਾ ਵਿਹਾਰ' ਦੱਸਣਾ ਚਾਹੀਦਾ ਸੀ ਕਿ ਕੀ ਹੈ ? ਇਹ ਕਲੈਰਟੀ ਹੋਣੀ ਚਾਹੀਦੀ ਸੀ। ਫਰਾਇਡ ਅਨੁਸਾਰ ਕਾਮ ਸ਼ਕਤੀ ਹੈ ।ਪਰ ਇਸ ਨੂੰ ਵਰਤਣਾ ਕਿਵੇਂ ਹੈ ਇਹ ਇਕ ਵੱਡਾ ਸਵਾਲ ਹੈ ਜਿਹੜਾ ਕਹਾਣੀ ਵੀ ਖੜ੍ਹਾ ਕਰਦੀ ਹੈ ।ਕਹਾਣੀ ਵਿਚ ਬੇਗਾਨਗੀ ਤੇ ਇਕੱਲਤਾ ਦੇ ਵੀ ਸੰਕੇਤ ਹਨ ।ਇਨ੍ਹਾਂ ਸੰਦਰਭਾਂ ਵਿਚ ਰੱਖ ਕੇ ਵੀ ਕਹਾਣੀ ਨੂੰ ਵੇਖਣ ਦੀ ਲੋੜ ਹੈ ।ਜਿਸ ਦੌਰ ਵਿਚ ਅਸੀਂ ਹੁਣ ਹਾਂ ਬੇਗਾਨਗੀ ਤੇ ਇਕੱਲਤਾ ਵੱਡੀਆਂ ਸਮੱਸਿਆਵਾਂ ਬਣਕੇ ਉਭਰ ਰਹੀਆਂ ਹਨ। ਕਿਤੇ ਕਿਤੇ ਇਹ ਕਹਾਣੀ ਉਨ੍ਹਾਂ ਵੱਲ ਵੀ ਸੰਕੇਤਕ ਇਸ਼ਾਰੇ ਕਰਦੀ ਹੈ ।ਇਥੇ ਦ੍ਰਿਸ਼ਟੀਕੋਣ ਵੀ ਅਹਿਮ ਹੈ ।ਕਹਾਣੀਕਾਰ ਨੂੰ ਉਹ ਚੀਜ਼ਾਂ ਵੀ ਸਪੱਸ਼ਟ ਕਰਨੀਆਂ ਚਾਹੀਦੀਆਂ ਹਨ ਜੋ ਇਨ੍ਹਾਂ ਕਾਰਨਾਂ ਜਾਂ ਸੰਕੇਤਾਂ ਦੇ ਪਿੱਛੇ ਕੰਮ ਕਰ ਰਹੀਆਂ ਹਨ ਨਹੀਂ ਤਾਂ ਮੰਤਵ ਤੇ ਉਦੇਸ ਉਸਾਰੂ ਨਹੀਂ ਰਹਿੰਦੇ ।

**ਪਰਮਜੀਤ ਢੀਗਰਾ**: ਜਦ ਇਹ ਕਹਾਣੀ 'ਜਾਨਵਰ' ਸ਼ੁਰੂ ਹੋਈ ਤਾਂ ਮਨ ਵਿਚ ਇਕ ਉਤਸੁਕਤਾ ਸੀ ਕਿ ਕਹਾਣੀ ਕਿਥੇ ਜਾ ਕੇ ਮੋੜ ਲਵੇਗੀ ।ਗੱਲ ਹੋਈ ਹੈ ਕਿ ਉੱਚ ਮੱਧ-ਸ਼੍ਰੇਣੀ ਦੇ ਮਨ ਵਿਚ ਵਿਕਾਰ ਪੈਦਾ ਹੋ ਰਹੇ ਹਨ, ਜਿਸ ਤਰ੍ਹਾਂ ਏਲੀਅਨੇਸਨ ਤੇ ਲੋਨਲੀ ਦੀ ਗੱਲ ਹੋਈ ਹੈ, ਸੰਦਰਭ ਲੋਕ ਕਥਾਵਾਂ ਵਿਚ ਪਏ ਹਨ ।ਪਰ ਲੋਕ ਕਥਾਵਾਂ ਦੇ ਸੰਦਰਭ ਵੱਖਰੇ ਰੂਪ ਵਿਚ ਪਏ ਹਨ। ਪਰ ਇਸ ਕਹਾਣੀ ਵਿਚ ਸੰਦਰਭ ਗਾਇਬ ਨੇ ।ਲੋਕ ਕਥਾਵਾਂ ਵਿਚ ਜੇ ਕੋਈ ਵੇਖ ਵੀ ਲਵੇ ਤਾਂ ਬੰਦਾ ਐਡੀ ਛੇਤੀ ਖੁਦਕੁਸ਼ੀ ਨਹੀਂ ਕਰਦਾ ।ਉਹ ਖੁਦਕੁਸ਼ੀ ਨਹੀਂ ਆਪਣੇ ਆਪ ਨੂੰ ਕਿਸੇ ਨਾ ਕਿਸੇ ਰੂਪ 'ਚ ਡਿਫੈਂਡ ਕਰੇਗਾ ।ਇਸ ਕਹਾਣੀ 'ਚ ਉੱਚ ਮੱਧ ਸ਼੍ਰੇਣੀ ਹੋਣ ਦੇ ਸੰਕੇਤ ਘੱਟ ਮਿਲਦੇ ਹਨ । ਇਹੋ ਜਿਹੀਆਂ ਘਟਨਾਵਾਂ ਵਾਪਰਦੀਆਂ ਜ਼ਰੂਰ ਨੇ ਪਰ ਉਹ ਏਨੀਆਂ ਜ਼ਿਆਦਾ ਹਾਈਲਾਈਟ ਨਹੀਂ ਹੁੰਦੀਆਂ ।ਪਰ ਜਿਵੇਂ ਜਿਵੇਂ ਕਹਾਣੀ ਅੱਗੇ ਤੁਰਦੀ ਹੈ ਤਾਂ ਇਸ ਤਰ੍ਹਾਂ ਪ੍ਰੈਸ਼ਰ ਬਣ ਰਿਹਾ ਹੈ, ਇਕ ਸੰਕੇਤ ਮਿਲਦਾ ਹੈ ਕਿ ਪਾਤਰ ਕੋਈ ਫਿਲਮ ਵੇਖ ਰਹੇ ਹਨ ਪਰ ਇਸ ਤਰ੍ਹਾਂ ਦੀ ਮਾਨਸਿਕਤਾ ਇਹੋ ਜਿਹਾ ਕਾਰਾ ਨਹੀਂ ਕਰਦੀ ਪੇਪਰ ਵਿਚ ਬਹੁਤ ਵਧੀਆ ਮਸਲੇ ਉਭਾਰੇ ਹਨ ।ਉਹ ਬਹੁਤ ਮੁੱਲਵਾਨ ਹਨ ।ਉਨ੍ਹਾਂ ਦੀ ਨਿਸ਼ਾਨਦੇਹੀ ਵਿਚ ਗੱਲ ਅੱਗੇ ਤੁਰ ਸਕਦੀ ਹੈ ।

**ਖੁਸ਼ਵੰਤ ਬਰਗਾੜੀ**: ਮੈਨੂੰ ਇਹ ਕਹਾਣੀ ਸਮਝ ਨਹੀਂ ਆਈ ਕਿ ਲੇਖਕ ਇਸ ਵਿਚ ਕਹਿਣਾ ਕੀ ਚਾਹੁੰਦਾ ਹੈ ।ਇਕੱਲਤਾ ਵਾਲਾ ਮਸਲਾ ਹੈ, ਗੈਰ ਕੁਦਰਤੀ ਸੰਬੰਧਾਂ ਵਾਲੀਆਂ

ਘਟਨਾਵਾਂ ਸੁਸਾਇਟੀ ਵਿਚ ਵਾਪਰ ਰਹੀਆਂ ਹਨ । ਪਰ ਕਈ ਵਾਰ ਅਸੀਂ ਉਹ ਚੀਜ਼ ਲਿਖਣ ਦਾ ਫੈਸਲਾ ਕਰ ਲੈਂਦੇ ਹਾਂ, ਉਸ ਵਰਗ ਨਾਲ, ਨਾ ਉਸ ਵਾਤਾਵਰਨ ਨਾਲ, ਨਾ ਉਸ ਸ਼ਬਦਾਵਲੀ ਨਾਲ ਸਾਡਾ ਫਸਟ ਹੈਂਡ ਤਜਰਬਾ ਨਹੀਂ ਹੁੰਦਾ, ਵਾਹ ਵਾਸਤਾ ਨਹੀਂ ਹੁੰਦਾ । ਉਸ ਨਾਲ ਸੁਭਾਵਿਕਤਾ ਮਿੱਸ ਹੋ ਜਾਂਦੀ ਹੈ, ਚੀਜ਼ ਮਕੈਨੀਕਲ ਬਣ ਜਾਂਦੀ ਹੈ । ਪਹਿਲੀ ਚੀਜ਼ ਮੈਨੂੰ ਇਹ ਲੱਗੀ ਕਿ ਲੇਖਕ ਨੇ ਪਹਿਲਾਂ ਹੀ ਸਭ ਕੁਝ ਤਹਿ ਕਰ ਲਿਆ । ਦੂਜੇ ਪਾਸੇ ਕੌਂਸਲਰ ਤਾਂ ਜਾਗਣ ਤੋਂ ਲੈ ਕੇ ਸੌਣ ਤੱਕ ਲੋਕਾਂ ਵਿਚ ਵਿਚਰਦੇ ਐ, ਉਨ੍ਹਾਂ ਵਿਚ ਤਾਂ ਇਕੱਲਤਾ ਆ ਹੀ ਨਹੀਂ ਸਕਦੀ । ਜਿਸ ਵਰਗ, ਸੁਸਾਇਟੀ ਦੀਆਂ ਇਹ ਦਿੱਕਤਾਂ ਨੇ ਕਹਾਣੀ 'ਚੋਂ ਉਹ ਸਮਾਜ ਝਲਕਦਾ ਨਹੀਂ । ਦੂਜਾ ਸਾਹਿਤ ਦਾ ਸਮਾਜ ਵਿਚ ਕੋਈ ਰੋਲ ਵੀ ਹੁੰਦੇ । ਅਜਿਹੀ ਵਿਕੋਲੇਤਰੀਆਂ ਘਟਨਾਵਾਂ ਲੋਕਾਂ ਵਿਚ ਜਦੋਂ ਸਾਹਿਤ ਦੇ ਜ਼ਰੀਏ ਜਾਂਦੀਆਂ ਹਨ ਤਾਂ ਸਾਹਿਤ ਦੇ ਰੋਲ ਤੇ ਸਵਾਲ ਉਠਣੇ ਸ਼ੁਰੂ ਹੋ ਜਾਂਦੇ ਹਨ ।

**ਖਾਲਿਦ ਹੁਸੈਨ**: ਲੇਖਕ ਨੂੰ ਸੁਣੀ ਸੁਣਾਈ ਘਟਨਾ ਨੂੰ ਕਹਾਣੀ ਨਹੀਂ ਬਣਾਉਂਣਾ ਚਾਹੀਦਾ । ਲੇਖਕ ਨੂੰ ਹਰ ਰਚਨਾ ਬਾਰੇ ਵੱਧ ਤੋਂ ਵੱਧ ਤਜਰਬਾ ਹਾਸਲ ਕਰ ਲੈਣਾ ਚਾਹੀਦਾ ਹੈ।

**ਖੁਸ਼ਵੰਤ ਬਰਗਾੜੀ**: ਲੇਖਕ ਨੂੰ ਫਸਟ ਹੈਂਡ ਤਜਰਬਾ ਹੋਣਾ ਚਾਹੀਦੈ । ਕੁੱਝ ਚਿਰ ਪਹਿਲਾ ਹਰਜਿੰਦਰ ਸੂਰੇਵਾਲੀਆ ਇਕ ਕਾਲਮ ਲਿਖਦਾ ਹੁੰਦਾ ਸੀ 'ਪਹਿਲਾ ਪੀਰੀਅਡ ਲੱਗਣ ਤੋਂ ਪਹਿਲਾਂ.....' ਉਹ ਕਾਲਮ ਬਹੁਤ ਪੜ੍ਹਿਆ ਜਾਂਦਾ ਸੀ । ਉਸਦੇ ਪਾਪੂਲਰ ਹੋਣ ਦਾ ਕਾਰਨ ਸੀ ਕਿ ਸੂਰੇਵਾਲੀਆ ਆਪ ਮਾਸਟਰ ਸੀ ।

**ਸੁਰਿੰਦਰ ਪ੍ਰੀਤ ਘਣੀਆ**: ਮੈਨੂੰ ਤਾਂ ਕਹਾਣੀ ਸਫ਼ਲ ਲੱਗਦੀ ਐ ।

**ਖਾਲਿਦ ਹੁਸੈਨ**: ਹੋਮਵਰਕ ਘੱਟ ਐ । ਚੀਜ਼ਾਂ ਕਨਫਰਮ ਨਹੀਂ ਕੀਤੀਆਂ ।

**ਸੁਖਜਿੰਦਰ ਸਿੰਘ**: ਅਨੇਮਨ ਸਿੰਘ ਦੀ ਕਹਾਣੀ ਨੂੰ ਮੈਂ ਦੋ ਪੱਖਾਂ ਤੋਂ ਵੇਖਦਾਂ । ਵਿਸ਼ਾ ਪੱਖ, ਕਲਾ ਪੱਖ । ਵਿਸ਼ਾ ਪੱਖ 'ਚ ਬਹੁਤ ਲਟਕਾਅ ਹੈ । ਕੁੱਤਾ ਜਾਨਵਰ ਨਹੀਂ ਮਨੁੱਖ ਜਾਨਵਰ ਬਣ ਚੁੱਕਿਐ । ਕਹਾਣੀ ਬਿਰਤਾਂਤ 'ਚ ਇਕ ਵਧੀਆ ਗੱਲ ਆਉਂਦੀ ਹੈ ਕਿ ਪਿੰਡਾਂ ਸ਼ਹਿਰਾਂ ਵਿਚ ਜਾਨਵਰਾਂ ਨੂੰ ਪਾਲਣਾ ਫੈਸ਼ਨ ਬਣ ਚੁੱਕਿਐ । ਜਾਨਵਰਾਂ ਪ੍ਰਤੀ ਲਗਾਓ ਨਹੀਂ ਰਹਿ ਗਿਆ । ਦੋ ਲੱਖ ਦੇ ਕੁੱਤੇ ਦਾ ਫੈਸ਼ਨ ਹੈ । ਅੱਜ ਦਾ ਮਨੁੱਖ ਇਨਸਾਨਾਂ ਚੋਂ ਮੋਹ ਲੱਭਣ ਦੀ ਥਾਂ ਜਾਨਵਰਾਂ ਚੋਂ ਲੱਭਣ ਦੀ ਕੋਸ਼ਿਸ਼ ਕਰਦੈ । ਸੁਈਸਾਈਡ ਵਾਲੀ ਗੱਲ ਖਾਸ ਨਹੀਂ ਲੱਗਦੀ । ਇਹ ਭੂਮਰਿੰਗ ਹਥਿਆਰ ਵਜੋਂ ਵਰਤਿਐ । ਇਹ ਐਡੀ ਵੱਡੀ ਗੱਲ ਨਹੀਂ ਸੀ ਜਿਸ 'ਤੇ ਸੁਈਸਾਇਡ ਕੀਤੈ । ਕਹਾਣੀ 'ਚ ਵਾਰਤਾਲਾਪ ਵਾਧੂ ਹੈ । ਕਾਫ਼ੀ ਕੁੱਝ ਫਾਲਤੂ ਹੈ । ਭਾਸ਼ਾ ਸਰਲ ਹੈ । ਵਿਸ਼ਾ ਵਧੀਆ ਹੈ ਨਿਭਾਅ ਨਹੀਂ ਹੋਇਆ । ਸੰਬੋਲਿਕ ਢੰਗ ਨਾਲ ਨਿਭਾਉਣ ਦੀ ਲੋੜ ਸੀ ।

**ਸੁਰਿੰਦਰ ਪ੍ਰੀਤ ਘਣੀਆ**: ਹਰੇਕ ਲੇਖਕ ਦਾ ਆਪਣਾ ਦ੍ਰਿਸ਼ਟੀਕੋਣ ਤੇ ਲਿਖਣ ਢੰਗ ਹੁੰਦਾ ਹੈ । ਅਨੇਮਨ ਸਿੰਘ ਦਾ ਦ੍ਰਿਸ਼ਟੀਕੋਣ ਸਪੱਸ਼ਟ ਹੈ । ਲੇਖਕ ਮਨੁੱਖ ਦੀਆਂ ਅਤ੍ਰਿਪਤ ਕਾਮਿਕ ਰੁਚੀਆਂ ਬਾਰੇ ਦਸਣਾ ਚਾਹੁੰਦਾ ਹੈ । ਕਿਵੇਂ ਮਨੁੱਖ ਮਨੁੱਖ ਨਹੀਂ ਰਹਿੰਦਾ ਜਾਨਵਰ ਬਣ ਜਾਂਦਾ ਹੈ। ਇਹ ਏਦਾਂ ਕਿਉਂ ਕਰਦਾ ਹੈ ? ਮੈਂ ਫਸਟ ਹੈਂਡ ਐਕਸਪੀਰੀਅਸ ਨਾਲ ਵੀ ਸਹਿਮਤ ਨਹੀਂ। ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' 'ਚ ਲੇਖਕ ਨੇ ਜਗਸੀਰ ਨਾਲ ਜਾ ਕੇ ਪੱਠੇ ਵੱਢੇ ਐ ! ਜੋ ਚਿਤਰਨ ਕੀਤੈ ਉਹ ਕੰਮ ਨਹੀਂ ਕੀਤਾ । ਦੂਸਰੀ ਗੱਲ ਹੈ ਕੁੱਤੇ ਰੱਖਣ ਦਾ ਸ਼ੌਕ ਨਹੀਂ ਲੋੜ ਬਣ ਗਈ ਹੈ । ਅੱਜ ਦੇ ਦੌਰ 'ਚ ਮਨੁੱਖ ਟੁੱਟ ਚੁੱਕਾ ਹੈ । ਪੱਛਮ 'ਚ ਲੋਕ ਬਿੱਲੀਆਂ ਰੱਖਦੇ ਹਨ । ਭਾਸ਼ਾ ਬਿਲਕੁਲ ਠੀਕ ਹੈ । ਸ਼ਬਦਾਂ ਵਿਚ ਜੁੰਬਸ਼ ਹੋਵੇ ।



**ਹਰਬੰਸ ਬਰਾੜ**: ਮੈਂ ਗੱਲ ਕਰਨੀ ਚਾਹੁੰਦਾ ਹਾਂ ਕਿ ਅਨੇਮਨ ਸਿੰਘ ਦਾ ਕਹਾਣੀ ਲਿਖਣ ਦਾ ਮਨੋਰਥ ਕੀ ਹੈ ? ਇਸ ਨੇ ਉਪਰਲੀ ਜਮਾਤ ਦੀਆਂ ਨਲਾਇਕੀਆਂ ਦੱਸ ਕੇ ਬਿੰਬ ਤੋੜਿਐ । ਇਸ ਨਿਸ਼ਾਨੇ ਨੂੰ ਦਿਖਾਉਣ ਲਈ ਇਸ ਦੀ ਵਿਉਂਤ ਗਲਤ ਹੋ ਸਕਦੀ ਹੈ ਪਰ ਨਿਸ਼ਾਨੇ 'ਚ ਕਾਮਯਾਬ ਹੈ ।

**ਭੁਪਿੰਦਰ ਮਾਨ**: ਮਾਨਸਿਕ ਵਿਕਾਰ ਉਪਰਲੀ ਜਾਂ ਹੇਠਲੀ ਜਮਾਤ ਵੇਖ ਕੇ ਨਹੀਂ ਹੁੰਦਾ। ਉਹ ਕਿਸੇ ਵਿਚ ਵੀ ਹੋ ਸਕਦੈ । ਕਹਾਣੀ ਦਾ ਬਿਰਤਾਂਤ ਬੋਝਲ ਹੈ, ਕੁੱਝ ਪਹਿਰੇ ਇਹੋ ਜਿਹੇ ਹਨ ਜਿਨ੍ਹਾਂ ਦੀ ਲੋੜ ਹੀ ਨਹੀਂ ਸੀ । ਕਿਤੇ ਗੱਲਾਂ ਆਪ ਵਿਰੋਧੀ ਹੋ ਜਾਂਦੀ ਹੈ ਜਿਵੇਂ ਮਾਤਾ ਕਿਤੇ ਉਠ ਨਹੀਂ ਸਕਦੀ, ਕਿਤੇ ਨੱਚੀ ਜਾਂਦੀ ਹੈ । ਕੁੱਝ ਚੀਜ਼ਾਂ ਤੋਂ ਬਿਨਾਂ ਸਰ ਸਕਦਾ ਸੀ । ਕਿਸੇ ਸਾਹਿਤਕਾਰ ਨੂੰ ਅਜਿਹੀਆਂ ਗੈਰ ਮਾਨਵੀ ਗੱਲਾਂ ਸਿਰਜਣ ਤੋਂ ਗੁਰੇਜ ਚਾਹੀਦੀ ਹੈ ।

**ਗੁਰਦੇਵ ਖੋਖਰ**: ਮੈਨੂੰ ਲੱਗਦੈ ਕਿ ਬਹਿਸ ਇਕ ਪਾਸੇ ਤਿਲ੍ਹਕ ਗਈ । ਮੈਂ ਬਹੁਤੇ ਦੋਸਤਾਂ ਨਾਲ ਮੁਤਫਿਕ ਨਹੀਂ । ਗੱਲ ਤਿਲ੍ਹਕਣ ਦਾ ਕਾਰਨ ਹੈ ਕਿ ਲੇਖਕ ਨੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਜਾਨਵਰ ਕੀ ਹੈ, ਬੰਦਾ ਕੀ ਹੈ । ਬਾਇਲੋਜੀਕਲੀ ਬੰਦੇ ਤੇ ਜਾਨਵਰ ਵਿਚ ਕੋਈ ਫਰਕ ਨਹੀਂ, ਇਹ ਵਿਗਿਆਨ ਕਹਿੰਦੈ । ਇਹਦੇ ਨਾਲ ਜੁੜਿਐ ਨੈਤਿਕ ਤੇ ਅਨੈਤਿਕ ਵਰਤਾਰਾ । ਅਨੇਮਨ ਨੇ ਇਹ ਗੱਲ ਨਵੀਂ ਨਹੀਂ ਕੀਤੀ । ਕਰਤਾਰ ਸਿੰਘ ਦੁੱਗਲ ਦੀਆਂ ਬੜੀਆਂ ਕਹਾਣੀਆਂ ਹਨ । ਮੰਟੋ ਨੇ ਵੀ ਇਕ ਦੋ ਕਹਾਣੀਆਂ 'ਚ ਜਿਕਰ ਕੀਤੈ । ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਵੀ ਇਹ ਵਾਪਰਦੈ । ਲੇਖਕ ਸਿਚੂਏਸ਼ਨ ਨੂੰ ਅਕਸੈਪਟ ਤਾਂ ਕਰੇ ਅਪੂਰਵ ਨਾ ਕਰੇ। ਕੁੱਝ ਦੋਸਤਾਂ ਨੇ ਕਿਹੈ ਕਿ ਪਾਤਰ ਸੁਈਸਾਈਡ ਕਿਉਂ ਕਰ ਗਿਆ, ਉਸ ਨੇ ਸੁਈਸਾਈਡ ਕਰਨਾ ਹੀ ਸੀ । ਜਦੋਂ ਉਸ ਨੂੰ ਕੋਈ ਨਹੀਂ ਵੇਖ ਰਿਹਾ ਸੀ ਉਹ ਠੀਕ ਸੀ । ਜਦੋਂ ਕਿਸੇ ਨੇ ਵੇਖ ਲਿਆ ਉਹ ਹੋਰ ਕੀ ਕਰ ਸਕਦੈ । ਕਹਾਣੀ ਦੀ ਸੰਵੇਦਨਸ਼ੀਲਤਾ ਨੂੰ ਫੜਨ ਦੀ ਲੋੜ ਹੈ । ਜੋ ਬਹੁਤ ਸਾਰੇ ਦੋਸਤ ਫੜ ਨਹੀਂ ਸਕੇ । ਮਿਤਰ ਸੈਨ ਦੇ ਇਕ ਨਾਵਲ ਵਿਚ ਵੀ ਇਹੀ ਕੁੱਝ ਹੈ । ਇਸ ਤਰ੍ਹਾਂ ਦਾ ਫਿਨੋਮਨੇ ਹੈ ਤਾਂ ਰੇਅਰ, ਪਰ ਹੈ । ਕਹਾਣੀ ਜਾਨਵਰ ਤੇ ਮਨੁੱਖੀ ਸਾਇਕੀ ਨੂੰ ਖੂਬਸੂਰਤੀ ਨਾਲ ਪੇਸ਼ ਕਰਦੀ ਹੈ।

**ਸੁਖਪਾਲ ਸਿੰਘ ਥਿੰਦ**: ਅਨੇਮਨ ਹੁਰਾਂ ਦੀ ਕਹਾਣੀ ਬਾਰੇ ਦੋਵੇਂ ਤਰ੍ਹਾਂ ਦੇ ਵਿਚਾਰ ਆ ਗਏ ਹਨ । ਕਹਾਣੀ ਵਿਚ ਭਾਸ਼ਾ ਦੀ ਸ਼ਕਤੀਸ਼ਾਲੀ ਵਰਤੋਂ ਹੋਈ ਹੈ । ਇਸ ਤਰ੍ਹਾਂ ਦੀ ਕਹਾਣੀ ਲਈ ਜਿਸ ਤਰ੍ਹਾਂ ਦੇ ਕੂਲੇ ਕੂਲੇ, ਨਰਮ ਨਰਮ ਸ਼ਬਦਾਂ ਦੀ ਲੋੜ ਸੀ ਉਹ ਵਰਤੇ ਗਏ ਹਨ । ਜੋ ਭਾਸ਼ਾ ਪੱਖੋਂ ਚੰਗਾ ਪੱਖ ਹੈ । ਲੇਕਿਨ ਜੋ ਵਿਕੋਲੋਤਰੀ ਘਟਨਾ ਹੈ ਮੈਨੂੰ ਐਂ ਲੱਗਦਾ ਹੈ ਕਿ ਹਰ ਤਰ੍ਹਾਂ ਦੀ ਘਟਨਾ ਸਾਹਿਤਕਾਰੀ ਦਾ ਹਿੱਸਾ ਬਣਨ ਦੇ ਯੋਗ ਹੁੰਦੀ ਹੈ ? ਜੇ ਤੁਸੀਂ ਕਿਸੇ ਵਿਕੋਲੋਤਰੇ ਵਰਤਾਰੇ ਨੂੰ ਲੈ ਕੇ ਕੁੱਝ ਸਿਰਜ ਰਹੇ ਹੋ ਤਾਂ ਉਹ ਗੱਲ ਕੀ ਬਣ ਰਹੀ ਹੈ ਇਸ ਕਹਾਣੀ 'ਚ ਜੋ ਵਰਤਾਰੇ ਨਾਲ ਪਿੱਛੇ ਜੁੜਿਆ ਹੋਇਆ ਹੈ ਉਹ ਨਹੀਂ ਸਮਝ ਪੈ ਰਿਹਾ । ਇਸ ਤਰ੍ਹਾਂ ਪਿਉ ਤੇ ਧੀ ਦੇ ਮਨ ਅੰਦਰਲੀ ਟੁੱਟ ਭੱਜ ਦੇ ਪਿਛਲੇ ਕਾਰਨ ਨਹੀਂ ਸਮਝ ਆਉਂਦੇ । ਕਾਮਿਕ ਸੰਬੰਧਾਂ ਵਿਚ ਉਲਾਰਪਣ ਦਾ ਸੰਬੰਧ ਕਿਸੇ ਇਕ ਵਰਗ ਨਾਲ ਨਹੀਂ ਇਹ ਕਿਤੇ ਵੀ ਹੋ ਸਕਦੈ । ਜਿਸ ਨਾਲ ਉਦੇਸ਼ ਵੀ ਛੁੱਪ ਜਾਂਦੈ । ਲੇਖਕ ਦੇ ਮਨ ਵਿਚ ਤਾਂ ਗੱਲ ਪਈ ਹੈ, ਸਥਿਤੀਆਂ ਚੋਂ ਗੱਲ ਨਹੀਂ ਉਪਜਦੀ । ਕੁਲਕਰਨੀ ਦੇ ਡਾਇਲਾਗ ਭਾਸ਼ਨ ਲੱਗਦੇ ਹਨ । ਇਸ ਤਰ੍ਹਾਂ ਕਹਾਣੀ ਵਿਚ ਖਿੰਡਾਅ ਹੈ ।

**ਜਸ ਮੰਡ**: ਇਸ ਕਹਾਣੀ ਵਿਚ ਫੰਟੈਸੀ ਵਾਲੀ ਤਕਨੀਕ ਖੂਬਸੂਰਤ ਹੈ । ਐਨਾਕੌਂਡਾਂ ਵਾਲੀ....। ਭਾਸ਼ਾ ਵੱਲੋਂ ਲੇਖਕ ਨੇ ਮਿਹਨਤ ਨਹੀਂ ਕੀਤੀ, ਕਈ ਸ਼ਬਦ ਹਨ । ਡਲਹੌਜੀ ਵਿਚ ਮੈਨੇਜਮੈਂਟ ਵਾਲਾ ਕੋਈ ਕਾਲਜ ਨਹੀਂ ।ਅਨੁਭਵ ਇਹ ਨਹੀਂ ਜੋ ਸਾਡੇ ਨਾਲ ਹੀ ਵਾਪਰਿਐ ਹੋਵੇ ਉਹ ਤਾਂ ਜੋ ਸੋਡੇ ਆਸੇ ਪਾਸੇ, ਲੋਕਾਂ ਨਾਲ ਵੀ ਵਾਪਰਿਐ ਤੁਹਾਡੇ ਗਿਆਨ ਦਾ ਹਿੱਸਾ ਬਨਦਾ ਰਹਿੰਦੇ ।ਅਨੁਭਵ ਪ੍ਰਮਾਣਿਕ ਹੋਣਾ ਚਾਹੀਦਾ ਹੈ ।ਉੱਚ ਵਰਗ ਨੇ ਕੁੱਤੇ ਇਕੱਲਤਾ ਨੂੰ ਦੂਰ ਕਰਨ ਲਈ ਨਹੀਂ ਰੱਖੇ ਹੁੰਦੇ, ਬੱਚਿਆਂ ਵਰਗੇ ਹੁੰਦੇ ਨੇ । ਮੈਂ ਨਹੀਂ ਸੁਣਿਆਂ ਕਿ ਉੱਚ ਵਰਗ ਨੇ ਕਦੇ ਅਜਿਹਾ ਕੀਤਾ ਹੋਵੇ । ਇਸ ਤਰ੍ਹਾਂ ਦੀ ਗੱਲ ਨੂੰ ਲੈ ਕੇ ਆਉਣਾ ਗ਼ਲਤ ਹੈ ਤੇ ਤੁਹਾਨੂੰ ਇਸ ਦਾ ਅਨੁਭਵ ਵੀ ਨਹੀਂ ।

## ਪਰਮਜੀਤ ਸਿੰਘ ਢੀਂਗਰਾ-ਅਕਾਸ਼ ਦੀ ਪਿੱਠ ਨਹੀਂ ਹੁੰਦੀ

**ਪ੍ਰੋ.ਸੁਖਜਿੰਦਰ**: ਡਾ.ਢੀਂਗਰਾ ਦੀ ਇਹ ਕਹਾਣੀ ਮੁਜਾਰੇ ਵਰਗ ਦੀਆਂ ਜਮਾਤੀ ਵਿਕਲੋਤਿਰੀਆਂ ਸਮੱਸਿਆਵਾਂ ਦਾ ਵਿਸ਼ਾ ਬਿਆਨ ਕਰਦੀ ਹੈ । ਇਸ ਲਈ ਇਹ ਕਹਾਣੀ ਜਿਥੇ ਨਵਉਦਾਰਵਾਦੀ ਅਤੇ ਵਿਸ਼ਵੀਕਰਨ ਦੀ ਪ੍ਰਕਿਰਿਆ ਤੋਂ ਬਾਅਦ ਮਜ਼ਦੂਰ, ਕਿਸਾਨ ਅਤੇ ਹੇਠਲੇ ਮੱਧਵਰਗੀ ਵਿਅਕਤੀ ਦੇ ਸੰਕਟ ਨੂੰ ਚਿਤਰਦੀ ਹੈ, ਉਥੇ ਪੰਜਾਬ ਵਿਚ ਮਜਬੂਤ ਪਕੜ ਬਣਾਈ ਬੈਠੀ ਉੱਚ ਜਗੀਰਦਾਰੀ ਵਿਵਸਥਾ ਦੀ ਮਨੋਬਿਰਤੀ ਅਤੇ ਪ੍ਰਵਿਰਤੀ ਨੂੰ ਚਿਤਰਦੀ ਹੈ ।

ਕਹਾਣੀ ਵਿਚਲੇ ਵੇਰਵੇ ਇਸ ਗੱਲ ਦਾ ਪ੍ਰਮਾਣ ਹਨ ਕਿ ਜਗੀਰਦਾਰ ਆਪਣੀ ਵਿਚਾਰਧਾਰਕ-ਸਰਦਾਰੀ ਰਾਹੀਂ ਸਾਧਾਰਨ ਮੁਜ਼ਾਰਿਆਂ ਅਤੇ ਮਜ਼ਦੂਰਾਂ ਨੂੰ ਜਿਹਨੀ ਤੌਰ ਤੇ ਗੁਲਾਮ ਬਣਾਕੇ ਰੱਖਣਾ ਚਾਹੁੰਦੇ ਹਨ । ਪ੍ਰੰਤੂ ਦੇਸ਼ ਦੀ ਅਜ਼ਾਦੀ ਕਾਰਨ ਇਹ ਵਰਗ ਹੁਣ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਗਿਆ ਹੈ ਅਤੇ ਸਾਮਰਾਜ ਦੀ ਗੁਲਾਮ ਪ੍ਰਵਿਰਤੀ ਦੇ ਵਿਰੁੱਧ ਖੜਾ ਹੋ ਗਿਆ ਹੈ । ਜਿਥੇ ਦੇਸ਼ ਦੀ ਅਜ਼ਾਦੀ ਅਤੇ ਵੰਡ ਨਾਲ ਭਾਰਤੀ ਸਮਾਜ ਵਿਚ ਨਵੇਂ ਬਦਲਾਵ ਆਏ ਉਥੇ ਜਾਗੀਰਦਾਰ ਆਪਣੀ ਖੁਸ ਚੁੱਕੀ 'ਸਰਦਾਰੀ' ਪ੍ਰਾਪਤੀ ਲਈ ਰਾਜਸੀ ਸੱਤਾ ਰਾਹੀਂ ਇਸ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ । ਜਿਸ ਲਈ ਉਹ ਇਨ੍ਹਾਂ ਮਜ਼ਦੂਰਾਂ ਅਤੇ ਮੁਜਾਰਿਆਂ ਨੂੰ ਅਨੇਕਾਂ ਲਾਲਚ ਅਤੇ ਜ਼ਮੀਨ ਵੰਡਣ ਦੀਆਂ ਲਾਲਸਾਵਾਂ ਵੀ ਦਿੰਦਾ ਹੈ । ਪ੍ਰੰਤੂ ਮੁਜਾਰਾ ਵਰਗ ਹੁਣ ਇਨ੍ਹਾਂ ਦੇ ਚੁੰਗਲ ਵਿਚੋਂ ਅਜ਼ਾਦ ਪ੍ਰਵਿਰਤੀ ਦਾ ਲਖਾਇਕ ਬਣਦਾ ਜਾ ਰਿਹਾ ਹੈ ਅਤੇ ਮਾਨਸਿਕ ਅਤੇ ਸਮਾਜਿਕ ਗੁਲਾਮੀ ਦੇ ਵਿਰੁੱਧ ਇੱਕਜੁੱਟ ਹੁੰਦਾ ਹੈ । ਕਹਾਣੀ ਵਿਚ ਮੁਜਾਰੇ ਵਰਗ ਦੀ ਪ੍ਰਤੀਨਿਧਤਾ ਕਰਦੇ 'ਬੀਰੇ' ਦਾ ਉਚਾਰਨ ਮੁਜਾਰਿਆਂ ਦੀ ਵਿਰੋਧਤਾ ਦਾ ਪ੍ਰਤੀਕ ਹੈ ।

ਇਸ ਪ੍ਰਤੀ ਹੁਣ ਮੁਜਾਰਿਆਂ ਦੀ ਪੁਰਾਤਨ ਪੀੜੀ ਵਾਂਗ ਨਵੀਂ ਪੀੜ੍ਹੀ ਗੁਲਾਮੀ ਤੋਂ ਮੁਕਤੀ ਲੋਚਦੀ ਹੈ ਅਤੇ ਇਸ ਪ੍ਰਤੀ ਸੰਘਰਸ਼ ਕਰਦੀ ਹੈ । ਇਸ ਲਈ ਇਹ ਕਹਾਣੀ ਮੁਜਾਰੇ ਵਰਗ ਅਤੇ ਜਾਗੀਰਦਾਰ ਵਰਗ ਦੇ ਆਪਸੀ ਮਨੋ ਬਿਰਤੀ ਸੰਸਾਰ ਨੂੰ ਵਿਅਕਤ ਕਰਦੀ ਹੈ । ਜਿਸ ਵਿਚ ਇੱਕ ਜਗੀਰਦਾਰ ਵਿਅਕਤੀ ਲਾਲ ਸਿੰਘ ਦਿਲਬਰ ਆਪਣੀ ਸਰਦਾਰੀ ਪ੍ਰਾਪਤੀ ਲਈ ਅਨੇਕਾਂ ਖਿਆਲੀ ਵਿਚਾਰਾਂ ਨੂੰ ਉਸਾਰਦਾ ਹੈ ਪ੍ਰੰਤੂ ਇਹ ਇਨ੍ਹਾਂ ਮੁਜਾਰਿਆਂ ਦੀ ਇੱਕ ਜੁਟਤਾ ਪ੍ਰਤੀ ਕਰ ਕੁਝ ਨਹੀਂ ਸਕਦਾ ।

ਕਹਾਣੀ ਨੇ ਜਗੀਰਦਾਰੀ ਵਰਗ ਦੇ ਮਾਨਸਿਕ ਸੰਸਾਰ ਨੂੰ ਚਿਤਰਿਆ ਹੈ । ਕਹਾਣੀ ਦਾ ਵਿਸ਼ਾ ਕਿਤੇ-ਕਿਤੇ ਆਪਣੇ ਮੂਲ ਵਿਸ਼ੇ ਤੋਂ ਭਟਕਦਾ ਨਜ਼ਰ ਆਉਂਦਾ ਹੈ । ਕਹਾਣੀ ਦਾ ਚਾਲ



ਮੁਜਾਰੇ ਵਰਗ ਦੇ ਵਿਰੋਧ ਤੋਂ ਸ਼ੁਰੂ ਹੋ ਕੇ ਲਾਲ ਸਿੰਘ ਦਿਲਬਰ ਦੇ ਚਿਤਰਨ ਨੂੰ ਉਭਾਰਨ ਵੱਲ ਵਧੇਰੇ ਚਲੀ ਜਾਂਦੀ ਹੈ । ਲਾਲ ਸਿੰਘ ਦੀ ਔਰਤ ਪ੍ਰਤੀ ਖਿੱਚ ਜਗੀਰਦਾਰੀ ਪ੍ਰਬੰਧ ਦੀਆਂ ਕਾਮਿਕ ਰੁਚੀਆਂ ਨੂੰ ਬਿਆਨ ਕਰਦੀ ਹੈ । ਜੋ ਇਸ ਪ੍ਰਬੰਧ ਦੀ ਔਰਤ ਪ੍ਰਤੀ ਦ੍ਰਿਸ਼ਟੀਕੋਣ ਦੀ ਸਾਧਾਰਨ ਪ੍ਰਵਿਰਤੀ ਹੀ ਜਗੀਰਦਾਰਾਂ ਦਾ ਔਰਤ ਨੂੰ ਕਾਮਿਕ ਰੁਚੀਆਂ ਲਈ ਲਾਲਚਾਉਣਾ ਕਹਾਣੀ ਵਿਚ ਕੋਈ ਨਵੇਂ ਵਿਸ਼ੇ ਪੈਦਾ ਨਹੀਂ ਕਰਦਾ, ਕਿਉਂਕਿ ਇਹ ਪ੍ਰਵਿਰਤੀ ਉਸ ਸਮੇਂ ਦੀ ਸਾਧਾਰਨ ਸੀ । ਜੇਕਰ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਇਸ ਵਿਚ ਜਨੈਬ ਵਰਗੀ ਔਰਤ ਸਿਰਫ ਔਰਤ ਦੁਖਾਂਤ ਦਾ ਪਾਤਰ ਹੀ ਬਣਦੀ ਹੈ । ਪ੍ਰੰਤੂ ਉਹ ਇਸ ਤ੍ਰਾਸਦੀ ਦੇ ਵਿਰੁੱਧ ਖੜੀ ਹੁੰਦੀ ਨਜ਼ਰ ਨਹੀਂ ਆਉਂਦੀ । ਇਸ ਲਈ ਇਹ ਕਹਾਣੀ ਔਰਤ ਦੀ ਚੇਤਨਾ ਨੂੰ ਨਹੀਂ ਉਭਾਰਦੀ । ਜਾਗੀਰਦਾਰ ਲਾਲ ਸਿੰਘ ਦਿਲਬਰ ਮੁਜਾਰਿਆਂ, ਜ਼ਮੀਨਾਂ ਅਤੇ ਔਰਤ ਉਪਰ ਆਪਣੀ ਸੱਤਾ ਜਮਾਈ ਰੱਖਣਾ ਚਾਹੁੰਦਾ ਹੈ । ਦੇਸ਼-ਵੰਡ ਅਤੇ ਅਜ਼ਾਦੀ ਪ੍ਰਾਪਤੀ ਤੋਂ ਬਾਅਦ ਉਸ ਨੂੰ ਆਪਣਾ ਸਭ ਕੁੱਝ ਲੁੱਟਦਾ ਨਜ਼ਰ ਆਉਂਦਾ ਹੈ । ਅਜਿਹੇ ਸਮੇਂ ਉਸ ਦੀ ਮਾਨਸਿਕਤਾ ਵਿਚ ਜੋ ਵੀ ਵਿਚਾਰ ਉਪਜਦੇ ਹਨ ਉਹ ਸਿਰਫ ਖਿਆਲੀ ਪੱਧਰ ਤੱਕ ਹੀ ਰਹਿੰਦੇ ਹਨ ਅਤੇ ਉਸ ਦੀ ਇਨ੍ਹਾਂ ਪ੍ਰਤੀ ਵਿਰੋਧਤਾ ਸਿਰਫ ਤੇ ਸਿਰਫ ਉਸ ਦੀ ਮਨੋਬਿਰਤੀ ਤੱਕ ਹੀ ਸੀਮਤ ਰਹਿ ਜਾਂਦੀ ਹੈ ।

ਇਸ ਤਰ੍ਹਾਂ ਇਸ ਕਹਾਣੀ ਦਾ ਸਿਰਲੇਖ ਇਸ ਗੱਲ ਨੂੰ ਸਪੱਸ਼ਟ ਕਰਦਾ ਹੈ ਕਿ ਮਨੁੱਖੀ ਮਾਨਸਿਕਤਾ ਦੀ ਲੜੀ ਬਹੁਤ ਲੰਬੀ ਹੈ । ਜਿਸਦਾ ਕੋਈ ਅੰਤ ਨਹੀਂ ਹੁੰਦਾ । ਜਿਵੇਂ ਅਕਾਸ਼ ਦੀ ਕੋਈ ਪਿੱਠ ਨਹੀਂ ਹੁੰਦੀ ਉਸੀ ਤਰ੍ਹਾਂ ਮਨੁੱਖ ਦੇ ਖਿਆਲੀ ਵਿਚਾਰਾਂ ਦਾ ਕੋਈ ਅੰਤ ਨਹੀਂ । ਉਸ ਨੂੰ ਸੂਰਜ ਦੇ ਅਸਤਨ ਸਮੇਂ ਆਪਣੀ ਉਮਰ ਦੇ ਢਲਦੇ ਪਰਛਾਵੇਂ ਵਿਚ ਆਪਣਾ ਕੁੱਬਾਪਣ ਵੀ ਨਜ਼ਰ ਨਹੀਂ ਆਉਂਦਾ ਅਤੇ ਆਪਣੇ ਅੰਤਿਮ ਸਮੇਂ ਵਿਚ ਉਹ ਆਪਣੀ ਲਾਲਸਾਵਾਂ ਨੂੰ ਪ੍ਰਾਪਤ ਕਰਨ ਲਈ ਤਤਪਰ ਰਹਿੰਦਾ ਹੈ । ਉਸੀ ਤਰ੍ਹਾਂ ਲਾਲ ਸਿੰਘ ਨੂੰ ਵੀ ਆਪਣੀ ਜ਼ਿੰਦਗੀ ਦੇ ਆਖਰੀ ਸਮੇਂ ਆਪਣੀ ਲਾਲਸਾ ਲਈ ਆਪਣੀ ਕਮਜ਼ੋਰ ਅਵਸਥਾ ਦਾ ਅਹਿਸਾਸ ਨਹੀਂ ਹੁੰਦਾ । ਪ੍ਰੰਤੂ ਉਸ ਨੂੰ ਇਹ ਨਹੀਂ ਪਤਾ ਕਿ ਅਕਾਸ਼ ਦੀ ਸੀਮਤਾਂ ਵਾਂਗ ਖਿਆਲੀ ਵਿਚਾਰਾਂ ਦੀ ਵੀ ਕੋਈ ਚਰਮ-ਸੀਮਾ ਨਹੀਂ ਹੈ । ਇਸ ਲਈ ਕਹਾਣੀਕਾਰ ਨੇ ਇੱਕ ਜਗੀਰਦਾਰ ਵਿਅਕਤੀ ਦੇ ਪਾਤਰ ਰਾਹੀਂ ਮਨੁੱਖੀ ਖਿਆਲਾਂ ਨੂੰ ਵਧੇਰੇ ਉਭਾਰਿਆ ਹੈ । ਕਹਾਣੀਕਾਰ ਨੇ ਇਨ੍ਹਾਂ ਦੇ ਪ੍ਰਤੀ ਕੁਝ ਸੰਕੇਤਕ ਘਟਨਾਵਾਂ ਰਾਹੀਂ ਇਸ ਨੂੰ ਬਿਆਨ ਕੀਤਾ ਹੈ । ਜੇਕਰ ਕਹਾਣੀ ਦੇ ਕਲਾ-ਪੱਖ ਪ੍ਰਤੀ ਚਰਚਾ ਕੀਤੀ ਜਾਵੇ ਤਾਂ ਕਹਾਣੀਕਾਰ ਦਾ ਵਰਨਣ ਵਿਸ਼ੇ ਦੀ ਵਾਰਤਾਲਾਪ ਦੇ ਖਲਾਅ ਅਤੇ ਖਿੰਡਾ ਵੱਲ ਵਧੇਰੇ ਜਾਂਦਾ ਹੈ। ਕਹਾਣੀਕਾਰ ਨੇ ਕਹਾਣੀ-ਪਾਤਰਾਂ ਦੇ ਆਪਸੀ ਵਾਰਤਾਲਾਪ ਨੂੰ ਵਧੇਰੇ ਲੰਬਰੇ ਚਿਤਰਿਆ ਹੈ । ਪ੍ਰੰਤੂ ਕਹਾਣੀਕਾਰ ਨੂੰ ਜੋ ਸ਼ਬਦਾਵਲੀ ਅਤੇ ਭਾਸ਼ਾ ਦੀ ਵਰਤੋਂ ਕੀਤੀ ਹੈ ਉਹ ਬਹੁਤ ਹੀ ਸਲਾਘਾਯੋਗ ਅਤੇ ਉੱਚ ਪੱਧਰ ਦੀ ਹੈ । ਸ਼ਬਦਾਂ ਦੀ ਸਪੱਸ਼ਟਤਾ ਅਤੇ ਸੰਕੇਤਿਕਤਾ ਕਹਾਣੀ ਦਾ ਉੱਚ ਪੱਧਰੀ ਗੁਣ ਕਿਹਾ ਜਾ ਸਕਦਾ ਹੈ ।

**ਭੁਪਿੰਦਰ ਮਾਨ**: ਕਹਾਣੀ ਦਾ ਵਿਸ਼ਾ ਪੁਰਾਣਾ ਹੈ । ਪਰ ਕਈ ਵਿਸ਼ੇ ਸਦੀਵੀ ਹੁੰਦੇ ਹਨ । ਕਹਾਣੀ ਚੋਂ ਕਈ ਤੰਦਾਂ ਨਿਕਲਦੀਆਂ ਹਨ । ਹੋਰ ਢੰਗ ਹੋਣਾ ਚਾਹੀਦਾ ਹੈ । ਮੁਜਾਰਾ ਲਹਿਰ ਬਾਰੇ ਹੋਰ ਵਿਸਥਾਰ ਹੋ ਸਕਦਾ ਸੀ ।

**ਗੁਰਦੇਵ ਖੋਖਰ**: ਸੰਤਾਲੀ ਦੀ ਵੰਡ ਦਾ ਵਰਤਾਰਾ ਐਨਾ ਵੱਡਾ ਸੀ ਕਿ ਹੁਣ ਤੱਕ ਵੀ ਸਾਡੇ ਲੇਖਕ ਆਪਣੇ ਆਪਣੇ ਨਜ਼ਰੀਏ ਤੋਂ ਉਸ ਸੰਤਾਪ ਬਾਰੇ ਲਿਖ ਰਹੇ ਹਨ । ਇਕ ਉਹ

ਕਹਾਣੀਆਂ ਸਨ ਜੋ ਮਹਿੰਦਰ ਸਿੰਘ ਸਰਨਾ ਤੇ ਗੁਰਬਖਸ਼ ਸਿੰਘ ਨੇ ਮਾਨਵਤਾ ਦੀ ਪੱਧਰ ’ਤੇ ਲਿਖਿਆ । ਹੁਣ ਜੋ ਕਹਾਣੀਆਂ ਸਾਹਮਣੇ ਆ ਰਹੀਆਂ ਹਨ ਮਾਨਸਿਕ ਪੱਧਰ ਦੀਆਂ ਹਨ । ਅਜੀਬ ਕਿਸਮ ਦੇ ਨਵੇਂ-ਨਵੇਂ ਸੰਬੰਧਾਂ ਦੀ ਤਲਾਸ਼ ਜਾਰੀ ਹੈ । ਇਸ ਕਹਾਣੀ ਵਿਚ ਸੰਤਾਲੀ ਦੇ ਸਮੇਂ ਦਾ ਜੋ ਜਗੀਰੂ ਸੱਚ ਸੀ, ਉਸ ਦੁਆਲੇ ਕੇਂਦਰਤ ਰੱਖਿਆ ਕਹਾਣੀ ਨੂੰ, ਇਹ ਵਿਸ਼ਾ ਬਹੁਤ ਪੁਰਾਣਾ ਤੇ ਘਸਿਆ ਪਿਟਿਆ ਹੈ । ਜਗੀਰਦਾਰ ਤੇ ਸਾਹੂਕਾਰ ਵਿਚ ਫਰਕ ਹੈ । ਜਗੀਰਦਾਰ ਮੁਜਾਰੇ ਦੀ ਲੁੱਟ ਕਰਦਾ ਹੈ । ਸਾਹੂਕਾਰ ਪੈਸਾ ਵਿਆਜ ’ਤੇ ਦੇ ਕੇ ਲੁੱਟ ਕਰਦੈ । ਮੈਨੂੰ ਐ ਲੱਗਿਆ ਕਿ ਰੁਮਾਂਸ ਦਾ ਤੇ ਜਗੀਰੂ ਧੌਂਸ ਦਾ ਦਵੰਦ ਪਿਆ ਹੈ । ਇਹ ਅਜੀਬ ਕਿਸਮ ਦਵੰਦ ਹੈ । ਕਲਾ ਦੇ ਪੱਖ ਤੋਂ ਵੇਖੀਏ ਤਾਂ ਇਹ ਲਕੀਰੀ ਕਿਸਮ ਦਾ ਬਿਰਤਾਂਤ ਹੈ ਜੋ ਲੇਖਕ ਸਪਾਟ ਬਿਆਨ ਕਰਦਾ ਹੈ। ਇਹ ਸਹਿਜ ਘਟਨਾ ਕਰਮ ਨਹੀਂ । ਜਗੀਰੂ ਸ਼ਾਇਕੀ ਜਲਦੀ ਨਹੀਂ ਬਦਲਦੀ ।

ਕਹਾਣੀ ’ਚ ਯਥਾਰਥਕ ਪੱਖ ਹੈ ਕਿ ਮੁੱਖ ਪਾਤਰ ਜਗੀਰਦਾਰ ਲਾਲ ਸਿੰਘ ਸਿਅਸਤ ਵਿਚ ਹੱਥ ਮਾਰ ਰਿਹਾ ਹੈ । ਉਹ ਆਪਣਾ ਖੁਰਦਾ ਅਧਾਰ ਬਚਾਉਣਾ ਲੋਚਦਾ ਹੈ । ਸਾਹੂਕਾਰ ਤੋਂ ਏਧਰ ਵੱਧਣਾ ਚਾਹੁੰਦਾ ਹੈ । ਕੁੱਝ ਸ਼ਬਦ ਵੀ ਰੜਕੇ ਹਨ ।

**ਸੁਖਪਾਲ ਸਿੰਘ ਥਿੰਦ**: ਇਸ ਕਹਾਣੀ ਦੀ ਚੰਗੀ ਗੱਲ ਹੈ ਕਿ ਸ਼ਬਦਾਵਲੀ ਸੰਤਾਲੀ ਦੇ ਦੌਰ ਮੁਤਾਬਿਕ ਸ਼ਕਤੀਸ਼ਾਲੀ ਹੈ । ਕਹਾਣੀ ਦੇ ਕਰਾਫਟ ਬਾਰੇ ਬਹੁਤ ਸਾਰੇ ਕਿੰਤੂ ਹਨ । ਖਾਸ ਤੌਰ ਤੇ ਸੰਤਾਲੀ ਵਾਲੇ ਦੌਰ ਦਾ ਜੋ ਹੁਣ 2019 ਵਾਲੇ ਦੌਰ ਨਾਲ ਪ੍ਰਸੰਗ ਨਹੀਂ ਜੁੜਦਾ ਤਾਂ ਪਾਠਕ ਸਾਰੇ ਕੁੱਝ ਨੂੰ ਰਿਲੇਟ ਨਹੀਂ ਕਰ ਪਾਉਂਦਾ । ਉਹ ਉਸ ਨੂੰ ਬੀਤਿਆ, ਹੰਢਿਆ, ਵੇਖਿਆ ਤੇ ਹੁਣ ਦੇ ਸਮੇਂ ਵਿਚ ਰੱਦ ਹੋਇਆ ਵੀ ਜਾਪਦੈ । ਲੇਖਕ ਲਈ ਚਣੌਤੀ ਹੁੰਦੀ ਹੈ ਕਿ ਹੁਣ 2019 ਦੇ ਪਾਠਕ ਲਈ ਪ੍ਰਸੰਗ ਵੀ ਜੁੜੇ । ਕਹਾਣੀ ’ਚ ਲੇਖਕ ਦੀ ਬਿਆਨਬਾਜ਼ੀ ਨਹੀਂ ਹੋਣੀ ਚਾਹੀਦੀ । ਪਾਠਕ ਸਾਹਮਣੇ ਪ੍ਰਤੱਖ ਰੂਪ ’ਚ ਵੀਜੂਅਲ ਬਣਨ । ਢੀਗਰਾ ਸਾਹਿਬ ਦੀ ਇਹ ਕਹਾਣੀ ਤੇ ਹੋਰ ਕਹਾਣੀਆਂ ਵਿਚ ਬਿਆਨ ਵੱਧ ਹੈ । ਇਹ ਗਲਪ ਨੂੰ ਵਾਰਤਕ ਵਾਲੇ ਪਾਸੇ ਲੈ ਜਾਂਦਾ ਹੈ । ਐਕਸ਼ਨ ਗਲਪ ਦੀ ਜਾਨ ਹੈ । ਸਾਰੀ ਕਹਾਣੀ ਵਿੱਚ ਐਕਸ਼ਨ ਮਿਸਿੰਗ ਹੈ । ਉਹਦੇ ਕਰਕੇ ਕਹਾਣੀ ਬਿਆਨਬਾਜੀ ਵਾਲੇ ਪਾਸੇ ਜਾਂਦੀ ਹੈ । ਕਰਾਫਟ ਦੇ ਪੱਖ ਤੋਂ ਬਹੁਤ ਕੁੱਝ ਹੋਣ ਵਾਲਾ ਹੈ ।

**ਜਸ ਮੰਡ**: ਮੈਨੂੰ ਕਈ ਐਸਪਰੇਸ਼ਨ ਚੰਗੇ ਲੱਗੇ । ਕਈ ਉਦਾਹਰਣਾਂ ਹਨ ਕਹਾਣੀ ’ਚ ਠੇਠ ਪੰਜਾਬੀ ਚੋਂ ਨਿਕਲੇ । ਸਾਹਿਤ ਵਿਚ ਪ੍ਰਗਤੀਵਾਦੀ ਦੌਰ ਸੀ । ਜਿਸ ਵਿਚ ਸੋਚ ਸਮਝ ਕੇ ਮਿੱਥ ਕੇ ਲਿਖਿਆ ਜਾਂਦਾ ਸੀ । ਕਿਹਾ ਇਹ ਜਾਂਦਾ ਸੀ ਕਿ ਉਹਦੇ ਵਿਚ ਸਹਿਜਤਾ, ਸੁਭਾਵਿਕਤਾ ਦੀ ਕਮੀ ਹੈ । ਜਦੋਂ ਉਸ ਨੂੰ ਰੱਦ ਕਰਕੇ ਨਵੇਂ ਨਵੇਂ ਕਹਾਣੀਕਾਰ ਆਉਂਦੇ ਤਾਂ ਉਹ ਉਲਟ ਸੋਚਣ ਲੱਗ ਜਾਂਦੇ ਕਿ ਇਹਦੇ ਵਿਚ ਸੁਨੇਹੇ ਦੀ ਕੋਈ ਲੋੜ ਨਹੀਂ । ਸਮਕਾਲ ਵਿਚ ਸੱਤਰ ਸਾਲ ਪਹਿਲਾਂ ਵਾਪਰੇ ਦੀ ਰੈਲਵੈਂਸ ਹੋ ਸਕਦੀ ਹੈ ਪਰ ਰੈਲੇਵੈਂਸ ਕਿਵੇਂ ਉਹ ਤੁਹਾਡੀ ਦ੍ਰਿਸ਼ਟੀ ਉਹਨੂੰ ਕੱਢੇ ਮੈਨੂੰ ਪਿਛਲੇ ਸਮੇਂ ਤੋਂ ਰਚਨਾ ’ ਦ੍ਰਿਸ਼ਟੀ ਦੀ ਘਾਟ ਰੜਕਦੀ ਹੈ । ਕਲੈਅਰਟੀ ਨਹੀਂ ਹੈ । ਤੁਸੀਂ ਸਮਾਜ ਨੂੰ ਕਿਸੇ ਪਾਸੇ ਲੈ ਕੇ ਜਾਣਾ ਚਾਹੁੰਦੇ ਹੋ । ਜਿਨ੍ਹਾਂ ਚਿਰ ਇਹ ਸਪੱਸ਼ਟਤਾ ਨਹੀਂ ਹੁੰਦੀ ਤਾਂ ਉਹ ਕਲੈਰਟੀ ਤੁਹਾਡੀਆਂ ਕਿਰਤਾਂ ਵਿਚੋਂ ਵੀ ਉਭਰ ਕੇ ਸਾਹਮਣੇ ਨਹੀਂ ਆਉਂਦੀ । ਕਈਆਂ ਲੇਖਕਾਂ ਦੀਆਂ ਚਾਰ ਪੰਜ ਕਿਤਾਬਾਂ ਪੜ੍ਹ ਲਵੋ ਕਿਸੇ ਵਿਚ ਉਹ ਨਾਸਤਿਕ ਹੈ, ਕਿਸੇ ਵਿਚ ਉਹ ਪੂਰਾ ਆਸਤਕ ਹੈ। ਕਿਸੇ ਵਿਚ ਉਹ ਸੱਜੇ ਪੱਖੀ ਖੜ੍ਹੇ ਕਿਸੇ ਵਿਚ ਖੱਬੇ ਪੱਖੀ ਖੜ੍ਹੈ । ਕਿਸੇ ਵਿਚ ਇਹ ਨਹੀਂ ਪਤਾ ਲਗ ਰਿਹਾ ਉਹ ਕਿਹੜੇ ਪਾਸੇ ਖੜ੍ਹੈ । ਹੁਣ ਕੋਈ ਲਹਿਰ ਨਹੀਂ । ਜਦੋਂ ਪ੍ਰਗਤੀਵਾਦੀ ਸਾਹਿਤ ਸੀ



ਤਾਂ ਸਾਡੇ ਕੋਲ ਲਹਿਰ ਵੀ ਸੀ ਤੇ ਸੋਸਲਿਸਟ ਮੁਲਕ ਵੀ ਖੜ੍ਹੇ ਸਨ । ਪਾਰਟੀ ਸਕੂਲ ਲਗਦੇ ਸੀ । ਨੌਜਵਾਨ ਤੇ ਵਿਦਿਆਰਥੀ ਸਭਾਵਾਂ ਸਨ । ਦ੍ਰਿਸ਼ਟੀ ਬਣਦੀ ਸੀ । ਹੁਣ ਤੱਕ ਸਾਹਿਤਕਾਰਾਂ ਨੂੰ ਕੁੱਝ ਲੈਵਲ ’ਤੇ ਕਲੈਰਟੀ ਨਹੀਂ । ਇਸ ਕਹਾਣੀ ਵਿਚ ਕਲੈਰਟੀ ਨਹੀਂ । ਸਾਨੂੰ ਜਾ ਤਾਂ ਸੰਚਾਰ ਦੀ ਕਮੀ ਹੈ । ਜਾਂ ਲੇਖਕ ਦੇ ਮਨ ਵਿਚ ਭੰਬਲ ਭੂਸਾ ਹੈ । ਲੇਖਕ ਫਿਊਡਲ ਲੋਰਡ ਨਾਲ ਖੜਾ ਹੈ ਕਿ ਮੁਜ਼ਾਰਿਆਂ ਨਾਲ । ਉਸ ਔਰਤ ਨਾਲ ਹੈ ਜਾਂ ਦੂਜੇ ਪਾਸੇ ਹੈ । ਉਹ ਪਿਆਰ ਹੈ ਜਾਂ ਜਗੀਰੂ ਕਬਜਾ ਹੈ । ਮੈਨੂੰ ਕਹਾਣੀ ਸੁਣਕੇ ਲੱਗਾ ਢੀਗਰਾ ਨੂੰ ਕਹਾਣੀ ਲਿਖਣੀ ਤਾਂ ਆਉਂਦੀ ਹੈ ਪਰ ਦ੍ਰਿਸ਼ਟੀ ਦੀ ਕਲੈਰਟੀ ਦੀ ਲੋੜ ਹੈ ।

**ਅਨੇਮਨ**: ਮੈਨੂੰ ‘ਅਕਾਸ਼ ਦੀ ਪਿੱਠ ਨਹੀਂ ਹੁੰਦੀ’ ਟਾਈਟਲ ਠੀਕ ਨਹੀਂ ਲੱਗਾ ਅਜਿਹਾ ਟਾਈਟਲ ਪਹਿਲਾਂ ਹੀ ਹੈ ।

**ਜਸ ਮੰਡ**: ਇਕ ਵਾਕ ਆਉਂਦਾ ਹੈ ‘ਸੂਰਜ ਦੀ ਛਾਂ’ ਮੇਰੇ ਖਿਆਲ ਵਿਚ ਸੂਰਜ ਦੀ ਛਾਂ ਨਹੀਂ ਹੁੰਦੀ ।

ਜਸਪਾਲਜੀਤ: ਕਹਾਣੀ ਜਿਥੋਂ ਚੱਲੀ ਸੀ ਅੰਤ ਤੇ ਉਥੇ ਖ਼ਤਮ ਨਹੀਂ ਹੁੰਦੀ । ਪਾਤਰ ਬਹੁਤ ਜ਼ਿਆਦੇ ਹਨ । ਭਾਸ਼ਾ ਤੇ ਸਾਹਿਤਕਤਾ ਬਹੁਤ ਜੱਚਦੀ ਹੈ । ਸ਼ਬਦ ਠੇਠ ਹਨ । ਜਿਸ ਨਾਲ ਰੌਚਕਿਤਾ ਆਉਂਦੀ ਹੈ ।

**ਖਾਲਿਦ ਹੁਸੈਨ**: ਕਹਾਣੀ ਦੀ ਖੂਬੀ ਭਾਸ਼ਾ ਹੈ । ਇਸ ਵਿਸ਼ੇ ਤੇ ਬੇਸੁਮਾਰ ਕਹਾਣੀਆਂ ਹਨ। ਇਸ ਵਿਸ਼ੇ ਨੂੰ ਜੇ ਅੱਜ ਦੇ ਪ੍ਰਸੰਗ ਵਿਚ ਜੋੜਿਆ ਜਾਂਦਾ ਤਾਂ ਦਰੁਸਤ ਸੀ । ਕਿਉਂਕਿ ਜਗੀਰਦਾਰੀ ਤੇ ਸਾਹੂਕਾਰਾ ਅੱਜ ਵੀ ਉਵੇਂ ਹੀ ਹੈ । ਸਿਰਫ ਉਸ ਦਾ ਸਟਾਈਲ ਚੇਂਜ ਹੋਇਆ । ਮੈਂ ਪਾਕਿਸਤਾਨ ਵਿਚ ਗਿਆ। ਅੱਜ ਵੀ ਮੁਜਾਰਿਆਂ ਦਾ ਪਹਿਲਾ ਵਾਲਾ ਹਸ਼ਰ ਹੋ ਰਿਹਾ । ਇਸਲਾਮ ਕਿਤੇ ਨਹੀਂ ਲੱਭਿਆ । ਜੇ ਉਨ੍ਹਾਂ ਨਾਲ ਜੋੜ ਕੇ ਪਾਤਰ ਅੱਜ ਦਾ ਹੁੰਦਾ ਤਾਂ ਕਹਾਣੀ ਹੋਰ ਖੂਬਸੂਰਤ ਹੁੰਦੀ । ਸੰਤਾਲੀ ਦੀ ਵੰਡ ਦਾ ਦਰਦ ਅੱਜ ਵੀ ਲੋਕ ਬਰਦਾਸ਼ਤ ਕਰ ਰਹੇ ਹਨ । ਪਹਿਲੇ ਸਮੇਂ ਵੰਡ ਨੂੰ ਸਿਰਫ ਵੰਡ ਹੀ ਨਹੀਂ ਲਿਆ ਬਲਕਿ ਵੰਡ ਦਾ ਦਰਦ ਬਿਆਨ ਕੀਤਾ । ਕਹਾਣੀਆਂ ਦੀ ਖੂਬੀ ਹੈ ਕਿ ਉਹ ਕਿਸੇ ਫਿਰਕੇ ਧਰਮ ਦੇ ਨਾਲ ਨਹੀਂ ਜੁੜੀਆਂ ਤਕਸੀਮ ਦੇ ਖਿਲਾਫ ਗੱਲ ਕੀਤੀ ਹੈ । ਲੋੜ ਅੱਜ ਵੀ ਅਖੰਡ ਭਾਰਤ ਦੀ ਹੈ । ਦੇਖਣ ਵਾਲੀ ਗੱਲ ਇਹ ਹੈ ਕਿ ਨਵਾਂਪਣ ਕੀ ਆਉਂਦਾ ।

**ਖੁਸਵੰਤ ਬਰਗਾੜੀ**: ਜਦੋਂ ਅਸੀਂ ਇਤਿਹਾਸ ਚੋਂ ਵਿਸ਼ਾ ਲੈਂਦੇ ਹਾਂ ਤਾਂ ਦੋ ਚੀਜ਼ਾਂ ਹੀ ਸਾਡੇ ਦਿਮਾਗ ਵਿਚ ਹੁੰਦੀਆਂ ਹਨ । ਜਾਂ ਤਾਂ ਇਤਿਹਾਸ ਨੂੰ ਸਮਕਾਲ ਨਾਲ ਜੋੜਦੇ ਹਾਂ ਜਾਂ ਜੋ ਇਤਿਹਾਸ ਦਾ ਹਿੱਸਾ ਲਿਐ ਉਸਦੇ ਕੋਈ ਨਵੇਂ ਪਾਸਾਰ ਬਿਆਨ ਕਰਦੇ ਹਾਂ । ਜਦੋਂ ਆਪਾਂ ਪਹਿਲੀ ਕਹਾਣੀ ਦੀ ਗੱਲ ਕੀਤੀ ਸੀ ਤਾਂ ਕਿਹਾ ਸੀ ਕਿ ਲੇਖਕ ਨੇ ਵੱਧ ਦਖਲ ਦੇ ਦਿੱਤਾ । ਪਰ ਇਸ ਕਹਾਣੀ ਵਿਚ ਲੱਗਦਾ ਹੈ ਕਿ ਕਹਾਣੀਕਾਰ ਨੇ ਦਖਲ ਨਹੀਂ ਦਿੱਤਾ ਤੇ ਕਹਾਣੀ ਆਪ ਮੁਹਾਰੇਪਣ ਦਾ ਸ਼ਿਕਾਰ ਹੋ ਗਈ । ਇਕ ਤਾਂ ਜਗੀਰਦਾਰੀ ਤੇ ਮੁਜਾਰਾਕਾਰੀ ਦੇ ਅੰਤਰ ਸੰਬੰਧਾਂ ਦਾ ਜ਼ਿਕਰ ਆ ਰਿਹਾ । ਇਕ ਅੰਤਰ ਧਰਮ ਪਿਆਰ ਦਾ ਜ਼ਿਕਰ ਹੈ । ਇਕ ਅਖੀਰ ’ਤੇ ਜਾ ਕੇ ਮੁੱਖ ਪਾਤਰ ਨਿਰਾਸ਼ਾ ਦਾ ਸ਼ਿਕਾਰ ਹੁੰਦੈ । ਇਨ੍ਹਾਂ ਤਿੰਨਾਂ ਵਿਚੋਂ ਕੋਈ ਉਭਰ ਨਹੀਂ ਸਕੀ । ਇਕ ਚੱਲਦੀ ਹੈ ਤਾਂ ਦੂਜੀ ਆ ਜਾਂਦੀ ਹੈ । ਉਹ ਜੈਨਬ ਨੂੰ ਪਿਆਰ ਕਰਦਾ ਸੀ ਕਿ ਕਬਜ਼ਾ ਕਰਨਾ ਚਾਹੁੰਦਾ ਸੀ । ਉਹ ਨਾ ਤਾਂ ਲਗਾਓ ਉਭਰਦੈ ਤੇ ਨਾਂ ਹੀ ਕਬਜੇ ਵਾਲੀ ਗੱਲ ਉਭਰਦੀ ਹੈ । ਸਿਰਫ ਉਹ ਪੇਸ਼ਕਾਰੀ ਤੱਕ ਸੀਮਤ

ਰਹਿ ਜਾਂਦਾ ਹੈ । ਵੇਖਣ ਵਾਲੀ ਗੱਲ ਹੈ ਕਿ ਸੁਨੇਹਾ ਕੀ ਹੈ ? ਜੇ ਲੇਖਕ ਕੋਈ ਮਲੋਮੱਲੀ ਸੁਨੇਹਾ ਦੇਣ ਦੀ ਕੋਸ਼ਿਸ਼ ਕਰੇ ਤਾਂ ਉਹ ਇਕ ਔਗੁਣ ਹੁੰਦੇ ਪਰ ਜੇ ਪਾਠਕ ਸਹਿਜ ਸੁਭਾ ਕੋਈ ਸੁਨੇਹਾ ਰਚਨਾ 'ਚੋਂ ਪ੍ਰਾਪਤ ਕਰ ਲਵੇਂ ਤਾਂ ਉਹ ਇਕ ਹਾਸਲ ਹੁੰਦੇ । ਪੇਸ਼ਕਾਰੀ ਵਿਚ ਸ਼ਬਦਾਵਲੀ ਜਿਸ ਦੌਰ ਦੀ ਹੈ ਲੇਖਕ ਕਾਮਯਾਬ ਹੈ । ਪਰ ਜੋ ਚੀਜ਼ ਉਭਰਨੀ ਚਾਹੀਦੀ ਸੀ ਉਭਰੀ ਨਹੀਂ ।

**ਰਵਿੰਦਰ ਸੰਧੂ**: ਸਿਰਲੇਖ ਬਲਵਿੰਦਰ ਗਰੇਵਾਲ ਨਾਲ ਮਿਲਦਾ ਜੁਲਦਾ ਹੈ । ਮੈਨੂੰ ਲਗਦੈ ਕਿ ਲੇਖਕ ਓਨੀ ਕੁ ਹੀ ਗੱਲ ਕਰ ਸਕਦੈ ਜਿੰਨਾ ਉਹਦੇ ਕੋਲ ਅਨੁਭਵ ਹੁੰਦਾ ਹੈ । ਸਮਾਜ 'ਚ ਸਾਡੇ ਸਾਹਮਣੇ ਬਹੁਤ ਕੁੱਝ ਵਾਪਰਦੈ, ਹਰ ਵਿਅਕਤੀ ਵਾਂਗ ਲੇਖਕ ਦਾ ਵੀ ਘਟਨਾ ਜਾ ਸਥਿਤੀਆਂ ਨੂੰ ਵੇਖਣ ਦਾ ਐਂਗਲ ਹੁੰਦੈ । ਕਈ ਚੀਜ਼ਾਂ ਇਕੱਠੀਆਂ ਵਾਪਰਦੀਆਂ ਹਨ, ਦਸ ਬੰਦਿਆਂ ਦਾ ਸਾਹਮਣੇ ਇਕੱਠੀ ਵਾਪਰੀ ਇਕ ਘਟਨਾ ਹਰ ਬੰਦੇ ਦੇ ਬਿਆਨ 'ਚ ਵੱਖਰੀ ਹੋਊਗੀ । ਹਰ ਬੰਦਾ ਆਪਣੇ ਦ੍ਰਿਸ਼ਟੀਕੋਣ ਤੇ ਮਾਨਸਿਕਤਾ 'ਚ ਵੇਖ ਕੇ ਪੇਸ਼ ਕਰੇਗਾ । ਗਲਪ ਵਿਚ ਤਣਾਓ ਮਹੱਤਵਪੂਰਨ ਹੈ, ਤਣਾਓਸ਼ੀਲ ਪ੍ਰਸਥਿਤੀਆਂ ਵਿਚੋਂ ਹੀ ਗਲਪ ਉਪਜਦੈ । ਇਸ ਕਹਾਣੀ ਵਿਚ ਵੀ ਤਣਾਓ ਬਣਨ ਦੀਆਂ ਬੜੀਆਂ ਸੰਭਾਵਨਾਵਾਂ ਸੀ ਜਿਵੇਂ ਇੱਛਾ ਤੇ ਯਥਾਰਥ ਦਾ ਤਣਾਓ ਬਣ ਸਕਦਾ ਸੀ । ਜਿਵੇਂ ਲਾਲ ਸਿੰਘ ਦੀ ਇੱਛਾ ਤੇ ਯਥਾਰਥਕ ਪ੍ਰਸਥਿਤੀਆਂ ਹਨ । ਸੰਤੁਲਿਤ ਜਿਹੇ ਕਰਮ ਵਿਚ ਹੀ ਗੱਲ ਖਤਮ ਹੋ ਜਾਂਦੀ ਹੈ ਗਲਪੀ ਤਣਾਓ ਸਿਰਜਿਆ ਨਹੀਂ ਗਿਆ । ਤਣਾਓ ਬਣਦਾ ਨਹੀਂ ਕਹਾਣੀ ਸਿੱਧੀ ਤੁਰੀ ਜਾਂਦੀ ਹੈ । ਜਾਂ ਰਾਜਨੀਤਿਕ ਤਬਦੀਲੀ ਦੇ ਨਾਲ ਸਮਾਜਿਕ ਤਬਦੀਲੀ ਦਾ ਜ਼ਿਕਰ ਆਉਂਦੈ ਜਿਸ ਨਾਲ ਜੈਨਬ, ਹੋਰ ਮੁਸਲਮਾਨ ਅਤੇ ਮੁਜਾਰੇ ਬਦਲ ਰਹੇ ਹਨ ਪਰ ਉਹ ਵੀ ਗੱਲ ਕਿਸੇ ਸਿਰੇ ਨਹੀਂ ਲੱਗਦੀ । ਇਹ ਚੀਜ਼ਾਂ ਉਭਰਦੀਆਂ ਹਨ ਪਰ ਸਪਾਟ ਸਥਿਤੀ ਦੇ ਵਿਚ ਆ ਕੇ ਫਿਰ ਕਹਾਣੀ ਅੱਗੇ ਨੂੰ ਤੁਰੀ ਜਾਂਦੀ ਹੈ । ਜੇ ਸਥਿਤੀਆਂ ਟਾਕਰਵੀਆਂ ਬਣਦੀਆਂ ਉਸ ਚੋਂ ਤਣਾਓ ਨਿਕਲਦਾ ਤਾਂ ਕਹਾਣੀ ਹੋਰ ਖੂਬਸੂਰਤ ਬਣ ਸਕਦੀ ਸੀ । ਜੇ ਤਣਾਓ ਸਿਰਜੇ ਜਾਂਦੇ ਤਾਂ ਰਾਜਨੀਤਿਕ ਤੋਂ ਸਮਾਜਿਕ ਤਬਦੀਲੀ ਵੱਲ ਜਾਣਾ ਤੇ ਇੱਛਾ ਤੋਂ ਯਥਾਰਥ ਵੱਲ ਜਾਣ ਨਾਲ ਗੱਲ ਰੈਲੇਵੈਂਸ ਬਣ ਸਕਦੀ ਸੀ । ਭਾਸ਼ਾ ਨਵੀਂ ਕਿਸਮ ਦੀ ਹੈ । ਨਾਟਕੀ ਤਰੀਕੇ ਨਾਲ ਵਾਰਤਾਲਾਪ ਦੀ ਵਰਤੋਂ ਬਹੁਤ ਹੋਈ ਹੈ । ਕਹਾਣੀ ਨੂੰ ਤੇਜ਼ੀ ਦੇ ਕੇ ਹੋਰ ਤੋਰ ਕੇ ਚਾਲ ਮੱਠੀ ਪੈ ਜਾਂਦੀ ਹੈ । ਵਾਰਤਾਲਾਪ ਤੋਰਨ ਦੀ ਕੋਸ਼ਿਸ਼ ਕਰਦੇ ਐ ਪਰ ਪਤਾ ਨਹੀਂ ਲੇਖਕ ਰੋਕ ਲੈਂਦੇ ਜਾਂ ਕਿਸੇ ਤਰੀਕੇ ਨਾਲ ਰੁੱਕ ਜਾਂਦੀ ਹੈ । ਮਗਰਲੀਆਂ ਲਾਈਨਾਂ ਮੈਨੂੰ ਵੀ ਬਹੁਤ ਵਧੀਆ ਲੱਗੀਆਂ ।


## ਨਵੀਆਂ ਛਪੀਆਂ ਪੁਸਤਕਾਂ

ਸੰਤਾਪ 1947

ਸੰਪਾਦਕ : ਪਰਗਟ ਸਿੰਘ ਸਤੌਜ

**ਲੋਹਾ ਵਰ**

(ਤਿੰਨ ਪਾਕਿਤਸਾਨੀ ਨਾਵਲਿਟ)

ਏਜ਼ਾਜ




# ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ

**-ਹਰਜਿੰਦਰ ਸਿੰਘ ਅਟਵਾਲ**

ਪੰਜਾਬੀ ਕਹਾਣੀ ਆਪਣੀ ਸਹਿਜ ਤੋਰੇ ਤੁਰਦਿਆਂ ਅੱਜ ਇਕ ਅਜਿਹੇ ਪੜਾਅ ਤੇ ਪਹੁੰਚ ਚੁੱਕੀ ਹੈ, ਜਿਥੇ ਵਿਚਾਰਵਾਨ ਇਸ ਵਿਚੋਂ ਅਜਿਹੇ ਤੱਥਾਂ ਦੀ ਖੋਜ ਕਰ ਰਹੇ ਹਨ, ਜਿਸ ਨਾਲ ਇਹ ਦਾਅਵਾ ਕੀਤਾ ਜਾ ਸਕੇ ਕਿ ਸਾਹਿਤ ਦੀ ਇਹ ਵਿਧਾ ਸਮਕਾਲੀ ਸਮਾਜਿਕ ਵਰਤਾਰੇ ਦੀ ਤੋਰ ਨੂੰ ਸਹੀ ਢੰਗ ਨਾਲ ਅਤੇ ਸਹੀ ਦਿਸ਼ਾ ਵਿਚ ਪੇਸ਼ ਕਰਨ ਦੇ ਸਮਰੱਥ ਹੈ। ਕਿਸੇ ਵੀ ਸਮਾਜ ਜਾਂ ਸਾਹਿਤ ਜਾਂ ਸਾਹਿਤ ਦੇ ਕਿਸੇ ਵੀ ਰੂਪ ਬਾਰੇ ਇਹ ਕਹਿਣਾ ਕਠਿਨ ਹੁੰਦਾ ਹੈ ਕਿ ਇਕ ਖਾਸ ਸਮੇਂ ਜਾਂ ਉਸ ਤੋਂ ਬਾਅਦ ਇਕ ਅਜਿਹੀ ਤਬਦੀਲੀ ਆਉਂਦੀ ਹੈ ਕਿ ਇਸ ਦਾ ਸਰੂਪ ਅਤੇ ਪਛਾਣ ਪਹਿਲਾਂ ਨਾਲੋਂ ਨਿਵੇਕਲੀ ਜਾਂ ਅਸਲੋਂ ਨਵੀਂ ਹੋ ਜਾਂਦੀ ਹੈ। ਖਾਸ ਕਰਕੇ ਜਦੋਂ ਅਸੀਂ ਅਜਿਹੀ ਤਬਦੀਲੀ ਸਾਲਾਂ, ਦਹਾਕਿਆਂ, ਅਰਧ ਸਦੀ ਜਾਂ ਸਦੀ ਨਾਲ ਜੋੜ ਕੇ ਦੇਖਣ ਦਾ ਯਤਨ ਕਰਦੇ ਹਾਂ। ਜਿਵੇਂ ਸਮਾਜਿਕ ਤਬਦੀਲੀ ਇਕ ਗਤੀਸ਼ੀਲ ਵਰਤਾਰਾ ਹੈ ਉਵੇਂ ਹੀ ਸਮਾਜਿਕ ਵਰਤਾਰੇ ਉਪਰ ਆਧਾਰਿਤ ਸਾਹਿਤ ਵਿਚ ਵੀ ਹਰ ਪੱਧਰ ਤੇ ਕੁਝ ਨਵਾਂ ਵਾਪਰਦਾ ਰਹਿੰਦਾ ਹੈ, ਇਹ ਨਵਾਂ ਪਹਿਲੇ ਤੋਂ ਕੁਝ ਵੱਖਰਾ ਵੀ ਹੁੰਦਾ ਹੈ, ਕੁਝ ਪਹਿਲੇ ਵਰਗਾ ਵੀ ਜਾਪਦਾ ਹੈ। ਇਸ ਤਰ੍ਹਾਂ ਅਸੀਂ ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ ਦੇ ਪਛਾਣ-ਚਿੰਨ੍ਹ ਤਲਾਸ਼ ਕਰਦਿਆਂ ਇਸ ਤੱਥ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦੇ ਕਿ ਇਹ ਤਬਦੀਲੀ ਅਚਾਨਕ ਜਾਂ ਰਾਤੋ ਰਾਤ ਨਹੀਂ ਵਾਪਰਦੀ ਅਤੇ ਨਾ ਹੀ ਇਸ ਤਬਦੀਲੀ ਵਾਲੇ ਦੌਰ ਦਾ ਸਮਾਜ ਜਾਂ ਸਾਹਿਤ ਪੂਰਵਲੀਆਂ ਧਾਰਨਾਵਾਂ/ਮਾਨਤਾਵਾਂ ਤੋਂ ਮੁਕੰਮਲ ਰੂਪ ਵਿਚ ਮੁਕਤ ਹੈ। ਇਹੀ ਕਾਰਨ ਹੈ ਕਿ ਮੁੱਢਲੀ ਪੰਜਾਬੀ ਕਹਾਣੀ ਦੇ ਬਿਰਤਾਂਤ ਵਿਚਲੇ ਤੱਤ ਇੱਕੀਵੀਂ ਸਦੀ ਦੀ ਕਹਾਣੀ ਵਿਚ ਵੀ ਅੰਸ਼ਕ ਰੂਪ ਵਿਚ ਸ਼ਾਮਲ ਹਨ ਭਾਵੇਂ ਇਹ ਵੀ ਸਹੀ ਹੈ ਕਿ ਅਜੋਕੀ ਪੰਜਾਬੀ ਕਹਾਣੀ ਮੁਢਲੀ ਪੰਜਾਬੀ ਕਹਾਣੀ ਦੇ ਮੁਹਾਂਦਰੇ ਨਾਲ ਪੂਰਨ ਰੂਪ ਵਿਚ ਰਲਦੀ ਨਹੀਂ। ਹੁਣ ਇਥੇ ਸੁਆਲ ਇਹ ਪੈਦਾ ਹੁੰਦਾ ਹੈ ਕਿ ਸਾਹਿਤ ਰੂਪ ਦੇ ਵੱਖ-ਵੱਖ ਪੜਾਵਾਂ ਨੂੰ ਨਿਸਚਿਤ ਕਰਨ ਦਾ ਆਧਾਰ ਕੀ ਮਿਥਿਆ ਜਾ ਸਕਦਾ ਹੈ ? ਅਸਲ ਵਿਚ ਕਿਸੇ ਸਮਾਜ ਵਿਸ਼ੇਸ਼ ਵਿਚ ਤਬਦੀਲੀ ਉਦੋਂ ਆਉਂਦੀ ਹੈ ਜਦੋਂ ਰਾਜਨੀਤਕ, ਸਮਾਜਕ, ਆਰਥਿਕ, ਸਭਿਆਚਾਰਕ ਆਦਿ ਕਿਸੇ ਇਕ ਜਾਂ ਇਕ ਤੋਂ ਵਧੇਰੇ ਖੇਤਰਾਂ ਵਿਚ ਕੋਈ ਸਿਫ਼ਤੀ ਤਬਦੀਲੀ ਆਉਂਦੀ ਹੈ। ਉਂਜ ਇਹ ਵੀ ਸੱਚ ਹੈ ਕਿ ਉਪਰੋਕਤ ਸਾਰੇ ਖੇਤਰ ਇਕ ਹੀ ਸਮੇਂ ਇਕ ਦੂਜੇ ਤੋਂ ਭਿੰਨ ਵੀ ਨਜ਼ਰ ਆਉਂਦੇ ਹਨ ਪਰ ਇਕ ਖੇਤਰ ਵਿਚ ਆਈ ਤਬਦੀਲੀ ਤੋਂ ਦੂਜਾ ਖੇਤਰ ਸਹਿਜ ਸੁਭਾਅ ਹੀ ਪ੍ਰਭਾਵਤ ਹੁੰਦਾ ਹੈ। ਪੰਜਾਬ ਵਿਚ ਜੇ ਬਹੁਤੀ ਦੂਰ ਨਾ ਵੀ ਜਾਣਾ ਹੋਵੇ ਤਾਂ ਮੁਗਲ ਰਾਜ ਦੀ ਅਧੋਗਤੀ ਉਪਰੰਤ ਮਹਾਰਾਜਾ ਰਣਜੀਤ ਸਿੰਘ ਦਾ ਰਾਜ, ਅੰਗਰੇਜ਼ੀ ਰਾਜ ਦੀ ਆਮਦ, ਦੇਸ਼ ਦੀ ਆਜ਼ਾਦੀ ਨਾਲ ਜੁੜਿਆ ਸੰਘਰਸ਼, ਦੇਸ਼ ਦੀ ਆਜ਼ਾਦੀ ਨਾਲ ਜੁੜਿਆ ਹੋਇਆ ਪੰਜਾਬ ਦੀ ਵੰਡ ਦਾ ਦੁਖਾਂਤ, ਨਕਸਲਬਾੜੀ ਲਹਿਰ ਆਦਿ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਮਾਜਿਕ ਸੋਚ ਦੀ ਤਬਦੀਲੀ ਦਾ ਕਾਰਨ ਮੰਨਿਆ ਜਾ ਸਕਦਾ ਹੈ, ਇਹ ਤਬਦੀਲੀ ਪੰਜਾਬ ਦੇ ਖਿੱਤੇ ਵਿਚ ਵਸਦਿਆਂ ਦੇ ਕੇਵਲ ਸਮਾਜਿਕ ਜੀਵਨ ਨੂੰ ਹੀ ਪ੍ਰਭਾਵਿਤ ਨਹੀਂ ਕਰਦੀ ਸਗੋਂ ਰਾਜਨੀਤਕ, ਆਰਥਿਕ, ਸਭਿਆਚਾਰ ਆਦਿ ਖੇਤਰਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ। ਇਸੇ ਤਰ੍ਹਾਂ ਇਨ੍ਹਾਂ ਤੋਂ ਬਾਅਦ ਵਾਪਰੀਆਂ ਤਬਦੀਲੀਆਂ ਨੇ ਵੀ ਪੰਜਾਬੀ ਜਨ ਜੀਵਨ ਦੀ ਸੋਚ ਨੂੰ

ਪ੍ਰਭਾਵਿਤ ਕੀਤਾ ਹੈ, ਇਹ ਸਾਰੇ ਪ੍ਰਭਾਵ ਪੰਜਾਬੀ ਕਹਾਣੀ ਦੇ ਬਿਰਤਾਂਤ ਵਿਚ ਸਮੇਂ-ਸਮੇਂ ਸ਼ਾਮਲ ਰਹੇ ਹਨ।

ਇਸ ਸੰਦਰਭ ਵਿਚ ਸਮਰਥ ਕਹਾਣੀਕਾਰ ਅਤੇ ਗਲਪ ਚਿੰਤਕ ਡਾ. ਬਲਦੇਵ ਸਿੰਘ ਧਾਲੀਵਾਲ ਆਪਣੀ ਆਲੋਚਨਾ ਪੁਸਤਕ "ਪੰਜਾਬੀ ਕਹਾਣੀ ਦਾ ਇਤਿਹਾਸ" ਵਿਚ ਇਸ ਦੇ ਚਾਰ ਪੜਾਵਾਂ ਨੂੰ ਨਿਸਚਿਤ ਕਰਨ ਲਈ ਸਮਾਜਿਕ, ਆਰਥਿਕ ਕਾਰਨਾਂ ਨੂੰ ਆਧਾਰ ਬਣਾਉਂਦਾ ਹੈ। ਉਹ ਪੰਜਾਬੀ ਕਹਾਣੀ ਦਾ ਪਹਿਲਾ ਪੜਾਅ 1913 ਤੋਂ 1935 ਤਕ ਦਾ ਮੰਨਦਾ ਹੋਇਆ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਕਹਾਣੀ 'ਪ੍ਰਤਿਮਾ' ਜੋ 1935 ਵਿਚ ਲਿਖੀ ਗਈ ਅਤੇ ਪ੍ਰੀਤਲੜੀ ਵਿਚ ਪ੍ਰਕਾਸ਼ਤ ਹੋਈਆਂ ਭਾਈ ਮੋਹਨ ਸਿੰਘ ਵੈਦ ਅਤੇ ਉਸ ਦੇ ਸਮਕਾਲੀਆਂ ਦੀਆਂ ਸਮਾਜ ਸੁਧਾਰਕ ਕਹਾਣੀਆਂ ਦੀ ਗੱਲ ਕਰਦਾ ਹੈ, ਜੋ ਪਹਿਲਾਂ ਪਹਿਲ ਸਿੰਘ ਸਭਾ ਲਹਿਰ ਦੇ ਸਮਾਜ ਸੁਧਾਰ ਵਾਲੇ ਪ੍ਰਭਾਵ ਅਧੀਨ ਲਿਖੀਆਂ ਗਈਆਂ। ਇਹ ਦੌਰ ਧਾਰਮਿਕ ਆਦਰਸ਼ਵਾਦ ਅਤੇ ਰੁਮਾਂਟਿਕ ਯਥਾਰਥਵਾਦ ਦਾ ਸੀ। ਪਰ ਇਸ ਵਿਚ ਵੀ ਮੱਧਕਾਲੀ ਕਥਾਨਕ ਰੂੜ੍ਹੀਆਂ ਅੰਸ਼ਕ ਰੂਪ ਵਿਚ ਹਾਜ਼ਰ ਰਹਿੰਦੀਆਂ ਹਨ। ਉਹ ਪੰਜਾਬੀ ਕਹਾਣੀ ਦਾ ਦੂਜਾ ਦੌਰ 1936 ਤੋਂ 1965 ਤੱਕ ਦਾ ਮੰਨਦਾ ਹੈ। ਇਹ ਉਹ ਸਮਾਂ ਸੀ ਜਦੋਂ ਪ੍ਰਗਤੀਸ਼ੀਲ ਲੇਖਕ ਸੰਘ ਸਰਗਰਮ ਹੋ ਰਿਹਾ ਸੀ। ਇਸ ਦੌਰ ਵਿਚ ਪ੍ਰਗਤੀਵਾਦ ਅਤੇ ਰਾਸ਼ਟਰਵਾਦ ਵਰਗੀਆਂ ਲਹਿਰਾਂ ਸਮਾਜ ਉੱਪਰ ਆਪਣੀ ਪਕੜ ਮਜ਼ਬੂਤ ਕਰ ਰਹੀਆਂ ਸਨ। ਸਾਧਾਰਨ ਆਦਮੀ ਨੂੰ ਉਸ ਦੀ ਸਾਧਾਰਨਤਾ ਵਿਚ ਹੀ ਪੇਸ਼ ਕਰਨ ਦੀ ਰੁਚੀ ਪ੍ਰਬਲ ਹੁੰਦੀ ਹੈ ਜਾਂ ਇਉਂ ਕਹਿ ਲਈਏ ਕਿ ਨਾਇਕ ਵਿਸ਼ੇਸ਼ ਤੋਂ ਸਾਧਾਰਨ ਬਣ ਜਾਂਦਾ ਹੈ ਅਤੇ ਇਥੇ ਨਾਲ ਹੀ ਇਕ ਖਾਸ ਤਰ੍ਹਾਂ ਦੇ ਸਮਾਜਵਾਦੀ ਮਾਡਲ ਪ੍ਰਤੀ ਆਸਥਾ ਨਜ਼ਰ ਆਉਂਦੀ ਹੈ। ਕਈ ਵਾਰ ਤਾਂ ਇਹ ਆਸਥਾ ਮੱਧਕਾਲੀ ਧਾਰਮਿਕ ਕੱਟੜਤਾ ਵਾਲੀ ਆਸਥਾ ਬਣਨ ਦੀ ਹੱਦ ਤਕ ਚਲੀ ਜਾਂਦੀ ਹੈ। ਉਂਜ ਇਸ ਦੌਰ ਵਿਚਲੀ ਕਹਾਣੀ ਦੇ ਆਮ ਆਦਮੀ ਨੂੰ ਮੱਧਕਾਲੀ ਅਧਿਆਤਮਵਾਦ ਅਤੇ ਸੁਧਾਰਵਾਦ ਤੋਂ ਮੁਕਤੀ ਮਿਲਦੀ ਨਜ਼ਰ ਆਉਂਦੀ ਹੈ। ਉਹ ਤੀਜਾ ਦੌਰ 1966 ਤੋਂ 1990 ਤੱਕ ਦਾ ਮੰਨਦਾ ਹੈ। ਇਸ ਦੌਰ ਵਿਚ ਵਸਤੂਮੁਖੀ ਯਥਾਰਥਵਾਦੀ ਰੁਚੀ ਭਾਰੂ ਰਹਿੰਦੀ ਹੈ। ਇਹ ਉਹ ਸਮਾਂ ਸੀ ਜਦੋਂ ਆਜ਼ਾਦੀ ਉਪਰੰਤ ਸਰਕਾਰੀ ਸਮਾਜਵਾਦ ਦਾ ਸੰਕਲਪ ਮੱਧਮ ਪੈਣ ਜਾਂ ਟੁੱਟਣ ਲਗਦਾ ਹੈ। ਨਕਸਲਬਾੜੀ ਲਹਿਰ ਦੇ ਉਭਾਰ ਦੀ ਸਥਿਤੀ ਪ੍ਰਬਲ ਹੁੰਦੀ ਹੈ। ਦੇਸ਼ ਦੀ ਭੁੱਖਮਰੀ ਵਿਚੋਂ ਪੈਦਾ ਹੋਏ ਹਰੇ ਇਨਕਲਾਬ ਦਾ ਆਰੰਭ ਹੁੰਦਾ ਹੈ, ਦੇਸ਼ ਦੇ ਕੁਝ ਸੂਬਿਆਂ ਵਿਚ ਕਾਂਗਰਸ ਪਾਰਟੀ ਤੋਂ ਲੋਕਾਂ ਦਾ ਮੋਹ ਭੰਗ ਹੁੰਦਾ ਹੈ ਅਤੇ ਕੁਝ ਸੂਬਿਆਂ ਵਿਚ ਸੱਜੇ ਜਾਂ ਖੱਬੇ ਪੱਖੀ ਸੋਚ ਵਾਲੀਆਂ ਸਰਕਾਰਾਂ ਵੀ ਹੋਂਦ ਵਿਚ ਆਉਂਦੀਆਂ ਹਨ। ਇਸ ਸਾਰੀ ਤਬਦੀਲੀ ਨਾਲ ਲੋਕ ਮਾਨਸਿਕਤਾ ਵਿਚ ਇਹ ਅਹਿਸਾਸ ਦ੍ਰਿੜ ਹੁੰਦਾ ਜਾਂਦਾ ਹੈ ਕਿ ਤਬਦੀਲੀ ਵੀ ਹੋ ਸਕਦੀ ਹੈ, ਭਾਵੇਂ ਉਹ ਕਿਸੇ ਵੀ ਖੇਤਰ ਵਿਚ ਹੋਵੇ। ਇਥੇ ਆ ਕੇ ਪੰਜਾਬੀ ਕਹਾਣੀ ਕੀ ਅਤੇ ਕਿਵੇਂ ਹੋਇਆ ਦੀ ਥਾਂ 'ਕਿਉਂ' ਹੋਇਆ ਉਪਰ ਬਲ ਦੇਣ ਲਗਦੀ ਹੈ। ਕਹਾਣੀ ਦਾ ਬਿਰਤਾਂਤ ਪਹਿਲਾਂ ਵਾਂਗ ਲਕੀਰੀ ਜਾਂ ਸਾਧਾਰਨ ਨਹੀਂ ਰਹਿੰਦਾ ਸਗੋਂ ਜਟਿਲ ਹੋ ਜਾਂਦਾ ਹੈ। ਕਹਾਣੀ ਆਪਣੀ ਆਦਿ, ਮੱਧ ਅਤੇ ਅੰਤ ਦੀ ਮਕਾਨਕੀ ਤਕਨੀਕ ਵਿਚੋਂ ਨਿਕਲ ਕੇ ਇਕ ਨਵੀਂ ਤਕਨੀਕ ਅਪਣਾਉਂਦੀ ਹੈ, ਜਿਥੇ ਸਾਰੀ ਕਹਾਣੀ ਖਤਮ ਹੋਣ ਉਪਰੰਤ ਜੋ ਵਾਪਰਿਆ, ਉਸ ਸਾਰੇ ਦੇ ਵੇਰਵੇ ਅਤੇ ਕਾਰਨ ਪਾਠਕ ਦੀ ਉਤਸੁਕਤਾ ਵਧਾਉਂਦੇ ਹਨ। ਇਹ ਸਾਰਾ ਕੁਝ ਇਸ ਢੰਗ ਨਾਲ ਪੇਸ਼ ਹੋ ਰਿਹਾ ਹੈ ਕਿ ਆਮ ਆਦਮੀ ਦੀ ਮਾਨਸਿਕਤਾ ਵਿਚ ਟਿਕਾਓ ਨਹੀਂ ਰਹਿੰਦਾ ਸਗੋਂ ਉਹ ਥਿੜਕੀ ਹੋਈ ਨਜ਼ਰ ਆਉਂਦੀ ਹੈ। ਧੁੰਦੂਕਾਰੇ ਵਿਚਲੇ ਅਜਿਹੇ ਆਲਮ



ਦੀ ਪੇਸ਼ਕਾਰੀ ਇਸ ਦੌਰ ਦੀ ਕਹਾਣੀ ਬਾ-ਖ਼ੂਬੀ ਕਰਦੀ ਹੈ। ਬਲਦੇਵ 1991 ਤੋਂ ਬਾਅਦ ਲਿਖੀ ਕਹਾਣੀ ਨੂੰ ਉਤਰ ਯਥਾਰਥਵਾਦੀ ਪੰਜਾਬੀ ਕਹਾਣੀ ਦਾ ਦੌਰ ਮੰਨਦਾ ਹੈ। ਇਸ ਦੌਰ ਵਿਚ ਤਬਦੀਲੀ ਦੀ ਤੋਰ ਪਹਿਲਾਂ ਵਾਂਗ ਮੱਠੀ ਨਹੀਂ ਸਗੋਂ ਘਟਨਾਵਾਂ ਬਹੁਤ ਤੇਜ਼ੀ ਨਾਲ ਅਤੇ ਅਣਕਿਆਸੇ ਢੰਗ ਨਾਲ ਵਾਪਰ ਰਹੀਆਂ ਹਨ। ਇਸ 1992 ਤੋਂ ਭਾਰਤ ਨੂੰ ਦੁਨੀਆਂ ਲਈ ਇਕ ਖੁੱਲ੍ਹੀ ਮੰਡੀ ਬਣਾ ਦੇਣ ਨਾਲ ਪਰਿਵਰਤਨ, ਰੂਸੀ ਸਮਾਜਵਾਦ ਦੇ ਸੁਪਨੇ ਟੁੱਟਣ ਉਪਰੰਤ ਪੈਦਾ ਹੋਈ ਮਾਨਸਿਕਤਾ, ਗਲੋਬਲਾਈਜੇਸ਼ਨ ਦਾ ਵਰਤਾਰਾ, ਕੰਪਿਊਟਰ ਯੁਗ ਦੀ ਸੂਚਨਾ ਕ੍ਰਾਂਤੀ ਦਾ ਪ੍ਰਭਾਵ ਅਤੇ ਇਸ ਸਮੇਂ ਵਾਪਰੇ ਹੋਰ ਸਾਰੇ ਕੁਝ ਨੇ ਹੌਲੀ-ਹੌਲੀ ਮਾਨਵ ਦੀ ਸੁਤੰਤਰ ਹੋਂਦ ਨੂੰ ਕਿਵੇਂ ਖੋਰਾ ਲਾਇਆ ਆਦਿ ਦਾ ਸਹਿਜ ਪ੍ਰਗਟਾਅ, ਇਸ ਦੌਰ ਦੀ ਪੰਜਾਬੀ ਕਹਾਣੀ ਵਿਚ ਹੋਇਆ ਮਿਲਦਾ ਹੈ। ਇਸ ਕਹਾਣੀ ਦਾ ਕੇਂਦਰੀ ਪਾਤਰ ਮੂੰਹ ਜ਼ੋਰ, ਪੀੜਤ ਅਤੇ ਅਸੰਤੁਲਿਤ ਮਾਨਸਿਕਤਾ ਵਾਲੇ ਵਿਅਕਤੀ ਵਜੋਂ ਪੇਸ਼ ਹੁੰਦਾ ਹੈ। ਕਾਮ ਪ੍ਰਵਿਰਤੀਆਂ ਦੀ ਪੇਸ਼ਕਾਰੀ ਵਿਚ ਕੋਈ ਲਕੋਅ ਨਹੀਂ ਰਹਿੰਦਾ। ਕਹਾਣੀ ਦੀ ਕਲਾਤਮਕ ਸਮਰਥਾ ਇਸ ਦੌਰ ਵਿਚ ਆ ਕੇ ਬਹੁਤ ਵਧਦੀ ਹੈ। ਇਥੇ ਪੰਜਾਬੀ ਕਹਾਣੀ ਸੰਸਾਰ ਪੱਧਰ ਤੇ ਲਿਖੀ ਜਾ ਰਹੀ ਕਹਾਣੀ ਦੀਆਂ ਬਿਰਤਾਂਤਕ ਯੁਗਤਾਂ ਲੈ ਕੇ ਹਾਜ਼ਰ ਹੁੰਦੀ ਹੈ। ਉਪਰੋਕਤ ਚਰਚਾ ਤੋਂ ਇਹ ਤੱਥ ਉਜਾਗਰ ਹੁੰਦਾ ਹੈ ਕਿ ਸਮਾਜਿਕ ਤਬਦੀਲੀ ਕਿਸੇ ਇਕ ਕਾਰਨ ਨਹੀਂ ਵਾਪਰਦੀ ਸਗੋਂ ਉਸ ਦੇ ਕਈ ਕਾਰਨ ਹੋ ਸਕਦੇ ਹਨ। ਤਬਦੀਲੀ ਦੇ ਉਹ ਵਿਧਾਇਕ ਤੱਤ ਓਪਰੀ ਨਜ਼ਰੇ ਵੱਖ-ਵੱਖ ਨਜ਼ਰ ਆਉਂਦੇ ਹਨ ਪਰ ਸਮਾਜਿਕ ਤਬਦੀਲੀ ਸਮੇਂ ਉਹ ਸਾਰੇ ਇਕ ਦੂਜੇ ਨੂੰ ਪ੍ਰਭਾਵਤ ਕਰਦੇ ਅਤੇ ਇਕ ਦੂਜੇ ਤੋਂ ਪ੍ਰਭਾਵ ਗ੍ਰਹਿਣ ਕਰਦੇ ਨਜ਼ਰ ਆਉਂਦੇ ਹਨ। ਸਮਾਜ ਵਿਚ ਇਸ ਤਬਦੀਲੀ ਨੂੰ ਕਹਾਣੀ ਹਰ ਪੱਖ ਤੋਂ ਗ੍ਰਹਿਣ ਕਰਕੇ ਸਮਕਾਲ ਦੇ ਹਾਣ ਦੀ ਹੁੰਦੀ ਰਹੀ ਹੈ।

ਉਪਰੋਕਤ ਚਰਚਾ ਸਿਰਫ ਇਸ ਲਈ ਪੇਸ਼ ਕਰਨ ਦਾ ਯਤਨ ਕੀਤਾ ਹੈ ਤਾਂ ਕਿ ਆਰੰਭ ਤੋਂ ਅੱਜ ਤਕ ਪੰਜਾਬੀ ਕਹਾਣੀ ਵਿਚ ਆਈਆਂ ਤਬਦੀਲੀਆਂ ਨੂੰ ਪੜਾਅ ਵਾਰ ਸਮਝਿਆ ਜਾ ਸਕੇ ਅਤੇ ਇਹ ਵੀ ਨਿਰਣਾ ਕੀਤਾ ਜਾ ਸਕੇ ਕਿ ਪੰਜਾਬੀ ਕਹਾਣੀ ਅਸਲ ਵਿਚ ਪੰਜਾਬੀ ਮਾਨਸਿਕਤਾ ਦਾ ਸਹਿਜ ਪ੍ਰਗਟਾਅ ਕਰਦੀ ਆ ਰਹੀ ਹੈ, ਪਰ ਫਿਰ ਵੀ ਪੂਰਵਵਰਤੀ ਧਾਰਨਾਵਾਂ ਨੂੰ ਪੂਰੀ ਤਰ੍ਹਾਂ ਤਿਆਗਦੀ ਨਹੀਂ ਭਾਵੇਂ ਕਿ ਹਰ ਦੌਰ ਦੀ ਕਹਾਣੀ ਦੀ ਤਕਨੀਕ ਨਵੀਂ ਅਤੇ ਵੱਖਰੀ ਹੁੰਦੀ ਹੈ। ਹਰ ਦੌਰ ਵਿਚ ਕਹਾਣੀ ਦੀ ਤਕਨੀਕ ਪੂਰਵਵਰਤੀ ਧਾਰਨਾਵਾਂ ਵਿਚੋਂ ਬਹੁਤ ਕੁਝ ਲੈ ਕੇ ਅਤੇ ਲੋੜ ਅਨੁਸਾਰ ਨਵਾਂ ਸਿਰਜ ਕੇ ਇਕ ਅਜਿਹੀ ਕਹਾਣੀ ਸਿਰਜ ਰਹੀ ਹੁੰਦੀ ਹੈ ਜੋ ਸਮਕਾਲ ਦੇ ਹਾਣ ਦੀ ਹੋਣ ਦਾ ਦਾਅਵਾ ਪੇਸ਼ ਕਰ ਸਕੇ। ਅਸੀਂ ਆਪਣੇ ਪੇਪਰ ਦੇ ਦੂਜੇ ਹਿੱਸੇ ਵਿਚ ਕੁਝ ਇਕ ਨਵੀਆਂ ਕਹਾਣੀਆਂ ਦਾ ਜ਼ਿਕਰ ਕਰਾਂਗੇ, ਜਿਸ ਰਾਹੀਂ ਇਹ ਮੱਤ ਪੇਸ਼ ਕਰਨ ਦੀ ਕੋਸ਼ਿਸ਼ ਰਹੇਗੀ ਕਿ ਅਜੋਕੀ ਕਹਾਣੀ, ਜਿਸ ਨੂੰ ਇੱਕੀਵੀਂ ਸਦੀ ਦੀ ਕਹਾਣੀ ਵੀ ਕਿਹਾ ਜਾ ਸਕਦਾ ਹੈ, ਜਿਥੇ ਅਜੋਕੇ ਸਮਾਜਿਕ ਸਰੋਕਾਰਾਂ ਨੂੰ ਪੇਸ਼ ਕਰ ਰਹੀ ਹੈ, ਉਥੇ ਉਸ ਦੇ ਨਾਲ-ਨਾਲ ਪੁਰਾਣੀ ਕਹਾਣੀ ਨੂੰ ਪੂਰਨ ਰੂਪ ਵਿਚ ਤਿਆਗ ਵੀ ਨਹੀਂ ਰਹੀ।

ਇਸ ਸੰਦਰਭ ਵਿਚ ਪਹਿਲੀ ਕਹਾਣੀ ਜਤਿੰਦਰ ਹਾਂਸ ਦੀ "...ਬਾਕੀ ਸਭ ਝੂਠ ਆ" ਦਾ ਜ਼ਿਕਰ ਕਰਨਾ ਚਾਹਾਂਗੇ। ਇਹ ਕਹਾਣੀ ਆਪਣੀਆਂ ਆਰੰਭਕ ਸਤਰਾਂ ਰਾਹੀਂ ਜਦ ਪਾਠਕ ਨੂੰ ਮੁਖਾਤਬ ਹੋ ਰਹੀ ਹੁੰਦੀ ਹੈ ਤਾਂ ਜਗਜੀਤ ਹਵਾਲਾਤ ਵਿਚ ਪਿਆ ਹੈ। ਰਾਤ ਦੀ ਪੀਤੀ ਸ਼ਰਾਬ ਉਤਰ ਰਹੀ ਹੈ ਅਤੇ ਉਸ ਦੇ ਪ੍ਰਭਾਵ ਹੇਠ ਵਾਪਰੀ ਸ਼ਰਮਨਾਕ ਘਟਨਾ ਦੀ ਨਮੋਸ਼ੀ ਉਸ ਉਪਰ ਹਾਵੀ ਹੋ ਰਹੀ ਹੈ। ਇਹ ਨਮੋਸ਼ੀ ਉਸ ਦੇ ਚਿਹਰੇ ਅਤੇ ਮਨ ਉਪਰ ਪਸਰ ਰਹੀ ਹੈ। ਉਸ ਨੂੰ ਆਪਣੇ ਬਾਪ ਹਰੀ

ਸਿੰਘ ਨੂੰ ਰਾਤ ਫੌਹੜੇ ਦੇ ਚਰਕ ਚੁੰਡੇ ਨਾਲ ਜ਼ਖ਼ਮੀ ਕਰਨਾ ਅਤੇ ਬਾਕੀ ਸਾਰਾ ਕੁਝ ਉਸ ਨੂੰ ਪਰਤ ਦਰ ਪਰਤ ਯਾਦ ਆ ਰਿਹਾ ਹੈ। ਹਰੀ ਸਿੰਘ ਵਰਗੀ ਛੋਟੀ ਕਿਸਾਨੀ ਵਿਚ ਉਭਰ ਰਿਹਾ ਨਿਮਨ ਮੱਧ ਵਰਗ, ਉਸ ਦੀ ਇੱਛਾ ਜੋ ਆਪਣੀ ਔਲਾਦ ਨੂੰ ਪੜ੍ਹਾ ਲਿਖਾ ਕੇ 'ਦਿੱਲੀ ਤਕ ਜਾਣ' ਦਾ ਸੁਪਨਾ ਪਾਲੀ ਬੈਠਾ ਹੈ, ਇਹ ਸੁਪਨਾ ਕਿਵੇਂ ਅਤੇ ਕਿਉਂ ਟੁੱਟ ਰਿਹਾ ਹੈ ਅਤੇ ਇਸ ਟੁੱਟ ਰਹੇ ਸੁਪਨੇ ਦੇ ਵਿਅਕਤੀ ਅਤੇ ਸਮਾਜ ਉਪਰ ਪੈਣ ਵਾਲੇ ਸਮੁੱਚੇ ਪ੍ਰਭਾਵ ਨੂੰ ਸਹਿਜ ਰੂਪ ਵਿਚ ਜਤਿੰਦਰ ਇਸ ਕਹਾਣੀ ਦੇ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ। ਉਹ ਇਥੇ ਇਸ ਪ੍ਰਭਾਵ ਨੂੰ ਬਿਆਨ ਹੀ ਨਹੀਂ ਕਰ ਰਿਹਾ ਸਗੋਂ ਅਜਿਹੀ ਯੁਗਤ ਵਰਤਦਾ ਹੈ ਕਿ ਇਹ ਪ੍ਰਭਾਵ ਨਾਟਕੀ ਵਿਧਾ ਵਾਂਗ ਪੇਸ਼ ਹੋ ਰਿਹਾ ਲਗਦਾ ਹੈ। ਹਰੀ ਸਿੰਘ ਦੀ ਇੱਛਾ ਉਸ ਦੀ ਕਿਸਾਨੀ ਵਾਂਗ ਸੀਮਤ ਅਤੇ ਛੋਟੀ ਹੈ, ਜਿਸ ਬਾਰੇ ਉਸ ਨੂੰ ਜਾਪਦਾ ਹੈ ਕਿ ਉਹ ਪੂਰੀ ਹੋ ਗਈ। ਇਸ ਦਾ ਵੀ ਮੁਖ ਕਾਰਨ ਇਹ ਨਹੀਂ ਕਿ ਉਸ ਦੀਆਂ ਸਾਰੀਆਂ ਲੋੜਾਂ ਅਤੇ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ ਸਗੋਂ ਉਸ ਦੀ ਸੰਤੁਸ਼ਟੀ ਉਸ ਦੇ "ਗੁਰੂ ਮਾਗ੍ਰਾਜ ਖੋਹਲ ਕੇ ਬੈਠ ਜਾਣ" ਵਿਚ ਹੈ। ਪਰ ਜਗਜੀਤ ਵਾਲੀ ਪੀੜ੍ਹੀ ਦੀ ਵਿਗਿਆਨਕ ਸੋਚ 'ਗੁਰੂ ਮਾਗ੍ਰਾਜ' ਨਾਲ ਜੁੜਦੀ ਨਹੀਂ, ਇਸੇ ਕਰਕੇ ਹੀ ਉਹ ਬਾਪ ਦੀ 'ਰਾਜ ਭਾਗ' ਮਾਨਣ ਵਾਲੀ ਜੀਵਨ ਸ਼ੈਲੀ ਨੂੰ 'ਨਰਕ ਦੀ ਜ਼ਿੰਦਗੀ' ਕਹਿੰਦਾ ਹੈ। ਜਗਜੀਤ ਆਪਣੀਆਂ ਇੱਛਾਵਾਂ ਨੂੰ 'ਗੁਰੂ ਮਾਗ੍ਰਾਜ' ਦੇ ਆਸਰੇ ਪੂਰੀਆਂ ਕਰਨੀਆਂ ਨਹੀਂ ਚਾਹੁੰਦਾ ਸਗੋਂ ਆਪਣੀਆਂ ਇੱਛਾਵਾਂ ਦੀ ਪੂਰਤੀ ਸਵੈ ਵਿਸ਼ਵਾਸ ਨਾਲ ਅਤੇ ਆਪਣਾ ਹੱਕ ਸਮਝ ਕੇ ਕਰਨ ਦੀ ਗੱਲ ਕਰਦਾ ਹੈ। ਸਮਕਾਲੀ ਖੱਸੀ ਰਾਜਨੀਤੀ ਦੀ ਦੇਣ ਸਮਾਜ ਵਿਚਲੀਆਂ ਵਿੰਡਵਨਾਵਾਂ ਜਦੋਂ ਘਰਾਂ ਅਤੇ ਵਿਅਕਤੀਆਂ ਵਿਚ ਪਰਵੇਸ਼ ਕਰਕੇ ਆਪਣਾ ਵਿਕਰਾਲ ਰੂਪ ਦਿਖਾ ਰਹੀਆਂ ਹਨ, ਇਸ ਸਾਰੇ ਕੁਝ ਦੀ ਮਾਰਮਿਕ ਪੇਸ਼ਕਾਰੀ ਇਸ ਕਹਾਣੀ ਵਿਚ ਹੋਈ ਹੈ। ਕਹਾਣੀ ਦਾ ਅੰਤ ਭਾਵੇਂ ਜਗਜੀਤ ਅਤੇ ਉਸ ਦੇ ਬਾਪ ਹਰੀ ਸਿੰਘ ਦੀ ਸੁਲ੍ਹਾ ਸਫ਼ਾਈ ਨਾਲ ਹੀ ਹੁੰਦਾ ਹੈ ਪਰ ਅਸਲ ਸਮੱਸਿਆ ਦਾ ਵਿਕਰਾਲ ਰੂਪ ਉਥੇ ਦਾ ਉਥੇ ਹੀ ਖੜ੍ਹਾ ਹੈ। ਇਹ ਸਾਰਾ ਕੁਝ ਸਾਡੀ ਪਹਿਲੀ ਕਹਾਣੀ ਵਿਚ ਵੱਖਰੇ ਰੂਪ ਵਿਚ ਪੇਸ਼ ਹੋਇਆ ਕਰਦਾ ਸੀ। ਕਹਾਣੀ ਦੇ ਅੰਤ ਤੇ ਹਰੀ ਸਿੰਘ ਦਾ ਆਪਣੇ 'ਨਿਖੱਟੂ ਪੁੱਤ' ਜਗਜੀਤ ਨੂੰ ਘਰ ਲਿਆਉਣ ਸਮੇਂ ਆਪਣੇ 'ਕਮਾਊ ਪੁੱਤ' ਪੁਰਾਣੇ ਟਰੈਕਟਰ ਨੂੰ ਘਰ ਲਿਆਉਣਾ, ਵਿਵਸਥਾ ਤੇ ਇਕ ਤਿੱਖਾ ਵਿਅੰਗ ਕਰਦਾ ਹੈ। ਇਹ ਕਹਾਣੀ ਭਾਵੇਂ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਆਖਰੀ ਸਾਲਾਂ ਵਿਚ ਲਿਖੀ ਜਾ ਰਹੀ ਹੈ ਪਰ ਇਸ ਵਿਚਲੀ ਇਹ ਸੁਰ ਸਾਨੂੰ ਪ੍ਰਗਤੀਵਾਦੀ ਕਹਾਣੀ ਦੇ ਪਹਿਲੇ ਦੌਰ ਦੀ ਯਾਦ ਤਾਜ਼ਾ ਕਰਵਾ ਦਿੰਦੀ ਹੈ:

> "ਦੇਸ਼ ਦੇ ਦੱਲੇ ਲੀਡਰਾਂ ਦੀ ਖੱਸੀ ਰਾਜਨੀਤੀ ਅਤੇ ਕੁੱਤੀਆਂ ਸਰਕਾਰਾਂ ਰੁਜ਼ਗਾਰ ਦੇਣ ਜੋਗੀਆਂ ਨਹੀਂ, ਟੈਕਸ ਲਾਉਣ ਜੋਗੀਆਂ ਹੀ ਨੇ...।"

ਇਥੇ ਕਹਾਣੀ ਵਿਚਲਾ ਇਹ ਨਾਅਰਾ ਅਟਪਟਾ ਮਹਿਸੂਸ ਹੁੰਦਾ ਹੈ ਕਿਉਂ ਜੋ ਆਧੁਨਿਕ ਕਹਾਣੀ ਦੀ ਨਵੀਂ ਤਕਨੀਕ ਵਿਚ ਵਾਪਰਦਾ ਸੁਣਾਉਣਾ ਨਹੀਂ ਸਗੋਂ ਦਿਖਾਉਣਾ ਹੁੰਦਾ ਹੈ। ਜਿਥੇ ਕਹਾਣੀਕਾਰ ਨੂੰ ਇਹ ਲਗਦਾ ਹੈ ਕਿ ਉਸ ਦੀ ਤਸੱਲੀ ਦਿਖਾਉਣ ਨਾਲ ਨਹੀਂ ਹੋਈ ਉਥੇ ਉਹ ਸੁਣਾਉਣਾ ਸ਼ੁਰੂ ਕਰ ਦਿੰਦਾ ਹੈ। ਕਹਾਣੀ ਦੀ ਇਹ ਜੁਗਤ ਪੰਜਾਬੀ ਕਹਾਣੀ ਦੇ ਅਤੀਤ ਵਿਚ ਪਈ ਹੈ, ਜਿਥੇ ਕਹਾਣੀ ਉਪਰ ਇਹ ਦੋਸ਼ ਲਗਦਾ ਸੀ ਕਿ ਕਹਾਣੀ 'ਲਾਊਡ' ਹੋ ਗਈ। ਇਸ ਪ੍ਰਸੰਗ ਵਿਚ ਅਗਲੀ ਕਹਾਣੀ ਸੁਖਪਾਲ ਥਿੰਦ ਦੀ 'ਫੁੱਲਾਂ ਦੀ ਫਸਲ' ਹੈ। ਇਸ ਵਿਚ ਜਰਨੈਲ ਅਤੇ ਜਸਮੀਤ ਆਪਣੇ ਪੁੱਤਰ ਮਹਿਕਦੀਪ ਨੂੰ ਉਸੇ ਚਾਅ ਨਾਲ ਪਾਲਦੇ ਹਨ, ਜਿਸ ਚਾਅ ਨਾਲ ਮੱਧ ਵਰਗੀ



ਮਾਨਸਿਕਤਾ ਵਾਲਾ ਵਿਅਕਤੀ ਪਾਲਦਾ ਹੈ ਤਾਂ ਕਿ ਵੱਡਾ ਹੋ ਕੇ, ਉਹ ਆਰਥਿਕ ਅਤੇ ਸਮਾਜਿਕ ਪੱਖੋਂ ਮਾਂ ਬਾਪ ਦਾ ਨਾਮ ਰੋਸ਼ਨ ਕਰ ਸਕੇ ਅਤੇ ਮਾਂ ਬਾਪ ਇਹ ਕਹਿ ਸਕਣ ਕਿ ਦੇਖੋ ਲੋਕੋ ਬੱਚੇ ਇਸ ਤਰ੍ਹਾਂ ਪਾਲੀਦੇ ਨੇ। ਪਰ ਯਥਾਰਥ ਵਿਚ ਅਜਿਹਾ ਵਾਪਰਦਾ ਨਹੀਂ। ਇਸ ਤਬਦੀਲੀ ਨੂੰ ਜਰਨੈਲ ਇਹ ਕਹਿ ਕੇ ਸਵੀਕਾਰ ਕਰਨ ਦਾ ਯਤਨ ਕਰਦਾ ਹੈ ਕਿ "ਨਵੀਂ ਪੀੜ੍ਹੀ ਦੇ ਸੁਪਨਿਆਂ ਨੂੰ ਕੌਣ ਫੜ ਸਕਿਆ?" ਇਥੇ ਪਤੀ ਪਤਨੀ ਦਾ ਸੰਬੰਧ ਉਸ ਮੱਧ ਵਰਗ ਨਾਲ ਹੈ ਜੋ ਆਪਣੀ ਔਲਾਦ ਦੀ ਬਿਹਤਰੀ ਦਾ ਬਹਾਨਾ ਬਣਾ ਕੇ ਆਪਣੇ ਮਾਂ ਬਾਪ ਦੀਆਂ ਇੱਛਾਵਾਂ ਦੀ ਪੂਰਤੀ ਨਹੀਂ ਕਰ ਸਕੇ। ਪਰ ਇਹ ਸ਼੍ਰੇਣੀ ਆਪਣੇ ਬੱਚਿਆਂ ਤੋਂ ਉਸ ਸਾਰੇ ਕੁਝ ਦੀ ਆਸ ਲਾਈ ਬੈਠੀ ਹੈ ਜੋ ਉਹ ਨਹੀਂ ਕਰ ਸਕੇ। ਇਸ ਬਾਰੇ ਇਕ ਕਹਾਣੀਕਾਰ ਦੀ ਇਹ ਟਿੱਪਣੀ ਸਾਰਥਿਕ ਸਿੱਧ ਹੁੰਦੀ ਹੈ ਜਦੋਂ ਨਵੀਂ ਪੀੜ੍ਹੀ ਦਾ ਇਕ ਨੌਜਵਾਨ ਆਪਣੇ ਉਮੀਦਾਂ ਦੀ ਪੰਡ ਚੁੱਕੀ ਫਿਰਦੇ ਬਾਪੂ ਨੂੰ ਇਹ ਕਹਿੰਦਾ ਹੈ ਕਿ ਤੁਸੀਂ ਮੇਰੀ ਮਾਂ ਨੂੰ ਖੁਸ਼ ਕਰਨ ਲਈ ਆਪਣੀ ਮਾਂ ਰੋਲ ਰਹੇ ਹੋ। ਇਸ ਕਹਾਣੀ ਦਾ ਵਸਤੂ ਜਤਿੰਦਰ ਹਾਂਸ ਦੀ ਕਹਾਣੀ ਵਰਗਾ ਹੀ ਹੈ, ਜਿਥੇ ਜਤਿੰਦਰ ਪਿੰਡ ਪੱਧਰ ਤੇ ਕਿਸਾਨੀ ਸੰਕਟ ਵਿਚ ਉਪਜ ਰਹੇ ਦੁਖਾਂਤ ਨੂੰ ਪੇਸ਼ ਕਰਨ ਦਾ ਯਤਨ ਕਰਦਾ ਹੈ ਉਥੇ ਥਿੰਦ ਪੜ੍ਹੀ ਲਿਖੀ ਸ਼ਹਿਰੀ ਮੱਧ ਵਰਗੀ ਸ਼੍ਰੇਣੀ ਦੇ ਦੁਖਾਂਤ ਨੂੰ ਪੇਸ਼ ਕਰਦਾ ਹੈ। ਇਹ ਦੁਖਾਂਤ ਅਜਿਹਾ ਹੈ ਕਿ ਜਰਨੈਲ ਅਤੇ ਜਸਮੀਤ ਇਹ ਭੁੱਲ ਕਰ ਰਹੇ ਹਨ ਕਿ ਉਹ ਆਪਣੇ ਸਮਕਾਲ ਨੂੰ ਆਦਰਸ਼ ਦੀਆਂ ਐਨਕਾਂ ਵਿਚੀਂ ਦੇਖ ਰਹੇ ਹਨ, ਜਦ ਕਿ ਹਰੀ ਸਿੰਘ ਇਸ ਸੱਚ ਨੂੰ ਉਸ ਦੇ ਸਹੀ ਸੰਦਰਭ ਵਿਚ ਦੇਖਣ ਦਾ ਯਤਨ ਕਰਦਾ ਹੈ। ਇਸ ਕਹਾਣੀ ਵਿਚ ਵੀ ਥਿੰਦ ਜਤਿੰਦਰ ਹਾਂਸ ਵਾਂਗ 'ਸਰਮਾਏਦਾਰੀ' ਦੇ ਸਰੂਪ ਦੀ ਵਿਆਖਿਆ ਜਦ ਆਪ ਕਰਨ ਦਾ ਯਤਨ ਕਰਦਾ ਹੈ ਤਾਂ ਕਹਾਣੀ ਪਰਚਾਰ ਬਣਦੀ ਨਜ਼ਰ ਆਉਂਦੀ ਹੈ:

> "ਸਰਮਾਏਦਾਰੀ ਤਾਂ ਹਰ ਥਾਂ ਬੰਦਾ ਚਟਮ ਕਰ ਜਾਣ ਲਈ ਮੂੰਹ ਅੱਡੀ ਖੜ੍ਹੀ ਐ। ਤੁਹਾਡੀ ਨੇ ਮੈਨੂੰ ਧੱਕੇ ਮਾਰ ਕੇ ਕੱਢਿਆ ਤੇ ਏਧਰਲੀ ਨੇ ਅਜਿਹਾ ਜਾਲ ਬੁਣਿਆ ਕਿ ਉਦੋਂ ਸੁਰਤ ਆਈ ਜਦੋਂ ਜਵਾਨੀ ਹੜੱਪੀ ਗਈ।"

ਅਸਲ ਵਿਚ ਸਰਮਾਏਦਾਰੀ ਦਾ ਹਿੱਸਾ ਬਣਿਆ ਬੰਦਾ ਜਦੋਂ ਇਸ ਤੱਥ ਤੋਂ ਮੁਨਕਰ ਹੋ ਕੇ ਸੋਚੇਗਾ ਜਾਂ ਵਿਚਰੇਗਾ ਤਾਂ ਅਜਿਹਾ ਵਾਪਰਨਾ ਸੁਭਾਵਕ ਹੈ। ਉਂਜ ਇਕ ਹੋਰ ਟਿਪਣੀ:

> "ਰੀਜ਼ਰਵੇਸ਼ਨ ਨੇ ਬੇੜਾ ਡੋਬ ਤਾ ਇਸ ਦੇਸ਼ ਦਾ। ਕੁਆਲਿਟੀ ਦਾ ਕੋਈ ਮੁੱਲ ਹੈਗਾ?"

ਇਹ ਦਰਸਾਉਂਦੀ ਹੈ ਕਿ ਪਾਤਰਾਂ ਵਾਂਗ ਲੇਖਕ ਵੀ ਇਸ ਸਾਰੇ ਮਸਲੇ ਵਿਚ ਉਲਝ ਕੇ ਹੀ ਰਹਿ ਗਿਆ ਹੈ। ਅਜਿਹੀਆਂ ਟਿਪਣੀਆਂ ਮਸਲੇ ਨੂੰ ਅਤੇ ਉਸ ਦੀ ਗੰਭੀਰਤਾ ਨੂੰ ਸਮਝ ਨਾ ਸਕਣ ਵੱਲ ਇਸ਼ਾਰਾ ਕਰਦੀਆਂ ਹਨ। ਇਹ ਨਾ-ਸਮਝੀ ਪਾਤਰ ਦੀ ਪੱਧਰ ਤੇ ਵੀ ਹੈ ਅਤੇ ਲੇਖਕ ਦੀ ਪੱਧਰ ਤੇ ਵੀ। ਉਂਜ ਥਿੰਦ ਨੇ ਮੱਧ ਵਰਗ ਦੀ ਦੰਭੀ ਮਾਨਸਿਕਤਾ ਨੂੰ ਬਾਖੂਬੀ ਚਿਤਰਿਆ ਹੈ।

ਇਸੇ ਲੜੀ ਵਿਚ ਤੀਜੀ ਮਹੱਤਵਪੂਰਨ ਕਹਾਣੀ ਜਿੰਦਰ ਦੀ 'ਮੱਛੀ ਇਕ-ਮੱਛੀ ਦੋ' ਹੈ। ਮੱਛੀ ਇਕ ਦੀ ਨਾਇਕਾ ਦੀਪੀ ਦੇ ਪਤੀ ਮਨੋਹਰ ਦੀ ਦੁਰਘਟਨਾ ਵਿਚ ਹੋਈ ਮੌਤ ਉਪਰੰਤ ਦੀਪੀ ਨੂੰ ਜ਼ਿੰਦਗੀ ਦੀ ਗੱਡੀ ਰੇੜ੍ਹਨ ਲਈ ਦੇਹ-ਵਪਾਰ ਵਾਲੇ ਪਾਸੇ ਜਾਣ ਲਈ ਮਜਬੂਰ ਹੋਣਾ ਪੈਂਦਾ ਹੈ। ਹੌਲੀ-ਹੌਲੀ ਇਹ ਧੰਦਾ ਉਸ ਦੀ ਆਦਤ ਬਣ ਜਾਂਦਾ ਹੈ ਅਤੇ ਇਹ ਸਾਰਾ ਕੁਝ ਉਸ ਲਈ ਸਹਿਜ ਵਰਤਾਰਾ ਜਾਪਣ ਲਗ ਪੈਂਦਾ ਹੈ। ਕਦੇ ਸਮਾਂ ਸੀ ਜਦੋਂ ਪੰਜਾਬੀ ਕਹਾਣੀ ਵਿਚ ਅਜਿਹਾ ਬਿਰਤਾਂਤ ਵਰਜਿਤ ਮੰਨਿਆ ਜਾਂਦਾ ਸੀ ਅਤੇ ਅਜਿਹੀ ਕਹਾਣੀ ਨੂੰ ਸਾਡੇ ਚਿੰਤਕ ਚਿਮਟੀ ਨਾਲ ਚੁੱਕਣ

ਲਈ ਵੀ ਤਿਆਰ ਨਹੀਂ ਸਨ ਪਰ ਸਮੇਂ ਦੀ ਤਬਦੀਲੀ ਨੇ ਇਸ ਪੱਖ ਨੂੰ ਸਾਡੀ ਕਹਾਣੀ ਦੇ ਬਿਰਤਾਂਤ ਦਾ ਮਹੱਤਵਪੂਰਨ ਅੰਗ ਸਵੀਕਾਰ ਕਰ ਲਿਆ। ਦੀਪੀ ਇਕ ਥਾਂ 'ਜੁਗਿੰਦਰੀ' ਨਾਮ ਦੀ ਪਾਤਰ ਦਾ ਜ਼ਿਕਰ ਕਰਦੀ ਹੈ, ਜੋ ਮਲਸੀਆਂ ਵਾਲੇ ਸਰਦਾਰ ਦੀ ਨੇੜਤਾ ਵਿਚ ਹੀ ਆਪਣਾ ਸਾਰਾ ਪਰਿਵਾਰ ਸੁਖੀ ਕਰ ਲੈਂਦੀ ਹੈ। ਕਦੀ ਸਮਾਂ ਸੀ ਜਦੋਂ ਜੁਗਿੰਦਰੀ ਵਰਗੀਆਂ ਕਿਸੇ ਲਈ ਵੀ 'ਰੋਲ ਮਾਡਲ' ਨਹੀਂ ਸੀ ਬਣ ਸਕਦੀਆਂ। ਕਹਾਣੀਕਾਰ ਦੀ ਕਲਾਤਮਕ ਖੂਬੀ ਕਹਾਣੀ ਦੇ ਪਹਿਲੇ ਹਿੱਸੇ ਵਿਚ ਉਥੇ ਪ੍ਰਗਟ ਹੁੰਦੀ ਹੈ ਜਦੋਂ ਉਸ ਦੀ ਸੱਸ ਉਸਨੂੰ ਕਹਿੰਦੀ ਹੈ ਕਿ ਫੋਨ ਤਾਂ ਡੈੱਡ ਸੀ ਤੂੰ ਕਿਹਦੇ ਨਾਲ ਗੱਲਾਂ ਕਰੀ ਜਾਂਦੀ ਸੀ। ਇਸ ਦੀਪੀ ਦਾ ਮਸਲਾ ਕਿਸੇ ਨੂੰ ਆਪਣੀ ਸੁਣਾਉਣ ਦਾ ਨਹੀਂ ਸਗੋਂ ਆਪਾ ਫਰੋਲਣ ਦਾ ਹੈ। ਇਹ ਜੁਗਤ ਕੈਨੇਡਾ ਦੀ ਕਹਾਣੀਕਾਰ ਸੁਰਜੀਤ ਨੇ ਕਾਫ਼ੀ ਸਮਾਂ ਪਹਿਲਾਂ ਵਰਤੀ ਸੀ। ਉਹ ਆਪਣੀ ਪਾਤਰ ਦੀ ਪੀੜਾ 'ਰੋਂਗ ਨੰਬਰ' ਤੇ ਗੱਲ ਕਰਕੇ ਪੇਸ਼ ਕਰਦੀ ਹੈ। ਇਥੇ ਜਿੰਦਰ ਪੀੜਾ ਤਾਂ ਇੱਕੀਵੀਂ ਸਦੀ ਦੀ ਔਰਤ ਦੀ ਦਿਖਾ ਰਿਹਾ ਹੈ ਪਰ ਜੁਗਤ ਵੀਹਵੀਂ ਸਦੀ ਵਾਲੀ ਹੈ। ਮੱਛੀ ਦੇ ਵਾਲੇ ਹਿੱਸੇ ਵਿਚ ਬਰਤਾਨੀਆਂ ਵਿਚ ਬੈਠੀ 'ਇੰਦਰਾ' ਸ਼ੌਕ ਵਜੋਂ ਹੀ ਦੀਪੀ ਵਾਲੇ ਧੰਦੇ ਨਾਲ ਜੁੜਦੀ ਹੈ। ਉਹ ਲਾਤੀਫ਼ ਨਾਲ ਉਹੋ ਜਿਹੀ ਨੇੜਤਾ ਕਾਇਮ ਕਰਦੀ ਹੈ ਜੋ ਜੁਗਿੰਦਰੀ ਨੇ ਮਲਸੀਆਂ ਵਾਲੇ ਸਰਦਾਰ ਨਾਲ ਕੀਤੀ ਸੀ ਅਤੇ ਸਾਰਾ ਕੁਝ ਪ੍ਰਾਪਤ ਕਰਨ ਦੇ ਬਾਵਜੂਦ ਵੀ ਮਾਨਸਿਕ ਤੌਰ ਤੇ ਟੁਟ ਚੁੱਕੀ ਹੁੰਦੀ ਹੈ। ਪੰਜਾਬੀ ਕਹਾਣੀ ਵਿਚ ਅਜਿਹੇ ਮਾਨਸਿਕ ਸੰਕਟ ਦੇ ਸ਼ਿਕਾਰ ਪਾਤਰਾਂ ਦੀ ਪੇਸ਼ਕਾਰੀ ਸੰਭਵ ਹੋ ਸਕੀ ਹੈ ਅਤੇ 'ਜਿੰਦਰ' ਨੇ ਇਹ ਪੇਸ਼ਕਾਰੀ ਮਾਰਮਿਕ ਢੰਗ ਨਾਲ ਕੀਤੀ ਹੈ।

ਅਗਲੀ ਕਹਾਣੀ ਬਲਬੀਰ ਪਰਵਾਨਾ ਦੀ 'ਪ੍ਰੇਤ ਛਾਇਆ' ਹੈ। ਧਾਲੀਵਾਲ ਤੀਜੇ ਦੌਰ ਦੀ ਕਹਾਣੀ ਦੀ ਗੱਲ ਕਰਦਿਆਂ ਉਸ ਨੂੰ ਵਸਤੂ ਯਥਾਰਥ ਦੀ ਕਹਾਣੀ ਕਹਿੰਦਾ ਹੈ, ਜਿਸ ਵਿਚ ਮਨੁੱਖ ਦੀ ਮਾਨਸਿਕਤਾ ਥਿੜਕੀ ਹੋਈ ਨਜ਼ਰ ਆਉਂਦੀ ਹੈ ਅਤੇ ਚੌਥੇ ਦੌਰ ਦੀ ਕਹਾਣੀ ਨੂੰ ਉਤਰ ਯਥਾਰਥਵਾਦੀ ਕਹਾਣੀ ਕਹਿੰਦਾ ਹੈ ਜਿਥੇ ਆ ਕੇ ਮਾਨਵ ਨੂੰ ਆਪਣੀ ਹੋਂਦ ਖੁਰ ਚੁੱਕੀ ਜਾਂ ਖੁਰ ਰਹੀ ਮਹਿਸੂਸ ਹੁੰਦੀ ਹੈ। ਪਰਵਾਨਾ ਦੀ ਇਹ ਕਹਾਣੀ ਤੀਜੇ ਅਤੇ ਚੌਥੇ ਦੌਰ ਦੀ ਪੇਸ਼ਕਾਰੀ ਕਰਦੀ ਨਜ਼ਰ ਆਉਂਦੀ ਹੈ। ਪ੍ਰਸ਼ਾਂਤ ਦੇ ਮਨ ਵਿਚ ਅਨੇਕਾਂ ਹੀ ਪ੍ਰਸ਼ਨ ਹਨ ਜੋ ਉਸ ਨੂੰ ਪ੍ਰੇਸ਼ਾਨ ਕਰਦੇ ਹਨ। ਕਦੇ ਉਹ ਪਰਾਲੀ ਪਰਦੂਸ਼ਨ ਦੀ ਗੱਲ ਕਰਦਾ ਹੈ, ਕਦੇ ਅਧਿਆਪਕ ਵਰਗ ਵਿਚ ਹੋਈ ਕਈ ਪ੍ਰਕਾਰ ਦੀ ਵਰਗ ਵੰਡ ਦੇ ਆਧਾਰ ਤੇ ਹੋ ਰਹੇ ਸ਼ੋਸ਼ਣ ਦੀ ਗੱਲ ਕਰਦਾ ਹੈ, ਕਦੇ ਅਵਾਰਾ ਪੂੰਜੀ ਦਾ ਹਵਾਲਾ ਦੇ ਕੇ ਉਸ ਦੇ ਪ੍ਰਿਤਪਾਲ ਕਾਰਪੋਰੇਟ ਦੇ ਮਾਨਵ ਵਿਰੋਧੀ ਸਰੂਪ ਨੂੰ ਪੇਸ਼ ਕਰਦਾ ਹੈ, ਬਹੁ ਕੌਮੀ ਕੰਪਨੀਆਂ ਵੱਲੋਂ ਮੱਧ ਭਾਰਤ ਵਿਚ ਆਦੀ ਵਾਸੀਆਂ ਦਾ ਉਜਾੜਾ ਅਤੇ ਖਣਿਜ ਪਦਾਰਥਾਂ ਦੀ ਲੁੱਟ ਉਸ ਦੀ ਪਰੇਸ਼ਾਨੀ ਦਾ ਕਾਰਨ ਬਣਦੀ ਹੈ ਅਤੇ ਕਦੇ ਉਹ 'ਮੋਨਿਕਾ' ਵੱਲੋਂ ਉਸ ਨੂੰ ਆਪਣੀ ਲੋੜ ਅਤੇ ਸਹੂਲਤ ਅਨੁਸਾਰ ਵਰਤੋਂ ਕਰਨ ਪ੍ਰਤੀ ਦੁਖੀ ਹੁੰਦਾ ਹੈ। ਪ੍ਰਸ਼ਾਂਤ ਅਸਲ ਵਿਚ ਇਥੇ ਵਿਗਠਤ ਮਨੁੱਖ ਵਜੋਂ ਪੇਸ਼ ਹੋ ਰਿਹਾ ਹੈ, ਜੋ ਆਪਣੇ ਆਲੇ-ਦੁਆਲੇ ਦੇ ਉਸਾਰ ਵਿਚ ਕਿਧਰੇ ਗੁੰਮ ਗੁਆਚ ਗਿਆ ਹੈ। ਅਜਿਹੇ ਪਾਤਰ ਦੀ ਪੇਸ਼ਕਾਰੀ ਨਾਲ ਪਰਵਾਨਾ ਅਜੋਕੇ ਸਮਾਜਿਕ ਪ੍ਰਬੰਧ ਵਿਚ ਆਮ ਆਦਮੀ ਵੱਲੋਂ ਸਾਵਾਂ ਨਾ ਰਹਿ ਸਕਣ ਦੇ ਦੁਖਾਂਤ ਨੂੰ ਪੇਸ਼ ਕਰ ਰਿਹਾ ਹੈ। ਇਸ ਨਾਲ ਪਰਵਾਨੇ ਦੀ ਇਹ ਇਕ ਮਹੱਤਵਪੂਰਨ ਕਹਾਣੀ ਬਣ ਜਾਂਦੀ ਹੈ।

ਆਧੁਨਿਕ ਪੰਜਾਬੀ ਕਹਾਣੀ ਵਿਚ ਦਲਿਤ ਚੇਤਨਾ ਦੇ ਮਸਲੇ ਨੂੰ ਬਹੁਤ ਹੀ ਸ਼ਿੱਦਤ ਨਾਲ ਉਭਾਰਿਆ ਜਾ ਰਿਹਾ ਹੈ। ਭਗਵੰਤ ਰਸੂਲਪੁਰੀ ਅਜਿਹਾ ਕਹਾਣੀਕਾਰ ਹੈ ਜੋ ਬਹੁਤ ਹੀ ਸ਼ਿੱਦਤ



ਨਾਲ ਅਜਿਹੇ ਮਸਲਿਆਂ ਨੂੰ ਪੇਸ਼ ਕਰਨ ਦਾ ਲਗਾਤਾਰ ਯਤਨ ਕਰਦਾ ਆ ਰਿਹਾ ਹੈ। ਇਸ ਸੰਦਰਭ ਵਿਚ ਉਸ ਦੀਆਂ ਦੋ ਕਹਾਣੀਆਂ 'ਧੂੜ' ਅਤੇ 'ਕਬਰਗਾਹ' ਮਹੱਤਵਪੂਰਨ ਹਨ। ਉਸ ਦੀ ਧੂੜ ਕਹਾਣੀ ਉਪਰ ਰਾਜੀਵ ਵੱਲੋਂ ਨਿਰਦੇਸ਼ਤ ਫਿਲਮ 'ਚੰਮ' ਬਣਾਈ ਜਾ ਚੁੱਕੀ ਹੈ। ਭਗਵੰਤ ਸਮਾਜ ਵਿਚਲੇ ਜਾਤੀ ਵਿਤਕਰੇ ਦਾ ਜਿਕਰ ਆਪਣੀ ਕਹਾਣੀ ਦੇ ਕੇਂਦਰ ਵਿਚ ਰੱਖਦਾ ਹੈ। ਪਰ ਕਈ ਵਾਰ ਅਜਿਹੀਆਂ ਫਾਰਮੂਲੇਸ਼ਨਜ਼ ਬਣਾ ਲੈਂਦਾ ਹੈ ਜੋ ਸੱਚ ਅਤੇ ਮਸਲੇ ਦੀ ਅਸਲੀਅਤ ਤੋਂ ਕਿਤੇ ਪਰੇ ਦੀ ਗੱਲ ਹੋ ਕੇ ਰਹਿ ਜਾਂਦੀਆਂ ਹਨ। 'ਧੂੜ' ਕਹਾਣੀ ਵਿਚ ਪਿੰਡਾਂ ਦੇ ਦਲਿਤ ਲੋਕਾਂ ਦੇ ਮਸਲੇ ਦਾ ਹਲ ਜਿਸ ਸਰਲ ਅਤੇ ਮਨਚਾਹੇ ਢੰਗ ਨਾਲ ਕਰਦਾ ਹੈ ਉਹ ਹਾਸੋਹੀਣਾ ਹੋ ਕੇ ਰਹਿ ਜਾਂਦਾ ਹੈ:

> "ਇਹ ਜ਼ਾਤਾਂ ਪਾਤਾਂ ਤਾਂ ਟੁੱਟਣਗੀਆਂ ਜੇ ਅਸੀਂ ਵਿਦਿਆ ਪ੍ਰਾਪਤ ਕਰਾਂਗੇ ਤੇ ਪਿੰਡ ਨੂੰ ਤਿਆਗ ਕੇ ਸ਼ਹਿਰਾਂ ਵਿਚ ਪਹੁੰਚਾਂਗੇ...।"

ਸਮਾਜ ਵਿਚ ਜ਼ਾਤ ਪਾਤ ਦੇ ਜਕੜਬੰਦ ਨੂੰ ਤੋੜਨ ਦਾ ਇਹ ਤਰੀਕਾ ਪਾਠਕ ਦੀ ਸਮਝ ਤੋਂ ਪਰੇ ਹੀ ਰਹਿ ਜਾਂਦਾ ਹੈ। ਉਸਦੀ ਕਹਾਣੀ 'ਕਬਰਗਾਹ' ਵਿਚ ਮਿਲਖੀ ਰਾਮ ਅਤੇ ਰੁਲਦਾ ਸਿੰਘ ਨੂੰ ਇਕ ਆਰਥਿਕ ਧਰਾਤਲ ਤੇ ਪੇਸ਼ ਕਰਨ ਦੀ ਯੁਗਤ ਰਾਹੀਂ ਭਗਵੰਤ ਇਕ ਨਵਾਂ ਸਮਾਜਿਕ ਜੁਟ ਪੇਸ਼ ਕਰਦਾ ਹੈ। ਇਹ ਜੁਟ ਜੈਮਲ ਸਿੰਘ ਵਰਗਿਆਂ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਰਿਹਾ ਹੈ, ਇਹ ਨਵਾਂ ਉਭਾਰ ਸਮਾਜ ਵਿਚ ਇਕ ਚੇਤੰਨ ਵਰਗ ਦੀ ਉਪਜ ਹੈ। ਭਗਵੰਤ ਇਸ ਕਹਾਣੀ ਵਿਚ ਇਹ ਨਵਾਂ ਸਿਰਜ ਕੇ ਦਲਿਤ ਚੇਤਨਾ ਵਾਲੀ ਕਹਾਣੀ ਦੀ ਦਸ਼ਾ ਅਤੇ ਦਿਸ਼ਾ ਨਵੇਂ ਸਿਰਿਉਂ ਤਹਿ ਕਰ ਰਿਹਾ ਹੈ।

ਸੋ ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਇੱਕੀਵੀਂ ਸਦੀ ਪੰਜਾਬੀ ਕਹਾਣੀ ਕੇਵਲ ਸਮੇਂ ਕਰਕੇ ਹੀ ਵੱਖਰੀ ਨਹੀਂ, ਸਗੋਂ ਸਮਕਾਲੀ ਸਮਾਜਿਕ ਤਬਦੀਲੀਆਂ ਦੀ ਭਲੀ ਭਾਂਤ ਪੇਸ਼ਕਾਰੀ ਕਰਨ ਕਰਕੇ ਵੀ ਨਵੀਂ ਹੈ। ਇਸ ਕਹਾਣੀ ਦੀ ਤਕਨੀਕ ਨਵੀਂ ਵੀ ਹੈ ਪਰ ਪਰੰਪਰਾ ਵਾਲੀ ਤਕਨੀਕ ਵਿਚੋਂ ਵੀ ਬਹੁਤ ਕੁਝ ਲੈ ਕੇ ਕਹਾਣੀ ਉਸਾਰੀ ਜਾ ਰਹੀ ਹੈ।

---


## ਨਵੀਆਂ ਛਪੀਆਂ ਪੁਸਤਕਾਂ

# ਲਰੈ ਦੀਨ ਕੇ ਹੇਤੂ

ਸੰਪਾਦਕ : ਬਲਬੀਰ ਪਰਵਾਨਾ

ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ

# ਗੋਰੀ

ਗੁਰਦੇਵ ਸਿੰਘ ਰੁਪਾਣਾ (ਨਾਵਲ)

ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ

## ਖਪਤ ਸੱਭਿਆਚਾਰ ਦੀਆਂ ਪਰਤਾਂ ਦਾ ਪ੍ਰਵਚਨ
## -ਖਾਂਡਵ ਦਾਹ/ ਪਰਮਜੀਤ ਢੀਂਗਰਾ

ਵਿਸ਼ਵੀਕਰਨ ਦੀ ਮਾਰ ਨੇ ਤੀਸਰੀ ਦੁਨੀਆ ਦੇ ਦੇਸ਼ਾਂ ਦੀ ਆਰਥਿਕਤਾ, ਸਮਾਜਿਕਤਾ ਤੇ ਸੱਭਿਆਚਾਰਕਤਾ ਨੂੰ ਬੁਰੀ ਤਰ੍ਹਾਂ ਡੰਗਿਆ ਹੈ। ਨਤੀਜੇ ਵਜੋਂ ਸਥਾਨਕ ਭਾਸ਼ਾਵਾਂ, ਸੱਭਿਆਚਾਰ, ਜੀਣ, ਥੀਣ ਤੇ ਲੋਕਾਚਾਰ ਨੂੰ ਹਾਸ਼ੀਏ 'ਤੇ ਧੱਕ ਕੇ ਲੋਕ ਮਾਨਸਿਕਤਾ ਨੂੰ ਬਾਜ਼ਾਰ ਰਾਹੀਂ ਕਾਬੂ ਕਰਨ ਲਈ ਕਈ ਹੱਥਕੰਡੇ ਵਰਤੇ ਜਾ ਰਹੇ ਹਨ। ਬਜ਼ਾਰ ਦੀ ਬਰਾਂਡਡਤਾ ਤੇ ਚਮਕ-ਦਮਕ ਨੇ ਲੋਕ ਮਾਨਸਿਕਤਾ ਨੂੰ ਖਪਤ ਸੱਭਿਆਚਾਰ ਵੱਲ ਧੱਕ ਦਿੱਤਾ ਹੈ। ਇਸ ਦੇ ਸਿੱਟੇ ਵਜੋਂ ਅਵਾਮ ਦਾ ਵੱਡਾ ਵਰਗ ਇਕ ਖਾਸ ਤਰ੍ਹਾਂ ਦੀ ਖਪਤ-ਬਿਮਾਰੀ ਦਾ ਸ਼ਿਕਾਰ ਹੋ ਗਿਆ ਹੈ। ਬਜ਼ਾਰ ਦੀ ਚਕਾਚੌਂਧ ਨੇ ਵਸਤੂ ਸੰਸਾਰ ਲਈ ਹੋੜ ਪੈਦਾ ਕਰ ਦਿੱਤੀ ਹੈ। ਇਸ ਨੂੰ ਤੁਲਨਾਵਾਂ ਦੇ ਚੱਕਰ ਵਿਚ ਪਾ ਕੇ ਮਨੁੱਖ ਦੀ ਹੋਂਦ ਅੱਗੇ ਸੁਆਲ ਖੜਾ ਕਰ ਦਿੱਤਾ ਹੈ।

ਹਥਲੇ ਨਾਵਲ ਵਿਚ ਲੇਖਕ ਨੇ ਪਰੰਪਰਾ ਦੀ ਨਵੀਨਤਾ ਤੇ ਨਵੀਨਤਾ ਦੀ ਪਰੰਪਰਾ ਵਿਧੀ ਰਾਹੀਂ ਸਮਕਾਲ ਵਿਚ ਭਟਕ ਰਹੇ ਮਨੁੱਖ ਦੀ ਗਾਥਾ ਉਲੀਕਣ ਦਾ ਜਤਨ ਕੀਤਾ ਹੈ। ਭੂਮਿਕਾ ਵਿਚ ਉਹ ਲਿਖਦਾ ਹੈ : "ਜ਼ਿੰਦਗੀ ਲਈ ਸੁੱਖ ਸਹੂਲਤਾਂ ਨਹੀਂ, ਸਗੋਂ ਸੁੱਖ ਸਹੂਲਤਾਂ, ਵਸਤਾਂ ਦੇ ਅੰਬਾਰ 'ਕੱਠੇ ਕਰਨ ਦਾ ਨਾਂਅ ਹੀ ਜ਼ਿੰਦਗੀ ਬਣਦਾ ਜਾ ਰਿਹਾ ਹੈ। ਜਿਊਣ ਦੇ ਪਲ ਘਟਦੇ ਜਾ ਰਹੇ ਹਨ ਤੇ ਲਾਲਸਾਵਾਂ ਦਾ ਮੱਕੜ ਜਾਲ ਵਧੇਰੇ ਤੜਪਾ ਰਿਹਾ ਹੈ। ਇਸ ਹਾਬੜ, ਹਵਸ, ਲਾਲਸਾਵਾਂ ਦੇ ਹੜ੍ਹ 'ਚ ਜਿਹੜਾ ਨਵਾਂ ਘਰ ਤੇ ਬੰਦਾ ਮੰਡੀ ਵੱਲੋਂ ਘੜਿਆ ਜਾ ਰਿਹਾ ਹੈ, ਉਸ ਦਾ ਰੂਪ ਕੀ ਹੁੰਦਾ ਹੈ ? ਇਹ ਰਵਾਇਤ 'ਚ ਤੁਰੇ ਆਉਂਦੇ ਘਰ ਦੇ ਬੰਦੇ ਦਾ ਹੀ ਕੋਈ ਉਚੇਰਾ ਰੂਪ ਹੈ ਜਾਂ ਇਸ ਤੋਂ ਬਿਲਕੁਲ ਵੱਖਰੀ ਕੋਈ ਨਵੀਂ ਅਵਸਥਾ ? ਇਸ ਤੋਂ ਅਗਲਾ ਸਵਾਲ ਹੈ ਕਿ ਅਸੀਂ ਸਮਾਜਿਕ ਤੌਰ 'ਤੇ ਜਿਨ੍ਹਾਂ ਰੁਝਾਨਾਂ/ਵਰਤਾਰਿਆਂ ਨੂੰ ਜ਼ਿੰਦਗੀ/ਸਮਾਜ ਲਈ ਘਾਤਕ ਮੰਨਦੇ ਹਾਂ, ਆਪਣੇ ਘਰ/ਪਰਵਾਰ ਦੀ ਸਰਦਲ ਅੰਦਰ ਹੁੰਦਿਆਂ ਹੀ ਉਹਨਾਂ ਦੇ ਮਾਇਆ ਜਾਲ 'ਚ ਕਿਉਂ ਉਲਝ ਜਾਂਦੇ ਹਾਂ ? ਇਹ ਦੋਗਲਾਪਨ ਕਿਉਂ ਹੈ ? ਕੀ ਇਸ ਵਹਿਣ ਦਾ ਕੋਈ ਬਦਲ ਹੈ ?"

ਇਨ੍ਹਾਂ ਸਵਾਲਾਂ ਦੇ ਸਨਮੁਖ ਹੀ ਇਸ ਨਾਵਲ ਦੇ ਫੋਕਸ ਵਿਚ ਇਕ ਅਜਿਹੇ ਪਰਵਾਰ ਦੀ ਕਹਾਣੀ ਹੈ ਜੋ ਇਸ ਮੱਕੜਜਾਲ ਵਿਚ ਇਸ ਤਰ੍ਹਾਂ ਉਲਝਦਾ ਹੈ ਕਿ ਜ਼ਿੰਦਗੀ ਦੇ ਆਦਰਸ਼ ਟੁੱਟ ਜਾਂਦੇ ਹਨ, ਨੇੜਲੇ ਰਿਸ਼ਤੇ ਤਿੜਕ ਜਾਂਦੇ ਹਨ ਤੇ ਮਨੁੱਖ ਦੀ ਫੋਕੀ ਲਾਲਸਾ ਜ਼ਿੰਦਗੀ ਜਿਊਣ ਦਾ ਸ਼ਊਰ ਖਤਮ ਕਰ ਦੇਂਦੀ ਹੈ। ਇਸ ਦਾ ਮੁੱਖ ਪਾਤਰ ਹਰਿੰਦਰ ਜ਼ਿੰਦਗੀ ਦੇ ਸੁਹਜ-ਸਵਾਦ ਨਾਲ ਲਬਰੇਜ਼ ਇਕ ਅਜਿਹਾ ਨੌਜਵਾਨ ਹੈ, ਜੋ ਚੰਗੇ ਸਾਹਿਤ ਦਾ ਪਾਠਕ ਹੈ। ਸਾਹਿਤ ਦੇ ਵਿਚਾਰ ਮੰਡਲਾਂ ਵਿਚ ਵਿਚਰਦਾ ਸਮਝ ਸੂਝ ਨੂੰ ਤਿੱਖਿਆਂ ਕਰਦਾ ਹੈ। ਆਲੇ-ਦੁਆਲੇ ਨੂੰ ਘੋਖਵੀਂ ਨਿਗ੍ਹਾ ਨਾਲ ਦੇਖਦਾ ਹੈ। ਵਿਸ਼ਵੀਕਰਨ ਦੀ ਮਾਰ ਹੇਠ ਆਇਆ ਸਾਡਾ ਆਲਾ-ਦੁਆਲਾ ਤੇਜ਼ੀ ਨਾਲ ਬਦਲ ਰਿਹਾ ਹੈ। ਨਿੱਜੀ ਪਛਾਣ ਨੂੰ ਅੰਤਰਰਾਸ਼ਟਰੀ ਪਛਾਣ ਵਿਚ ਬਦਲਿਆ ਜਾ ਰਿਹਾ ਹੈ। ਮਸਲਨ : "ਉਂਜ ਵੀ ਇਸ ਪੋਸ਼ ਕਾਲੋਨੀ ਦੇ ਬਸ਼ਿੰਦੇ ਆਪਣੇ ਦੇਸ਼ ਨਾਲ ਘੱਟ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਜਾਂ ਇੰਗਲੈਂਡ ਨਾਲ ਵੱਧ ਜੁੜੇ ਹੋਏ ਸਨ। ਇਹਨਾਂ ਦੇ ਅੱਧ-ਪਚੱਧੇ ਜੀਅ ਵਿਦੇਸ਼ਾਂ 'ਚ ਵਸਦੇ ਹਨ ਤੇ ਇੱਥੇ ਰਹਿੰਦੇ ਬਾਕੀ ਭਾਰਤੀ ਹੋਣ ਨਾਲੋਂ ਐੱਨ.ਆਰ.ਆਈ. ਪਰਵਾਰ ਹੋਣ ਦੀ ਜਾਣ-ਪਛਾਣ ਕਰਾਉਣ 'ਚ ਵਧੇਰੇ ਮਾਣ ਮਹਿਸੂਸ ਕਰਦੇ ਹਨ। ਪਹਿਰਾਵਾ, ਜਿਊਣ ਜਾਂਚ ਵੀ ਉਨ੍ਹਾਂ ਮੁਲਕਾਂ ਨਾਲ ਵੱਧ ਜੁੜਦੀ ਲੱਗਦੀ ਹੈ।"



ਇਸ ਤਰ੍ਹਾਂ ਇਹ ਇਕ ਚੂਹਾ ਦੌੜ ਹੈ ਆਪਣਾ ਮੁਲਕ ਛੱਡ ਕੇ ਬਾਹਰ ਜਾ ਵਸਣ ਦੀ। ਏਥੇ ਜਿਵੇਂ ਸਭ ਕੁਝ ਖੰਡਿਤ ਹੋ ਰਿਹਾ ਹੈ, ਉਸ ਨਾਲ ਕਈ ਖੱਪੇ ਪੈਦਾ ਹੋ ਰਹੇ ਹਨ। ਦੂਜੇ ਪਾਸੇ ਬਜ਼ਾਰ ਦੀ ਚੜ੍ਹਤ ਨਾਲ ਖਪਤ ਸੱਭਿਆਚਾਰ ਵਿਚ ਢਲਦੀ ਜੀਵਨ ਸ਼ੈਲੀ 'ਤੇ ਲੇਖਕ ਟਿੱਪਣੀ ਕਰਦਾ ਹੈ ਜਦੋਂ ਉਹਦਾ ਨਾਇਕ ਸੜਕ 'ਤੇ ਜਾ ਰਹੀ ਇਕ ਮਾਡਰਨ ਕਿਸਮ ਦੀ ਔਰਤ ਨੂੰ ਦੇਖਦਾ ਹੈ ਤਾਂ ਉਹਨੂੰ ਲੱਗਦਾ ਹੈ ਇਹ ਔਰਤ ਨਹੀਂ, ਸਗੋਂ ਇਕ ਪ੍ਰੋਡਕਟ ਹੈ : "ਇਹ ਆਪਣੇ ਆਪ ਨੂੰ ਕਿਉਂ ਪ੍ਰੋਡਕਟ 'ਚ ਬਦਲਣ 'ਤੇ ਤੁਲੀ ਹੋਈ ਹੈ, ਸੁੰਦਰਤਾ ਦਾ ਸਾਮਾਨ ਵੇਚਣ ਵਾਲੀਆਂ ਕੰਪਨੀਆਂ ਦਾ ਚੱਲਦਾ-ਫਿਰਦਾ ਇਸ਼ਤਿਹਾਰ। ਸੁੰਦਰਤਾ ਦੇ ਨਾਂਅ 'ਤੇ ਖਪਤ ਦੇ ਮਾਇਆ ਜਾਲ 'ਚ ਉਲਝ ਜਿਊਣ ਦੇ ਪਰਛਾਵੇਂ ਫੜਨ ਦੀ ਕੋਸ਼ਿਸ਼। ਜਿਊਣ ਦੇ ਪਲ ਨਹੀਂ, ਬਸ ਉਨ੍ਹਾਂ ਦੀ ਤਾਂਘ... ਤੇ ਇਹ ਤਾਂਘ ਕਦੇ ਪੂਰੀ ਨਹੀਂ ਹੁੰਦੀ। ਅਗਾਂਹ ਤੋਂ ਅਗਾਂਹ ਪੈਰ ਪੁੱਟਦੀ, ਅੰਨ੍ਹੀ ਗੁਫਾ 'ਚ ਉਡਾਣ ਵਾਂਗ ਖਪਤ ਦੀ ਡੂੰਘੀ ਖਾਈ 'ਚ ਸਰਕਦੀ ਜਾ ਰਹੀ ਹੈ।"

ਹਰਿੰਦਰ ਦੀ ਪਤਨੀ ਪ੍ਰਿਯਾ ਦੀਆਂ ਲਾਲਸਾਵਾਂ ਦਾ ਅੰਤ ਨਹੀਂ ਭਾਵੇਂ ਉਹ ਕਾਲਜ ਵਿਚ ਐਡਹਾਕ ਪ੍ਰੋਫੈਸਰ ਹੈ, ਪਰ ਉਹ ਚਾਹੁੰਦੀ ਹੈ ਉਹਦੀ ਜ਼ਿੰਦਗੀ ਵੀ ਦੂਜੀਆਂ ਪ੍ਰੋਫੈਸਰਾਂ ਵਾਂਗ ਹੋਵੇ। ਚੰਗੇ ਕੱਪੜੇ, ਵੱਡਾ ਘਰ, ਵੱਡੀ ਗੱਡੀ, ਐਸ਼ ਦੇ ਸਾਮਾਨ, ਪਰ ਇਹਦੇ ਲਈ ਉਹਦੇ ਕੋਲ ਸਾਧਨ ਨਹੀਂ ਹਨ। ਹਰਿੰਦਰ ਵੀ ਕੱਚਾ ਪ੍ਰੋਫੈਸਰ ਹੈ। ਦੋਵਾਂ ਦੀ ਤਨਖਾਹ ਨਾਲ ਸਿਰਫ ਘਰ ਦਾ ਗੁਜ਼ਾਰਾ ਹੋ ਸਕਦਾ ਹੈ, ਪਰ ਪ੍ਰਿਯਾ ਦੀ ਇੱਛਾ ਹੈ ਕਿ ਐਕਸਟਰਾ ਕਮਾਈ ਲਈ ਜਤਨ ਕੀਤੇ ਜਾਣ। ਏਸੇ ਕਰਕੇ ਕਾਲਜ ਦੀ ਇੱਕ ਪ੍ਰੋਫੈਸਰ ਹੀ ਉਹਨੂੰ ਵਾਈ ਕੰਪਨੀ ਦੇ ਮੱਕੜ ਜਾਲ ਵਿਚ ਫਸਾ ਕੇ ਭਵਿੱਖ ਦੇ ਇਹੋ ਜਿਹੇ ਸੁਪਨੇ ਦਿਖਾ ਦੇਂਦੀ ਹੈ ਕਿ ਉਹਨੂੰ ਲੱਗਦਾ ਹੈ, ਉਹ ਦਿਨ ਦੂਰ ਨਹੀਂ ਜਦੋਂ ਉਹਦੀਆਂ ਸਾਰੀਆਂ ਖਾਹਿਸ਼ਾਂ ਪੂਰੀਆਂ ਹੋ ਜਾਣਗੀਆਂ, ਪਰ ਹਰਿੰਦਰ ਨੂੰ ਇਹ ਸਭ ਮਨਜ਼ੂਰ ਨਹੀਂ, ਉਹ ਇਸ ਨੂੰ ਅਜਿਹੀ ਦਲਦਲ ਸਮਝਦਾ ਹੈ, ਜਿੱਥੇ ਜ਼ਿੰਦਗੀ ਜਿਊਣ ਦੇ ਅਰਥ ਗਰਕ ਜਾਂਦੇ ਹਨ ਤੇ ਪੈਸਾ ਪ੍ਰਮੁੱਖ ਹੋ ਜਾਂਦਾ ਹੈ, ਪਰ ਪ੍ਰਿਯਾ ਉਸ ਤੋਂ ਚੋਰੀ ਇਸ ਕੰਪਨੀ ਵਿਚ ਸ਼ਾਮਲ ਹੋ ਕੇ ਉਹਦੀ ਚੇਨ 'ਤੇ ਚੜ੍ਹ ਜਾਂਦੀ ਹੈ। ਇੱਥੋਂ ਹੀ ਰਿਸ਼ਤਿਆਂ ਵਿਚ ਦਰਾੜ ਪੈਣੀ ਸ਼ੁਰੂ ਹੁੰਦੀ ਹੈ, ਜੋ ਅੱਗੇ ਜਾ ਕੇ ਦਰਿਆ ਦੇ ਪਾੜ ਵਿਚ ਬਦਲ ਜਾਂਦੀ ਹੈ।

ਪੈਸੇ ਦੀ ਇਸ ਚਕਾਚੌਂਧ ਵਿਚ ਇਕ ਪਾਸੇ ਭ੍ਰਸ਼ਟ ਪ੍ਰਬੰਧ ਹੈ, ਜਿੱਥੇ ਕਿਰਤ ਦਾ ਕੋਈ ਮੁੱਲ ਨਹੀਂ; ਦੂਜੇ ਪਾਸੇ ਬਜ਼ਾਰ ਦੀ ਦਲਦਲ ਹੈ, ਜਿਸ ਵਿਚ ਡਿਗਣ ਲਈ ਹਰ ਕੋਈ ਤਿਆਰ ਹੈ। ਤੀਸਰਾ ਬੰਦੇ ਦੀ ਹੋਂਦ ਪੈਸੇ ਨਾਲ ਜੁੜ ਗਈ ਹੈ ਤੇ ਪੈਸਾ ਕਮਾਉਣ ਲਈ ਤੁਹਾਨੂੰ ਹਰ ਪੁੱਠਾ ਸਿੱਧਾ ਕੰਮ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਇਸ ਖਲਜਗਣ ਵਿਚੋਂ ਹਰਿੰਦਰ ਪਰੰਪਰਾ ਵੱਲ ਮੁੜਦਾ ਹੈ। ਉਹ 'ਰਿਗਵੇਦ' ਦਾ ਅਧਿਐਨ ਕਰਦਾ ਹੈ। ਉਹਨੂੰ ਲਗਦਾ ਹੈ ਭਾਰਤੀ ਪਰੰਪਰਾ ਕੋਲ ਜਿਊਣ ਦਾ ਇਕ ਵਿਲੱਖਣ ਢੰਗ ਹੈ। ਉਸ ਨੂੰ ਉਸ ਜ਼ਿੰਦਗੀ ਵਿੱਚੋਂ ਇਕ ਹੁਲਾਰਾ ਮਿਲਦਾ ਹੈ। ਉਸ ਵਿਚ ਮਨੁੱਖ ਦਾ ਸਦੀਆਂ ਦਾ ਅਨੁਭਵ ਤੇ ਗਿਆਨ ਸ਼ਾਸਤਰ ਮਿਲ ਕੇ ਨਵਾਂ ਰਾਹ ਸਿਰਜਣ ਦੇ ਸਮਰੱਥ ਹੈ। ਉਹਨੂੰ ਲਗਦਾ ਹੈ ਕਿ ਜੇ ਪ੍ਰਿਯਾ ਇੰਜ ਹੀ ਲਾਲਸਾ ਦੇ ਭਰਮ ਜਾਲ 'ਚ ਉਲਝਦੀ ਰਹੀ ਤਾਂ ਉਹਦੀ ਬੇਟੀ ਨੀਨਾ, ਜੋ ਕਿ ਵੱਡੀ ਹੋ ਰਹੀ ਹੈ, ਉਸ 'ਤੇ ਇਹਦਾ ਮਾੜਾ ਪ੍ਰਭਾਵ ਪਏਗਾ, ਪਰ ਪ੍ਰਿਯਾ ਕੋਲ ਆਪਣੇ ਤਰਕ ਹਨ ਕਿ ਜੇ ਸਮਾਜ ਵਿਚ ਦੂਜੇ ਲੋਕ ਸਭ ਕੁਝ ਕਰ ਰਹੇ ਹਨ ਤਾਂ ਉਹ ਕਿਉਂ ਨਾ ਕਰੇ। ਉਹਦੇ ਕੋਲ ਵੀ ਕਾਰ, ਕੋਠੀ ਤੇ ਵਸਤਾਂ ਦਾ ਭਰਿਆ ਪੂਰਾ ਸੰਸਾਰ ਕਿਉਂ ਨਾ ਹੋਵੇ। ਅਸਲ ਵਿਚ ਮੱਧਵਰਗੀ ਚੇਤਨਾ ਵਿਚ ਇਕ-ਦੂਜੇ ਦੀ ਨਕਲ ਕਰਨ ਦੀ ਹੋੜ ਲੱਗੀ ਹੋਈ ਹੈ।

ਇਸ ਹੋੜ ਵਿਚ ਮਨੁੱਖੀ ਮਾਨਸਿਕਤਾ ਕਿਸੇ ਵੀ ਤਰ੍ਹਾਂ ਆਪਣੇ-ਆਪ ਨੂੰ ਫਿੱਟ ਕਰਨ ਦੇ ਆਹਰ ਵਿਚ ਹੈ। ਇਸ ਫੋਕੀ ਸ਼ਾਨ ਦਾ ਜ਼ਿਕਰ ਕਰਦਿਆਂ ਲੇਖਕ ਲਿਖਦਾ ਹੈ : "ਪ੍ਰਿਯਾ ਵੀ ਪੂਰੀ ਸਜ-ਧਜ ਕੇ ਗਈ ਸੀ। ਹਾਲਾਂਕਿ ਉਸ ਕੋਲ ਸੋਨੇ ਦੇ ਗਹਿਣੇ ਬਹੁਤੇ ਨਹੀਂ ਸਨ, ਪਰ ਉਸ ਨੇ ਅਜਿਹੇ ਮੌਕਿਆਂ ਲਈ ਆਰਟੀਫਿਸ਼ੀਅਲ ਗਹਿਣਿਆਂ ਦਾ ਸੈੱਟ ਖਰੀਦ ਕੇ ਰੱਖਿਆ ਹੋਇਆ ਸੀ ਦਸ ਹਜ਼ਾਰ 'ਚ, ਜਿਹੜੇ ਅਸਲੀ ਹੋਣ ਦਾ ਭੁਲੇਖਾ ਪਾਉਂਦੇ। ਉਥੇ ਪਹੁੰਚਦਿਆਂ ਹੀ ਉਹ ਆਈਆਂ ਔਰਤਾਂ 'ਚ ਰਚ-ਮਿਚ ਗਈ ਸੀ, ਜਿਹੜੀਆਂ ਆਪਣੇ ਗਹਿਣੇ, ਕੱਪੜਿਆਂ ਬਾਰੇ ਸ਼ੇਖੀ ਮਾਰ ਰਹੀਆਂ ਸਨ।"

ਲੇਖਕ ਆਪਣੇ ਪਾਤਰ ਹਰਿੰਦਰ ਰਾਹੀਂ ਵਿਰਸੇ ਦੀ ਸਮਝ 'ਤੇ ਜ਼ੋਰ ਦੇਂਦਾ ਹੈ ਕਿ ਇਸ ਤੋਂ ਬਿਨਾਂ ਅਸੀਂ ਵਰਤਮਾਨ ਨੂੰ ਨਹੀਂ ਸਮਝ ਸਕਦੇ ਤੇ ਨਾ ਹੀ ਭਵਿੱਖ ਲਈ ਕੋਈ ਨਿਸਚਿਤ ਮਾਡਲ ਸਿਰਜ ਸਕਦੇ ਹਾਂ। ਜੇ ਵਰਤਮਾਨ ਖਪਤ ਸੱਭਿਆਚਾਰ ਦਾ ਮੁਕਾਬਲਾ ਕਰਨਾ ਹੈ ਤਾਂ ਵਿਰਸੇ ਦੇ ਆਦਰਸ਼ਾਂ ਤੋਂ ਸਿੱਖਣਾ ਪਏਗਾ, ਪਰ ਕਾਰਪੋਰੇਟੀ ਸੱਭਿਆਚਾਰ ਤਾਂ ਵਿਰਸੇ ਤੇ ਪਰੰਪਰਾਵਾਂ ਨੂੰ ਮਲੀਆਮੇਟ ਕਰ ਰਿਹਾ ਹੈ। ਉਹਨੇ ਮਨੁੱਖ ਸਾਹਮਣੇ ਇੱਕੋ-ਇਕ ਆਦਰਸ਼ ਰੱਖ ਦਿੱਤਾ ਕਿ ਪਸ਼ੂਆਂ ਵਾਂਗ ਢਿੱਡ ਭਰ ਕੇ ਖਾਓ, ਮੌਜ-ਮਸਤੀ ਕਰੋ। ਜ਼ਿੰਦਗੀ ਸੰਘਰਸ਼ ਨਹੀਂ, ਸਗੋਂ ਸਿਰਫ ਇਕ ਜਸ਼ਨ ਹੈ। ਇਹ ਸਮਾਜਿਕ ਸਰੋਕਾਰਾਂ ਤੋਂ ਪਰਾਹਨ ਕਰ ਗਈ ਹੈ ਤੇ ਬਚਿਆ ਕੀ- ਸਿਰਫ ਕੰਮ, ਮਨੋਰੰਜਨ ਤੇ ਸੈਕਸ। ਅੱਗੋਂ ਇਨ੍ਹਾਂ ਦੀਆਂ ਭੈੜਾਂ ਨਾਲ ਭਰੀ ਜ਼ਿੰਦਗੀ।

ਸਮੁੱਚੇ ਪ੍ਰਵਚਨ ਵਿਚ ਲੇਖਕ ਵਰਤਮਾਨ ਤੋਂ ਅਤੀਤ ਤੇ ਫਿਰ ਅਤੀਤ ਤੋਂ ਵਰਤਮਾਨ ਵਿਚ ਚਲਾਏ-ਮਾਨ ਹੋ ਕੇ ਜ਼ਿੰਦਗੀ ਦੇ ਅਰਥ ਲਭ ਰਿਹਾ ਹੈ। ਖਪਤ ਦੇ ਮਾਇਆ ਜਾਲ 'ਚ ਉਹਨੂੰ ਲੱਗ ਰਿਹਾ ਹੈ ਕਿ ਜ਼ਿੰਦਗੀ ਵਸਤਾਂ ਦਾ ਉਪਭੋਗ ਨਹੀਂ ਕਰ ਰਹੀ, ਸਗੋਂ ਵਸਤਾਂ ਜ਼ਿੰਦਗੀ ਦਾ ਉਪਭੋਗ ਕਰ ਰਹੀਆਂ ਹਨ। ਮਨੁੱਖ ਜ਼ਿੰਦਗੀ ਸਾਹਮਣੇ ਬੌਣਾ ਹੋ ਰਿਹਾ ਹੈ। ਲੇਖਕ ਵਰਤਮਾਨ ਸਥਿਤੀਆਂ ਵਿਚਲੇ ਕਰੂਰ ਯਥਾਰਥ ਪ੍ਰਤੀ ਸੁਚੇਤ ਹੈ। ਉਹਨੂੰ ਲਗਦਾ ਹੈ ਮਾਪੇ ਜਨਮ ਤੋਂ ਹੀ ਬੱਚੇ ਨੂੰ ਅਜਿਹਾ ਬਣਾਉਣ ਦੀ ਕੋਸ਼ਿਸ਼ ਵਿਚ ਜੁਟ ਜਾਂਦੇ ਹਨ ਕਿ ਆਪਣੀਆਂ ਖਾਹਿਸ਼ਾਂ, ਲਾਲਸਾਵਾਂ, ਅਕਾਂਖਿਆਵਾਂ ਬੱਚੇ ਦੀ ਕੰਡੀਸ਼ਨਿੰਗ 'ਚੋਂ ਪੂਰੀਆਂ ਕਰਨੀਆਂ ਲੋਚਦੇ ਹਨ। ਬੱਚਿਆਂ ਨੂੰ ਪਾਲਣ ਦੀ ਬਜਾਏ ਆਪਣੀ ਕਾਰਬਨ ਕਾਪੀ ਬਣਾ ਰਹੇ ਹਾਂ। ਅਪੂਰਨ ਖਾਹਿਸ਼ਾਂ ਦੀ ਪੂਰਤੀ ਉਨ੍ਹਾਂ 'ਚੋਂ ਕਰਨੀ ਚਾਹੁੰਦੇ ਹਾਂ। ਅਸੀਂ ਇਸ ਗੱਲ ਵੱਲ ਬਿਲਕੁਲ ਤਵੱਜੋ ਨਹੀਂ ਦੇਂਦੇ ਕਿ ਬੱਚਾ ਜ਼ਿੰਦਗੀ ਜਿਊਣ ਦੇ ਢੰਗ-ਤਰੀਕੇ ਸਿੱਖੇ, ਸੰਘਰਸ਼ ਕਰਕੇ ਕੋਈ ਚੀਜ਼ ਪ੍ਰਾਪਤ ਕਰਨ ਦੇ ਰਾਹ ਪਏ, ਸਗੋਂ ਉਹਦੇ ਵਿਚ ਇਕ ਕਿਸਮ ਦਾ ਅਪਰਾਧ ਬੋਧ ਭਰ ਰਹੇ ਹਾਂ। ਇਸ ਦੇ ਨਤੀਜੇ ਵਜੋਂ ਬੱਚੇ ਚਾਬੀ ਵਾਲੇ ਖਿਡੌਣੇ ਬਣ ਰਹੇ ਹਨ। ਉਨ੍ਹਾਂ ਦੀ ਕਲਪਨਾ ਨੂੰ ਨਾ ਤਾਂ ਖੰਭ ਲੱਗਦੇ ਹਨ ਨਾ ਉਨ੍ਹਾਂ ਦੀ ਊਰਜਾ ਸਮਾਜਿਕ ਕਾਰਜਾਂ ਦੇ ਲੇਖੇ ਲੱਗਦੀ ਹੈ, ਉਲਟਾ ਉਹ ਸਵੈ ਕੇਂਦਰਤ ਹੋ ਕੇ ਸਿਰਫ ਆਪਣੇ ਬਾਰੇ ਸੋਚਦੇ ਹਨ। ਉਹ ਜੇ ਕਲਪਨਾ ਕਰਦੇ ਹਨ ਤਾਂ ਸੁਪਰਮੈਨ ਦੀ, ਪਰ ਸੁਪਰਮੈਨ ਬਣਨ ਦੀ ਤਾਕਤ ਜਾਂ ਲਕਸ਼ ਉਨ੍ਹਾਂ ਵਿਚ ਨਹੀਂ। ਹਰਿੰਦਰ ਆਪਣੀ ਬੇਟੀ ਨੀਨਾ ਨੂੰ ਆਪਣੇ ਵਰਗਾ ਗਿਆਨ ਰਾਹ ਦਾ ਪਾਂਧੀ ਬਣਾਉਣਾ ਚਾਹੁੰਦਾ ਹੈ, ਪਰ ਪ੍ਰਿਯਾ ਉਸ ਨੂੰ ਖਪਤ ਸੱਭਿਆਚਾਰ ਵਾਲੇ ਮਾਡਲ ਵਿਚ ਢਾਲਣਾ ਚਾਹੁੰਦੀ ਹੈ। ਹਰਿੰਦਰ ਤੇ ਪ੍ਰਿਯਾ ਦੇ ਰਿਸ਼ਤੇ ਵਿਚ ਆਈ ਤ੍ਰੇੜ ਲਈ ਨੀਨਾ ਪੁਲ ਨਹੀਂ ਬਣਦੀ, ਜਿਸ ਕਰਕੇ ਪ੍ਰਿਯਾ ਦੇ ਪਿਓ ਦੀ ਹੈਂਕੜ ਤੇ ਉਸ ਨੂੰ ਨੀਵਾਂ ਦਿਖਾਉਣ ਦੇ ਤਰੀਕੇ ਵਜੋਂ ਦੋਵੇਂ ਇਕ-ਦੂਜੇ ਤੋਂ ਦੂਰ ਹੋ ਜਾਂਦੇ ਹਨ।

ਹਰਿੰਦਰ ਸਦਾ ਕਾਰਪੋਰੇਟੀ ਸੱਭਿਆਚਾਰ ਦਾ ਘੋਰ ਵਿਰੋਧੀ ਰਿਹਾ ਹੈ। ਉਹ ਜ਼ਿੰਦਗੀ ਨੂੰ ਘੱਟ ਖਰਚੀਲੀ ਤੇ ਸਹਿਜ ਰੂਪ ਵਿਚ ਬਿਤਾਉਣ ਦੇ ਹੱਕ ਵਿਚ ਹੈ। ਉਹਦਾ ਤਰਕ ਹੈ ਕਿ ਸਾਨੂੰ



ਏਨੀਆਂ ਚੀਜ਼ਾਂ ਦੀ ਲੋੜ ਨਹੀਂ! ਵਿੱਤੋਂ ਵੱਧ ਸਾਮਾਨ ਤੇ ਸਹੂਲਤਾਂ ਇਕੱਠੀਆਂ ਕਰੀ ਜਾਣੀਆਂ ਇਹ ਤਾਂ ਬਜ਼ਾਰ ਦਾ ਸਲੀਕਾ ਹੈ। ਕਾਰਪੋਰੇਟ ਸੱਭਿਆਚਾਰ ਹੈ। ਬਾਜ਼ਾਰ ਇਹ ਜੀਵਨ-ਜਾਚ ਸਾਡੇ ਜ਼ਿਹਨਾਂ 'ਚ ਤੂੜ ਰਿਹਾ ਹੈ, ਕਿਉਂਕਿ ਇਸ ਨਾਲ ਉਸ ਦਾ ਮੁਨਾਫਾ ਜੁੜਿਆ ਹੋਇਐ। ਲੋਕ ਜਿੰਨੀ ਵੱਧ ਖਰੀਦਦਾਰੀ ਕਰਨਗੇ, ਓਨਾ ਵੱਧ ਮੁਨਾਫਾ ਤੇ ਇਸ ਲਈ ਤਰ੍ਹਾਂ-ਤਰ੍ਹਾਂ ਦੇ ਭਰਮ-ਜਾਲ ਫੈਲਾਏ ਜਾਂਦੇ ਹਨ। ਖਪਤ ਦੇ ਇਸ ਮਾਇਆ ਜਾਲ ਦੀ ਚਕਾਚੌਂਧ ਮ੍ਰਿਗਤ੍ਰਿਸ਼ਨਾ ਵਰਗੀ ਹੈ, ਜਿਸ 'ਚੋਂ ਸੰਤੁਸ਼ਟੀ ਹੋ ਹੀ ਨਹੀਂ ਸਕਦੀ। ਇਸ ਵੱਲ ਪੁੱਟਿਆ ਹਰ ਕਦਮ ਤਾਂ ਸਗੋਂ ਹੋਰ ਭਟਕਣਾ ਵਧਾਉਂਦਾ, ਜਿਸ ਦਾ ਕਿਤੇ ਕੋਈ ਆਖਰੀ ਪਹੁੰਚ ਬਿੰਦੂ ਨਹੀਂ। ਇਹ ਭਟਕਣਾ ਬਹੁਤ ਬੁਰੀ ਤਰ੍ਹਾਂ ਤਰਸਾ-ਤਰਸਾ ਕੇ ਜ਼ਿੰਦਗੀ 'ਚੋਂ ਉਸ ਦੀ ਧੜਕਣ ਨੂੰ ਚੂਸਦੀ ਜਾਂਦੀ ਹੈ।"

'ਖਾਂਡਵ ਦਾਹ' ਨੂੰ ਲੇਖਕ ਨੇ ਵਰਤਾਰੇ ਦੇ ਸੱਚ ਵਜੋਂ ਪਰਿਭਾਸ਼ਤ ਕੀਤਾ ਹੈ। ਕ੍ਰਿਸ਼ਨ ਤੇ ਅਰਜਨ ਦੀ ਅਗਵਾਈ ਵਿਚ ਖਾਂਡਵ ਜੰਗਲ ਤੇ ਉਸ 'ਚ ਰਹਿੰਦੇ ਨਾਗ ਲੋਕਾਂ ਨੂੰ ਤਬਾਹ ਕੀਤਾ ਸੀ। ਉਹ ਜ਼ਮਾਨਾ ਸਰੀਰਕ ਬਲ ਦਾ ਸੀ ਤੇ ਅੱਜ ਪੂੰਜੀ ਦਾ ਯੁੱਗ ਹੈ। ਪੂੰਜੀ ਲੋਕ ਭਲਾਈ ਵਿਚ ਯਕੀਨ ਨਹੀਂ ਰੱਖਦੀ, ਕਿਉਂਕਿ ਪੂੰਜੀਪਤੀਆਂ ਦੀ ਸੋਚ ਮੁਨਾਫੇ ਨੇ ਘੜੀ ਹੈ। ਅੱਜ ਖਾਂਡਵ ਦਾਹ ਪ੍ਰਤੱਖ ਰੂਪ ਵਿਚ ਵਾਪਰ ਰਿਹਾ ਹੈ, ਜਿੱਥੇ ਲੋਕਾਂ ਦਾ ਘਾਣ ਕਰਨ ਲਈ ਬਜ਼ਾਰ ਨੇ ਅਜਿਹੀ ਸ਼ਤਰੰਜ ਵਿਛਾ ਦਿੱਤੀ ਹੈ, ਜਿਸ ਵਿਚ ਲੋਕ ਆਪਣਾ ਸਭ ਕੁਝ ਹਾਰ ਕੇ ਫਿਰ ਵੀ ਖੇਡ ਰਹੇ ਹਨ। ਇਹੀ ਖਾਂਡਵ ਦਾਹ ਹੈ।

ਹਰਿੰਦਰ ਅਖੀਰ ਰੁਪਾਲੀ ਵੱਲ ਆਕਰਸ਼ਿਤ ਹੁੰਦਾ ਹੈ। ਉਹ ਦੋਵੇਂ ਇਕ-ਦੂਜੇ ਨੂੰ ਸਮਝਦੇ ਹਨ। ਦੋਹਾਂ ਦੀ ਪਿਛਲੀ ਜ਼ਿੰਦਗੀ ਭਟਕਣ ਦਾ ਸਫਰ ਹੈ। ਇਸ ਭਟਕਣ 'ਚੋਂ ਉਹ ਜ਼ਿੰਦਗੀ ਨੂੰ ਆਪਣੀ ਮਰਜ਼ੀ ਨਾਲ ਜਿਊਣਾ ਚਾਹੁੰਦੇ ਹਨ। ਓਧਰ ਪ੍ਰਿਯਾ ਵਿਵੇਕ ਵੱਲ ਆਕਰਸ਼ਤ ਹੋ ਜਾਂਦੀ ਹੈ। ਉਹਦੀ ਅਮੀਰੀ, ਉਹਦੇ ਸਲੀਕੇ ਦੀ ਉਹ ਕਾਇਲ ਹੈ। ਉਹਨੂੰ ਲੱਗਦੈ ਸ਼ਾਇਦ ਉਹ ਬਣੀ ਹੀ ਉਹਦੇ ਲਈ ਹੈ। ਉਹਨੂੰ ਆਪਣੀਆਂ ਖਾਹਿਸ਼ਾਂ ਦੇ ਫੁੱਲ ਵਿਵੇਕ ਦੇ ਵਿਹੜੇ 'ਚ ਖਿੜਦੇ ਲੱਗਦੇ ਹਨ।

ਇਸ ਤਰ੍ਹਾਂ ਇਸ ਨਾਵਲ ਦੀ ਮੂਲ ਚੂਲ ਇਸ ਗੱਲ 'ਤੇ ਟਿਕੀ ਹੋਈ ਹੈ ਕਿ ਖਾਂਡਵ ਦਾਹ ਅੱਜ ਤੱਕ ਹੋ ਰਿਹਾ ਹੈ, ਇਹ ਕਦੇ ਖਤਮ ਹੋਇਆ ਹੀ ਨਹੀਂ ਸੀ। ਸਿਰਫ ਇਹਦਾ ਰੂਪ ਬਦਲ ਗਿਆ ਹੈ, ਸਰੀਰਕ ਬਲ ਤੋਂ ਫੋਕਸ ਪੂੰਜੀ 'ਤੇ ਹੋ ਗਿਆ ਹੈ। ਪੂੰਜੀ ਨੇ ਜਿਸ ਕਾਰਪੋਰੇਟੀ ਸੱਭਿਆਚਾਰ ਨੂੰ ਜਨਮ ਦਿੱਤਾ ਹੈ, ਅੰਤ ਉਸ ਨੇ ਹੀ ਮਨੁੱਖ ਨੂੰ ਖਾ ਜਾਣਾ ਹੈ। ਇਸ ਤੋਂ ਬਚਣ ਦਾ ਇਕੋ-ਇਕ ਰਾਹ ਹੈ ਪਰੰਪਰਾ ਤੇ ਵਿਰਸਾ। ਇਹ ਦੋਵੇਂ ਹੀ ਖਾਂਡਵ ਦਾਹ ਦੀ ਅੰਨ੍ਹੀ ਤਬਾਹੀ ਤੋਂ ਮਨੁੱਖ ਨੂੰ ਬਚਾ ਸਕਦੇ ਹਨ। ਲੇਖਕ ਦੀਆਂ ਵੱਡੀਆਂ-ਵੱਡੀਆਂ ਟਿੱਪਣੀਆਂ ਕਈ ਵਾਰ ਗਲਪ ਦੀ ਥਾਂ ਲੇਖਨੁਮਾ ਪ੍ਰਵਚਨਾਂ ਦਾ ਪ੍ਰਭਾਵ ਪਾਉਂਦੀਆਂ ਹਨ, ਪਰ ਲੇਖਕ ਕਥਾ ਨਾਲੋਂ ਵਰਤਾਰੇ 'ਤੇ ਵਧੇਰੇ ਬਲ ਦੇਂਦਾ ਹੈ। ਇਸ ਕਰਕੇ ਕਿਤੇ-ਕਿਤੇ ਟਿੱਪਣੀ ਏਨੀ ਭਾਰੂ ਹੋ ਜਾਂਦੀ ਹੈ ਕਿ ਕਥਾ ਦੱਬ ਜਾਂਦੀ ਹੈ।

ਪੰਜਾਬੀ ਵਿਚ ਇਹ ਆਪਣੀ ਕਿਸਮ ਦਾ ਪਹਿਲਾ ਨਾਵਲ ਹੈ, ਜੋ ਵਿਸ਼ਵੀਕਰਨ ਦੀ ਮਾਰ ਝੱਲ ਰਹੇ ਤੀਜੀ ਦੁਨੀਆ ਦੇ ਦੇਸ਼ਾਂ ਦੇ ਅਵਾਮ ਦੀ ਸਥਿਤੀ ਨੂੰ ਪੇਸ਼ ਕਰਦਾ ਹੈ। ਇਸ ਦਾ ਕਥਾ ਲੋਕੇਲ ਜਲੰਧਰ ਤੇ ਇਸ ਦੇ ਆਸ-ਪਾਸ ਦਾ ਇਲਾਕਾ ਹੈ, ਜੋ ਤੇਜ਼ੀ ਨਾਲ ਸ਼ਹਿਰੀਕਰਨ ਦੀ ਮਾਰ ਹੇਠ ਆ ਰਿਹਾ ਹੈ। ਇਸ ਸ਼ਹਿਰੀਕਰਨ ਨੇ ਵਿਕਾਸ ਦੇ ਨਾਂਅ ਹੇਠ ਵਾਤਾਵਰਣ ਦਾ ਉਜਾੜਾ ਕਰ ਦਿੱਤਾ ਹੈ। ਇਹ ਵੀ ਨਾਵਲ ਦਾ ਇਕ ਪੱਖ ਹੈ, ਜਿਸ ਨੂੰ ਲੇਖਕ ਨੇ ਪੇਸ਼ ਕੀਤਾ ਹੈ। ਸਮੁੱਚੇ ਰੂਪ ਵਿਚ ਇਹ ਨਾਵਲ ਵਰਤਮਾਨ ਕਰੂਰ ਯਥਾਰਥ ਤੇ ਸਰੋਕਾਰਾਂ ਨੂੰ ਸਫਲਤਾ ਨਾਲ ਪੇਸ਼ ਕਰਨ ਵਿਚ ਕਾਮਯਾਬ ਰਿਹਾ ਹੈ।

# ਵਿਅਕਤੀ ਅੰਦਰ ਬੈਠੇ ਬੰਦੇ ਦੀ ਦਾਸਤਾਂ: ਜੇਠੂ

**-ਹਰਜਿੰਦਰ ਸਿੰਘ ਅਟਵਾਲ**

ਹਰਜੀਤ ਅਟਵਾਲ ਪਰਵਾਸੀ ਪੰਜਾਬੀ ਸਾਹਿਤ ਵਿਚ ਇਕ ਮਹੱਤਵੂਰਨ ਨਾਮ ਹੈ। 'ਜੇਠੂ' ਉਸ ਦੀ ਚੌਵੀਵੀਂ ਰਚਨਾ ਹੈ ਅਤੇ ਬਾਰ੍ਹਵਾਂ ਨਾਵਲ। ਉਸ ਦਾ ਲਗਭਗ ਹਰ ਨਾਵਲ ਹੀ ਚਰਚਾ ਵਿਚ ਰਿਹਾ ਹੈ ਪਰ ਫਿਰ ਵੀ 'ਰੇਤ' ਨੂੰ ਆਲੋਚਕਾਂ ਅਤੇ ਚਿੰਤਕਾਂ ਨੇ ਇਕ ਮੱਤ ਨਾਲ ਉਸ ਦਾ ਵਧੀਆ ਨਾਵਲ ਮੰਨਿਆ ਹੈ, ਇਹ ਵੱਖਰੀ ਗੱਲ ਹੈ ਕਿ ਹਰਜੀਤ ਸ਼ਾਇਦ ਇਸ ਤੱਥ ਨਾਲ ਸਹਿਮਤ ਨਾ ਹੋਵੇ। ਉਸ ਦੀ ਨਾਵਲਕਾਰੀ ਦੀ ਇਕ ਮਹੱਤਵਪੂਰਨ ਵਿਧੀ ਇਹ ਰਹੀ ਹੈ ਕਿ ਉਹ ਕਹਾਣੀ ਵਿਚ ਅਜਿਹੀ ਰੌਚਿਕਤਾ ਭਰਦਾ ਹੈ ਜਿਸ ਨਾਲ ਉਸ ਦੇ ਨਾਵਲ ਦੀ ਪੜ੍ਹਨਯੋਗਤਾ ਬਹੁਤ ਵਧ ਜਾਂਦੀ ਹੈ, ਉਸ ਨੇ ਬਿਰਤਾਂਤਕਾਰੀ ਦੀ ਇਹ ਵਿਧੀ ਲਗਭਗ ਹਰੇਕ ਨਾਵਲ ਵਿਚ ਹੀ ਵਰਤੀ ਹੈ। ਲਿਖਣ ਸ਼ੈਲੀ ਜਾਂ ਢੰਗ ਵੱਖੋ ਵੱਖਰਾ ਹੋ ਸਕਦਾ ਹੈ। ਇਸ ਵਿਧੀ ਦੀ ਵਰਤੋਂ ਕਰਦਿਆਂ ਉਹ ਮੌਕਾ ਮੇਲ, ਆਦਰਸ਼ ਆਦਿ ਦੀਆਂ ਉਹ ਬਿਰਤਾਂਤ ਯੁਗਤਾਂ ਵਰਤਦਾ ਹੈ ਜੋ ਸਾਡੇ ਨਾਵਲ ਦੇ ਆਰੰਭ ਤੋਂ ਹੀ ਵਰਤੀਦੀਆਂ ਆ ਰਹੀਆਂ ਹਨ।

ਉਂਜ ਤਾਂ ਹਰਜੀਤ ਦੇ ਬਹੁਤੇ ਨਾਵਲ ਪਾਤਰ ਕੇਂਦਰਤ ਹੀ ਹੁੰਦੇ ਹਨ। ਕਹਾਣੀ ਉਹ ਕੇਵਲ ਪਾਤਰਾਂ ਦੇ ਸੁਭਾਅ ਦੀ ਉਸਾਰੀ ਲਈ ਇਕ ਸਹਾਇਕ ਸੰਦ ਵਜੋਂ ਵਰਤਦਾ ਹੈ, ਜਿਸ ਨਾਲ ਨਾਵਲ, ਨਾਵਲ ਹੁੰਦਾ ਹੋਇਆ ਵੀ ਜੀਵਨੀ ਦੇ ਥੋੜ੍ਹਾ ਬਹੁਤ ਨੜੇ ਚਲਾ ਜਾਂਦਾ ਹੈ। ਪੰਜਾਬੀ ਨਾਵਲ ਦੇ ਇਤਿਹਾਸ ਵਿਚ ਜੀਵਨੀ ਮੂਲਕ ਨਾਵਲ ਵੀ ਰਚੇ ਗਏ ਮਿਲਦੇ ਹਨ। ਜੇ ਨਾਵਲ ਦੇ ਕੇਂਦਰ ਵਿਚ ਪੇਸ਼ ਜੀਵਨੀ ਵਾਲਾ ਪਾਤਰ ਵਡੇਰੇ ਕੱਦ ਵਾਲਾ ਲੋਕ ਪ੍ਰਭਾਵਿਤ ਹੈ ਤਾਂ ਬਹੁਤੀ ਦਿੱਕਤ ਨਹੀਂ ਆਉਂਦੀ ਪਰ ਜਦੋਂ ਕਿਸੇ ਨਾਵਲ ਵਿਚ ਅਜਿਹੇ ਪਾਤਰ ਦੀ ਜੀਵਨੀ ਦਾ ਸਮੁੱਚ ਜਾਂ ਇਕ ਪੱਖ ਪੇਸ਼ ਕਰਨ ਦਾ ਯਤਨ ਕੀਤਾ ਜਾਂਦਾ ਹੈ ਤਾਂ ਕਿੰਤੂ, ਪ੍ਰੰਤੂ ਹੋਣਾ ਲਾਜ਼ਮੀ ਹੁੰਦਾ ਹੈ। ਜੇਠੂ ਵੀ ਇਕ ਤਰ੍ਹਾਂ ਨਾਲ ਜੀਵਨੀ ਮੂਲਕ ਨਾਵਲ ਹੀ ਹੈ ਜਿਸ ਵਿਚ ਪੇਸ਼ ਹੋ ਰਿਹਾ ਕੇਂਦਰੀ ਪਾਤਰ 'ਕੁੰਦਨ ਸਿੰਘ ਕੁੰਦਨ' ਦੀ ਪਛਾਣ ਜ਼ਾਹਰ ਹੋਣ ਦੇ ਨਾਲ-ਨਾਲ ਬਰਤਾਨੀਆ ਵਿਚ ਵਿਚਰਦੇ ਪਾਤਰਾਂ ਜੋਗਿੰਦਰ ਸਿੰਘ, ਨਿਰਮਲ ਨਾਕਸ, ਬਲਬੀਰ ਬਾਵਰਾ, ਮੋਹਣੀ, ਅਨੀਤਾ ਸ਼ਰਮਾ, ਮੁਸ਼ਤਾਕ ਅਤੇ ਰੇਹਾਨਾ ਮਲਿਕ ਅਤੇ ਭਾਰਤ ਵਿਚ ਵਿਚਰਦੇ ਪਾਤਰ ਡਾਕਟਰ ਹਰੀ ਸਿੰਘ, ਰੋਸ਼ਨ, ਜਰਨੈਲ ਸਿੰਘ ਮਹਿਰੋਕ, ਹਰਦੇਵ ਦਿਆਲ ਦੇ ਨਾਲ-ਨਾਲ ਕੁੰਦਨ ਵੱਲੋਂ ਪੈਸੇ ਖਰਚ ਕੇ ਹਰਦੇਵ ਦਿਆਲ ਵਲੋਂ ਸੰਪਾਦਿਤ ਸਾਹਿਤ ਪਰਚੇ 'ਪ੍ਰਤੀਬਧ' ਆਦਿ ਦੇ ਨਾਮ ਭਾਵੇਂ ਕੁਝ ਹੱਦ ਤਕ ਬਦਲੇ ਗਏ ਹਨ ਪਰ ਨਾਵਲ ਦਾ ਪਾਠਕ ਕਿਉਂ ਜੋ ਸੀਮਤ ਹੈ, ਇਸ ਕਰਕੇ ਇਹ ਪਾਤਰ ਜਾਣੇ ਪਛਾਣੇ ਹੋਣ ਕਰਕੇ ਆਪਣੇ ਸੀਮਤ ਵਿਅਕਤੀਤਵ ਵਿਚੋਂ ਨਿਕਲ ਕੇ ਨਾਵਲੀ ਪਾਤਰ ਨਹੀਂ ਬਣ ਸਕੇ। ਜਿਸ ਪਾਤਰ ਨੂੰ ਲੈ ਕੇ ਹਰਜੀਤ ਨੇ ਇਹ ਨਾਵਲ ਲਿਖਿਆ ਹੈ ਉਸ ਪਾਤਰ ਨੂੰ ਕੇਂਦਰ ਵਿਚ ਰੱਖ ਕੇ ਬਰਤਾਨੀਆਂ ਦਾ ਨਾਵਲਕਾਰ ਦਰਸ਼ਨ ਧੀਰ ਵੀ ਇਕ ਨਾਵਲ 'ਅਜਨਬੀ ਚਿਹਰੇ' ਲਿਖ ਚੁੱਕਿਆ ਹੈ, ਵਿਡੰਵਨਾ ਇਹ ਹੈ ਕਿ ਦਰਸ਼ਨ ਧੀਰ ਵੀ 'ਜੇਠੂ' ਵਿਚ ਇਕ ਪਾਤਰ ਵਜੋਂ ਪੇਸ਼ ਕੀਤਾ ਗਿਆ ਹੈ। ਸ਼ਾਇਦ ਅਜਿਹਾ ਹੋਣ ਨਾਲ ਹੀ ਇਹ ਨਾਵਲ ਇਕ ਸੀਮਾ ਵਿਚ ਸੁੰਗੜਦਾ ਹੈ। ਉਂਜ ਜਿਵੇਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ ਕਿ ਹਰਜੀਤ ਨੂੰ ਅਜਿਹੀ ਕਲਾ ਆਉਂਦੀ ਹੈ ਕਿ ਉਹ ਪਾਠਕ ਨਾਵਲ ਪੜ੍ਹਨ ਤੋਂ ਉਕਤਾਉਣ ਨਹੀਂ ਦਿੰਦਾ, ਕਹਾਣੀ ਰਸ ਨੂੰ



ਇਸ ਤਰ੍ਹਾਂ ਵਰਤਦਾ ਹੈ ਕਿ ਪਾਠਕ ਨਾਵਲ ਨੂੰ ਵਿਚ ਵਿਚਾਲੇ ਛੱਡ ਕੇ ਨਹੀਂ ਜਾਂਦਾ। ਨਾਵਲ ਦਾ ਪਹਿਲਾ ਕਾਂਡ ਕਤਲ ਦੇ ਸਿਰਫ਼ ਦੋ ਸਫ਼ੇ ਹਨ, ਪਹਿਲੇ ਸਫ਼ੇ ਵਿਚ ਇਹ ਸੂਚਨਾ ਹੈ ਕਿ ਜੇਠੂ ਨੇ ਕੁੰਦਨ ਦਾ ਕਤਲ ਕਰ ਦਿੱਤਾ ਅਤੇ ਦੂਜੇ ਸਫ਼ੇ ਵਿਚ ਕੁੰਦਨ ਅੰਦਰ ਬੈਠੇ ਜੇਠੂ ਦਾ ਅਤਿ ਸੰਖੇਪ ਵੇਰਵਾ ਹੈ। ਹਰਜੀਤ ਕੇਵਲ ਇਕ ਸਫ਼ੇ ਵਿਚ ਹੀ ਜੇਠੂ ਦੇ ਹਾਲਾਤ ਸਪੱਸ਼ਟ ਕਰਨ ਵਿਚ ਸਫ਼ਲ ਹੋ ਜਾਂਦਾ ਹੈ ਕਿ ਕਿਵੇਂ ਬਹੁਤ ਛੋਟੇ ਹੁੰਦਿਆਂ ਉਸ ਦੇ ਮਾਂ ਬਾਪ ਦੇਸ਼ ਵੰਡ ਵੇਲੇ ਮਾਰੇ ਗਏ, ਪਾਲਣ ਪੋਸਣ ਦਾ ਜ਼ਿੰਮਾ ਤਾਏ ਤੇ ਆ ਗਿਆ। ਤਾਇਆ ਚੰਗਾ ਸੀ ਪਰ ਤਾਈ ਦਾ ਵਿਕਰਾਲ ਰੂਪ ਅਤੇ ਉਸ ਦਾ ਰੁੱਖਾ ਵਤੀਰਾ ਜੇਠੂ ਨੂੰ ਜੇਠੂ ਬਣੇ ਰਹਿਣ ਲਈ ਮਜਬੂਰ ਕਰਦਾ ਰਿਹਾ, ਉਸ ਦਾ ਜੇ ਕੋਈ ਬਚਪਨ ਵਿਚ ਸਾਥੀ ਸੀ ਵੀ ਤਾਂ ਉਹ ਘਰ ਦਾ ਪਾਲਤੂ ਕੁੱਤਾ ਟੌਮੀ, ਜਿਸ ਦੇ ਗਲ ਲਗ ਕੇ ਜੇਠੂ ਉਦੋਂ ਰੋ ਲੈਂਦਾ ਸੀ ਜਦ ਉਹ ਜੀਵਨ ਵਿਚ ਘੋਰ ਨਿਰਾਸ਼ਾ ਦੇ ਆਲਮ ਵਿਚ ਹੁੰਦਾ ਸੀ। ਨਾਵਲਕਾਰ ਇਸ ਇਕ ਸਫ਼ੇ ਵਿਚ ਹੀ ਜੇਠੂ ਦਾ ਹਾਲ ਬਿਆਨ ਕਰਕੇ ਹੀ ਉਸ ਨੂੰ ਇੰਗਲੈਂਡ ਦੇ ਜਹਾਜ਼ ਤੇ ਚਾੜ੍ਹ ਦਿੰਦਾ ਹੈ। ਪਹਿਲੇ ਕਾਂਡ ਵਿਚ ਹਰਜੀਤ ਵੱਲੋਂ ਬਿਆਨ ਵਿਚ ਕੀਤੀ ਕਾਹਲ ਅਸਲ ਵਿਚ ਉਸ ਦੀ ਇਸ ਰੁਚੀ ਕਰਕੇ ਹੈ ਕਿ ਉਹ ਕਹਾਣੀ ਸੁਣਾਉਣ ਦੇ ਨਾਲ ਵਾਪਰਦੀ ਦਿਖਾਉਣੀ ਵੀ ਚਾਹੁੰਦਾ ਹੈ। ਨਾਵਲ ਦੇ ਅਗਲੇ ਸਮੁੱਚੇ ਬਿਰਤਾਂਤ ਵਿਚ ਉਹ ਅਜਿਹਾ ਹੀ ਕਰਦਾ ਹੈ।

ਇਸ ਉਪਰੰਤ ਹਰਜੀਤ ਕੁੰਦਨ ਦੇ ਜੀਵਨ ਨਾਲ ਜੁੜੇ ਉਹ ਵੇਰਵੇ ਕ੍ਰਮਵਾਰ ਪੇਸ਼ ਕਰਦਾ ਹੈ ਜਿਸ ਵਿਚ ਇਹ ਸਿੱਧ ਕਰ ਸਕੇ ਕਿ ਕੁੰਦਨ ਬਚਪਨ ਤੋਂ ਹੀ ਆਪਣੇ ਅੰਦਰ ਬੈਠੇ 'ਜੇਠੂ' ਨੂੰ ਬਾਹਰ ਨਹੀਂ ਕੱਢ ਸਕਿਆ, ਜੇਠੂ ਜਦੋਂ ਵੀ ਚਾਹੇ ਕੁੰਦਨ ਦੀ ਹਿੱਕ ਤੇ ਬੈਠ ਕੇ ਆਪਣੀ ਮਰਜ਼ੀ ਕਰਵਾਉਂਦਾ ਹੈ। 'ਗੋਲਡੀ' ਜੋ ਕੁੰਦਨ ਦੀ ਆਪਣੀ ਬੇਟੀ ਪਾਇਲ ਦੀ ਉਮਰ ਦੀ ਹੈ ਅਤੇ ਉਸ ਦੀ ਸਹੇਲੀ ਵੀ, ਦਾ ਹਰ ਤਰ੍ਹਾਂ ਦਾ ਸਾਥ ਮਾਨਣ ਦੀ ਚੇਸ਼ਟਾ ਤਾਂ ਕਰਦਾ ਹੀ ਹੈ ਸਗੋਂ ਉਹ ਇਹ ਇੱਛਾ ਕਿਸੇ ਨਾ ਕਿਸੇ ਰੂਪ ਵਿਚ ਪਾਇਲ ਨਾਲ ਵੀ ਸਾਂਝੀ ਕਰ ਲੈਂਦਾ ਹੈ। ਬਾਅਦ ਵਿਚ ਮੋਹਣੀ ਅਤੇ ਮੀਨਾ ਉਸ ਦੀ ਜ਼ਿੰਦਗੀ ਵਿਚ ਆਉਂਦੀਆਂ ਹਨ, ਇਸ ਦੇ ਨਾਲ-ਨਾਲ ਮਨਜੀਤ ਉਸ ਦੀ ਆਦਰਸ਼ ਪਤਨੀ ਦੇ ਤੌਰ ਤੇ ਉਸ ਦੇ ਜੀਵਨ ਦਾ ਹਿੱਸਾ ਹੈ ਪਰ ਉਹ ਕਿਤੇ ਵੀ ਟਿਕਦਾ ਨਹੀਂ, ਕਿਤੇ ਵੀ ਅਜਿਹੀਆਂ ਭਾਵਨਾਵਾਂ ਦੀ ਤ੍ਰਿਪਤੀ ਹੋਈ ਨਹੀਂ ਸਮਝਦਾ, ਸਗੋਂ ਮ੍ਰਿਗਛਲ ਵਾਂਗ ਅੱਗੇ ਤੋਂ ਅੱਗੇ ਭੱਜਦਾ ਜਾ ਰਿਹਾ ਹੈ, ਅਜਿਹਾ ਕਰਨ ਲਈ ਉਸ ਦੀ ਹਿੱਕ ਉਪਰ ਬੈਠਾ ਜੇਠੂ ਹੀ ਉਕਸਾ ਰਿਹਾ ਹੈ। ਜ਼ਿੰਦਗੀ ਦੇ ਇਸ ਇਕ ਪੱਖ ਵਿਚ ਹੀ ਉਹ ਉਲਾਰ ਨਹੀਂ ਸਗੋਂ ਉਹ ਤਾਂ ਹਰ ਵੇਲੇ ਕਿਸੇ ਨਾ ਕਿਸੇ ਪ੍ਰਾਪਤੀ/ਪੱਦਵੀ ਲਈ ਜਨੂੰਨ ਦੀ ਹੱਦ ਤੱਕ ਤਿਆਰੀ ਕਰੀ ਬੈਠਾ ਹੁੰਦਾ ਹੈ। ਉਹ ਭਾਵੇਂ ਸਾਹਿਤ ਸਭਾ ਦੀ ਪ੍ਰਧਾਨਗੀ ਲਈ ਜੋੜ ਤੋੜ ਕਰ ਰਿਹਾ ਹੋਵੇ, ਆਪਣੀ ਨਿੱਜੀ ਸਾਹਿਤ ਸਭਾ ਬਣਾਉਣ ਲਈ ਉਤਸਾਹਿਤ ਹੋਇਆ ਹੋਵੇ, ਪੀ.ਐਚ.ਡੀ. ਦੀ ਡਿਗਰੀ ਲੈਣ ਲਈ ਉਲਰਿਆ ਬੈਠਾ ਹੋਵੇ, ਪਰਵਾਸੀ ਪੰਜਾਬੀ ਸਾਹਿਤ ਵਿਚ ਵਰਤੇ ਜਾਣ ਵਾਲੇ ਪਦ 'ਹੇਰਵੇ' ਨੂੰ ਨੌਸਟੈਲਜੀਆ ਵਰਤਣ ਦੀ ਜ਼ਿੱਦ ਕਰ ਰਿਹਾ ਹੋਵੇ ਬਾਅਦ ਵਿਚ ਹੇਰਵੇ ਦੇ ਨਾਲ ਭੂ ਜੋੜ ਕੇ 'ਭੂ-ਹੇਰਵਾ' ਪਦ ਲੋਕਾਂ ਨੂੰ ਮਨਾਉਣ ਲਈ ਮੁਹਿੰਮ ਚਲਾ ਰਿਹਾ ਹੋਵੇ, ਸਾਹਿਤਕ ਸਮਾਗਮਾਂ ਦੀ ਪ੍ਰਧਾਨਗੀ ਕਰਨ ਲਈ ਤਰਲੋ ਮੱਛੀ ਹੋ ਰਿਹਾ ਹੋਵੇ, ਮਾਤ ਭਾਸ਼ਾ ਪੰਜਾਬੀ ਨੂੰ ਛੱਡ ਕੇ ਅੰਗਰੇਜ਼ੀ ਸਾਹਿਤ ਲਿਖਣ ਦਾ ਜਨੂੰਨ ਸਿਰ ਅੰਦਰ ਪਾਲੀ ਬੈਠਾ ਹੋਵੇ, ਨਾਟਕ ਲਿਖਣ ਦੀ ਧੁੰਨ ਉਸ ਤੇ ਸੁਆਰ ਹੋਵੇ, ਫ਼ਿਲਮ ਦੀ ਪਟ ਕਥਾ ਲਿਖ ਕੇ ਚੁੱਕੀ ਫਿਰਦਾ ਹੋਵੇ ਜਾਂ ਅਜਿਹਾ ਬਹੁਤ ਕੁਝ ਹੋਰ ਵੀ ਕਰ ਰਿਹਾ ਹੋਵੇ, ਅਸਲ ਵਿਚ 'ਕੁੰਦਨ ਸਿੰਘ ਕੁੰਦਨ' ਸੱਚ ਹੁਣ ਤਾਂ ਡਾਕਟਰ ਕੁੰਦਨ ਸਿੰਘ ਦੇ ਅੰਦਰ ਬੈਠਾ ਜੇਠੂ ਉਸ ਨੂੰ ਕਿਤੇ ਵੀ ਟਿਕਣ ਨਹੀਂ ਦਿੰਦਾ। ਉਂਜ ਇਹ ਜੇਠੂ ਲਗਭਗ ਹਰ ਇਕ ਕੁੰਦਨ ਦੇ ਅੰਦਰ ਹੀ ਬੈਠਾ ਹੁੰਦਾ ਹੈ, ਕੋਈ ਕੁੰਦਨ

ਇਸ ਅੰਦਰਲੇ ਜੇਠੂ ਨੂੰ ਸਮਝਾ ਕੇ ਕਾਬੂ ਕਰੀ ਰੱਖਦਾ ਹੈ ਪਰ ਜਦੋਂ ਕੋਈ ਵੀ ਕੁੰਦਨ ਉਲਾਰ ਬਿਰਤੀ ਵਾਲਾ ਹੋਵੇ ਤਾਂ ਇਹ ਜੇਠੂ ਝੱਟ ਕੁੰਦਨ ਨੂੰ ਢਾਅ ਕੇ ਉਸ ਦੀ ਹਿੱਕ ਤੇ ਬੈਠ ਜਾਇਆ ਕਰਦਾ ਹੈ। ਨਾਵਲ ਦੇ ਅੰਤਲੇ ਹਿੱਸੇ ਵਿਚ ਕੁੰਦਨ ਆਪਣੇ ਪੁੱਤਰ ਅਮਰਦੀਪ ਨੂੰ ਮੁਆਫ਼ ਕਰਕੇ ਉਸ ਕੋਲ ਰਹਿਣ ਲਈ ਆਪਣਾ ਮਨ ਪੱਕਾ ਕਰ ਲੈਂਦਾ ਹੈ ਪਰ ਉਸ ਅੰਦਰਲਾ ਜੇਠੂ ਉਸ ਦੇ ਇਸ ਫੈਸਲੇ ਅੱਗੇ ਦੀਵਾਰ ਬਣ ਕੇ ਖੜ੍ਹ ਜਾਂਦਾ ਹੈ, ਨਾਵਲ ਦਾ ਆਖਰੀ ਵਾਕ ਇਸ ਪੱਖੋਂ ਬਹੁਤ ਮਹੱਤਵਪੂਰਨ ਹੈ:

"ਕੰਜਰ ਦਿਆਂ ਜੇਠੂ, ਕਰ ਲੈ ਜਿਹੜੀਆਂ ਤੱਦੀਆਂ ਕਰਨੀਆਂ... ਔਲ ਯੂਅਰਜ਼!"

ਕੁੰਦਨ ਇਥੇ ਜੇਠੂ ਅੱਗੇ ਆਤਮ ਸਮਰਪਣ ਕਰ ਦਿੰਦਾ ਹੈ ਅਤੇ ਨਾਵਲ ਦੇ ਨਾਲ-ਨਾਲ ਕੁੰਦਨ ਦਾ ਵੀ ਅੰਤ ਹੋ ਜਾਂਦਾ ਹੈ।

ਵਿਅਕਤੀ ਮੂਲਕ ਜਾਂ ਜੀਵਨੀ ਮੂਲਕ ਨਾਵਲ ਨੇ ਅਸਲ ਵਿਚ ਪਾਤਰ ਤਾਂ ਆਮ ਜੀਵਨ ਵਿਚੋਂ ਹੀ ਲੈਣਾ ਹੁੰਦਾ ਹੈ ਪਰ ਉਸ ਦੀ ਭੀੜ ਵਿਚੋਂ ਕੱਢ ਕੇ ਇਸ ਵੱਖਰੇ ਅੰਦਾਜ਼ ਵਿਚ ਪੇਸ਼ ਕਰਨਾ ਹੁੰਦਾ ਹੈ ਕਿ ਉਹ ਸਮਾਜ ਵਿਚਲੇ ਵਰਗ ਵਿਸ਼ੇਸ਼ ਦੇ ਪ੍ਰਤੀਨਿਧ ਪਾਤਰ ਵਜੋਂ ਪੇਸ਼ ਹੋ ਸਕੇ। ਇਹ ਯੁਗਤ 'ਵਿਰਕ' ਨੇ ਆਪਣੀ ਕਹਾਣੀ 'ਚਾਚਾ' ਵਿਚ ਬਹੁਤ ਹੀ ਖੂਬਸੂਰਤੀ ਨਾਲ ਨਿਭਾਈ ਹੈ। ਜੀਵਨੀ ਮੂਲਕ ਨਾਵਲਾਂ ਦੀ ਸਮੱਸਿਆ ਇਹ ਹੁੰਦੀ ਹੈ ਕਿ ਇਨ੍ਹਾਂ ਦਾ ਕੈਨਵਸ ਅਤੇ ਆਕਾਰ ਕਹਾਣੀ ਨਾਲੋਂ ਵਡੇਰਾ ਹੋਣ ਕਰਕੇ ਬਣਤਰ ਵਿਚ ਅਕਸਰ ਢਿਲ ਆ ਜਾਂਦੀ ਹੈ, ਉਂਜ ਸਾਹਿਤਕਾਰ ਨੂੰ ਕਲਾ ਜਾਂ ਸਾਹਿਤ ਨਾਲ ਦਿਆਨਤਦਾਰੀ ਅਤੇ ਸੁਹਿਰਦਤਾ ਨਿਭਾਉਣੀ ਚਾਹੀਦੀ ਹੈ। ਇਸ ਨਾਵਲ ਵਿਚ ਇਕ ਥਾਂ ਜੋਗਿੰਦਰ ਅਤੇ ਮੋਹਣੀ ਸਾਹਿਤ ਦੀ ਇਸ ਭੂਮਿਕਾ ਵੱਲ ਸੰਕੇਤ ਕਰਦੇ ਹਨ:

"....ਪਰ ਇਕ ਲੇਖਕ ਤੋਂ ਉਸ ਦੀ ਆਪਣੀ ਲਿਖਤ ਨਾਲ ਸੁਹਿਰਦਤਾ ਦੀ ਆਸ ਤਾਂ ਰੱਖਦੀ ਹਾਂ ਨਾ.... ਸਾਹਿਤ ਉਹ ਹੁੰਦਾ ਹੈ, ਜਿਹੜਾ ਨਿੱਜ ਤੋਂ ਉਪਰ ਉੱਠ ਕੇ ਲਿਖਿਆ ਜਾਵੇ...।"

ਜੀਵਨੀ ਮੂਲਕ ਨਾਵਲ ਵਿਚਲੇ ਕੇਂਦਰੀ ਪਾਤਰ ਨਾਲ ਜੇ ਨਾਵਲਕਾਰ ਦੀ ਸਾਂਝ ਪੀਤੀ ਹੋਵੇ, ਉਹ ਸਮਕਾਲੀ ਵੀ ਹੋਵੇ, ਇਕ ਹੀ ਰੂਪਾਕਾਰ ਤੇ ਲਿਖਣ ਵਾਲਾ ਸ਼ਰੀਕ ਵੀ ਹੋਵੇ ਤਾਂ ਸ਼ਾਇਦ ਮੋਹਣੀ ਦੇ ਉਪਰ ਦਰਜ ਬਿਆਨ ਅਨੁਸਾਰ ਨਿੱਜ ਤੋਂ ਉਪਰ ਉੱਠਿਆ ਨਾ ਜਾ ਸਕੇ। ਭਾਵੇਂ ਹਰਜੀਤ ਨੇ ਇਥੇ ਸੁਹਿਰਦਤਾ ਨਿਭਾਉਣ ਦਾ ਯਤਨ ਤਾਂ ਕੀਤਾ ਹੈ ਪਰ ਕਿਤੇ-ਕਿਤੇ ਨਿੱਜ ਉਸ ਦੀ ਰਚਨਾ ਦਾ ਖਹਿੜਾ ਨਹੀਂ ਛੱਡਦਾ, ਇਸ ਨੂੰ ਲੇਖਕ ਦੀ ਬੇਬਸੀ ਕਹਿ ਕੇ ਟਾਲਿਆ ਵੀ ਜਾ ਸਕਦਾ ਹੈ।

---


ਹਰਜੀਤ ਅਟਵਾਲ ਦਾ ਨਵਾਂ

ਖ਼ੂਬਸੂਰਤ ਨਾਵਲ

**ਜੇਠੂ**

**ਪ੍ਰਕਾਸ਼ਕ : ਸੰਗਮ ਪਬਲੀਕੇਸ਼ਨਜ਼, ਸਮਾਣਾ**

ਫੋਨ ਨੰ: 01764-501934, 98152-43917




# ਕਿਆਮਤ : ਅੱਤਵਾਦ ਦਾ ਗਲੋਬਲੀ ਵਰਤਾਰਾ


**-ਹਰਜਿੰਦਰ ਸਿੰਘ ਅਟਵਾਲ**


ਹਰਮਹਿੰਦਰ ਚਹਿਲ, ਪਰਵਾਸੀ ਗਲਪਕਾਰ ਹੈ ਜਿਸ ਨੇ ਇਸ ਤੋਂ ਪਹਿਲਾਂ ਛੇ ਕਹਾਣੀ ਸੰਗ੍ਰਹਿ ਅਤੇ ਚਾਰ ਨਾਵਲ ਲਿਖ ਕੇ ਪੰਜਾਬੀ ਗਲਪਕਾਰੀ ਵਿਚ ਉਨ੍ਹਾਂ ਗਲਪਕਾਰਾਂ ਵਿਚ ਥਾਂ ਬਣਾ ਲਈ ਹੈ ਜਿਨ੍ਹਾਂ ਦਾ ਜ਼ਿਕਰ ਪੰਜਾਬੀ ਦੇ ਵਿਚਾਰਵਾਨ ਅਤੇ ਖੋਜਾਰਥੀ ਕਰਦੇ ਹਨ। ਕਿਆਮਤ ਤੋਂ ਪਹਿਲਾਂ ਉਹ 'ਆਫ਼ੀਆ ਸਦੀਕੀ ਦਾ ਜੇਹਾਦ', ਨਾਵਲ ਰਾਹੀਂ ਅਫ਼ਗਾਨਿਸਤਾਨ ਵਿਚ ਅਲ ਕਾਇਦਾ ਦੇ ਵਿਛੇ ਜਾਲ ਅਤੇ ਉਸ ਦੇ ਮਾਨਵ ਵਿਰੋਧੀ ਪ੍ਰਭਾਵ ਬਾਰੇ ਜ਼ਿਕਰ ਕਰ ਚੁੱਕਾ ਹੈ। ਕਿਆਮਤ ਨਾਵਲ ਵਿਚ ਆਈ ਐਸ ਆਈ ਐਸ ਬਾਰੇ ਉਹ ਵਿਸਥਾਰ ਸਹਿਤ ਜ਼ਿਕਰ ਕਰਦਾ ਹੈ। ਇਹ ਅੱਤਵਾਦੀ ਜਥੇਬੰਦੀ 2010 ਵਿਚ ਗਲੋਬਲੀ ਨਕਸ਼ੇ ਉੱਪਰ ਉਭਰਦੀ ਹੈ ਅਤੇ ਛੇਤੀ ਹੀ ਇਕ ਤੋਂ ਵਧੇਰੇ ਦੇਸ਼ਾਂ ਵਿਚ ਪੈਰ ਪਸਾਰ ਲੈਂਦੀ ਹੈ। ਇਸ ਦਾ ਆਮ ਲੋਕਾਂ 'ਤੇ ਪੈਣ ਵਾਲਾ ਮਾਰੂ ਪ੍ਰਭਾਵ ਅਤੇ ਅਣਮਨੁੱਖੀ ਵਰਤਾਰਾ ਵੀ ਇਸ ਨਾਵਲ ਦਾ ਕੇਂਦਰੀ ਵਸਤੂ ਬਣਿਆ ਹੈ। ਚਹਿਲ ਲਘੂ ਆਕਾਰ ਦੀ ਇਸ ਰਚਨਾ ਵਿਚ ਇਸ ਜਥੇਬੰਦੀ ਦਾ ਚਿਹਰਾ ਮੁਹਰਾ ਨੰਗਾ ਕਰਦਾ ਹੈ ਭਾਵੇਂ ਕਈ ਥਾਂਈਂ ਜੇ ਹੋਰ ਵਿਸਥਾਰ ਹੁੰਦਾ ਤਾਂ ਹੋਰ ਵੀ ਪ੍ਰਭਾਵਸ਼ਾਲੀ ਬਣਨਾ ਸੀ।

ਨਾਵਲ ਦੇ ਕੇਂਦਰ ਵਿਚ 'ਆਸਮਾ' ਨਾਮ ਦੀ ਪਾਤਰ ਹੈ। ਆਸਮਾ ਇਰਾਕ ਦੇ ਇਕ ਪਾਸੇ ਕੁਰਦਿਸਤਾਨ ਵਾਲੇ ਇਲਾਕੇ ਨਾਲ ਸੰਬੰਧਤ ਜਾਜ਼ੀਦੀ ਧਰਮ ਨਾਲ ਸੰਬੰਧਤ ਇਕ ਵੱਡੇ ਪਰਿਵਾਰ ਦੀ ਲੜਕੀ ਹੈ, ਜਿਸ ਨੂੰ ਸਕੂਲ ਤਕ ਹੀ ਪੜ੍ਹਨ ਦਾ ਮੌਕਾ ਮਿਲਿਆ। ਸਾਰੀ ਕਹਾਣੀ ਉਸ ਦੀ ਜੁਬਾਨੀ ਹੀ ਸੁਣਾਈ ਜਾ ਰਹੀ ਹੈ। ਪਹਿਲਾਂ ਇਹ 'ਜਾਜ਼ੀਦੀ' ਸਦਾਮ ਹੁਸੈਨ ਦੇ ਰਾਜ ਤੋਂ ਦੁਖੀ ਅਤੇ ਅੱਕੇ ਹੋਏ ਸਨ ਇਸੇ ਕਰਕੇ ਹੀ ਉਹ ਇਰਾਕ ਵਿਚ ਅਮਰੀਕੀ ਦਖ਼ਲ ਨੂੰ ਵਾਜਬ ਮੰਨਦੇ ਹਨ ਕਿਉਂ ਜੋ ਇਨ੍ਹਾਂ ਦੀ ਸਮਝ ਅਨੁਸਾਰ ਸਦਾਮ ਹੁਸੈਨ ਨੇ ਪਹਿਲਾਂ ਈਰਾਨ ਅਤੇ ਫਿਰ ਕੁਵੈਤ ਤੇ ਕਬਜ਼ਾ ਕਰਨ ਦੀ ਨੀਤ ਨਾਲ ਹਮਲਾ ਕੀਤਾ, ਜਿਸ ਦਾ ਖਮਿਆਜ਼ਾ ਭੋਲੇ ਭਾਲੇ ਇਰਾਕੀਆਂ ਨੂੰ ਬੇ ਕਸੂਰ ਹੋਣ ਦੇ ਬਾਵਜੂਦ ਵੀ ਭੁਗਤਣਾ ਪਿਆ। ਇਸ ਨਾਵਲ ਦਾ ਬਿਰਤਾਂਤ ਇਸ ਖਿੱਤੇ ਵਿਚਲੇ ਅਮਰੀਕੀ ਦਖ਼ਲ ਨੂੰ ਜਾਇਜ਼ ਠਹਿਰਾ ਰਿਹਾ ਲਗਦਾ ਹੈ। ਆਈ.ਐਸ. ਵੱਲੋਂ ਜਜ਼ੀਦੀ ਲੋਕਾਂ ਦੇ ਕਤਲੇਆਮ ਸਮੇਂ ਵੀ ਉਹ ਅਮਰੀਕੀ ਸਹਾਇਤਾ ਵੱਲ ਹੀ ਨਜ਼ਰਾਂ ਗੱਡੀ ਬੈਠੇ ਨਜ਼ਰ ਆਉਂਦੇ ਹਨ। ਅਜਿਹਾ ਆਸਮਾ ਅਤੇ ਉਸ ਨਾਲ ਸੰਬੰਧਿਤ ਪਾਤਰਾਂ ਦੇ ਬਿਆਨ ਸਪਸ਼ਟ ਕਰਦੇ ਹਨ। ਇਥੇ ਨਾਵਲਕਾਰ ਇਸ ਖਿੱਤੇ ਵਿਚ ਅਮਰੀਕੀ ਦਖ਼ਲ ਨੂੰ ਜਾਇਜ਼ ਠਹਿਰਾ ਕੇ ਇਕ ਪ੍ਰਸ਼ਨ ਚਿੰਨ੍ਹ ਪਾਠਕ ਦੇ ਮਨ ਵਿਚ ਉਭਰਨ ਦਾ ਮੌਕਾ ਪੈਦਾ ਕਰ ਗਿਆ ਹੈ। ਆਸਮਾ ਇਥੇ ਇਕ ਪ੍ਰਤੀਨਿਧ ਪਾਤਰ ਵਜੋਂ ਪੇਸ਼ ਹੁੰਦੀ ਹੈ ਕਿ ਕਿਵੇਂ ਉਹ ਆਈ.ਐਸ. ਵਾਲੇ 'ਯੋਧੇ' ਔਰਤ ਨੂੰ ਉਸ ਦੀ ਹੋਂਦ ਅਤੇ ਸਵੈ ਮਾਣ ਨੂੰ ਮਧੋਲਣ ਲਈ ਕੀ ਕੀ ਹਥਕੰਡੇ ਵਰਤਦੇ ਹਨ। ਆਸਮਾ ਜਾਂ ਇਸ ਵਰਗੀਆਂ ਹੋਰ ਔਰਤਾਂ ਜੋ ਅਸਲ ਵਿਚ ਸਾਬੀਆ (ਗ਼ੁਲਾਮ ਲੌਂਡੀਆਂ) ਦੀ ਹੈਸੀਅਤ ਹੀ ਰੱਖਦੀਆਂ ਹਨ ਜੋ ਸਿਰਫ਼ ਮਰਦ ਦੀ ਜਿਸਮਾਨੀ ਹਵਸ ਦੀ ਪੂਰਤੀ ਲਈ ਵਰਤੀਆਂ ਜਾ ਰਹੀਆਂ ਹਨ। ਉਹ ਮਰਦ ਸੀਰੀਆ ਵਿਚ 'ਧਰਮ ਯੁੱਧ' ਲੜ ਰਹੇ 'ਯੋਧੇ' ਵੀ ਹੋ ਸਕਦੇ ਹਨ, ਜੱਜ ਵੀ, ਕਮਾਂਡਰ ਵੀ ਅਤੇ ਇਥੋਂ ਤਕ ਕਿ ਆਮ ਵਿਅਕਤੀ ਵੀ। ਇਸ ਦੀ ਇਕ ਮਿਸਾਲ ਉਥੇ ਮਿਲਦੀ ਹੈ ਜਦੋਂ ਆਸਮਾ ਜੱਜ ਦੇ ਘਰੋਂ ਭੱਜਣ ਦਾ ਯਤਨ ਕਰਦੀ ਹੈ ਤਾਂ ਜੱਜ ਉਸ ਨੂੰ ਕੌੜੇ ਨਹੀਂ ਮਾਰਦਾ ਸਗੋਂ ਹੱਟੇ ਕੱਟੇ ਆਪਣੇ ਸੁਰੱਖਿਆ ਗਾਰਡਾਂ ਤੋਂ ਉਸ ਦਾ ਸਮੂਹਕ ਬਲਾਤਕਾਰ ਕਰਵਾ ਕੇ ਸਜ਼ਾ ਦਿੰਦਾ ਹੈ।

ਧਰਮ ਦਾ ਵਿਕਰਾਲ ਰੂਪ ਚਹਿਲ ਇਸ ਨਾਵਲ ਵਿਚ ਇਕ ਹੋਰ ਥਾਂ ਵੀ ਕਰਦਾ ਹੈ, ਜਿੱਥੇ ਇਕ ਜਜ਼ੀਦੀ ਪਰਿਵਾਰ ਦੀ ਲੜਕੀ ਦੀਆ ਖ਼ਲੀਲ ਇਕ ਸੁੰਨੇ ਮੁੰਡੇ ਨਾਲ ਘਰਦਿਆਂ ਦੀ ਮਰਜ਼ੀ ਤੋਂ ਬਿਨਾਂ ਨਿਕਾਹ ਕਰਵਾ ਲੈਂਦੀ ਹੈ ਅਤੇ ਸਾਰੇ ਜਜ਼ੀਦੀ ਰਲ ਕੇ ਉਸ ਲੜਕੀ ਨੂੰ ਘਰ ਲਿਆ ਕੇ ਵੱਟੇ ਮਾਰ-ਮਾਰ ਕੇ ਮਾਰ ਦਿੰਦੇ ਹਨ ਅਤੇ ਨਾਲ ਹੀ ਇਸ ਗੱਲ ਦੀ ਖ਼ੁਸ਼ੀ ਮਨਾਉਂਦੇ ਹਨ ਕਿ ਅਸੀਂ ਤਾਂ ਸੁੰਨੀ ਪਰਿਵਾਰ ਦੀ ਬੇਗ਼ਮ ਦਾ ਕਤਲ ਕਰਕੇ ਸੁਆਬ ਦਾ ਕੰਮ ਕੀਤਾ ਹੈ। ਇਹ ਵਰਤਾਰਾ ਬਿਲਕੁਲ ਉਸੇ ਤਰ੍ਹਾਂ ਦਾ ਹੀ ਹੈ ਜਿਸ ਤਰ੍ਹਾਂ ਆਈ ਐਸ ਵਾਲੇ ਸੁੰਨੀ ਲੋਕ ਗ਼ੈਰ ਸੁੰਨੀਆਂ ਨੂੰ ਮਾਰਨ ਅਤੇ ਬੇਇੱਜ਼ਤ ਕਰਨ ਸਮੇਂ ਕਰਦੇ ਹਨ। ਹਾਜ਼ੀ ਸਲਮਾਨ ਜੋ ਆਸਮਾ ਨੂੰ ਸਾਬੀਆ ਬਣਾਉਂਦਾ ਹੈ ਤਾਂ ਆਸਮਾ ਦੀ ਹਾਜ਼ਰੀ ਵਿਚ ਮੁਰਤਜ਼ਾ ਜਦੋਂ ਲਗਾਸ (ਆਸਮਾਂ ਦਾ ਪਿੰਡ) ਪਿੰਡ ਵਿਚ ਆਈ.ਐਸ. ਵਲੋਂ ਜਾਜ਼ੀਦੀਆਂ 'ਤੇ ਕੀਤੇ ਜ਼ੁਲਮ ਦੀ 'ਬੀਰ' ਗਾਥਾ ਸੁਣਾਉਂਦਾ ਹੈ ਤਾਂ ਹਾਜ਼ੀ ਸਲਮਾਨ ਇਸ 'ਨੇਕ' ਕਾਰਜ ਲਈ ਮੁਰਤਜ਼ਾ ਦੀ ਪਿੱਠ ਠੋਕਦਾ ਕਹਿੰਦਾ ਹੈ;

"ਚੰਗਾ ਕੀਤਾ, ਕਾਫ਼ਰ ਤਾਂ ਜਿੰਨੇ ਮਾਰੋ ਓਨਾਂ ਈ ਸੁਆਬ।"

ਉਂਜ ਇਹ ਵਰਤਾਰਾ ਦੁਨੀਆ ਵਿਚ ਪਹਿਲੀ ਵਾਰ ਨਹੀਂ ਹੋਇਆ। ਅਜੇ ਸੱਤ ਦਹਾਕੇ ਪਹਿਲਾਂ ਭਾਰਤ ਦੀ ਵੰਡ ਸਮੇਂ ਹੋਏ ਵਸੋਂ ਦੇ ਤਬਾਦਲੇ ਵੇਲੇ ਵੀ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਵੱਲੋਂ ਇਕ ਦੂਜੇ ਦੇ ਕੀਤੇ ਘਿਨਾਉਣੇ ਕਤਲਾਂ ਨੂੰ ਅਜਿਹਾ ਸੁਆਬ ਹੀ ਕਿਹਾ ਗਿਆ ਸੀ। ਹਿੰਦੂ, ਸਿੱਖ ਤੇ ਮੁਸਲਮਾਨ ਕ੍ਰਮਵਾਰ ਮੰਦਰਾਂ, ਗੁਰਦੁਆਰਿਆਂ ਅਤੇ ਮਸੀਤਾਂ ਵਿਚੋਂ ਅਰਦਾਸ ਕਰਕੇ ਹੀ ਇਸ ਕਾਰਜ ਨੂੰ ਅੰਜਾਮ ਦੇਣ ਲਈ ਅਰਦਾਸਾਂ/ਦੁਆਵਾਂ ਕਰਕੇ ਨਿਕਲਦੇ ਸੀ, ਸੋ ਧਰਮ ਜਦੋਂ ਕਦੇ ਵੀ ਇਕ ਸੰਸਥਾ ਦਾ ਰੂਪ ਧਾਰਨ ਕਰ ਲਵੇ ਤਾਂ ਅਜਿਹਾ ਹੀ ਵਾਪਰਦਾ ਹੁੰਦਾ ਹੈ, ਉਹ ਭਾਵੇਂ ਭਾਰਤ ਹੋਵੇ, ਅਫਗਾਨਿਸਤਾਨ ਹੋਵੇ, ਇਰਾਕ ਹੋਵੇ ਜਾਂ ਕੋਈ ਹੋਰ ਮੁਲਕ। ਧਰਮ ਨੇ ਸੰਸਥਾ ਬਣਦਿਆਂ ਹੀ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦੇਣਾ ਹੁੰਦਾ ਹੈ, ਪਰ ਇਸ ਨਾਵਲ ਵਿਚ ਇਸ ਨਜ਼ਰੀਏ ਤੋਂ ਸੰਕੇਤ ਨਹੀਂ ਮਿਲਦੇ, ਸਗੋਂ ਜਾਪਦਾ ਇਹ ਹੈ ਕਿ ਚਹਿਲ ਆਈ.ਐਸ ਦੇ ਇਸ ਖ਼ਤਰਨਾਕ ਵਰਤਾਰੇ ਨੂੰ ਓਪਰੀ ਜਾਂ ਸਤਹੀ ਨਜ਼ਰੀਏ ਤੋਂ ਦੇਖ ਅਤੇ ਪੇਸ਼ ਕਰ ਰਿਹਾ ਹੈ। ਨਾਵਲ ਦੂਜੇ ਅੰਕ ਤੋਂ ਗਿਆਰਵੇਂ ਅੰਕ ਤਕ (22 ਸਫ਼ੇ ਤੋਂ 123 ਸਫ਼ੇ ਤੱਕ) ਪਿਛਲਝਾਤ ਦੀ ਜੁਗਤ ਅਪਣਾਉਂਦਾ ਹੈ। ਇੰਨੇ ਲੰਬੇ ਵਕਫ਼ੇ ਬਾਅਦ ਪਾਠਕ ਜਦੋਂ ਕਹਾਣੀ ਦੀ ਤੰਦ ਜੋੜਨ ਲਗਦਾ ਹੈ ਤਾਂ ਉਸ ਨੂੰ ਇਹ ਬਣਤਰ ਅਟਪਟੀ ਜਾਪਦੀ ਹੈ, ਅਜਿਹੀ ਪੇਸ਼ਕਾਰੀ ਤੋਂ ਬਚਿਆ ਜਾ ਸਕਦਾ ਸੀ। ਉਂਜ ਇਹ ਨਾਵਲ ਗਲੋਬਲੀ ਪੱਧਰ ਤੇ ਧਰਮ ਦੇ ਜਨੂੰਨ ਬਾਰੇ ਰੂਪ ਬਾਰੇ ਕਈ ਗੰਭੀਰ ਪ੍ਰਸ਼ਨ ਉਠਾਉਣ ਵਿਚ ਸਫ਼ਲ ਰਹਿੰਦਾ ਹੈ।

---


ਹਰਮਹਿੰਦਰ ਚਹਿਲ ਦਾ

ਨਵਾਂ ਖ਼ੂਬਸੂਰਤ ਨਾਵਲ

**ਕਿਆਮਤ**

ਰੁ : 150/-

**ਪ੍ਰਕਾਸ਼ਕ : ਸੰਗਮ ਪਬਲੀਕੇਸ਼ਨਜ਼, ਸਮਾਣਾ**

ਫੋਨ ਨੰ: 01764-501934, 98152-43917




## ਠਰੀ ਅੱਗ ਦਾ ਸੇਕ/ਡਾ. ਪਰਗਟ ਸਿੰਘ ਟਿਵਾਣਾ

'ਠਰੀ ਅੱਗ ਦਾ ਸੇਕ' ਜਸਪਾਲ ਮਾਨਖੇੜਾ ਦਾ 2018 ਵਿੱਚ ਛਪਿਆ ਤੀਜਾ ਕਹਾਣੀ ਸੰਗ੍ਰਹਿ ਹੈ। ਮਾਨਖੇੜਾ ਦੀਆਂ ਕਹਾਣੀਆਂ ਪੜ੍ਹਦਿਆਂ ਇਸ ਗੱਲ ਦਾ ਗਹਿਰਾ ਅਹਿਸਾਸ ਹੁੰਦਾ ਹੈ ਕਿ ਲੇਖਕ ਸਮਾਜ ਦੀਆਂ ਸਮੱਸਿਆਵਾਂ ਪ੍ਰਤੀ ਮਨੁੱਖ ਦੇ ਵਤੀਰੇ ਦਾ ਸਿੱਧ ਪੱਧਰਾ ਵਰਨਣ ਮਾਤਰ ਹੀ ਨਹੀਂ ਕਰਦਾ ਸਗੋਂ ਕਾਰਜ-ਕਾਰਣ ਸੰਬੰਧਾਂ ਅਧਾਰਿਤ ਉਪਜਦੀਆਂ ਪ੍ਰਸਥਿਤੀਆਂ ਉਘੇੜਦਾ ਉਨ੍ਹਾਂ ਕਰੂਰ ਪ੍ਰਸਥਿਤੀਆਂ ਵਿਰੁੱਧ ਆਮ ਸਧਾਰਨ ਮਨੁੱਖ ਅੰਦਰ ਲਾਵਾ ਕਿਵੇਂ ਖੌਲਦਾ ਹੈ ਅਤੇ ਕਿਵੇਂ ਕਈ ਵਾਰ ਵਿਗਠਨ ਪ੍ਰਸਥਿਤੀਆਂ ਅੱਗੇ ਇਹ ਲਾਵਾ ਸ਼ਾਂਤ ਹੀ ਨਹੀਂ ਹੁੰਦਾ ਸਗੋਂ ਮਨੁੱਖ ਗੋਢੇ ਵੀ ਟੇਕ ਜਾਂਦਾ ਹੈ। ਠੱਰੀ ਅੱਗ ਦਾ ਸੇਕ ਕਹਾਣੀ ਦਾ 'ਦੀਪਕ' ਕਾਹਦੇ ਵਾਸਤੇ ਦੀ 'ਜੋਤੀ' ਚਾਂਦਨੀ ਕਿੱਥੇ ਐ ? ਦੀ 'ਸੰਤੋਸ਼ ਤੇ ਚਾਂਦਨੀ' ਪੈਰਾਂ ਹੇਠ ਸੂਕਦੇ ਭੂਚਾਲ ਕਹਾਣੀ ਦਾ 'ਕਤਰ' ਉਹ ਇਨਸਾਨ ਹਨ ਜੋ ਮਨੁੱਖ ਦੀ ਜੀਣ ਥੀਣ ਦੀ ਭਾਵਨਾ ਤੇ ਕੁੱਝ ਕਰ ਗੁਜ਼ਰਨ ਦੇ ਅਹਿਸਾਸ ਨਾਲ ਲਬਰੇਜ਼ ਹੁੰਦੇ ਹੋਏ ਮਾੜੀਆਂ ਪ੍ਰਸਥਿਤੀਆਂ ਵਿਰੁੱਧ ਧਿਰ ਬਣ ਖੜ੍ਹਦੇ ਹਨ। ਉੱਥੇ ਖ਼ੂਹ ਖਾਤੇ ਕਹਾਣੀ ਦਾ 'ਗੁਲਸ਼ਨ' ਨਾੜਾਂ ਵਿੱਚ ਜੰਮਿਆਂ ਖ਼ੂਨ ਦਾ 'ਰਵੀ ਬਾਬੂ' ਪ੍ਰਸਥਿਤੀਆਂ ਸਾਹਮਣੇ ਗੋਦੇ ਟੇਕਦੇ ਆਮ ਇਨਸਾਨ ਹਨ। ਲੇਖਕ ਸਾਧਾਰਨ ਮਨੁੱਖ ਦੀਆਂ ਖ਼ੂਬੀਆਂ, ਕਮੀਆਂ ਨੂੰ ਉਚੇਚ ਨਾਲ ਚਿਤਰਣ ਦੀ ਬਜਾਏ ਪ੍ਰਸਥਿਤੀਆਂ 'ਚੋਂ ਉਭਰਦੇ ਸਾਧਾਰਨ ਮਨੁੱਖ ਦੇ ਕਿਰਦਾਰ ਦੀਆਂ ਕਈ ਤੰਦਾਂ ਉਘੇੜਦਾ ਹੈ। ਕਹਾਣੀ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਵੱਖ-ਵੱਖ ਵਿਸ਼ਿਆਂ ਦੀ ਗਹਿਰ ਗੰਭੀਰਤਾ ਨੂੰ ਉੱਘੇੜਦੀਆਂ ਵਜ਼ਨਦਾਰ ਕਹਾਣੀਆਂ ਹਨ। ਠਰੀ ਅੱਗ ਦਾ ਸੇਕ ਕਹਾਣੀ ਵਿਚਲੇ ਐਮਐਲਏ ਨਿਮਨਲਿਖਤ ਬੋਲ ਅਜੋਕੀ ਵਿਕਰਾਲ ਪ੍ਰਸਥਿਤੀ ਨੂੰ ਉਘੇੜਦੇ ਹਨ।

"ਗਰਲ ਸਕੂਲ ਵਾਲੀ ਥਾਂ ਸ਼ਾਪਿੰਗ ਮੌਲ ਬਣਾ ਰਹੇ ਹਾਂ। ਕਿਡਜ਼ ਪਾਰਕ ਵਿੱਚ ਫਾਈਵ ਸਟਾਰ ਹੋਟਲ ਅਲਫਾ ਟੂ ਬਣਾਵਾਂਗੇ।"

## ਅਰਥ ਬਦਲਦੇ ਰਿਸ਼ਤੇ / ਜੇ ਬੀ ਸੇਖੋਂ

ਹਰਜਿੰਦਰ ਸੂਰੇਵਾਲੀਆ ਪੰਜਾਬੀ ਕਹਾਣੀ ਦਾ ਅਹਿਮ ਕਥਾਕਾਰ ਹੈ। ਉਸਨੇ ਚੌਥੇ ਪੜਾਅ ਦੀ ਕਹਾਣੀ ਵਿਚ ਔਰਤ ਮਰਦ ਸਬੰਧਾਂ,ਕਿਸਾਨੀ ਮਸਲਿਆਂ ਸਮੇਤ ਸਮਾਜਿਕ ਵਿਤਕਰੇ ਭੋਗਦੀਆਂ ਧਿਰਾਂ ਦੇ ਚੇਤਨ ਅਵਚੇਤਨ ਨੂੰ ਭਲੀ ਭਾਂਤ ਪੇਸ਼ ਕੀਤਾ ਹੈ। 'ਅਰਥ ਬਦਲਦੇ ਰਿਸ਼ਤੇ' ਉਸਦਾ ਚੌਥਾ ਕਹਾਣੀ ਸੰਗ੍ਰਿਹ ਹੈ ਜਿਸ ਵਿਚ ਦਸ ਕਹਾਣੀਆਂ ਦਰਜ ਹਨ। ਇਹ ਕਹਾਣੀਆਂ ਜਿੱਥੇ ਬਦਲਦੇ ਪੇਂਡੂ ਸਮਾਜਿਕ ਯਥਾਰਥ ਦੀ ਭਰਵੀਂ ਦ੍ਰਿਸ਼ਕਾਰੀ ਕਰਦੀਆਂ ਹਨ ਉੱਥੇ ਹੀ ਰਿਸ਼ਤਿਆਂ ਦੇ ਰਵਾਇਤੀ ਅਰਥਾਂ ਤੋਂ ਪਾਰ ਜਾਣ ਦੇ ਤਰਕ ਵੀ ਸਿਰਜਦੀਆਂ ਹਨ। ਸੂਰੇਵਾਲੀਆ ਪਾਤਰਾਂ ਦੀ ਸਧਾਰਣਤਾ ਅਤੇ ਰੋਜ਼ਾਨਾ ਜੀਵਨ ਵਿਹਾਰ ਦੀ ਸਹਿਜਤਾ ਵਿਚੋਂ ਨਵੇਂ ਅਰਥ ਕੱਢਣ ਵਾਲਾ ਕਥਾਕਾਰ ਹੈ। ਉਸਦੀ ਕਥਾ ਦ੍ਰਿਸ਼ਟੀ ਪ੍ਰਗਤੀਵਾਦ ਜਾਂ ਮਾਨਵਵਾਦ ਦੀ ਮੋਟੇ ਠੁੱਲ੍ਹੀ ਕਥਾ-ਦ੍ਰਿਸ਼ਟੀ ਨਾਲੋਂ ਬੰਦੇ ਦੇ ਚੇਤਨ ਅਵਚੇਤਨ ਦੀਆਂ ਪਰਤਾਂ ਫਰੋਲਣ ਵਾਲ ਅਧਿਕ ਜੁੜੀ ਹੋਈ ਹੈ। ਉਸਦੀ ਕਥਾ-ਦ੍ਰਿਸ਼ਟੀ ਦਾ ਇਕ ਪਹਿਲੂ ਹੈ ਕਿ ਬੰਦਾ ਆਪਣੇ ਚੇਤਨ ਨਾਲੋਂ ਅਵਚੇਤਨ ਤੋਂ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ। 'ਰੌਸ਼ਨਦਾਨ' ਕਹਾਣੀ ਮਾਪਿਆਂ ਦੇ ਕਾਮ ਵਿਹਾਰ ਦਾ ਬਾਲ ਅਵਚੇਤਨ 'ਤੇ ਜੀਵਨ ਭਰ ਪਏ ਅਸਰ ਦਾ ਬਿਰਤਾਂਤ ਹੈ। ਜਗਦੇਵ ਦਾ ਪਿਤਾ ਕਾਮੁਕ ਰੁਚੀਆਂ ਵਾਲਾ ਟਰੱਕ

ਚਾਲਕ ਪਾਤਰ ਹੈ ਜੋ ਕਿ ਆਪਣੇ ਬੱਚਿਆਂ ਦੀ ਪਰਵਾਹ ਕੀਤੇ ਬਿਨ੍ਹਾਂ ਆਪਣੀ ਪਤਨੀ ਨਾਲ ਵੇਲੇ ਕੁਵੇਲੇ ਕਾਮੁਕ ਵਿਹਾਰ ਵਿਚ ਗਲਤਾਨ ਰਹਿੰਦਾ ਹੈ। ਬਚਪਨ ਵਿਚ ਆਪਣੇ ਮਾਪਿਆਂ ਦੇ ਕਾਮ ਮਿਲਨ ਨੂੰ ਅਚਨਚੇਤ ਦੇਖਣ ਵਾਲਾ ਜਗਦੇਵ ਤਾਉਮਰ ਇਸ ਪ੍ਰਭਾਵ ਤੋਂ ਮੁਕਤ ਨਹੀਂ ਹੋ ਪਾਉਂਦਾ ਅਤੇ ਆਪਣੀ ਸੁਹਾਗ ਰਾਤ 'ਤੇ ਵੀ ਇਸੇ ਪ੍ਰਭਾਵ ਤਹਿਤ ਉਭੜ ਖਾਬੜ ਮਾਨਸਿਕਤਾ ਵਿਚੋਂ ਗੁਜ਼ਰਦਾ ਹੈ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਅਰਥ ਬਦਲਦੇ ਰਿਸ਼ਤੇ' ਵੀ ਬਾਲ ਮਾਨਸਿਕਤਾ 'ਤੇ ਹੋਈ ਅਚੇਤ ਸੁਚੇਤ ਕਾਮੁਕ ਹਿੰਸਾ ਦੇ ਪੂਰੀ ਜ਼ਿੰਦਗੀ ਰਹਿੰਦੇ ਪ੍ਰਭਾਵਾਂ ਨੂੰ ਪੇਸ਼ ਕਰਦੀ ਰਚਨਾ ਹੈ। ਕੁਝ ਗੈਰਵਿਸ਼ਵਾਸਯੋਗ ਵੇਰਵਿਆਂ ਦੇ ਬਾਵਜੂਦ ਕਹਾਣੀਕਾਰ ਦੀ ਇਹ ਰਚਨਾ ਪਾਠਕਾਂ ਨੂੰ ਆਪਣੇ ਕਥਾ ਰਸ ਨਾਲ ਜੋੜੀ ਰੱਖਦੀ ਹੈ।

'ਅਟਕੀ ਹੋਈ ਜਾਨ' ਵਿਚ ਬਜ਼ੁਰਗ ਸਰਪੰਚ ਚੰਦ ਸਿੰਘ ਜੀਵਨ ਦੇ ਆਖਿਰੀ ਸਾਹਾਂ 'ਤੇ ਹੈ ਉਸਦੇ ਘਰ ਵਾਲੇ ਆਲੇ ਦੁਆਲੇ ਦੇ ਲੋਕ ਉਸਦੇ ਕੀਤੇ ਸਮਾਜਿਕ ਕੰਮਾਂ ਅਤੇ ਸ਼ਖ਼ਸੀਅਤ ਦਾ ਗੁਣਗਾਣ ਕਰਦੇ ਹਨ ਪਰ ਘੋਰੜੂ ਵੱਜਣ ਤੱਕ ਚੰਦ ਸਿੰਘ ਆਪਣੀ ਪ੍ਰੇਮਿਕਾ ਦਾਨੀ ਲੁਹਾਰੀ ਨੂੰ ਯਾਦ ਕਰਦਾ ਹੈ ਅਤੇ ਉਸਦੀ ਅਟਕੀ ਹੋਈ ਜਾਨ ਦਾਨੀ ਲੁਹਾਰੀ ਨੂੰ ਚੇਤੇ ਕਰਦਿਆਂ ਨਿਕਲਦੀ ਹੈ। ਸੂਰੇਵਾਲੀਆ ਅਜਿਹੇ ਪਾਤਰਾਂ ਦੀ ਘਾੜਤ ਕਰਦਿਆਂ ਅਨਯਪੁਰਖੀ ਬਿਰਤਾਂਤਕਾਰੀ ਅਤੇ ਪਿੱਛਲਝਾਤ ਕਥਾ ਜੁਗਤਾਂ ਦਾ ਪ੍ਰਯੋਗ ਕਰਦਾ ਹੈ। ਜਾਇਜ਼ ਅਤੇ ਨਜਾਇਜ਼ ਰਿਸ਼ਤਿਆਂ ਦਾ ਦਵੰਦ ਲੇਖਕ ਦੀਆਂ ਕਈ ਕਹਾਣੀਆਂ ਦੀ ਵਸਤੂ ਬਣਿਆ ਹੈ। ਇਹ ਕਹਾਣੀ ਪੜ੍ਹਦਿਆਂ ਯਾਦ ਆਉਂਦਾ ਹੈ ਕਿ ਇਕ ਵਾਰ ਮਰਹੂਮ ਲੇਖਕ ਰਾਮ ਸਰੂਪ ਅਣਖੀ ਨੂੰ ਕਿਸੇ ਨੇ ਪੁੱਛਿਆ ਸੀ ਕਿ ਜਾਇਜ਼ ਅਤੇ ਨਜਾਇਜ਼ ਰਿਸ਼ਤਿਆਂ ਦੀ ਕੀ ਪਰਿਭਾਸ਼ਾ ਹੋ ਸਕਦੀ ਹੈ। ਉਦੋਂ ਅਣਖੀ ਸਾਹਿਬ ਦਾ ਜਵਾਬ ਸੀ ਕਿ ਜਾਇਜ਼ ਰਿਸ਼ਤੇ ਨਜਾਇਜ਼ ਹੁੰਦੇ ਹਨ ਅਤੇ ਨਜਾਇਜ਼ ਰਿਸ਼ਤੇ ਜਾਇਜ਼। ਕੁਝ ਅਜਿਹੀ ਕਥਾ ਭਾਵਨਾ ਸੂਰੇਵਾਲੀਆ ਦੇ ਕਥਾ ਸੰਸਾਰ ਦਾ ਹਿੱਸਾ ਹੈ ਜਿਨ੍ਹਾਂ ਬਾਰੇ ਸੰਵਾਦ ਦੀਆਂ ਅਨੇਕਾਂ ਸੰਭਾਵਨਾਵਾਂ ਹਨ। ਚੌਥੇ ਪੜਾਅ ਦੀ ਕਹਾਣੀ ਦਾ ਇਹੀ ਸ਼ਿਲਪੀ ਪਹਿਲੂ ਹੈ ਕਿ ਇਹ ਆਦੇਸ਼,ਉਪਦੇਸ਼ ਜਾਂ ਸਲਾਹ ਨਹੀਂ ਦਿੰਦੀ ਸਗੋਂ ਜ਼ਿੰਦਗੀ ਦੀ ਵਿਸ਼ਾਲਤਾ ਨੂੰ ਸਮਝਣ ਲਈ ਸਹੀ ਜਾਂ ਠੀਕ ਦੱਸਣ ਦੀ ਥਾਂ ਜੀਵਨ ਦੀ ਹਕੀਕਤ ਨੂੰ ਸਮੇਂ ਅਤੇ ਸਥਿਤੀਆਂ ਨਾਲ ਜੋੜ ਕੇ ਪੇਸ਼ ਕਰਦੀ ਹੈ। ਸੂਰੇਵਾਲੀਆ ਦੀਆਂ ਇਸ ਸੰਗ੍ਰਿਹ ਦੀਆਂ ਹੋਰ ਕਹਾਣੀਆਂ ਵਿਚ 'ਸਾਨੂੰ ਰੱਬ ਨੇ ਬਣਾਇਆ' ਵਰਤਮਾਨ ਦੌਰ ਦੇ ਕਿਸਾਨੀ ਸੰਕਟਾਂ ਨੂੰ ਪੇਸ਼ ਕਰਦੀ ਰਚਨਾ ਹੈ। ਕਿਸਾਨੀ ਵਰਗ ਦੀ ਜਗੀਰੂ ਮਾਨਸਿਕਤਾ ਦੇ ਆਪ ਸਹੇੜੇ ਸੰਕਟ ਅਤੇ ਸਰਕਾਰ ਦੀਆਂ ਕਾਰੋਪੇਰਟ ਨੀਤੀਆਂ ਕਾਰਨ ਖੇਤੀ ਅਰਥਚਾਰੇ ਨੂੰ ਦਰਪੇਸ਼ ਚੁਣੌਤੀਆਂ ਇਸ ਕਹਾਣੀ ਵਿਚ ਖੂਬਸੂਰਤੀ ਨਾਲ ਪੇਸ਼ ਹੋਈਆਂ ਹਨ। ਲੇਖਕ ਦੀਆਂ ਪੁਸਤਕ ਵਿਚਲੀਆਂ ਹੋਰ ਕਹਾਣੀਆਂ ' ਮੁਸ਼ਕੀਆਂ ਜੁਰਾਬਾਂ' ਬੀਮਾ ਏਜੰਟ ਅਤੇ ਬਾਪ ਆਦਿ ਵੀ ਪੜ੍ਹਨਯੋਗ ਹਨ। ਲੇਖਕ ਕੋਲ ਪਾਤਰਾਂ ਦੇ ਬਾਹਰੀ ਅਤੇ ਅੰਦਰੂਨੀ ਸੰਸਾਰ ਨੂੰ ਫੜਨ ਅਤੇ ਗਲਪੀ ਰੂਪਾਂਤਰਿਤ ਕਰਨ ਦਾ ਹੁਨਰ ਹੈ। ਸੂਚਨਾਵੀਂ ਬਿਰਤਾਂਤਕਾਰੀ ਵਿਚਲੀ ਰੌਚਿਕਤਾ ਅਤੇ ਪਾਤਰਾਂ ਦੇ ਨਾਟਕੀ ਵਾਰਤਾਲਾਪ ਕਹਾਣੀ ਦੀ ਪੜ੍ਹਨਯੋਗਤਾ ਕਾਇਰ ਰੱਖਦੇ ਕਥਾ-ਤੱਤ ਹਨ। ਇਸ ਪੁਸਤਕ ਲਈ ਸੂਰੇਵਾਲੀਆ ਵਧਾਈ ਦਾ ਪਾਤਰ ਹੈ।



# ਰੰਗ ਦੀ ਬਾਜ਼ੀ / ਜੇ ਬੀ ਸੇਖੋਂ

ਚੌਥੇ ਪੜਾਅ ਦੇ ਜਿਹੜੇ ਕਹਾਣੀਕਾਰਾਂ ਨੇ ਤੀਜੇ ਪੜਾਅ ਦੀ ਕਹਾਣੀ ਤੋਂ ਵਸਤੂ ਸਮੱਗਰੀ,ਕਥਾ-ਦ੍ਰਿਸ਼ਟੀ ਅਤੇ ਸ਼ਿਲਪ-ਵਿਧਾਨ ਪੱਖੋਂ ਨਵੇਕਲੇ ਪ੍ਰਤਿਮਾਨ ਪੈਦਾ ਕੀਤੇ ਅਜਮੇਰ ਸਿੱਧੂ ਉਨ੍ਹਾਂ ਕਹਾਣਕਾਰਾਂ ਵਿਚੋਂ ਇਕ ਨਾਮ ਹੈ। ਉਸਦੀ ਸਿਰਜਣਾਤਮਿਕ ਊਰਜਾ ਕਾਬਲੇ ਗੌਰ ਹੈ। ਉਸਨੇ ਇਸ ਉਰਜਾ ਨੂੰ ਕਹਾਣੀ ਕਲਾ ਦੇ ਨਾਲ ਨਾਲ ਇਤਿਹਾਸ ਲੇਖਣ ਅਤੇ ਸਾਹਿਤਕ ਪੱਤਰਕਾਰੀ ਨਾਲ ਵੀ ਜੋੜਿਆ ਹੋਇਆ ਹੈ। ਕਹਾਣੀ ਖੇਤਰ ਵਿਚ ਉਹ 'ਇਕਬਾਲ ਹੁਸੈਨ ਮੋਇਆ ਨਹੀਂ' 'ਜ਼ਹਾਜ਼ ਵਾਲੀ ਟੈਂਕੀ' 'ਗੌਰਜਾਂ' 'ਸ਼ਾਇਦ ਰੰਮੀ ਮੰਨ ਜਾਏ' ਅਤੇ 'ਈਵਾਨ ਈਲੀਚ ਦੀ ਦੂਜੀ ਮੌਤ' ਵਰਗੀਆਂ ਨਾਮਵਰ ਕਹਾਣੀਆਂ ਨਾਲ ਪਾਠਕਾਂ ਦੇ ਚੇਤਿਆਂ ਵਿਚ ਵਸਿਆ ਚੌਥੀ ਪੀੜ੍ਹੀ ਦਾ ਨਾਮਵਰ ਕਥਾਕਾਰ ਹੈ। ਮੂਲ ਰੂਪ ਵਿਚ ਉਹ ਪ੍ਰਗਤੀਵਾਦੀ ਕਥਾ ਦ੍ਰਿਸ਼ਟੀ ਵਾਲਾ ਲੇਖਕ ਹੈ। ਵਿਗਿਆਨ ਦੇ ਵਿਸ਼ੇ ਦੇ ਅਧਿਆਪਨ,ਤਰਕਸ਼ੀਲ ਲਹਿਰ ਅਤੇ ਮਾਰਕਸਵਾਦੀ ਅਧਿਐਨ ਨਾਲ ਜੁੜਿਆ ਹੋਣ ਕਰਕੇ ਉਸਦੀ ਕਹਾਣੀ ਇਨ੍ਹਾਂ ਵਿਚਾਰ ਪੱਧਤੀਆਂ ਤੋਂ ਆਪਣੀ ਕਲਾ ਦ੍ਰਿਸ਼ਟੀ ਗ੍ਰਹਿਣ ਕਰਦੀ ਹੈ।

'ਰੰਗ ਦੀ ਬਾਜ਼ੀ' ਅਜਮੇਰ ਸਿੱਧੂ ਦਾ ਚੌਥਾ ਕਹਾਣੀ ਸੰਗ੍ਰਿਹ ਹੈ। ਇਸ ਕਹਾਣੀ ਸੰਗ੍ਰਿਹ ਵਿਚ ਲੇਖਕ ਦੀਆਂ 10 ਕਹਾਣੀਆਂ ਦਰਜ ਹਨ। ਇਸ ਕਿਤਾਬ ਵਿਚ ਉਸਨੇ ਸ਼ੁੱਧ ਵਿਗਿਆਨ ਗਲਪ ਨਾਲ ਸਬੰਧਤ ਕੁਝ ਕਹਾਣੀਆਂ ਜਿਵੇਂ 'ਕਿਉਟਾ ਕਿਉਟਾ ਤਾਰੇ ਤਾਰੇ' 'ਅੰਨ੍ਹੇ ਸੁਜਾਖੇ' 'ਦ ਲੈਨਿਨਜ਼ ਫਰੋਮ ਕਲੋਨ ਵੈਲੀ' ਲਿਖੀਆਂ ਹਨ। ਇਨ੍ਹਾਂ ਕਹਾਣੀਆਂ ਦੁਆਰਾ ਜਿੱਥੇ ਉਹ ਪੰਜਾਬੀ ਕਹਾਣੀ ਦਾ ਵਸਤੂ ਘੇਰਾ ਵਿਸ਼ਾਲ ਕਰਦਾ ਹੈ ਉੱਥੇ ਹੀ ਵਿਗਿਆਨ ਦੇ ਮਨੁੱਖੀ ਜੀਵਨ ਨਾਲ ਅੰਤਰ ਸਬੰਧਾਂ ਬਾਰੇ ਵੀ ਚਿੰਤਨ ਕਰਦਾ ਹੈ। ਅੰਨ੍ਹੇ ਸੁਜਾਖੇ ਕਹਾਣੀ ਦਾ ਪੰਜਾਬੀ ਵਿਗਿਆਨੀ ਜਦੋਂ ਪੰਜਾਬ ਪੁੱਜ ਕੇ ਆਪਣੀ ਵਿਗਿਆਨਕ ਲੈਬਾਰਟਰੀ ਕਾਇਮ ਕਰਦਾ ਹੈ ਉਸਨੂੰ ਸਭ ਤੋਂ ਵੱਡੀ ਚੁਣੌਤੀ ਇਥੋਂ ਦੇ ਆਮ ਲੋਕਾਂ ਨੂੰ ਵਿਗਿਆਨਕ ਚੇਤਨਾ ਨਾਲ ਜੋੜਨ ਵਿਚ ਆਉਂਦੀ ਹੈ। ਪਿੰਡ ਦੀ ਲੋਕ ਚੇਤਨਾ 'ਤੇ ਪਏ ਸਦੀਆਂ ਦੇ ਅਧਿਆਤਮਕ ਪ੍ਰਭਾਵ ਵਿਗਿਆਨਕ ਦ੍ਰਿਸ਼ਟੀ ਦੀਆਂ ਜੜ੍ਹਾਂ ਨਹੀਂ ਲੱਗਣ ਦਿੰਦੇ । ਵਰਤਮਾਨ ਸਮਿਆਂ ਅੰਦਰ ਇਹ ਅਧਿਆਤਮਕਤਾ ਜਿਹੜੇ ਘਾਤਕ ਰੰਗ ਦਿਖਾ ਰਹੀ ਹੈ ਉਨ੍ਹਾਂ ਨੂੰ ਟੱਕਰ ਦੇਣ ਵਿਚ ਇਸ ਕਹਾਣੀ ਦੀ ਅਚੇਤ ਪ੍ਰਸੰਗਿਕਤਾ ਬਣੀ ਹੋਈ ਹੈ। 'ਲੈਨਿਨਜ਼ ਫਰੌਮ ਕਲੋਨ ਵੈਲੀ' ਸੋਵੀਅਤ ਯੂਨੀਅਨ ਦੇ ਟੁੱਟਣ ਮਗਰੋਂ ਵਿਸ਼ਵ ਵਿਚ ਸਮਾਜਵਾਦੀ ਵਿਚਾਰਧਾਰਾ ਨੂੰ ਦਰਪੇਸ਼ ਚੁਣੌਤੀਆਂ ਦੇ ਪ੍ਰਸੰਗ ਵਿਚ ਲੈਨਿਨ ਦਾ ਕਲੋਨ ਤਿਆਰ ਕਰਕੇ ਇਸ ਚਿੰਤਨ ਨੂੰ ਪੁਨਰ ਸੁਰਜੀਤ ਕਰਨ ਦੇ ਗਲਪੀ ਸੁਪਨੇ ਨਾਲ ਜੁੜੀ ਹੋਈ ਹੈ। ਇਹ ਵਿਗਿਆਨ ਗਲਪ ਵਾਲਾ ਸੁਪਨਾ ਉਦੋਂ ਟੁੱਟ ਜਾਂਦਾ ਹੈ ਜਦੋਂ ਲੈਨਿਨ ਦੀ ਦੇਹ ਦੇ ਸੈਲਾਂ ਤੋਂ ਤਿਆਰ ਕਲੋਨ ਦੁਆਰਾ ਪੈਦਾ ਹੁੰਦੀਆਂ ਸ਼ਖ਼ਸੀਅਤਾਂ ਕਾਰਪੋਰਟੀ ਜਗਤ ਦੇ ਕਰਿੰਦੇ ਬਣ ਜਾਂਦੇ ਹਨ। ਇਹ ਕਹਾਣੀ ਦਿਲਚਸਪ ਮੋੜਾਂ ਅਤੇ ਬਿਰਤਾਂਤਕ ਓਹਲਿਆਂ ਨਾਲ ਪਾਠਕਾਂ ਨੂੰ ਜੋੜੀ ਰੱਖਦੀ ਹੈ ਅਤੇ ਇਸ ਧਾਰਨਾ 'ਤੇ ਪਹਿਰਾ ਦਿੰਦੀ ਹੈ ਕਿ ਰੌਸ਼ਨ ਦਿਮਾਗ ਲੋਕ ਖੁੰਭਣ ਵਾਂਗ ਜ਼ਮੀਨ 'ਚੋ ਪੈਦਾ ਨਹੀਂ ਹੁੰਦੇ ਸਗੋਂ ਆਪਣੀ ਕੌਮ ਅਤੇ ਆਪਣੇ ਸਮੇਂ ਦੀ ਉਪਜ ਹੁੰਦੇ ਹਨ। ਕਹਾਣੀ ਦਾ ਇਕ ਵਿਚਾਰਧਾਰਕ ਆਧਾਰ ਕਮਿਊਨਿਸਟ ਚਿੰਤਨ ਨਾਲ ਜੁੜਿਆ ਹੋਇਆ ਹੈ। ਸਮਕਾਲੀ ਕਹਾਣੀ ਦਾ ਇਹ ਵੱਖਰਾ ਰੁਝਾਨ ਹੈ ਜਿੱਥੇ ਕਮਿਊਨਿਸਟ ਵਿਚਾਰ ਪੱਧਤੀਆਂ ਨੂੰ ਮੁਲਾਂਕਣੀ ਲਹਿਜ਼ੇ ਤੋਂ

ਪਰਿਭਾਸ਼ਿਤ ਕੀਤਾ ਜਾ ਰਿਹਾ ਹੈ। ਅਜਮੇਰ ਸਿੱਧੂ ਦੀਆਂ ਕਹਾਣੀਆਂ ਵਿਚਲੇ ਔਰਤ ਪਾਤਰ ਪਾਠਕਾਂ ਦਾ ਵਿਸ਼ੇਸ਼ ਧਿਆਨ ਖਿੱਚਦੇ ਹਨ। ਮਰਦ ਲੇਖਕਾਂ ਵਲੋਂ ਔਰਤ ਸੰਵੇਦਨਾ ਦੀ ਪੇਸ਼ਕਾਰੀ ਸਮਕਾਲੀ ਕਹਾਣੀ ਦਾ ਇਕ ਪਛਾਣ ਚਿੰਨ੍ਹ ਹੈ। ਲੇਖਕ ਦੇ ਇਸ ਸੰਗ੍ਰਿਹ ਵਿਚ ਵੀ ਔਰਤਾਂ ਪਾਤਰਾਂ ਦਾ ਬੜਾ ਮੂੰਹ ਜ਼ੋਰ ਪ੍ਰਗਟਾਵਾ ਹੈ। 'ਮੈਂ ਮਾਂ . . .' ਕਹਾਣੀ ਦੀ ਸੁਧਾ ਕਿਰਾਏ ਦੀ ਕੁੱਖ ਦੇ ਕੇ ਇਕ ਬੱਚੇ ਦੀ ਮਾਂ ਬਣ ਕੇ ਵੀ ਮਾਂ ਅਖਵਾਉਣ ਤੋਂ ਵਾਂਝੀ ਰਹਿ ਜਾਂਦੀ ਹੈ। ਸੁਧਾ ਵਰਗੀ ਔਰਤ ਪਾਤਰ ਦਾ ਇਕ ਪਾਸਾਰ 'ਝਨਾਂ ਦੀਆਂ ਛੱਲਾਂ' ਕਹਾਣੀ ਦੀ ਵਿੰਦਰ ਨਾਲ ਜੁੜਦਾ ਹੈ ਜੋ ਕਿ ਪਰਵਾਸ ਵਿਚ ਕਮਾਊ ਪੁੱਤ ਬਣ ਕੇ ਆਪਣੇ ਪਰਿਵਾਰ ਦੇ ਆਰਥਿਕ ਫਾਕੇ ਕੱਟਦੀ ਹੈ ਪਰ ਖੁਦ ਅਮਰੀਕੀ ਸਿਸਟਮ ਦੀਆਂ ਗੁੰਝਲਾਂ ਵਿਚ ਮਸ਼ੀਨ ਬਣ ਜਾਂਦੀ ਹੈ। ਉਕਤ ਦੋਵੇਂ ਕਹਾਣੀਆਂ ਅਮਰੀਕੀ ਸਿਸਟਮ ਦੀਆਂ ' ਬਰਕਤਾਂ' ਅੰਦਰ ਲੁਕੇ ਅਮਾਨਵੀ ਚਿਹਰੇ ਨੂੰ ਬਾਹਰ ਕੱਢਦੀਆਂ ਹਨ। ਰੰਗ ਦੀ ਬਾਜ਼ੀ ਕਹਾਣੀ ਇਨਾਮਾਂ ਦੀ ਉਸ ਘਿਣਾਉਣੀ ਸਿਆਸਤ ਦਾ ਬਿਰਤਾਂਤ ਹੈ ਜਿਸ ਵਿਚ ਆਨੰਦਜੀਤ ਵਰਗੇ ਇਨਾਮਾਂ ਦੇ ਹੱਕਦਾਰ ਅਤੇ ਯੋਗ ਉਮੀਦਵਾਰ ਪਿੱਛੇ ਰਹਿ ਜਾਂਦੇ ਹਨ ਜਦ ਕਿ ਹਰਜੋਗ ਸਿੰਘ ਵਰਗੇ ਗਲਤ ਅਨਸਰ ਇਨਾਮਾਂ ਹਥਿਆ ਜਾਂਦੇ ਹਨ। ਕਹਾਣੀ ਇਸੇ ਸਿਆਸਤ ਨੂੰ ਤਾਸ਼ ਦੀਆਂ ਬਾਜ਼ੀਆਂ ਦੇ ਰੂਪਕ ਨਾਲ ਪੇਸ਼ ਕਰਦੀ ਹੈ ।'ਕੁਰੂਕਸ਼ੇਤਰ ਤੋਂ ਪਾਰ' ਕਹਾਣੀ ਵਰਜਿਤ ਸਬੰਧਾਂ ਦੇ ਕਥਾ ਮੌਸਮ ਵਿਚ ਇਨ੍ਹਾਂ ਸਬੰਧਾਂ ਨੂੰ ਸਭਿਆਚਾਰਕ ਨੈਤਿਕਤਾ ਦੇ ਪ੍ਰਸੰਗ ਵਿਚ ਪੇਸ਼ ਕਰਦੀ ਰਚਨਾ ਹੈ। ਨੂੰਹ ਮਨਪ੍ਰੀਤ ਕੌਰ ਆਪਣੇ ਸਹੁਰੇ ਦੀ ਸੇਵਾ ਕਰਦਾ ਹੈ ਪਤੀ ਪਰਵਾਸ ਵਿਚ ਦੋਹਾਂ ਦੇ ਰਿਸ਼ਤੇ ਬਾਰੇ ਮਿਲਦੀਆਂ ਕਨਸੋਆਂ ਨੂੰ ਸੱਚ ਮੰਨੀ ਬੈਠਾ ਹੈ ਅਤੇ ਚੋਰੀ ਛਿਪੇ ਘਰ ਪੁੱਜਦਾ ਹੈ ਪਰ ਨੂੰਹ ਸਹੁਰੇ ਦਾ ਪਿਤਾ ਧੀ ਵਾਲਾ ਰਿਸ਼ਤਾ ਉਸਦੀਆਂ ਬਣੀਆਂ ਬਣਾਈਆਂ ਮਨੋਗੰਢਾਂ ਨੂੰ ਤੋੜ ਦਿੰਦਾ ਹੈ।

ਕੁਲ ਮਿਲਾ ਕੇ ਅਜਮੇਰ ਸਿੱਧੂ ਦਾ ਇਹ ਕਹਾਣੀ ਸੰਗ੍ਰਿਹ ਵਿਗਿਆਨ ਗਲਪ,ਮਾਨਵੀ ਰਿਸ਼ਤਿਆਂ,ਪਰਵਾਸੀ ਦੁਸ਼ਵਾਰੀਆਂ ਅਤੇ ਨਾਰੀ ਮਨ ਦੀਆਂ ਕੁੰਦਰਾਂ ਨੂੰ ਪੇਸ਼ ਕਰਨ ਵਾਲੀ ਕਥਾ ਸਮੱਗਰੀ ਵਾਲਾ ਹੈ। ਲੇਖਕ ਦੀਆਂ ਕਹਾਣੀਆਂ ਦਾ ਇਕ ਨਿਸ਼ਚਿਤ ਪੈਟਰਨ ਹੈ। ਉਹ ਤਣਾਅ ਤੋਂ ਕਹਾਣੀ ਸ਼ੁਰੂ ਕਰਦਾ ਹੋਲੀ ਹੋਲੀ ਇਸਦਾ ਭੰਜਨ ਕਰਦਾ ਹੈ ਅਤੇ ਕਹਾਣੀ ਦੇ ਅੰਤ ਵਿਚ ਕਿਸੇ ਨਾ ਕਿਸੇ ਲੋਕ ਕਥਾ ਜਾਂ ਪ੍ਰੇਰਕ ਪ੍ਰਸੰਗ ਦੁਆਰਾ ਆਪਣੀ ਕਥਾ ਦ੍ਰਿਸ਼ਟੀ ਦਾ ਸੰਚਾਰ ਕਰਦਾ ਹੈ। ਵਰਤਮਾਨ ਸਮਿਆਂ ਅੰਦਰ ਚੌਥੇ ਪੜਾਅ ਦੀ ਕਹਾਣੀ ਕਈ ਕਿਸਮ ਦੇ ਵਸਤੂਗਤ,ਦ੍ਰਿਸ਼ਟੀਮੂਲਕ ਅਤੇ ਸੰਚਾਰਮਈ ਪਹਿਲੂਆਂ ਤੋਂ ਦਵੰਦ ਅਤੇ ਦੁਹਰਾਅ ਭਰੀ ਸਥਿਤੀ ਵਿਚੋਂ ਲੰਘ ਰਹੀ ਹੈ। ਬੇਸ਼ੱਕ ਅਜਮੇਰ ਸਿੱਧੂ ਵੀ ਇਸੇ ਵਹਿਣ ਦਾ ਹਿੱਸਾ ਹੈ ਪਰ ਵਿਗਿਆਨ ਗਲਪ ਨਾਲ ਉਹ ਕੁਝ ਵੱਖਰਾ ਪੇਸ਼ ਕਰ ਰਿਹਾ ਹੈ। ਲੇਖਕ ਦੀ ਇਸ ਪੁਸਤਕ ਦਾ ਸਵਾਗਤ ਕਰਨਾ ਬਣਦਾ ਹੈ।

## ਜੀਵਨ ਯਥਾਰਥ ਦੀਆਂ ਗੁੱਝੀਆਂ ਰਮਜਾਂ ਦਾ ਪ੍ਰਗਟਾਵਾ-ਆਮ-ਖ਼ਾਸ/ ਜੇ ਬੀ ਸੇਖੋਂ

ਸਮਕਾਲੀ ਪੰਜਾਬੀ ਕਹਾਣੀ ਵਿਚ ਗੁਰਦੇਵ ਰੁਪਾਣਾ ਦਾ ਨਾਮ ਅਹਿਮ ਹੈ। ਉਹ ਵਸਤੂ ਯਥਾਰਥ ਦੀਆਂ ਗੁੱਝੀਆਂ ਰਮਜ਼ਾਂ ਨੂੰ ਕਲਾਤਮਿਕਤਾ ਨਾਲ ਪੇਸ਼ ਕਰਨ ਵਾਲਾ ਕਹਾਣੀਕਾਰ ਹੈ। ਉਸਦੀ ਕਹਾਣੀ ਵਰਤਮਾਨ ਸਮਿਆਂ ਦੇ ਪੇਚੀਦਾ ਜੀਵਨ ਯਥਾਰਥ ਨੂੰ ਬੜੀ ਸਹਿਜਤਾ ਨਾਲ ਰੂਪਮਾਨ ਕਰਨ ਵਾਲੀ ਹੈ। ਪੰਜਾਬੀ ਕਹਾਣੀ ਦੇ ਤੀਜੇ ਅਤੇ ਚੌਥੇ ਪੜਾਅ ਵਿਚ ਉਸਦੀ ਕਹਾਣੀ



ਨੇ ਸ਼ਕਤੀਸ਼ਾਲੀ ਕਥਾ ਬਿੰਬਾਂ ਨਾਲ ਲਗਾਤਾਰ ਹਾਜ਼ਰੀ ਭਰੀ ਹੈ। ਇਸ ਸੰਗਿਹ 'ਆਮ ਖਾਸ' ਵਿਚ ਗੁਰਦੇਵ ਸਿੰਘ ਰੁਪਾਣਾ ਦੀਆਂ 11 ਕਹਾਣੀਆਂ ਦਰਜ ਹਨ। ਇਨ੍ਹਾਂ ਕਹਾਣੀਆਂ ਵਿਚ ਲੇਖਕ ਵਰਤਮਾਨ ਸਮਿਆਂ ਦੇ ਅਸਹਿਜ ਅਤੇ ਅਸੰਤੁਲਿਤ ਵਿਕਾਸ 'ਤੇ ਤੀਖਣ ਦ੍ਰਿਸ਼ਟੀਕੋਣ ਨਾਲ ਵਿਅੰਗ ਕਰਦਾ ਹੋਇਆ ਆਪਣੀ ਮਾਨਵਵਾਦੀ ਅਤੇ ਤਰੱਕੀ ਪਸੰਦ ਕਥਾ ਦ੍ਰਿਸ਼ਟੀ ਨੂੰ ਜਰਕਣ ਨਹੀਂ ਦਿੰਦਾ। ਰੁਪਾਣਾ ਦੀਆਂ ਕਹਾਣੀਆਂ ਵਿਚ ਸਿਆਸੀ ਚੇਤਨਾ ਦੇ ਕਈ ਪਾਸਾਰ ਪੇਸ਼ ਹਨ। ਉਹ ਰਜਵਾੜਾ ਸ਼ਾਹੀ ਦੀ ਰਹਿੰਦ ਖੂੰਹਦ ਵਾਲੇ ਸਿਆਸੀ ਪ੍ਰਬੰਧ 'ਤੇ ਤਿੱਖੇ ਵਿਅੰਗ ਕਰਦਾ ਹੈ ਜਿਸ ਪ੍ਰਬੰਧ ਵਿਚ ਸਧਾਰਣ ਲੋਕਾਂ ਦਾ ਜੀਉਣਾ ਦੁੱਭਰ ਬਣਿਆ ਰਹਿੰਦਾ ਹੈ। ਸੰਗ੍ਰਿਹ ਦੀ ਕਹਾਣੀ ' ਰੂਸ ਰੂਸ ਅਮਰੀਕਾ ਅਮਰੀਕਾ' ਵਿਚ ਕਮਿਉਨਿਸਟ ਲਹਿਰ ਦੇ ਚੜ੍ਹਾਅ-ਉਤਰਾਅ ਨੂੰ ਪੇਸ਼ ਕਰਦਿਆਂ ਲੇਖਕ ਕਮਿਉਨਿਸਟ ਵਿਚਾਰਧਾਰਾ ਦੀ ਨਿਕਟਕਾਲੀਨ ਵਰਤਮਾਨ ਸਾਰਥਿਕਤਾ ਅਤੇ ਲੋਕਤੰਤਰੀ ਯੁਗ ਵਿਚ ਵੋਟਾਂ ਦੀ ਕਥਿਤ ਰਾਜਨੀਤੀ 'ਤੇ ਵਿਅੰਗ ਕਰਦਾ ਹੈ। ਕਮਿਉਨਿਸਟ ਲਹਿਰ ਦੇ ਸਿਖਰਲੇ ਦੌਰ ਵਿਚ ਬਸਤੀਵਾਦੀ ਦੌਰ ਦੇ ਵਰੋਸਾਏ ਸਫੈਦਪੋਸ਼ਾਂ ਦਾ ਵਿਰੋਧ ਕਰਨ ਦੀ ਚੇਤਨਾ ਇੰਨੀ ਭਾਰੂ ਸੀ ਕਿ ਇਕਬਾਲ ਵਰਗਾ ਬਾਲ ਪਾਤਰ ਵੀ ਜੈਲਦਾਰਾਂ ਦੀ ਈਨ ਮੰਨਣ ਦੀ ਥਾਂ ਨਾਬਰੀ ਦੇ ਭਾਵ ਰੱਖਦਾ ਸੀ ਪਰ ਪੂੰਜੀਵਾਦੀ ਦੌਰ ਦੇ ਲੋਕਤੰਤਰ ਵਿਚ ਅਧਖੜ੍ਹ ਉਮਰ ਦਾ ਉਹੀ ਇਕਬਾਲ ਵੋਟਾਂ ਦੀ ਵੇਚ ਖਰੀਦ ਵਿਚ ਮੋਹਰੀ ਭੂਮਿਕਾ ਨਿਭਾਉਂਦਾ ਹੈ।ਕਹਾਣੀ ਦੇ ਅੰਤ ਵਿਚ ਬਿਰਤਾਂਤਕਾਰ ਜਦੋਂ ਇਕਬਾਲ ਨੂੰ ਉਹ ਪਹਿਲਾ ਦੌਰ ਯਾਦ ਕਰਾਉਂਦਾ ਹੈ ਤਾਂ ਇਕਬਾਲ ਦਾ ਇਕੋ ਵਾਕ ਸਮਕਾਲ ਵਿਚ ਖਿੰਡੇ ਪੁੰਡੇ ਤਾਣੇ ਬਾਣੇ ਨੂੰ ਸਮਝਣ ਲਈ ਲਈ ਕਾਫੀ ਸਿੱਧ ਹੁੰਦਾ ਹੈ।

" ਪਹਿਲਾਂ ਹਰ ਗੱਲ 'ਚ ਹਰ ਥਾਂ ਰੂਸ-ਰੂਸ ਹੁੰਦੀ ਸੀ ਹੁਣ ਹਰ ਗੱਲ 'ਚ ਹਰ ਥਾਂ ਅਮਰੀਕਾ-ਅਮਰੀਕਾ ਸੁਣਦੇ ਆਂ। ਹੋਰ ਕੁੱਝ ਭੁੱਲੇ ਨ੍ਹੀਂ ਚਾਚਾ ਸਭ ਯਾਦ ਐ।" [1] ਅਜਿਹੀ ਸਿਆਸੀ ਸੋਝੀ ਵਾਲੀ ਕਹਾਣੀ ਦਾ ਇੰਨਾ ਸਹਿਜ ਬਿਰਤਾਂਤ ਸਮੁੱਚੀ ਪੰਜਾਬੀ ਕਹਾਣੀ ਦਾ ਹਾਸਿਲ ਹੈ। ਲਹਿਰ ਦੀ ਚੜ੍ਹਤ ਦਾ ਅਤੇ ਇਸਦੇ ਵਿਗਠਨ ਦਾ ਆਮ ਸਧਾਰਣ ਵਿਅਕਤੀ ਦੀ ਚੇਤਨਾ 'ਤੇ ਪੈਂਦਾ ਪ੍ਰਭਾਵ ਦਰਸਾ ਕੇ ਰੁਪਾਣਾ ਨੇ ਵੱਡੇ ਸਵਾਲ ਖੜ੍ਹੇ ਕੀਤੇ ਹਨ। ਕਮਿਊਨਿਸਟ ਪਾਤਰ ਅਤੇ ਲਹਿਰ ਦੇ ਵਿਗਠਨ ਦੇ ਪ੍ਰਸੰਗ ਵਿਚ ਸਮਕਾਲੀ ਕਹਾਣੀ

ਦਾ ਆਪਣਾ ਵੱਖਰਾ ਵਿਚਾਰਧਾਰਕ ਲਹਿਜ਼ਾ ਹੈ। ਇਹ ਕਹਾਣੀ ਇਸੇ ਪ੍ਰਸੰਗ ਵਿਚ ਗੌਲਣਯੋਗ ਹੈ।

ਲੇਖਕ ਕੋਲ ਪਿੰਡ ਦੀ ਸਿਆਸੀ ਚੇਤਨਾ ਨੂੰ ਪੇਸ਼ ਕਰਨ ਦਾ ਵਿਲੱਖਣ ਹੁਨਰ ਹੈ। 'ਨਿਹਾਲੀ ਦਾ ਮੈਨੀਫੈਸਟੋ' ਕਹਾਣੀ ਵਿਚ ਦਲਿਤ ਔਰਤ ਨਿਹਾਲੀ ਪਿੰਡ ਦੀ ਪੰਚੀ ਦੀ ਉਮੀਦਵਾਰ ਹੈ ਪਰ ਉਹ ਮੈਂਬਰ ਪੰਚਾਇਤ ਬਣ ਕੇ ਆਪਣੀ ਵੋਟ ਉਸ ਸਰਪੰਚੀ ਦੇ ਉਸ ਉਮੀਦਵਾਰ ਨੂੰ ਪਾਉਣਾ ਲੋਚਦੀ ਹੈ ਜੋ ਕਿ ਉਸਦੀ ਧੀ ਦੇ ਵਿਆਹ ਲਈ ਉਸਦੀ ਆਰਥਿਕ ਮਦਦ ਕਰ ਸਕੇ। ਇਸ ਮੰਗ ਨੂੰ ਉਹ ਅਨੈਤਿਕਤਾ ਜਾਂ ਭ੍ਰਿਸ਼ਟਾਚਾਰ ਵਜੋਂ ਨਹੀਂ ਦੇਖਦੀ ਸਗੋਂ ਬੜੇ ਸਹਿਜ ਅਤੇ ਸਪੱਸ਼ਟਤਾ ਨਾਲ ਕਹਿੰਦੀ ਹੈ-

"ਮੈਂ ਤਾਂ ਚਾਦਰ ਵਿਛਾ ਦੇਣੀ ਐ . . . ਭਾਈ ਧੀ ਤੋਰਨੀ ਐ। ਰੱਖੋ ਕੀ ਰੱਖਦੇ ਹੋ। ਸਭ ਅੱਗੇ ਇਹੀ ਐਲਾਨ ਹੈ ਮੇਰਾ ਤਾਂ। ਪਿੰਡ ਵਾਲੇ ਬਹੁਕ ਸਹੈਤਾ ਕਰਦੇ ਨੇ ਮੇਰੀ,ਐਵੇਂ ਆਖਾਂ . . . . ਹੋਰ ਫੋਕੀ ਚੌਧਰ 'ਚੋਂ ਕੀ ਲੈਣੇ. . . .ਆਪਾਂ ਤੋਂ ਚਾਦਰ ਵਿਛਾ ਦਿਆਂਗੇ।"[2]

ਲੇਖਕ ਇਸ ਕਿਸਮ ਦੀ ਚੋਣ ਰਾਜਨੀਤੀ ਦਾ ਕੌਮੀ ਪਰਿਪੇਖ ਅਸਿੱਧੇ ਤੌਰ 'ਤੇ

ਦਰਸਾਉਣ ਦਾ ਯਤਨ ਕਰਦਾ ਹੈ ਜਿਸਦਾ ਇਕ ਮੁੱਢਲੀ ਲੋਕਤੰਤਰਿਕ ਇਕਾਈ ‘ਤੇ ਦਿਸਦਾ ਹੈ। ਨਿਹਾਲੀ ਦਾ ਅਵਚੇਤਨ ਸਦੀਆਂ ਤੋਂ ਮੌਨ ਹੋਈ ਸਮਾਜਿਕ ਧਿਰ ਵਿਚੋਂ ਉਸਰਦਾ ਹੈ। ਇਸ ਧਿਰ ਕੋਲ ਆਰਥਿਕ ਹਾਲਤ ਸੁਧਾਰਨ ਦੇ ਸਾਧਨ ਅਤੇ ਮੌਕੇ ਸੀਮਤ ਰਹੇ ਹਨ । ਸੱਤਾ ਵਿਚ ਭਾਈਵਾਲ ਹੋ ਕੇ ਆਰਥਿਕ ਜਾਂ ਸਿਆਸੀ ਤਾਕਤ ਹਾਸਿਲ ਕਰਨ ਦੀ ਥਾਂ ਆਪਣੀ ਧੀ ਦੇ ਵਿਆਹ ਕਾਜ ਲਈ ਵਿੱਤੀ ਮਦਦ ਦੀ ਆਸ ਰੱਖਣੀ ਹੀ ਨਿਹਾਲੀ ਦਾ ਚੋਣ ਮੈਨੀਫੈਸਟੋ ਹੈ ਜੋ ਕਿ ਵਰਤਮਾਨ ਰਾਜੀਨੀਤੀ ‘ਤੇ ਦੁਖਾਂਤਕ ਵਿਅੰਗ ਕਰਦਾ ਹੈ।

ਸੰਗ੍ਰਿਹ ਦੀ ਕਹਾਣੀ ‘ਚੋਣਾਂ ਦਾ ਸ਼ਰਨਾਰਥੀ’ ਸਿਆਸੀ ਆਗੂਆਂ ਦੇ ਰਜਵਾੜਾਸ਼ਾਹੀ ਵਿਹਾਰ ‘ਤੇ ਵਿਅੰਗ ਹੈ। ਕਹਾਣੀ ਦੀ ਬਿਰਤਾਂਤਕ ਲੋਕੇਲ ਆਜ਼ਾਦੀ ਤੋਂ ਬਾਅਦ ਦੇ ਪੰਜਾਬੀ ਸਮਾਜ ਨੂੰ ਪ੍ਰਤੀਬਿੰਬਤ ਕਰਦੀ ਹੈ ਜਿਸ ਵਿਚ ਗਰੀਬ ਪਰਿਵਾਰ ਦੀ ਇਕ ਲੜਕੀ ਨਾਲ ਇਲਾਕੇ ਦਾ ਜੈਲਦਾਰ ਜਬਰ ਜਨਾਹ ਕਰਦਾ ਹੈ ਅਤੇ ਉਸੇ ਹਲਕੇ ਤੋਂ ਸਿਆਸੀ ਟਿਕਟ ਲੈ ਕੇ ਚੋਣ ਲੜਦਾ ਹੋਣ ਕਰਕੇ ਗਰੀਬ ਪਰਿਵਾਰ ਨੂੰ ਹਲਕੇ ਵਿਚੋਂ ਬਾਹਰ ਕੱਢਣ ਲਈ ਆਪਣੇ ਲਠੈਤ ਭੇਜਦਾ ਹੈ। ਪੀੜਤ ਲੜਕੀ ਅਤੇ ਉਸਦਾ ਭਰਾ ਭਟਕਦੇ ਕਿਸੇ ਹੋਰ ਪਿੰਡ ਦਾ ਕੇ ਜਿਸ ਘਰ ਪਨਾਹ ਲੈਂਦੇ ਹਨ ਉਸ ਘਰ ਵਿਚ ਬੁੱਢੀ ਔਰਤ ਦਾ ਪਤੀ ਅਤੇ ਪੁੱਤਰ ਵੀ ਉਕਤ ਜੈਲਦਾਰ ਦੇ ਦਮਨ ਦਾ ਸ਼ਿਕਾਰ ਹੋ ਕੇ ਮਾਰੇ ਜਾ ਚੁੱਕੇ ਹੁੰਦੇ ਹਨ। ਕਹਾਣੀ ਅੰਦਰ ਉਕਤ ਆਗੂ ਦਾ ਬਿੰਬ ਲੋਕ ਕਹਾਣੀ ਦੇ ਉਸ ਦਿਓ ਨਾਲ ਜੋੜਿਆ ਗਿਆ ਹੈ ਜੋ ਕਿ ਹਰ ਰੋਜ਼ ਨਿਰਵਿਘਨ ਆਪਣਾ ਸ਼ਿਕਾਰ ਕਰਦਾ ਹੈ। ਕਹਾਣੀ ਦਮਿਤ ਲੋਕਾਂ ਦੇ ਦੁੱਖਾਂ ਨੂੰ ਇਕ ਸਾਂਝਾ ਪਲੇਟਫਾਰਮ ਦਿੰਦੀ ਹੈ ਅਤੇ ਲੋਕਤੰਤਰਿਕ ਯੁਗ ਵਿਚ ਵੋਟਾਂ ਦੀ ਘਿਣਾਉਣੀ ਰਾਜਨੀਤੀ ਨਾਲ ਇਨ੍ਹਾਂ ਵਰਗਾਂ ਦੀ ਹੋਈ ਹੋਰ ਦੁਰਦਸ਼ਾ ‘ਤੇ ਰੁਦਨ ਕਰਦੀ ਹੈ। ਇਸੇ ਤਰ੍ਹਾਂ ‘ਜੁਗਤ’ ਕਹਾਣੀ ਵੀ ਭਾਰਤ ਦੀ ਨਿੱਘਰੀ ਹੋਈ ਰਾਜਨੀਤੀ ‘ਤੇ ਵਿਅੰਗ ਕਰਦੀ ਹੈ ਅਤੇ ਜਮਹੂਰੀ ਢਾਂਚੇ ਵਿਚ ਲੋਕਾਂ ਨੂੰ ਵੋਟਾਂ ਦੇ ਰੂਪ ਵਿਚ ਦੇਖਣ ਦੀ ਮਾੜੀ ਪ੍ਰਵਿਰਤੀ ਦਾ ਪਰਦਾ ਚਾਕ ਕਰਦੀ ਹੈ। ਕਹਾਣੀ ਵਿਚ ਲੋਕਾਂ ਦੀ ਭਾਵਨਾਵਾਂ ਨੂੰ ਵੋਟਾਂ ਨਾਲ ਜਰਬਾਂ ਦੇ ਕੇ ਆਪਣਾ ਸਿਆਸੀ ਉੱਲੂ ਸਿੱਧਾ ਕਰਨ ਅਤੇ ਸੱਤਾ ਹਾਸਿਲ ਕਰਨ ਦੇ ਮਨਸੂਬੇ ਪੇਸ਼ ਹੋਏ ਹਨ। ਕਿਸੇ ਸਮੇਂ ਰਾਜਨੀਤੀ ਇਕ ਮਿਸ਼ਨ ਸੀ ਅਤੇ ਇਸਦਾ ਵਿਚਾਰਧਾਰਕ ਪਰਿਪੇਖ ਦੇਸ਼ ਭਗਤਾਂ ਨਾਲ ਜੁੜਦਾ ਸੀ ਪਰ ਇਸ ਵੇਲੇ ਰਾਜਨੀਤੀ ਵਿਚ ਪੂੰਜੀਪਤੀਆਂ ,ਧਨ ਕੁਬੇਰਾਂ ਅਤੇ ਲੱਠਮਾਰਾਂ ਦੀ ਤਿੱਕੜੀ ‘ਤੇ ਪਲ ਰਹੀ ਹੈ।

ਕਹਾਣੀ ‘ਮਾਡਲ’ ਵਿਚ ਹਿੰਦੂ ਅਤੇ ਸਿੱਖ ਅਵਚੇਤਨ ਦਾ ਖ਼ੂਬਸੂਰਤ ਪ੍ਰਗਟਾਵਾ ਹੈ ਜਿਸ ਵਿਚ ਆਪਣੇ ਆਪਣੇ ਅਕੀਦੇ ਅਨੁਸਾਰ ਹਿੰਦੂ ਪਾਤਰ ਨੱਥੂ ਰਾਮ ਅਤੇ ਸਿੱਖ ਪਾਤਰ ਪ੍ਰੇਮ ਸਿੰਘ ਨੇ ਆਪਣੀ ਆਪਣੀ ਵਿਚਾਰਧਾਰਾ ਵਿਕਸਤ ਕੀਤੀ ਹੋਈ ਹੈ। ਉਕਤ ਪਾਤਰ ਗੱਪ ਦੀ ਪੱਧਰ ‘ਤੇ ਜਾ ਕੇ ਲੋਕਾਂ ਨੂੰ ਧਰਮਰਾਜ ਕੋਲ ਜਾ ਕੇ ਵਾਪਿਸ ਪਰਤ ਆਉਣ ਦੇ ਦਾਅਵੇ ਕਰਦੇ ਹਨ। ਇਹ ਕਹਾਣੀ ਧਰਮਾਂ ਦੇ ਪ੍ਰਭਾਵ ਅਧੀਨ ਉਸਰਦੀ ਮਾਨਸਿਕਤਾ ਦਾ ਖ਼ੂਬਸੂਰਤ ਪ੍ਰਗਟਾਵਾ ਹੈ ਇਹ ਮਾਨਸਿਕਤਾ ਭਾਰਤ ਦੀ ਆਜ਼ਾਦੀ ਦੇ ਸੰਗਰਾਮੀਆਂ ਨੂੰ ਵੀ ਧਰਮਾਂ ਦੀਆਂ ਦੀਵਾਰਾਂ ਵਿਚ ਵੰਡ ਕੇ ਦੇਖਦੀ ਹੈ। ਕਹਾਣੀ ਦਾ ਵਿਅੰਗ ‘ ਨੱਥੂ ਰਾਮ ਐਂਡ ਪ੍ਰੇਮ ਸਿੰਘ ਵੱਨ ਐਂਡ ਦਾ ਸੇਮ ਥਿੰਗ” ਸਮੁੱਚੇ ਬਿਰਤਾਂਤ ਦੇ ਆਰ ਪਾਰ ਫੈਲਿਆ ਹੈ ਜਿਸ ਅਨੁਸਾਰ ਲੇਖਕ ਭਾਰਤੀ ਲੋਕਾਂ ਦੇ ਧਾਰਮਿਕ ਅਵਚੇਤਨ ਦੇ ਡੂੰਘੇ ਪ੍ਰਭਾਵ ਹੇਠਾਂ ਉਨ੍ਹਾਂ ਵਲੋਂ ਆਪੋ ਆਪਣੇ ‘ਨਾਇਕਾਂ’ ਦੇ ਘੜੇ ਘੜਾਏ ਮਾਡਲਾਂ ਨੂੰ ਰੂਪਮਾਨ ਕਰਦਾ ਹੈ।



ਗੁਰਦੇਵ ਰੁਪਾਣਾ ਕੋਲ ਕਹਾਣੀ ਕਹਿਣ ਦਾ ਸ਼ਕਤੀਸ਼ਾਲੀ ਹੁਨਰ ਹੈ। ਇਹ ਹੁਨਰ ਉਸਦੀ ਕਹਾਣੀ ‘ਟਲਵਾ ਟਲਵੀ’ ਵਿਚ ਵੀ ਪੇਸ਼ ਹੈ ਜਿਸ ਦੁਆਰਾ ਲੇਖਕ ਬਜ਼ੁਰਗ ਪਾਤਰਾਂ ਦੀ ਮਾਨਸਿਕਤਾ ਨੂੰ ਭਾਵਪੂਰਤ ਢੰਗ ਨਾਲ ਪੇਸ਼ ਕਰਦਾ ਹੈ। ‘ਕੇਕ’ ਕਹਾਣੀ ਵਿਚ ਕਲਾਕਾਰ ਦੀ ਕਲਾ ਦਾ ‘ਮੁੱਲ’ ਪਾਉਣ ਵਾਲੇ ਧਨ ਕੁਬੇਰਾਂ ‘ਤੇ ਵਿਅੰਗ ਕੀਤਾ ਗਿਆ ਹੈ। ਗੁਰਦੇਵ ਰੁਪਾਣਾ ਦੀਆਂ ਕਹਾਣੀਆਂ ਵਿਚ ਰਵਾਇਤੀ ਸਰਲ ਬਿਰਤਾਂਤਕ ਜੁੱਸੇ ਵਾਲੀ ਕਹਾਣੀ ਦੇ ਦਰਸ਼ਨ ਵੀ ਹੁੰਦੇ ਹਨ ਅਤੇ ਪ੍ਰਗਤੀਵਾਦੀ ਕਹਾਣੀ ਵਾਲੇ ਸੰਘਰਸ਼ਸ਼ੀਲ ਪਾਤਰਾਂ ਦੇ ਪ੍ਰਭਾਵ ਵੀ ਮਿਲਦੇ ਹਨ। ਵਿਅੰਗ ਅਤੇ ਤੀਖਣ ਦ੍ਰਿਸ਼ਟੀ ਉਸਦੀ ਕਹਾਣੀ ਦਾ ਅਹਿਮ ਪਹਿਲੂ ਹੈ। ਕਹਾਣੀਕਾਰ ਅਤਰਜੀਤ ਅਨੁਸਾਰ-

“ ਗੁਰਦੇਵ ਸਿੰਘ ਰੁਪਾਣਾ ਜੀਵਨ ਯਥਾਰਥ ਦੀਆਂ ਬਰੀਕ ਬਰੀਕ ਤਹਿਆਂ,ਜੋ ਕਿ ਆਮ ਕਰਕੇ ਸਾਡੀ ਨਜ਼ਰ ਤੋਂ ਓਝਲ ਰਹਿ ਜਾਂਦੀਆਂ ਹਨ,ਤੱਕ ਜਾਣ ਦੀ ਦ੍ਰਿਸ਼ਟੀ ਰੱਖਦਾ ਹੈ। ਇਹ ਕੁੱਝ ਉਸਦੀ ਸਮਾਜਿਕ ਯਥਾਰਥ ਨੂੰ ਸਮਝਾਂ ਦੇ ਵਿਗਿਆਨਕ ਦ੍ਰਿਸ਼ਟੀਕੋਣ ਦਾ ਸਦਕਾ ਹੀ ਹੈ ਕਿ ਉਹ ਇਨ੍ਹਾਂ ਕਹਾਣੀਆਂ ਨੂੰ ਕਿਸੇ ਵਿਸ਼ੇਸ਼ ਕਿਸਮ ਦੀ ਰਾਜਨੀਤਿਕ ਪੁੱਠ ਨਾ ਦਿੰਦਾ ਹੋਇਆ ਵੀ ਇਨ੍ਹਾਂ ਕਹਾਣੀਆਂ ਨੂੰ ਲੋਕ ਮਨ ਨਾਲ ਇਕਸੁਰ ਕਰ ਜਾਂਦਾ ਹੈ। . . . ਉਹ ਪਾਠਕਾਂ ਨੂੰ ਪ੍ਰਗਤੀਵਾਦੀ ਯਥਾਰਥ ਦੀ ਉਂਗਲ ਫੜਾ ਦਿੰਦਾ ਹੈ।”[3]

ਗੁਰਦੇਵ ਰੁਪਾਣਾ ਦੇ ਇਸ ਕਹਾਣੀ ਸੰਗ੍ਰਿਹ ਦਾ ਸਵਾਗਤ ਕਰਨਾ ਬਣਦਾ ਹੈ ।

ਹਵਾਲੇ ਅਤੇ ਟਿੱਪਣੀਆਂ -

1. ਗੁਰਦੇਵ ਸਿੰਘ ਰੁਪਾਣਾ,ਆਮ ਖਾਸ, ਪੰਨਾ 25.
2. ਉਹੀ , ਪੰਨਾ 52.
3. ਅਤਰਜੀਤ, ਆਮ ਖਾਸ ਕਹਾਣੀ ਸੰਗ੍ਰਿਹ ਬਾਰੇ,ਪੰਨਾ 6-7.

**ਲਹਿੰਦੇ ਪੰਜਾਬ ਦੇ ਬਹੁ-ਚਰਚਿਤ ਕਹਾਣੀਕਾਰ**

**ਮਕਸੂਦ ਸਾਕਿਬ ਦਾ ਕਹਾਣੀ ਸੰਗ੍ਰਹਿ**

**ਤੂੰ ਘਰ ਚਲਾ ਜਾ**

**ਪੰਨੇ : 112 ਮੁੱਲ : 125 ਰੁਪਏ**

**ਪ੍ਰਕਾਸ਼ਕ : ਸੰਗਮ ਪਬਲੀਕੇਸ਼ਨਜ਼, ਸਮਾਣਾ**

ਫੋਨ ਨੰ: 01764-501934, 98152-43917

ਹਰਜੀਤ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਅਰਨਾ ਪ੍ਰਿੰਟਿੰਗ ਪ੍ਰੈਸ, ਪਟਿਆਲਾ ਤੋਂ ਛਪਵਾ ਕੇ 67, Hillside Road, Southall, Middlesex , England. UB1 2PE ਤੋਂ ਜਾਰੀ ਕੀਤਾ।